


Ad Space Available
Call: 847-359-0746
e-mail: punjabtimes1@gmail.com



ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਬੌਬੀ ਸਿੰਘ

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419



Eighteenth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 03, January 21, 2017 | 20451 N Plum Grove Rd., Palatine, IL 60074 | Ph:847-359-0746, Fax:847-705-9388


# ਬਾਦਲ ਦੇ ਗੜ੍ਹ 'ਚ ਕੈਪਟਨ ਦਾ ਗੜ੍ਹਕਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਿਆਸੀ ਪਾਰਾ ਸਿਖਰਾਂ ਉਤੇ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਮੁਕਾਬਲੇ ਲੰਬੀ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਦੇ ਐਲਾਨ ਨੇ ਸੂਬਾਈ ਸਿਆਸਤ ਵਿਚ ਹਲਚਲ ਮਚਾ ਦਿੱਤੀ ਹੈ। ਪ੍ਰਕਾਸ਼ ਸਿੰਘ ਬਾਦਲ ਉਹ ਸ਼ਖਸ ਹਨ ਜਿਨ੍ਹਾਂ ਨੇ 1969 ਤੋਂ ਅੱਜ ਤੱਕ ਕਦੇ ਹਾਰ ਦਾ ਮੂੰਹ ਨਹੀਂ ਵੇਖਿਆ। ਕੈਪਟਨ ਦੇ ਇਸ ਐਲਾਨ ਨੇ ਜਿਥੇ ਅੰਦਰੂਨੀ ਕਲੇਸ਼ ਦਾ ਸਾਹਮਣਾ ਕਰ ਰਹੇ ਕਾਂਗਰਸੀ ਆਗੂਆਂ ਵਿਚ ਰੂਹ ਫੂਕ ਦਿੱਤੀ ਹੈ, ਉਥੇ ਵਿਰੋਧੀਆਂ ਵੱਲੋਂ ਬਾਦਲਾਂ ਨਾਲ ਸੌਦੇਬਾਜ਼ੀ ਦੇ ਦੋਸ਼ਾਂ ਦੀ ਵੀ ਫੂਕ ਕੱਢ ਦਿੱਤੀ ਹੈ।

ਕੈਪਟਨ ਵਾਸਤੇ ਇਸ ਤਰ੍ਹਾਂ ਦੇ ਦਲੇਰਾਨਾ ਫੈਸਲੇ ਕੋਈ ਨਵੀਂ ਗੱਲ ਨਹੀਂ ਹੈ। ਢਾਈ ਸਾਲ ਪਹਿਲਾਂ ਲੋਕ ਸਭਾ ਚੋਣਾਂ ਵੇਲੇ ਕੈਪਟਨ ਨੇ ਭਾਜਪਾ ਨੇਤਾ ਅਰੁਣ ਜੇਤਲੀ ਵਿਰੁੱਧ ਅੰਮ੍ਰਿਤਸਰ ਹਲਕੇ 'ਚ ਅਚਨਚੇਤੀ ਮੈਦਾਨ ਵਿਚ ਉਤਰ ਕੇ ਨਾ ਸਿਰਫ ਜੇਤਲੀ ਦੀ ਸੰਭਾਵੀ ਜਿੱਤ ਨੂੰ ਹਾਰ ਵਿਚ ਬਦਲ ਦਿੱਤਾ ਸੀ, ਸਗੋਂ ਪੰਜਾਬ ਕਾਂਗਰਸ ਨੂੰ ਹੋਰ ਹਲਕਿਆਂ ਵਿਚ ਬਿਹਤਰ ਕਾਰਗੁਜ਼ਾਰੀ ਦੇ ਕਾਬਲ ਬਣਾ ਦਿੱਤਾ ਸੀ। ਕੈਪਟਨ ਦੇ ਲੰਬੀ ਤੋਂ ਚੋਣ ਲੜਨ ਦੇ ਫੈਸਲੇ ਦਾ ਵਿਸ਼ਲੇਸ਼ਣ ਕਈ ਪੱਖਾਂ ਤੋਂ ਕੀਤਾ ਜਾ ਰਿਹਾ ਹੈ। ਇਸ ਪਿੱਛੇ ਆਮ ਆਦਮੀ ਪਾਰਟੀ ਦੀ ਭੂਮਿਕਾ ਬਾਰੇ ਵੀ ਚਰਚਾ ਜ਼ੋਰਾਂ ਉਤੇ ਹੈ। 'ਆਪ' ਲਗਾਤਾਰ ਇਹ ਦੋਸ਼ ਲਾ ਰਹੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀ ਦਲ ਆਪਸ ਵਿਚ ਮਿਲੇ ਹੋਏ ਹਨ। ਕੈਪਟਨ ਵਿਰੁੱਧ ਚੱਲ ਰਹੇ ਕੇਸ ਬਾਦਲ ਸਰਕਾਰ ਵੱਲੋਂ ਵਾਪਸ ਲੈਣ ਅਤੇ ਕਾਂਗਰਸ ਦੇ ਤਤਕਾਲੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿਚ ਬਿਕਰਮ ਸਿੰਘ ਮਜੀਠੀਆ ਦੇ ਨਸ਼ੇ ਤਸਕਰਾਂ ਨਾਲ ਸਬੰਧਾਂ ਦੇ ਦੋਸ਼ਾਂ ਦੀ ਸੀ.ਬੀ.ਆਈ. ਤੋਂ ਜਾਂਚ ਦੀ ਮੰਗ ਨੂੰ ਕੈਪਟਨ ਵੱਲੋਂ ਰੱਦ ਕੀਤੇ ਜਾਣ ਅਤੇ ਕੈਪਟਨ ਦੀ ਬਾਦਲਾਂ ਪ੍ਰਤੀ ਭਾਸ਼ਾ ਵਿਚ ਨਰਮੀ ਨੂੰ ਦੋਹਾਂ ਪਾਰਟੀਆਂ ਦੀ ਸਾਂਝ ਬਾਰੇ ਦਲੀਲ ਦੇ ਤੌਰ ਉਤੇ ਪੇਸ਼ ਕੀਤਾ ਜਾ ਰਿਹਾ ਸੀ। ਦੱਸਣਯੋਗ ਹੈ ਕਿ ਇਸ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵਿਰੋਧੀ ਧਿਰਾਂ ਦਾ ਮੁੱਖ ਨਿਸ਼ਾਨਾਂ ਬਾਦਲਾਂ ਨੂੰ ਘੇਰਨਾ ਹੈ। ਇਹੀ ਕਾਰਨ ਹੈ ਕਿ ਜਲਾਲਾਬਾਦ ਤੇ ਲੰਬੀ ਹਲਕਿਆਂ ਵਿਚ ਸਾਰੀਆਂ ਧਿਰਾਂ ਵੱਲੋਂ ਪੱਛੜ ਕੇ ਉਮੀਦਵਾਰ ਉਤਾਰੇ ਗਏ। ਜਲਾਲਾਬਾਦ ਸੁਖਬੀਰ ਸਿੰਘ ਬਾਦਲ ਅਤੇ ਲੰਬੀ ਪ੍ਰਕਾਸ਼ ਸਿੰਘ ਬਾਦਲ ਦਾ ਹਲਕਾ ਹੈ। ਕਾਂਗਰਸ ਨੇ ਸੁਖਬੀਰ ਦੇ ਮੁਕਾਬਲੇ ਜਲਾਲਾਬਾਦ ਹਲਕੇ ਵਿਚ ਰਵਨੀਤ ਸਿੰਘ ਬਿੱਟੂ ਨੂੰ ਉਤਾਰਿਆ ਹੈ। ਲੰਬੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਰਨੈਲ ਸਿੰਘ ਦੀ ਬਾਦਲ ਨੂੰ ਹਰਾਉਣ ਜਾਂ ਘੇਰਨ ਦੀ ਦਾਅਵੇਦਾਰੀ ਸ਼ਾਇਦ ਬਹੁਤੀ ਮਜ਼ਬੂਤ ਦਿਖਾਈ ਨਹੀਂ ਦੇ ਰਹੀ ਸੀ। ਬਾਦਲਾਂ ਨੂੰ ਪਹਿਲੀ ਵਾਰ ਇਸ ਤਰ੍ਹਾਂ ਦੀ ਵੱਡੀ ਚੁਣੌਤੀ ਨਾਲ ਜੂਝਣਾ ਪਵੇਗਾ। ਪੰਜਾਬ ਵਿਚ ਭਗਵੰਤ ਮਾਨ, ਜਰਨੈਲ ਸਿੰਘ ਤੋਂ ਇਲਾਵਾ ਮਜੀਠਾ ਤੋਂ ਹਿੰਮਤ ਸਿੰਘ ਸ਼ੇਰਗਿੱਲ ਨੂੰ ਖੜ੍ਹਾ ਕਰਨਾ ਵੀ ਇਹ ਸੰਕੇਤ ਦਿੰਦਾ ਹੈ ਕਿ ਇਸ ਵਾਰ ਸਿਆਸੀ ਧਿਰਾਂ ਦਾ ਨਿਸ਼ਾਨਾਂ ਬਾਦਲ ਪਰਿਵਾਰ ਹੈ।

ਉਧਰ, ਕਾਂਗਰਸ ਹਰ ਹੀਲਾ ਵਸੀਲਾ ਵਰਤਦੇ ਹੋਏ ਇਸ ਵਾਰ ਚੋਣ ਜਿੱਤਣ ਲਈ ਪੂਰਾ ਟਿੱਲ ਲਾ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਚੋਣ ਰਣਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ ਦੀ ਟੀਮ ਨੂੰ ਆਪਣੇ ਨਾਲ ਜੋੜਿਆ, ਇਸ ਟੀਮ ਵੱਲੋਂ ਕੈਪਟਨ ਦੇ ਪੱਖ ਵਿਚ ਸੋਸ਼ਲ ਮੀਡੀਆ ਰਾਹੀਂ ਮੁਹਿੰਮ ਚਲਾਈ ਜਾ ਰਹੀ ਹੈ। ਹਰ ਸਾਈਟ ਉਤੇ ਪੰਜਾਬ ਦਾ ਕੈਪਟਨ ਹੀ ਮੂਹਰੇ ਆ ਰਿਹਾ ਹੈ। ਇਸ ਤੋਂ ਪਹਿਲਾਂ 'ਕੌਫੀ ਵਿਦ ਕੈਪਟਨ', 'ਪੰਜਾਬ ਦਾ ਕੈਪਟਨ' ਅਤੇ 'ਹਲਕੇ ਵਿਚ ਕੈਪਟਨ' ਵਰਗੇ ਨਾਅਰੇ ਚਲਾਏ ਗਏ। ਇਸ ਤੋਂ ਇਲਾਵਾ ਅਕਾਲੀ ਦਲ ਵਿਚੋਂ ਧੜਾਧੜ ਬਾਗੀ ਹੋ ਕੇ ਪੰਜਾਬ ਕਾਂਗਰਸ ਵਿਚ ਰਲੇ ਅਕਾਲੀ ਦਲ ਦੇ ਨਾਮਵਰ ਆਗੂਆਂ ਨੂੰ ਪਾਰਟੀ 'ਚ ਸ਼ਾਮਲ ਕਰ ਲਿਆ ਗਿਆ। ਹੁਣ ਬਾਦਲ ਵਿਰੁੱਧ ਚੋਣ ਲੜਨ ਦਾ ਐਲਾਨ ਕਰ ਕੇ ਕੈਪਟਨ ਨੇ ਕਾਂਗਰਸ ਲੀਡਰਸ਼ਿਪ ਵਿਚ ਸਭ ਤੋਂ ਤਾਕਤਵਰ ਹੋਣ ਦਾ ਦਾਅਵਾ ਪੇਸ਼ ਕਰ ਦਿੱਤਾ ਹੈ।



*ਮਰਹੂਮ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਦੀ ਅੰਮ੍ਰਿਤਸਰ ਆਮਦ ਮੌਕੇ ਪ੍ਰਕਾਸ਼ ਸਿੰਘ ਬਾਦਲ ਅਤੇ ਅਮਰਿੰਦਰ ਸਿੰਘ ਦੀ ਇਕ ਪੁਰਾਣੀ ਤਸਵੀਰ।*

## ਬਾਦਲ ਲਈ ਔਖੀ ਘੜੀ...

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਨੇ ਆਪਣੇ ਸਿਆਸੀ ਜੀਵਨ ਵਿਚ ਸ਼ਾਇਦ ਹੀ ਅਜਿਹਾ ਮੁਸ਼ਕਿਲ ਸਮਾਂ ਵੇਖਿਆ ਹੋਵੇ। ਚੋਣਾਂ ਦੇ ਐਲਾਨ ਪਿੱਛੋਂ ਬਾਦਲ ਦੇ ਆਪਣੇ ਹਲਕੇ ਵਿਚ 12 ਦੌਰਿਆਂ ਵਿਚੋਂ 5 ਥਾਵਾਂ ਉਤੇ ਵਿਰੋਧ ਹੋਇਆ। ਉਨ੍ਹਾਂ ਦੇ ਹਲਕੇ ਵਿਚ ਉਨ੍ਹਾਂ ਉਤੇ ਜੁੱਤੀ ਸੁੱਟੀ ਗਈ। ਇਕ ਜਗ੍ਹਾ ਤਾਂ ਉਨ੍ਹਾਂ ਨੂੰ ਭਾਸ਼ਣ ਵਿਚਾਲੇ ਹੀ ਛੱਡ ਕੇ ਜਾਣਾ ਪਿਆ। ਇਹ ਪਹਿਲੀ ਵਾਰ ਹੈ ਜਦੋਂ ਇਸ ਬਜ਼ੁਰਗ ਸਿਆਸਤਦਾਨ ਖਿਲਾਫ ਲੋਕਾਂ ਵਿਚ ਇੰਨਾ ਗੁੱਸਾ ਵੇਖਣ ਨੂੰ ਮਿਲ ਰਿਹਾ ਹੈ। ਜੁੱਤੀ ਵਾਲੀ ਘਟਨਾ ਤੋਂ ਬਾਅਦ ਜਦ ਬਾਦਲ ਮੁੜ ਚੋਣ ਪ੍ਰਚਾਰ ਲਈ ਮੈਦਾਨ ਵਿਚ ਉਤਰੇ ਤਾਂ ਉਨ੍ਹਾਂ ਫਿਰ ਲੋਕ ਰੋਹ ਦਾ ਸ਼ਿਕਾਰ ਹੋਣਾ ਪਿਆ। ਹੈਰਾਨੀ ਦੀ ਗੱਲ ਹੈ ਕਿ ਇਹ ਰੋਸ ਪ੍ਰਗਟਾਉਣ ਵਾਲੇ ਕਿਸੇ ਵਿਰੋਧੀ ਧਿਰ ਦੇ ਨਹੀਂ, ਬਲਕਿ ਕੱਟੜ ਅਕਾਲੀ ਹੀ ਸਨ। ਇਕੱਲੇ ਵੱਡੇ ਬਾਦਲ ਹੀ ਨਹੀਂ, ਬਲਕਿ ਉਨ੍ਹਾਂ ਦੇ ਫਰਜ਼ੰਦ ਸੁਖਬੀਰ ਸਿੰਘ ਬਾਦਲ ਉਤੇ ਵੀ ਭੀੜ ਨੇ ਪਥਰਾਅ ਕੀਤਾ ਸੀ। ਪਥਰਾਅ ਵਿਚ ਅਕਾਲੀ ਦਲ ਦੇ ਚਾਰ ਹਮਾਇਤੀ ਜ਼ਖ਼ਮੀ ਹੋ ਗਏ ਅਤੇ ਸੁਖਬੀਰ ਬਾਦਲ ਵਾਲ-ਵਾਲ ਬਚ ਗਏ ਸਨ।

## ਕਿਤੇ ਆਪ ਵਾਲਿਆਂ ਦੀ ਚਾਲ ਤਾਂ ਨਹੀਂ?

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਵੱਲੋਂ ਲੰਬੀ ਹਲਕੇ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ ਚੋਣ ਲੜਨ ਦੇ ਐਲਾਨ ਬਾਰੇ ਸੋਸ਼ਲ ਮੀਡੀਆ ਉਤੇ ਖੂਬ ਚਰਚਾ ਚੱਲ ਰਹੀ ਹੈ। ਚਰਚਾ ਇਹ ਵੀ ਹੈ ਕੈਪਟਨ ਅਮਰਿੰਦਰ ਸਿੰਘ, ਬਾਦਲ ਵਿਰੁੱਧ ਚੋਣ ਲੜਨ ਦਾ ਐਲਾਨ ਕਰ ਕੇ ਆਮ ਆਦਮੀ ਪਾਰਟੀ (ਆਪ) ਦੀ ਚਾਲ ਵਿਚ ਫਸ ਗਏ ਹਨ। ਯਾਦ ਰਹੇ ਕਿ ਸੋਸ਼ਲ ਮੀਡੀਆ 'ਤੇ ਸ਼ਬਦੀ ਜੰਗ ਵਿਚ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕੈਪਟਨ ਨੂੰ ਬਾਦਲ ਵਿਰੁੱਧ ਚੋਣ ਲੜਨ ਲਈ ਵੰਗਾਰਿਆ ਸੀ ਅਤੇ ਇਹ ਵੀ ਕਿਹਾ ਸੀ ਕਿ ਜੇ ਕੈਪਟਨ ਚੋਣ ਨਹੀਂ ਲੜਦੇ ਤਾਂ ਸਮਝੋ ਉਨ੍ਹਾਂ ਦੀ ਬਾਦਲਾਂ ਨਾਲ 'ਸੈਟਿੰਗ' ਹੈ। ਲੰਬੀ ਤੋਂ ਜਰਨੈਲ ਸਿੰਘ ਆਪ ਦੇ ਉਮੀਦਵਾਰ ਹਨ। ਮੰਨਿਆ ਜਾ ਰਿਹਾ ਹੈ ਕਿ ਆਮ ਆਦਮੀ ਪਾਰਟੀ ਸਿਆਸਤ ਦੇ ਦੋ ਮਹਾਂਰਥੀਆਂ ਵਿਚ ਭੇੜ ਕਰਵਾ ਕੇ ਹਾਲਾਤ ਦਾ ਫਾਇਦਾ ਉਠਾਉਣ ਦੀ ਤਾਕ ਵਿਚ ਹੈ, ਹਾਲਾਂਕਿ ਕੇਜਰੀਵਾਲ ਨੇ ਆਪਣਾ ਪੈਂਤੜਾ ਬਦਲਦੇ ਹੋਏ ਆਖਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਲੰਬੀ ਹਲਕੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਜਿੱਤ ਪੱਕੀ ਕਰਨ ਅਤੇ ਆਪ ਦੇ ਉਮੀਦਵਾਰ ਜਰਨੈਲ ਸਿੰਘ ਨੂੰ ਹਰਾਉਣ ਲਈ ਚੋਣ ਲੜ ਰਹੇ ਹਨ।





Income Tax Preparation
By Certified Public Accountant

ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।



Rahul Singh, CPA

Free Consultancy ❖ Best Services ❖ Best Prices

| Experience and Specialty | | Insurance |
|---|---|---|
| Corporate Tax | Accounting | Auto |
| Personal Income Tax | Bookkeeping | Home |
| Financial Statement Audit | Payroll Services | Life |
| New Business Setup | Immigration Forms | Business |
| Year Round Service | | Worker Comp. |

Get the most from your tax return!

ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ

718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

# ਆਮ ਆਦਮੀ ਪਾਰਟੀ ਲਈ ਫੰਡ ਰੇਜ਼ਰ ਡਿਨਰ ਨੂੰ ਭਰਵਾਂ ਹੁੰਗਾਰਾ

**ਨਿਊ ਯਾਰਕ (ਬਿਊਰੋ):** ਆਮ ਆਦਮੀ ਪਾਰਟੀ (ਆਪ) ਦੇ ਨਿਊ ਯਾਰਕ ਚੈਪਟਰ ਵਲੋਂ ਵੁਡਹੈਵਨ ਮੈਨਰ ਬੈਂਕੁਇਟ ਹਾਲ ਵਿਚ ਇਕ ਵੀਡੀਓ ਕਾਨਫਰੰਸ ਅਤੇ ਫੰਡ ਰੇਜ਼ਿੰਗ ਡਿਨਰ ਕੀਤਾ ਗਿਆ ਜਿਸ ਵਿਚ ਨਿਊ ਯਾਰਕ ਦੀਆਂ ਬਹੁਤ ਸਾਰੀਆਂ ਉਘੀਆਂ ਸ਼ਖਸੀਅਤਾਂ ਸ਼ਾਮਲ ਹੋਈਆਂ। ਇਸ ਪ੍ਰੋਗਰਾਮ ਦਾ ਮੁੱਖ ਏਜੰਡਾ ਪਾਰਟੀ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਇਸ ਖਾਤਰ ਮਾਲੀ ਮਦਦ ਇਕੱਤਰ ਕਰਨਾ ਸੀ।

ਵੀਡੀਓ ਕਾਨਫਰੰਸ ਵਿਚ ਪਾਰਟੀ ਦੇ ਉਘੇ ਆਗੂਆਂ-ਐਚ.ਐਸ. ਫੂਲਕਾ ਅਤੇ ਕੰਵਰ ਸੰਧੂ ਨੇ ਡਿਨਰ ਵਿਚ ਸ਼ਾਮਲ ਲੋਕਾਂ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਉਤੇ ਪਾਰਟੀ ਕਿਵੇਂ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਪੰਜਾਬ ਨੂੰ ਨਸ਼ਾ ਮੁਕਤ ਕਰਨ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾਵਾਂ ਦਿਵਾਉਣ, ਮੌਜੂਦਾ ਸਰਕਾਰ ਦੀਆਂ ਧੱਕੇਸ਼ਾਹੀਆਂ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਅਤੇ ਪਰਵਾਸੀ ਪੰਜਾਬੀਆਂ ਨੂੰ ਆਉਂਦੀਆਂ ਮੁਸ਼ਕਿਲਾਂ ਹੱਲ ਕਰਨ ਨੂੰ ਪਹਿਲ ਦੇਵੇਗੀ। ਇਨ੍ਹਾਂ ਦੋਹਾਂ ਆਗੂਆਂ ਨੇ ਸਵਾਲਾਂ ਦੇ ਜਵਾਬ ਬੜੀ ਸੰਜੀਦਗੀ ਨਾਲ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਇਕ ਨਵਾਂ ਪੰਜਾਬ ਸਿਰਜੇਗੀ ਜਿਸ 'ਤੇ ਹਰ ਕਿਸੇ ਨੂੰ ਮਾਣ ਹੋਵੇਗਾ।






ਮੀਟਿੰਗ ਦੌਰਾਨ ਨਿਊ ਯਾਰਕ ਚੈਪਟਰ ਦੇ ਅਹੁਦੇਦਾਰਾਂ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਨੂੰ ਪਾਰਟੀ ਦੀ ਵੱਧ ਤੋਂ ਵੱਧ ਮਾਲੀ ਮਦਦ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਜਾ ਕੇ ਆਮ ਆਦਮੀ ਪਾਰਟੀ ਦੀ ਜਿੱਤ ਲਈ ਕੰਮ ਕਰਨ ਅਤੇ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਉਤੇ ਪਾਰਟੀ ਦੇ ਹੱਕ ਵਿਚ ਵੋਟਾਂ ਪਾਉਣ ਲਈ ਜੋਰ ਪਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਪੰਜਾਬੀਅਤ ਨੂੰ ਬਾਦਲਾਂ ਅਤੇ ਕਾਂਗਰਸ ਦੇ ਚੁੰਗਲ ਵਿਚੋਂ ਬਚਾਉਣ ਦਾ ਇਹ ਸੁਨਹਿਰੀ ਮੌਕਾ ਹੈ।

ਮੀਟਿੰਗ ਦਾ ਪ੍ਰਬੰਧ ਨਿਊ ਯਾਰਕ ਟੀਮ ਦੇ ਦਲਵਿੰਦਰ ਸਿੰਘ (ਬਿੱਟੂ) ਸਿੱਧੂ, ਜਸਵੰਤ ਸਿੰਘ ਜੱਸਾ, ਗੁਰਮੇਜ ਸਿੰਘ, ਪਰਮਜੀਤ ਸਿੰਘ ਜੋਸਨ, ਬੂਟਾ ਸਿੰਘ ਚੀਮਾ, ਮਹਿੰਦਰ ਸਿੰਘ ਉਪਲ, ਇੰਦਰ ਸਿੰਘ ਗਿੱਲ, ਗੁਰਵਿੰਦਰ ਸਿੰਘ ਬੰਟੀ, ਗੁਰਮੇਲ ਸਿੰਘ, ਪ੍ਰਿਤਪਾਲ ਸਿੰਘ ਵਾਲੀਆ ਅਤੇ ਸਾਥੀਆਂ ਨੇ ਕੀਤਾ। ਡਿਨਰ ਦੇ ਖਰਚੇ ਦੀ ਜ਼ਿੰਮੇਵਾਰੀ ਵੁਡਹੈਵਨ ਮੈਨਰ ਬੈਂਕੁਇਟ ਹਾਲ ਦੇ ਮਾਲਕ ਮਨਦੀਪ ਸਿੰਘ ਨੇ ਆਪਣੇ ਸਿਰ ਲਈ।

## ਅਮਰੀਕ ਸਿੰਘ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਉਘੇ ਸਮਾਜ ਸੇਵੀ ਅਕਾਲੀ ਆਗੂ ਅਤੇ ਖੇਡ ਪ੍ਰੋਮੋਟਰ ਸ. ਅਮਰੀਕ ਸਿੰਘ ਸ਼ਿਕਾਗੋ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦੇ ਪ੍ਰਧਾਨ ਬਣਾਏ ਗਏ ਹਨ। ਇਸ ਸਬੰਧੀ ਫੈਸਲਾ ਕਲੱਬ ਦੀ ਇਥੇ ਮਹਾਰਾਜਾ ਰੈਸਟੋਰੈਂਟ ਰੋਜ਼ਮਾਂਟ 'ਚ ਹੋਈ ਮੀਟਿੰਗ ਦੌਰਾਨ ਸਰਬ-ਸੰਮਤੀ ਨਾਲ ਲਿਆ ਗਿਆ।

ਇਸ ਮੌਕੇ ਕਲੱਬ ਦੇ ਮੈਂਬਰ-ਜਸਕਰਨ ਸਿੰਘ ਧਾਲੀਵਾਲ, ਨਰਿੰਦਰ ਸਿੰਘ ਸਰਾਂ, ਹੈਪੀ ਹੀਰ, ਲਵਦੀਪ ਸਿੰਘ ਦੁੱਲਤ, ਗੁਰਮੀਤ ਸਿੰਘ ਭੋਲਾ, ਲਖਬੀਰ ਸਿੰਘ ਸਹੋਤਾ, ਹਰਦੀਪ ਗਿੱਲ, ਅੰਮ੍ਰਿਤਪਾਲ ਸਿੰਘ ਸੰਘਾ, ਹਰਜਿੰਦਰ ਸਿੰਘ ਦਿਆਲ, ਹਰਵਿੰਦਰ ਸਿੰਘ ਘੋਤੜਾ, ਗੁਰਪ੍ਰੀਤ



ਸਿੰਘ ਗਿੱਲ, ਮਨਮਿੰਦਰ ਸਿੰਘ ਹੀਰ ਅਤੇ ਗਿਆਨ ਸਿੰਘ ਸੀਹਰਾ ਹਾਜ਼ਰ ਸਨ। ਉਨ੍ਹਾਂ ਆਸ ਪ੍ਰਗਟਾਈ ਕਿ ਅਮਰੀਕ ਸਿੰਘ ਦੀ ਅਗਵਾਈ ਵਿਚ ਕਲੱਬ ਜਿਥੇ ਹੋਰ ਬੁਲੰਦੀਆਂ ਛੂਹੇਗਾ, ਉਥੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ 'ਚ ਅਹਿਮ ਰੋਲ ਨਿਭਾਏਗਾ।

ਨਵੇਂ ਬਣੇ ਪ੍ਰਧਾਨ ਅਮਰੀਕ ਸਿੰਘ ਨੇ ਇਸ ਨਿਯੁਕਤੀ ਲਈ ਸੰਸਥਾ ਦੇ ਅਹੁਦੇਦਾਰਾਂ ਅਤੇ ਸੁਪੋਰਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਤਨ, ਮਨ, ਧਨ ਨਾਲ ਦਿੱਤੀ ਸੇਵਾ ਨਿਭਾਉਣਗੇ। ਉਨ੍ਹਾਂ ਕਿਹਾ ਇਸ ਕਲੱਬ ਦਾ ਮੁੱਖ ਏਜੰਡਾ ਖੇਡਾਂ ਨੂੰ ਪ੍ਰਫੁਲਿਤ ਕਰਨ ਤੋਂ ਇਲਾਵਾ ਗਰੀਬ ਤੇ ਬੇਸਹਾਰਾ, ਲੋੜਵੰਦ ਵਿਦਿਆਰਥੀਆਂ ਦੀ ਮਾਲੀ ਮਦਦ ਕਰਨਾ ਅਤੇ ਪੰਜਾਬੀ ਮਾਂ ਬੋਲੀ ਤੇ ਸੱਭਿਆਚਾਰ ਨੂੰ ਪ੍ਰਫੁਲਿਤ ਕਰਨਾ ਹੋਵੇਗਾ।

## ਨਾਭਾ ਜੇਲ੍ਹ ਕਾਂਡ ਦਾ ਮੁਲਜ਼ਮ ਇੰਦੌਰ ਤੋਂ ਕਾਬੂ

**ਪਟਿਆਲਾ:** ਮੱਧ ਪ੍ਰਦੇਸ਼ ਪੁਲਿਸ ਨੇ ਨਾਭਾ ਜੇਲ੍ਹ ਕਾਂਡ ਦੇ ਇਕ ਮੁੱਖ ਮੁਲਜ਼ਮ ਨੂੰ ਇਕ ਹੋਰ ਸਾਥੀ ਸਣੇ ਇੰਦੌਰ ਜ਼ਿਲ੍ਹੇ ਵਿਚੋਂ ਗ੍ਰਿਫ਼ਤਾਰ ਕੀਤਾ ਹੈ। ਇਹ ਦੋਵੇਂ ਜਣੇ ਜਾਅਲੀ ਨਾਵਾਂ ਤਹਿਤ ਉਥੇ ਰਹਿ ਰਹੇ ਸਨ ਤੇ ਉਨ੍ਹਾਂ ਦਾ ਲਗਾਤਾਰ ਦੂਜੇ ਮੁਲਜ਼ਮਾਂ ਨਾਲ ਵੀ ਸੰਪਰਕ ਸੀ।

ਦੱਸਣਯੋਗ ਹੈ ਕਿ ਬੀਤੀ 27 ਨਵੰਬਰ ਨੂੰ ਨਾਭਾ ਜੇਲ੍ਹ ਵਿਚੋਂ ਦਿਨ-ਦਿਹਾੜੇ ਛੇ ਮੁਲਜ਼ਮ ਆਪਣੇ ਸਾਥੀਆਂ ਦੀ ਮੱਦਦ ਨਾਲ ਫ਼ਰਾਰ ਹੋ ਗਏ ਸਨ। ਕੁਲਪ੍ਰੀਤ ਸਿੰਘ ਉਰਫ਼ ਨੀਟਾ ਦਿਉਲ ਨੂੰ ਮੱਧ ਪ੍ਰਦੇਸ਼ ਦੀ ਇੰਦੌਰ ਪੁਲਿਸ ਨੇ ਉਸ ਦੀ ਇੰਦੌਰ ਅਤੇ ਆਸ-ਪਾਸ ਮੌਜੂਦਗੀ ਸਬੰਧੀ ਪੰਜਾਬ ਪੁਲਿਸ ਵੱਲੋਂ ਦਿੱਤੇ ਵੇਰਵਿਆਂ ਦੀ ਮੱਦਦ ਨਾਲ ਕਾਬੂ ਕਰ ਲਿਆ ਹੈ। ਉਸ ਨੂੰ ਹਰਿਆਣਾ ਵਾਸੀ ਸੁਨੀਲ ਕੁਮਾਰ ਸਮੇਤ ਕਾਬੂ ਕੀਤਾ ਗਿਆ ਹੈ। ਨੀਟਾ ਦਿਉਲ ਮੋਗਾ ਦੇ ਇਕ ਤਕੜੇ ਟਰਾਂਸਪੋਰਟਰ ਪਰਿਵਾਰ ਨਾਲ ਸਬੰਧਤ ਹੈ। ਉਹ ਸ਼ੇਰਾ ਖੁੱਬਣ ਗਰੋਹ ਨਾਲ ਜੁੜਿਆ ਹੋਇਆ ਹੈ ਅਤੇ ਸੁੱਖਾ ਕਾਹਲਵਾਂ ਕਤਲ ਕੇਸ ਦੇ 15 ਮੁਲਜ਼ਮਾਂ ਵਿਚ ਸ਼ਾਮਲ ਹੈ। ਉਹ ਪੁਲਿਸ ਨੂੰ ਛੇ ਕਤਲ ਅਤੇ ਇਕ ਇਰਾਦਾ ਕਤਲ ਕੇਸ ਵਿਚ ਲੋੜੀਂਦਾ ਹੈ।


ਆਪ
ਆਮ ਆਦਮੀ ਪਾਰਟੀ

ਵਿਸਕਾਨਸਿਨ ਵੱਸਦੇ ਪੰਜਾਬੀਆਂ ਵਲੋਂ ਅਮਰੀਕਾ 'ਚ ਵੱਸਦੇ
ਪੰਜਾਬ ਹਿਤੈਸ਼ੀਆਂ ਨੂੰ ਅਪੀਲ

ਇੰਡੀਆ ਬੈਠੇ ਆਪਣੇ ਭੈਣਾਂ-ਭਰਾਵਾਂ, ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਉਤੇ ਆਮ ਆਦਮੀ ਪਾਰਟੀ ਦੇ ਹੱਕ ਵਿਚ ਵੋਟਾਂ ਪਾਉਣ ਲਈ ਜੋਰ ਪਾਓ ਤਾਂ ਜੋ ਆਪਣੇ ਖੁਆਬਾਂ ਦੇ ਨਵੇਂ ਪੰਜਾਬ ਦੀ ਸਿਰਜਣਾ ਕਰ ਸਕੀਏ







"Once in a life time opportunity: Vote for AAP to save Punjab"

## ਹਥਿਆਰਾਂ ਦੀ ਰਾਖੀ ਪੁਲਿਸ ਲਈ ਬਣੀ ਸਿਰਦਰਦੀ

**ਪਟਿਆਲਾ:** ਪੰਜਾਬ ਵਿਚ ਚੋਣਾਂ ਦੇ ਮੱਦੇਨਜ਼ਰ ਹਥਿਆਰ ਜਮ੍ਹਾਂ ਕਰਵਾਏ ਜਾ ਰਹੇ ਹਨ, ਪਰ ਥਾਣਿਆਂ ਵਿਚਲੇ ਮਾਲਖਾਨਿਆਂ ਵਿਚ ਹਥਿਆਰਾਂ ਦੀ ਸਾਂਭ-ਸੰਭਾਲ ਦੇ ਪ੍ਰਬੰਧ ਠੀਕ ਨਾ ਹੋਣ ਕਰ ਕੇ ਬਹੁਤੇ ਲੋਕ ਪ੍ਰਾਈਵੇਟ ਗੰਨ ਹਾਊਸਾਂ ਵਿਚ ਹਥਿਆਰ ਜਮ੍ਹਾਂ ਕਰਵਾਉਣ ਨੂੰ ਤਰਜੀਹ ਦੇ ਰਹੇ ਹਨ।

ਗੰਨ ਹਾਊਸਾਂ ਨੂੰ ਛੱਡ ਕੇ ਬਹੁਤੇ ਥਾਈਂ ਇਨ੍ਹਾਂ ਹਥਿਆਰਾਂ ਦੀ ਰਖਵਾਲੀ ਲਈ ਢੁਕਵੇਂ ਪ੍ਰਬੰਧ ਨਾ ਹੋਣ ਦੀ ਕਾਰਵਾਈ ਪੁਲਿਸ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਇਸ ਕਰ ਕੇ ਪੁਲਿਸ ਅਧਿਕਾਰੀਆਂ ਵੱਲੋਂ ਜਿਥੇ ਹਰ ਗੰਨ ਹਾਊਸ ਦੇ ਮਾਲਕਾਂ ਨੂੰ ਨਿੱਜੀ ਸੁਰੱਖਿਆ ਗਾਰਡ ਰੱਖਣ ਅਤੇ ਸੀ.ਸੀ.ਟੀ.ਵੀ. ਕੈਮਰੇ ਲਾਉਣ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ, ਉਥੇ ਰਾਤਰੀ ਗਸ਼ਤ 'ਤੇ ਰਹਿੰਦੀਆਂ ਪੁਲਿਸ ਪਾਰਟੀਆਂ ਨੂੰ ਵੀ ਗੰਨ ਹਾਊਸਾਂ ਪ੍ਰਤੀ ਵਧੇਰੇ ਚੌਕਸੀ ਰੱਖਣ ਦੀਆਂ ਹਦਾਇਤਾਂ ਕੀਤੀਆਂ ਜਾ ਰਹੀਆਂ ਹਨ। ਨਾਭਾ ਜੇਲ੍ਹ ਕਾਂਡ ਤੋਂ ਬਾਅਦ ਪੁਲਿਸ ਵੱਲੋਂ ਵਧੇਰੇ ਚੌਕਸੀ ਵਰਤੀ ਜਾ ਰਹੀ ਹੈ। ਵੇਰਵਿਆਂ ਅਨੁਸਾਰ ਪੰਜਾਬ ਭਰ ਵਿਚ 3.70 ਲੱਖ ਵਿਚੋਂ 1.86 ਲੱਖ ਤੋਂ ਵੱਧ ਹਥਿਆਰ ਜਮ੍ਹਾਂ ਹੋ ਚੁੱਕੇ ਹਨ।

# ਓਬਾਮਾ ਵੱਲੋਂ ਜਮਹੂਰੀਅਤ ਬਚਾਉਣ ਦਾ ਸੱਦਾ

**ਸ਼ਿਕਾਗੋ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਵੁਕ ਤਕਰੀਰ ਵਿਚ ਅਮਰੀਕੀ ਨਾਗਰਿਕਾਂ ਤੋਂ ਵਿਦਾਈ ਲਈ। ਉਨ੍ਹਾਂ ਨੇ ਡੋਨਲਡ ਟਰੰਪ ਦੇ ਰਾਸ਼ਟਰਪਤੀ ਚੁਣੇ ਜਾਣ ਬਾਅਦ ਦੇਸ਼ ਵਿਚ 'ਖੋਰਾ ਲਾਊ' ਰਾਜਸੀ ਮਾਹੌਲ ਦੌਰਾਨ ਜਮਹੂਰੀਅਤ ਨੂੰ ਵਧ ਰਹੇ ਨਸਲਵਾਦ, ਨਾਬਰਾਬਰੀ ਅਤੇ ਭੇਦਭਾਵ ਤੋਂ ਹੋਣ ਵਾਲੇ ਖਤਰਿਆਂ ਬਾਰੇ ਚਿਤਾਵਨੀ ਦਿੱਤੀ। ਸ੍ਰੀ ਓਬਾਮਾ ਆਪਣੇ ਗ੍ਰਹਿ ਨਗਰ ਵਿਚ ਤਕਰੀਬਨ 20 ਹਜ਼ਾਰ ਸਮਰਥਕਾਂ ਨੂੰ ਸੰਬੋਧਨ ਕਰ ਰਹੇ ਸਨ।

55 ਸਾਲਾ ਓਬਾਮਾ ਨੇ ਕਿਹਾ, 'ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ ਬਦਲਾਅ ਲਿਆਉਣ ਲਈ ਮੇਰੀ ਯੋਗਤਾ ਉਤੇ ਭਰੋਸਾ ਨਾ ਕਰੋ, ਪਰ ਆਪਣੇ ਆਪ ਉਤੇ ਯਕੀਨ ਰੱਖੋ। ਉਨ੍ਹਾਂ ਅਮਰੀਕੀ ਨਾਗਰਿਕਾਂ ਨੂੰ ਜਮਹੂਰੀਅਤ ਨੂੰ ਖਤਰਿਆਂ ਬਾਰੇ ਸਾਵਧਾਨ ਕਰਦਿਆਂ ਕਿਹਾ ਕਿ ਜਦੋਂ ਅਸੀਂ ਡਰ ਸਾਹਮਣੇ ਝੁਕ ਜਾਂਦੇ ਹਾਂ ਤਾਂ ਲੋਕਤੰਤਰ ਪ੍ਰਭਾਵਿਤ ਹੋ ਸਕਦਾ ਹੈ। ਇਸ ਲਈ ਸਾਨੂੰ ਨਾਗਰਿਕਾਂ ਦੇ ਰੂਪ ਵਿਚ ਬਾਹਰੀ ਹਮਲੇ ਬਾਰੇ ਚੌਕਸ ਰਹਿਣਾ ਚਾਹੀਦਾ ਹੈ। ਸਾਨੂੰ ਆਪਣੀਆਂ ਉਨ੍ਹਾਂ ਕਦਰਾਂ ਕੀਮਤਾਂ ਨੂੰ ਕਮਜ਼ੋਰ ਹੋਣ ਤੋਂ ਬਚਾਉਣਾ ਚਾਹੀਦਾ, ਜਿਸ ਕਾਰਨ ਅਸੀਂ ਮੌਜੂਦਾ ਦੌਰ ਵਿੱਚ ਪਹੁੰਚੇ ਹਾਂ। ਉਨ੍ਹਾਂ ਨੇ ਅਫਸੋਸ ਜ਼ਾਹਿਰ ਕੀਤਾ ਕਿ ਸਾਲ 2008 ਵਿਚ ਦੇਸ਼ ਦੇ ਪਹਿਲੇ ਸਿਆਹਫਾਮ ਰਾਸ਼ਟਰਪਤੀ ਵਜੋਂ ਉਨ੍ਹਾਂ ਦੀ ਇਤਿਹਾਸਕ ਚੋਣ ਦੇ ਬਾਅਦ ਵੀ 'ਨਸਲਵਾਦ ਸਾਡੇ ਸਮਾਜ ਵਿਚ ਤਾਕਤਵਰ ਤੇ ਵੰਡ ਪਾਊ ਤਾਕਤ ਦੇ ਰੂਪ ਵਿਚ ਬਰਕਰਾਰ ਹੈ।' ਰਾਸ਼ਟਰਪਤੀ ਵਜੋਂ ਓਬਾਮਾ ਦਾ ਕਾਰਜਕਾਲ 20 ਜਨਵਰੀ ਨੂੰ ਸਮਾਪਤ ਹੋਵੇਗਾ ਅਤੇ ਰਿਪਬਲੀਕਨ ਪਾਰਟੀ ਦੇ ਡੋਨਲਡ ਟਰੰਪ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਕਾਰਜਭਾਰ ਸੰਭਾਲਣਗੇ।



### ਕਿਰਾਏ ਦੇ ਮਕਾਨ ਵਿਚ ਰਹਿਣਗੇ ਓਬਾਮਾ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਨੂੰ ਡੋਨਲਡ ਟਰੰਪ ਦੇ ਰਾਸ਼ਟਰਪਤੀ ਬਣਨ ਉਤੇ ਵ੍ਹਾਈਟ ਹਾਊਸ ਖਾਲੀ ਕਰਨਾ ਪਵੇਗਾ। ਇਸ ਮਗਰੋਂ ਉਹ ਕਿਰਾਏ ਦੇ ਮਕਾਨ ਵਿਚ ਰਹਿਣਗੇ। ਟਰੰਪ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ 20 ਜਨਵਰੀ ਨੂੰ ਅਹੁਦਾ ਸੰਭਾਲਣਗੇ। ਟਰੰਪ ਦੇ ਅਹੁਦਾ ਸੰਭਾਲਣ ਮਗਰੋਂ ਓਬਾਮਾ ਵ੍ਹਾਈਟ ਹਾਊਸ ਖਾਲੀ ਕਰ ਦੇਣਗੇ। ਆਪਣੀ ਛੋਟੀ ਬੇਟੀ ਦੀ ਪੜ੍ਹਾਈ ਪੂਰੀ ਕਰਾਉਣ ਲਈ ਉਹ ਵਾਸ਼ਿੰਗਟਨ ਡੀ.ਸੀ. ਵਿਚ ਕਿਰਾਏ ਦੇ ਮਕਾਨ ਵਿਚ ਰਹਿਣਗੇ। ਅਮਰੀਕਾ ਵਿਚ ਸਾਬਕਾ ਰਾਸ਼ਟਰਪਤੀ ਨੂੰ ਸਰਕਾਰੀ ਮਕਾਨ ਨਹੀਂ ਮਿਲਦਾ।


## Matrimonial

### ਵਰ ਦੀ ਲੋੜ ਹੈ

Gursikh family seeks clean shaven Doctor match for their Doctor Dentist, US Citizen daughter, 33 years, 5'-4". Raised in USA. Caste no bar. Contact: 916-544-0251 or email: matrimon711@gmail.com

52-2

### ਕੰਨਿਆ ਦੀ ਲੋੜ ਹੈ

Wanted suitable match for Ramgarhia Sikh boy 25yrs, 5'-10". Holding Civil Engineering & Architecture Degree, currently pursing Post Graduate studies in Canada. Have 10yrs multiple visa for USA. US Citizen preferred. Contact: 734-377-5135 (USA) or 91-85287-00081 (India).

1-4


## ਜਲਾਲਾਬਾਦ 'ਚ ਫਸੇ ਕੁੰਡੀਆਂ ਦੇ ਸਿੰਗ

**ਜਲਾਲਾਬਾਦ:** ਕਾਂਗਰਸ ਵੱਲੋਂ ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਵਿਧਾਨ ਸਭਾ ਚੋਣਾਂ ਲਈ ਉਮੀਦਵਾਰ ਬਣਾਇਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਉਮੀਦਵਾਰ ਹਨ ਅਤੇ ਆਮ ਆਦਮੀ ਪਾਰਟੀ ਨੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਮੈਦਾਨ ਵਿਚ ਉਤਾਰਿਆ ਹੈ।

ਹਲਕੇ ਵਿਚ ਕਾਂਗਰਸ ਵੱਲੋਂ ਸ੍ਰੀ ਬਿੱਟੂ ਦੇ ਆਉਣ ਨਾਲ ਤਿਕੋਣਾ ਮੁਕਾਬਲਾ ਬਣ ਗਿਆ ਹੈ। ਜ਼ਿਕਰਯੋਗ ਹੈ ਕਿ ਤਿੰਨੇ ਮੁੱਖ ਪਾਰਟੀਆਂ ਦੇ ਉਮੀਦਵਾਰ ਹਲਕੇ ਨਾਲ ਸਬੰਧਤ ਨਹੀਂ ਹਨ। ਭਾਰਤੀ ਕਮਿਊਨਿਸਟ ਪਾਰਟੀ ਦੇ ਉਮੀਦਵਾਰ ਸੁਰਿੰਦਰ ਢੰਡੀਆਂ ਨੇ ਨਾਮਜ਼ਗੀ ਪੱਤਰ ਦਾਖ਼ਲ ਕਰ ਕੇ ਚੋਣ ਪ੍ਰਚਾਰ ਆਰੰਭਿਆ ਹੋਇਆ ਹੈ। ਹਲਕੇ 'ਚ ਕੁੱਲ 1 ਲੱਖ 92 ਹਜ਼ਾਰ ਵੋਟਰ ਹਨ।

## ਨਵਜੋਤ ਸਿੰਘ ਸਿੱਧੂ ਹੁਣ ਕਾਂਗਰਸੀ ਪਿੱਚ 'ਤੇ ਡਟੇ

**ਅੰਮ੍ਰਿਤਸਰ:** ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਕਾਂਗਰਸੀ ਪਿੱਚ ਤੋਂ ਸਿਆਸਤ ਦੀ ਨਵੀਂ ਪਾਰੀ ਸ਼ੁਰੂ ਕਰ ਦਿੱਤੀ ਹੈ। ਉਹ ਅੰਮ੍ਰਿਤਸਰ ਪੁੱਜੇ ਜਿਥੇ ਕਾਂਗਰਸੀਆਂ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ। ਉਨ੍ਹਾਂ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਇਸ ਮਗਰੋਂ ਉਨ੍ਹਾਂ ਆਖਿਆ ਕਿ ਉਨ੍ਹਾਂ ਪ੍ਰਣ ਕੀਤਾ ਹੈ ਕਿ ਬੇਹਾਲ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਲੜਾਈ ਲੜਨਗੇ।

ਨਵਜੋਤ ਸਿੰਘ ਸਿੱਧੂ ਦੀ ਆਮਦ ਮੌਕੇ ਕਾਂਗਰਸੀਆਂ ਨੇ 'ਸਿੱਧੂ ਆ ਗਿਆ, ਸਿੱਧੂ ਛਾ ਗਿਆ' ਦੇ ਨਾਅਰੇ ਮਾਰੇ। ਇਸ ਮੌਕੇ ਉਨ੍ਹਾਂ ਆਖਿਆ ਕਿ ਉਹ ਤਾਂ ਗੁਰੂ ਘਰ ਲਈ ਸੇਵਾ ਕਰਨਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਇਕ ਇੱਟ ਨਹੀਂ ਲਾਉਣ ਦਿੱਤੀ ਗਈ। ਉਸ ਦੇ ਅੱਠ ਪ੍ਰੋਜੈਕਟ ਰੋਕ ਦਿੱਤੇ ਗਏ। ਉਨ੍ਹਾਂ ਆਖਿਆ ਕਿ ਲੋਕ ਹੁਣ ਇਨ੍ਹਾਂ ਲੋਕਾਂ ਤੋਂ ਤੰਗ ਆ ਚੁੱਕੇ ਹਨ। ਉਨ੍ਹਾਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਇਸ ਲੜਾਈ ਵਿਚ ਉਨ੍ਹਾਂ ਦਾ ਸਾਥ ਦੇਣ। ਉਨ੍ਹਾਂ ਆਖਿਆ ਕਿ ਉਹ ਇਕ ਦੋ ਦਿਨਾਂ ਵਿਚ ਹੀ ਚੋਣਾਂ ਸਬੰਧੀ ਆਪਣਾ ਏਜੰਡਾ ਲੋਕਾਂ ਦੇ ਸਾਹਮਣੇ ਰੱਖਣਗੇ।

## ਅਕਾਲੀ ਦਲ ਖਿਲਾਫ ਡਟੇ ਜਥੇਦਾਰ ਨੰਦਗੜ੍ਹ

**ਫਤਿਹਗੜ੍ਹ ਸਾਹਿਬ:** ਤਖਤ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਪੰਜਾਬ ਵਾਸੀਆਂ ਨੂੰ ਅਕਾਲੀ ਉਮੀਦਵਾਰਾਂ ਨੂੰ ਵੋਟਾਂ ਨਾ ਪਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਅਕਾਲੀ ਦਲ 'ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਅਤੇ ਨਸ਼ੇ ਦੇ ਸੌਦਾਗਰਾਂ ਨਾਲ ਮਿਲੀਭੁਗਤ ਦੇ ਦੋਸ਼ ਲਾਏ।

ਏਕ ਨੂਰ ਖਾਲਸਾ ਦੀ ਜ਼ਿਲ੍ਹਾ ਜਥੇਬੰਦੀ ਵੱਲੋਂ ਧਰਮਕੋਟ ਹਲਕੇ ਵਿਚ ਕੱਢੇ ਰੋਸ ਮਾਰਚ ਦੀ ਅਗਵਾਈ ਕਰਦਿਆਂ ਜਥੇਦਾਰ ਨੰਦਗੜ੍ਹ ਨੇ ਕਿਹਾ ਕਿ ਅਕਾਲੀ ਸਰਕਾਰ ਦੇ ਕਾਰਜਕਾਲ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ 100 ਦੇ ਕਰੀਬ ਘਟਨਾਵਾਂ ਵਾਪਰ ਚੁੱਕੀਆਂ ਹਨ, ਪਰ ਮੁਲਜ਼ਮ ਅਜੇ ਤੱਕ ਗ੍ਰਿਫਤ ਵਿਚ ਨਹੀਂ ਆਏ।

## ਕਾਂਗਰਸ ਨੇ ਅਖਿਲੇਸ਼ ਯਾਦਵ ਹੱਥ ਮਿਲਾਇਆ

**ਨਵੀਂ ਦਿੱਲੀ:** ਉਤਰ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਵੱਲੋਂ ਮਹਾਂਗੱਠਜੋੜ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਚੋਣ ਨਿਸ਼ਾਨ 'ਸਾਈਕਲ' ਮਿਲਣ ਤੋਂ ਬਾਗੋ-ਬਾਗ ਅਖਿਲੇਸ਼ ਯਾਦਵ ਨੇ ਕਿਹਾ ਕਿ ਉਹ ਆਪਣੇ ਪਿਤਾ 'ਨੇਤਾ ਜੀ' ਮੁਲਾਇਮ ਸਿੰਘ ਯਾਦਵ ਨੂੰ ਨਾਲ ਲੈ ਕੇ ਹੀ ਚੱਲਣਗੇ ਤੇ ਉਨ੍ਹਾਂ ਦੇ ਆਪਣੇ ਪਿਤਾ ਤੇ ਸਪਾ ਸੁਪਰੀਮੋ ਨਾਲ ਸਬੰਧ ਕਦੇ ਵੀ ਨਹੀਂ ਅੱਟੁਟ ਹੈ।

## ਮੱਧ ਸਾਗਰ ਹਾਦਸੇ ਵਿਚ 180 ਮੌਤਾਂ ਦਾ ਖਦਸ਼ਾ

**ਰੋਮ:** ਮੱਧ ਸਾਗਰ ਵਿਚ ਸ਼ਨਿਚਰਵਾਰ ਨੂੰ ਸ਼ਰਨਾਰਥੀ ਸਮੁੰਦਰੀ ਜਹਾਜ਼ ਨਾਲ ਵਾਪਰੇ ਹਾਦਸੇ ਵਿਚ ਚਾਰ ਵਿਅਕਤੀਆਂ ਦੀ ਮੌਤ ਗਈ ਅਤੇ ਤਕਰੀਬਨ 180 ਵਿਅਕਤੀਆਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਇਹ ਜਾਣਕਾਰੀ ਰਾਹਤ ਦਲ ਦੇ ਅਧਿਕਾਰੀਆਂ ਨੇ ਇਸ ਹਾਦਸੇ ਵਿਚੋਂ ਬਚੇ ਕੁਝ ਵਿਅਕਤੀਆਂ ਨਾਲ ਗੱਲਬਾਤ ਮਗਰੋਂ ਦਿੱਤੀ। ਜਹਾਜ਼ ਦੇ ਸਾਰੇ ਮੁਸਾਫ਼ਰ ਪੂਰਬੀ ਅਫਰੀਕਾ ਤੋਂ ਸਨ।

## ਸਾਰਾਗੜ੍ਹੀ ਦਿਵਸ ਮਨਾਉਣ ਲਈ ਵਰਜੀਨੀਆ ਵਿਚ ਬਿੱਲ ਪੇਸ਼

**ਵਾਸ਼ਿੰਗਟਨ:** ਸਾਰਾਗੜ੍ਹੀ ਜੰਗ ਵਿਚ ਜੂਝਣ ਵਾਲੇ 21 ਸਿੱਖ ਸੂਰਮਿਆਂ ਦੀ ਬਹਾਦਰੀ ਨੂੰ ਸਨਮਾਨ ਦੇਣ ਲਈ 12 ਸਤੰਬਰ ਦੇ ਦਿਨ ਨੂੰ 'ਸਾਰਾਗੜ੍ਹੀ ਡੇਅ ਆਫ਼ ਸਿੱਖ ਪ੍ਰਾਈਡ' ਵਜੋਂ ਮਨਾਉਣ ਲਈ ਬਿਲ ਅਮਰੀਕੀ ਸਟੇਟ ਵਰਜੀਨੀਆ ਦੀ ਅਸੈਂਬਲੀ ਵਿਚ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਸਿੱਖ ਬਹਾਦਰਾਂ ਨੇ 1897 ਵਿਚ ਇਸ ਦਿਨ 10 ਹਜ਼ਾਰ ਅਫ਼ਗਾਨ ਕਬਾਇਲੀ ਹਮਲਾਵਾਰਾਂ ਨਾਲ ਹੁਣ ਪਾਕਿਸਤਾਨ ਦੇ ਸੂਬੇ ਖ਼ੈਬਰ ਪਖ਼ਤੂਨਖਵਾ ਵਿਚ ਸਥਿਤ ਸਾਰਾਗੜ੍ਹੀ ਚੌਕੀ ਨੂੰ ਬਚਾਉਣ ਲਈ ਲੋਹਾ ਲਿਆ ਸੀ। ਵਰਜੀਨੀਆ ਦੀ ਸੈਨੇਟ ਵਿਚ ਇਹ ਬਿਲ ਬ੍ਰਾਇਸ ਰੀਵਜ਼ ਨੇ ਪੇਸ਼ ਕੀਤਾ ਹੈ।


# ਕਿਚਨ ਹੈਲਪਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਕਿਚਨ ਹੈਲਪਰ ਤੇ ਡਿਸ਼ ਵਾਸ਼ਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

3-4








## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email:
Homeomedicine@yahoo.com

# ਵਫਾਦਾਰੀ ਦੀ ਥਾਂ ਚੌਧਰ ਨੇ ਵਿਗਾੜੀ ਪੰਜਾਬ ਦੀ ਸਿਆਸੀ ਖੇਡ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਲੜ ਰਹੀਆਂ ਪ੍ਰਮੁੱਖ ਪਾਰਟੀਆਂ ਵਿਚ ਪਾਰਟੀ ਪ੍ਰਤੀ ਵਫਾਦਾਰੀ ਉਤੇ ਗੁੱਟਬਾਜ਼ੀ ਅਤੇ ਜਿੱਤਣ ਦੀ ਸਮਰੱਥਾ ਭਾਰੂ ਪੈਂਦੀ ਦਿਖਾਈ ਦੇ ਰਹੀ ਹੈ। ਹੋਰਨਾਂ ਪਾਰਟੀਆਂ ਤੋਂ ਲਿਆਂਦੇ ਉਮੀਦਵਾਰਾਂ ਕਾਰਨ ਵੱਖ-ਵੱਖ ਪਾਰਟੀਆਂ ਦੀ ਅੰਦਰੂਨੀ ਲੜਾਈ ਵੀ ਤੇਜ਼ ਹੋ ਗਈ ਹੈ ਅਤੇ ਵੱਡੀ ਗਿਣਤੀ ਆਗੂਆਂ ਦੇ ਬਾਗੀ ਹੋਣ ਦੇ ਆਸਾਰ ਹਨ। ਸਾਰੀਆਂ ਪਾਰਟੀਆਂ ਨੇ ਤਕਰੀਬਨ ਤਿੰਨ ਦਰਜਨ ਅਜਿਹੇ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਹਨ, ਜੋ ਹੋਰਨਾਂ ਪਾਰਟੀਆਂ ਤੋਂ ਆਏ ਹਨ। ਭਾਜਪਾ ਦੇ 17 ਅਤੇ ਕਾਂਗਰਸ ਦੇ 23 ਉਮੀਦਵਾਰਾਂ ਦੀ ਸੂਚੀ ਤੋਂ ਨਾਰਾਜ਼ ਆਗੂ ਦੋਹਾਂ ਪਾਰਟੀਆਂ ਲਈ ਸਿਰਦਰਦੀ ਪੈਦਾ ਕਰ ਸਕਦੇ ਹਨ।

ਕਾਂਗਰਸ ਪਾਰਟੀ ਦੀ 23 ਉਮੀਦਵਾਰਾਂ ਦੀ ਤੀਜੀ ਸੂਚੀ ਵਿਚ ਪੰਜ ਉਮੀਦਵਾਰ ਅਜਿਹੇ ਹਨ, ਜੋ ਸ਼੍ਰੋਮਣੀ ਅਕਾਲੀ ਦਲ ਤੋਂ ਆਏ ਹਨ। ਅਕਾਲੀ ਦਲ ਦੀ ਟਿਕਟ ਉਤੇ ਲੋਕ ਸਭਾ ਚੋਣ ਲੜ ਚੁੱਕੇ ਦੀਪਇੰਦਰ ਸਿੰਘ ਢਿੱਲੋਂ ਨੂੰ ਡੇਰਾਬਸੀ ਤੋਂ ਉਮੀਦਵਾਰ ਬਣਾਇਆ ਗਿਆ ਹੈ। ਉਹ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੇ ਬਾਗੀ ਸਨ। ਬਾਅਦ ਵਿਚ ਉਹ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਅਕਾਲੀ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦੇ ਪੁੱਤਰ ਦਵਿੰਦਰ ਸਿੰਘ ਘੁਬਾਇਆ ਨੂੰ ਫ਼ਾਜ਼ਿਲਕਾ ਤੋਂ ਟਿਕਟ ਦਿੱਤੀ ਗਈ ਹੈ। ਲੁਧਿਆਣਾ ਦੇ ਕੌਂਸਲਰ ਕਮਲਜੀਤ ਸਿੰਘ ਕੜਵਲ ਨੂੰ ਕਾਂਗਰਸ ਟਿਕਟ ਮਿਲੀ ਹੈ। ਅਕਾਲੀ ਵਿਧਾਇਕ ਰਾਜਵਿੰਦਰ ਕੌਰ ਭਾਗੀਕੇ ਨੂੰ ਆਪਣੇ ਪਹਿਲੇ ਹਲਕੇ ਨਿਹਾਲ ਸਿੰਘ ਵਾਲਾ ਤੋਂ ਹੀ ਟਿਕਟ ਦਿੱਤੀ ਗਈ ਹੈ। ਪ੍ਰੀਤਮ ਸਿੰਘ ਕੋਟਭਾਈ 2012 ਵਿਚ ਅਕਾਲੀ ਦਲ ਦੇ ਉਮੀਦਵਾਰ ਸਨ ਅਤੇ ਥੋੜੀਆਂ ਵੋਟਾਂ ਉੱਤੇ ਹਾਰੇ ਸਨ। ਇਸ ਵਾਰ ਕਾਂਗਰਸ ਦੇ ਉਮੀਦਵਾਰ ਬਣਾਏ ਗਏ ਹਨ।

### ਸਿਆਸੀ ਪਾਰਟੀਆਂ ਵਿਚ ਅੰਦਰੂਨੀ ਜੰਗ ਸਿਖਰਾਂ ਉਤੇ




ਪਾਰਟੀਆਂ 'ਤੇ ਗੁੱਟਬਾਜ਼ੀ ਵੀ ਭਾਰੂ ਹੋ ਰਹੀ ਹੈ। ਡੇਰਾ ਬਾਬਾ ਨਾਨਕ ਤੋਂ ਕਾਂਗਰਸ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਦਾ ਭਤੀਜਾ ਦੀਪਇੰਦਰ ਸਿੰਘ ਰੰਧਾਵਾ ਆਪਣੇ ਚਾਚੇ ਖ਼ਿਲਾਫ਼ ਮੈਦਾਨ ਵਿਚ ਹੈ। ਬਟਾਲਾ ਤੋਂ ਅਸ਼ਵਨੀ ਸੇਖੜੀ ਖਿਲਾਫ਼ ਉਨ੍ਹਾਂ ਦਾ ਹੀ ਭਰਾ ਇੰਦਰ ਸੇਖੜੀ ਅਪਣਾ ਪੰਜਾਬ ਪਾਰਟੀ ਤੋਂ ਉਮੀਦਵਾਰ ਬਣਿਆ ਹੈ। ਸੂਤਰਾਂ ਅਨੁਸਾਰ ਉਨ੍ਹਾਂ ਨੂੰ ਅਮਰਿੰਦਰ ਸਿੰਘ ਵਿਰੋਧੀ ਮਾਝੇ ਦੇ ਹੀ ਇਕ ਵੱਡੇ ਆਗੂ ਦਾ ਥਾਪੜਾ ਹੈ। ਜਲੰਧਰ ਸੀਟ ਤੋਂ ਵੀ ਸਾਬਕਾ ਮੰਤਰੀ ਅਵਤਾਰ ਹੈਨਰੀ ਦੇ ਪੁੱਤਰ ਨੂੰ ਸੀਟ ਨਹੀਂ ਦਿੱਤੀ ਗਈ ਤੇ ਹੁਣ ਸ੍ਰੀ ਹੈਨਰੀ ਦਾ ਪੁੱਤਰ ਬਾਗੀ ਉਮੀਦਵਾਰ ਵਜੋਂ ਚੋਣ ਲੜ ਸਕਦਾ ਹੈ। ਇਕ ਸੀਨੀਅਰ ਕਾਂਗਰਸੀ ਆਗੂ ਨੇ ਕਿਹਾ ਕਿ ਕਾਂਗਰਸ ਨੇ ਬੀਤੇ ਤੋਂ ਸਬਕ ਨਹੀਂ ਸਿੱਖਿਆ। ਬਚਦੀਆਂ 17 ਸੀਟਾਂ ਉਤੇ ਉਮੀਦਵਾਰਾਂ ਦੇ ਐਲਾਨ ਨਾਲ ਹੋਰ ਵੀ ਸਮੱਸਿਆ ਖੜੀ ਹੋ ਸਕਦੀ ਹੈ। ਅਕਾਲੀ ਦਲ ਵਿਚੋਂ ਲਿਆਂਦੇ ਵਿਧਾਇਕ ਪਰਗਟ ਸਿੰਘ, ਇੰਦਰਬੀਰ ਸਿੰਘ ਬੁਲਾਰੀਆ, ਮਹੇਸ਼ ਇੰਦਰ ਸਿੰਘ ਸਮੇਤ ਕਈਆਂ ਦੀਆਂ ਟਿਕਟਾਂ ਬਗ਼ਾਵਤ ਕਰਵਾ ਸਕਦੀਆਂ ਹਨ। ਭੁੱਲਥ ਤੋਂ ਉਮੀਦਵਾਰ ਗੁਰਬਿੰਦਰ ਸਿੰਘ ਅਟਵਾਲ ਨਕੋਦਰ ਆਉਣਾ ਚਾਹੁੰਦੇ ਹਨ। ਜਲੰਧਰ ਕੈਂਟ ਸੀਟ ਤੋਂ ਜਗਬੀਰ ਸਿੰਘ ਬਰਾੜ ਹਰ ਹਾਲਤ ਵਿਚ ਚੋਣ ਲੜਨਾ ਚਾਹੁੰਦੇ ਹਨ। ਪਿਛਲੀਆਂ ਚੋਣਾਂ ਵਿਚ ਉਨ੍ਹਾਂ ਨੂੰ ਪਰਗਟ ਸਿੰਘ ਨੇ ਹਰਾਇਆ ਸੀ। ਜੇਕਰ ਜਗਬੀਰ ਨੂੰ ਟਿਕਟ ਮਿਲਦੀ ਹੈ ਤਾਂ ਪਰਗਟ ਸਿੰਘ ਨੂੰ ਨਕੋਦਰ ਤੋਂ ਟਿਕਟ ਦੇਣ ਬਾਰੇ ਸੋਚਿਆ ਜਾ ਸਕਦਾ ਹੈ। ਅਟਵਾਲ ਵੱਲੋਂ ਨਕੋਦਰ ਤੋਂ ਚੋਣ ਲੜਨ ਦੇ ਦਿੱਤੇ ਸੰਕੇਤ ਨੇ ਕਾਂਗਰਸ ਲਈ ਨਵਾਂ ਸੰਕਟ ਪੈਦਾ ਕਰ ਦਿੱਤਾ ਹੈ।

ਭਾਜਪਾ ਵਿਚ ਵੀ ਸਭ ਅੱਛਾ ਨਹੀਂ। ਪਾਰਟੀ ਦੇ ਸਾਬਕਾ ਡਿਪਟੀ ਸਪੀਕਰ ਤੇ ਸੀਨੀਅਰ ਆਗੂ ਸਤਪਾਲ ਗੋਸਾਈਂ ਪਾਰਟੀ ਛੱਡ ਕੇ ਕਾਂਗਰਸ ਵਿਚ ਚਲੇ ਗਏ ਹਨ। ਇਹ ਗੱਲ ਵੱਖਰੀ ਹੈ ਕਿ ਉਹ ਪੰਜਾਬ ਭਾਜਪਾ ਵਿਜੇ ਸੈਂਪਲਾ ਦੇ ਯਤਨਾਂ ਸਦਕਾਂ ਮਗਰੋਂ ਪਾਰਟੀ ਵਿਚ ਵਾਪਸ ਆ ਗਏ। ਪਠਾਨਕੋਟ ਤੋਂ ਮੁੜ ਟਿਕਟ ਕੱਟੇ ਜਾਣ ਤੋਂ ਨਾਰਾਜ਼ ਸਾਬਕਾ ਮੰਤਰੀ ਮਾਸਟਰ ਮੋਹਨ ਲਾਲ ਆਪਣੇ ਕਿਸੇ ਨਜ਼ਦੀਕੀ ਨੂੰ ਚੋਣ ਲੜਾਉਣ ਬਾਰੇ ਵਿਚਾਰ ਕਰ ਰਹੇ ਹਨ। ਪਾਰਟੀ ਦੇ ਚਾਰ ਮੰਤਰੀਆਂ ਚੂਨੀ ਲਾਲ ਭਗਤ, ਮਦਨ ਮੋਹਨ ਮਿੱਤਲ, ਅਨਿਲ ਜੋਸ਼ੀ ਅਤੇ ਸੁਰਜੀਤ ਕੁਮਾਰ ਜਿਆਣੀ ਦੀਆਂ ਟਿਕਟਾਂ ਸਬੰਧੀ ਰੇੜਕਾ ਚੱਲ ਰਿਹਾ ਹੈ। ਭਾਜਪਾ ਸਾਹਮਣੇ ਇਹ ਸਮੱਸਿਆ ਵੀ ਹੈ ਕਿ ਦੋ ਬਜ਼ੁਰਗ ਆਗੂ ਆਪਣੇ ਪੁੱਤਰਾਂ ਲਈ ਟਿਕਟਾਂ ਮੰਗ ਰਹੇ ਹਨ। ਜੇ ਇਉਂ ਟਿਕਟਾਂ ਦਿੱਤੀਆਂ ਜਾਂਦੀਆਂ ਹਨ ਤਾਂ ਭਾਜਪਾ ਵੀ ਪਰਿਵਾਰਵਾਦ ਦੇ ਦੋਸ਼ ਦੇ ਦਾਇਰੇ ਵਿਚ ਆ ਜਾਵੇਗੀ।

### ਰਵਾਇਤੀ ਧਿਰਾਂ ਦੀ ਡੇਰਾ ਸਿਰਸਾ ਵੱਲ ਝਾਕ

**ਬਠਿੰਡਾ:** ਡੇਰਾ ਸਿਰਸਾ ਵੱਲੋਂ ਵੋਟਾਂ ਪੈਣ ਤੋਂ 24 ਘੰਟੇ ਪਹਿਲਾਂ ਸਿਆਸੀ ਹਮਾਇਤ ਦੇ ਪੱਤੇ ਖੋਲ੍ਹੇ ਜਾਣਗੇ। ਡੇਰਾ ਸਿਰਸਾ ਦੇ ਸਿਆਸੀ ਵਿੰਗ ਨੇ ਪੰਜਾਬ ਭਰ ਵਿਚ ਮੀਟਿੰਗਾਂ ਦਾ ਗੇੜ ਮੁਕੰਮਲ ਕਰ ਲਿਆ ਹੈ। ਸਿਆਸੀ ਵਿੰਗ ਵੱਲੋਂ 26 ਦਸੰਬਰ ਤੋਂ ਸ਼ੁਰੂ ਕੀਤੀਆਂ ਬਲਾਕਵਾਰ ਮੀਟਿੰਗਾਂ ਦੌਰਾਨ ਡੇਰਾ ਪ੍ਰੇਮੀਆਂ ਨੂੰ ਏਕਤਾ ਦਾ ਸਬਕ ਪੜ੍ਹਾਇਆ ਗਿਆ ਹੈ, ਪਰ ਵੋਟ ਕਿਸ ਸਿਆਸੀ ਪਾਰਟੀ ਨੂੰ ਪਾਉਣੀ ਹੈ, ਇਸ ਦਾ ਖੁਲਾਸਾ ਵੋਟਾਂ ਪੈਣ ਤੋਂ 24 ਘੰਟੇ ਪਹਿਲਾਂ ਹੋਵੇਗਾ। ਇਸੇ ਦੌਰਾਨ ਸਿਆਸੀ ਧਿਰਾਂ ਦੇ ਉਮੀਦਵਾਰ ਡੇਰਾ ਮੁਖੀ ਤੋਂ ਸਮਾਂ ਮੰਗ ਰਹੇ ਹਨ, ਪਰ ਡੇਰਾ ਮੁਖੀ ਕਈ ਦਿਨਾਂ ਤੋਂ ਨਵੀਂ ਫਿਲਮ ਦੇ ਸਿਲਸਿਲੇ ਵਿਚ ਮੁੰਬਈ ਵਿਚ ਹਨ। ਉਸ ਤੋਂ ਪਹਿਲਾਂ ਰਾਜਸਥਾਨ ਵਿਚ ਸ਼ੂਟਿੰਗ ਵਿਚ ਰੁੱਝੇ ਹੋਏ ਸਨ। ਹਰ ਸਿਆਸੀ ਪਾਰਟੀ ਦੇ ਉਮੀਦਵਾਰ ਵੱਲੋਂ ਡੇਰਾ ਮੁਖੀ ਤੱਕ ਪਹੁੰਚ ਕੀਤੀ ਜਾ ਰਹੀ ਹੈ। ਕਈ ਉਮੀਦਵਾਰ ਜ਼ਿਲ੍ਹਾ ਫ਼ਾਜ਼ਿਲਕਾ ਵਿਚ ਬਲਾਕ ਪੱਧਰੀ ਨਾਮ ਚਰਚਾ 'ਚ ਸ਼ਾਮਲ ਵੀ ਹੋਏ ਹਨ। ਸੂਤਰਾਂ ਅਨੁਸਾਰ ਐਤਕੀਂ ਡੇਰਾ ਸਿਰਸਾ ਖੁੱਲ੍ਹੀ ਹਮਾਇਤ ਦਾ ਐਲਾਨ ਕਰ ਸਕਦਾ ਹੈ। ਇਸ ਦੌਰਾਨ ਡੇਰਾ ਸਿਰਸਾ ਦੀ ਭਾਜਪਾ ਨਾਲ ਨੇੜਤਾ ਦੇ ਚਰਚੇ ਹਨ। ਡੇਰਾ ਸਿਰਸਾ ਦੇ ਇਕ ਵਿੰਗ ਦੇ ਆਗੂ ਗੁਰਬਾਜ਼ ਸਿੰਘ ਦਾ ਕਹਿਣਾ ਸੀ ਕਿ ਸਾਰੀਆਂ ਸਿਆਸੀ ਧਿਰਾਂ ਦੇ ਆਗੂ ਡੇਰਾ ਮੁਖੀ ਤੋਂ ਸਮਾਂ ਮੰਗ ਰਹੇ ਹਨ ਤੇ ਪ੍ਰਬੰਧਕੀ ਸਟਾਫ ਕੋਲ ਹੀ ਇਸ ਦੇ ਵੇਰਵੇ ਮੌਜੂਦ ਹਨ।

# ਪਰਵਾਸੀਆਂ ਨੇ ਬਾਦਲਾਂ ਵਿਰੁਧ ਸੋਸ਼ਲ ਮੀਡੀਆ ਨੂੰ ਬਣਾਇਆ ਹਥਿਆਰ

**ਜਲੰਧਰ:** ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਸੋਸ਼ਲ ਮੀਡੀਆ ਉਤੇ ਸਿਆਸੀ ਦੰਗਲ ਇਕ ਵਾਰੀ ਫਿਰ ਭਖ ਗਿਆ ਹੈ। ਪਰਵਾਸੀ ਪੰਜਾਬੀਆਂ ਨੇ ਹਾਕਮ ਧਿਰ ਵਿਰੁੱਧ ਮੁਹਿੰਮ ਛੇੜੀ ਹੋਈ ਹੈ। ਅਮਰੀਕਾ, ਕੈਨੇਡਾ ਸਮੇਤ ਹੋਰ ਮੁਲਕਾਂ ਵਿਚ ਬੈਠੇ ਪੰਜਾਬੀਆਂ ਨੇ ਬਾਦਲ ਰਾਜ ਦੌਰਾਨ ਹੋਈਆਂ ਘਟਨਾਵਾਂ ਦੀਆਂ ਫੋਟੋਆਂ ਫੇਸਬੁੱਕ, ਟਵਿਟਰ ਅਤੇ ਵੱਟਸਐਪ ਉਤੇ ਸਾਂਝੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਨਾਲ ਹੀ ਪੰਜਾਬ ਵਾਸੀਆਂ ਨੂੰ ਇਹ ਸੁਨੇਹਾ ਵੀ ਦਿੱਤਾ ਜਾ ਰਿਹਾ ਹੈ ਕਿ ਵੋਟ ਪਾਉਣ ਵੇਲੇ ਇਨ੍ਹਾਂ ਘਟਨਾਵਾਂ ਨੂੰ ਯਾਦ ਰੱਖਿਆ ਜਾਵੇ।

ਵੱਡੀ ਗਿਣਤੀ ਵਿਚ ਪਰਵਾਸੀ ਪੰਜਾਬੀ ਨੌਜਵਾਨ ਇਸ ਮੁਹਿੰਮ ਨੂੰ ਚਲਾ ਰਹੇ ਹਨ ਅਤੇ




ਇਨ੍ਹਾਂ ਪਰਵਾਸੀ ਨੌਜਵਾਨਾਂ ਵਿਚ ਉਹ ਵੀ ਸ਼ਾਮਲ ਹਨ, ਜਿਨ੍ਹਾਂ ਦੇ ਪਰਿਵਾਰਕ ਮੈਂਬਰ ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਰਹੇ ਹਨ ਜਾਂ ਹਾਲੇ ਵੀ ਸਰਗਰਮ ਹਨ। ਹਾਲਾਂਕਿ ਟਵਿਟਰ ਅਤੇ ਵੱਟਸਐਪ ਉਤੇ ਵੀ ਪ੍ਰਚਾਰ ਹੋ ਰਿਹਾ ਹੈ, ਪਰ ਸਭ ਤੋਂ ਵੱਧ ਸਰਗਰਮੀ ਫੇਸਬੁੱਕ ਉਤੇ ਦੇਖਣ ਨੂੰ ਮਿਲ ਰਹੀ ਹੈ।

ਨਕੋਦਰ ਹਲਕੇ ਨਾਲ ਸਬੰਧਤ ਲੰਮੇ ਸਮੇਂ ਤੋਂ ਅਮਰੀਕਾ ਵਸਦੇ ਨਰਿੰਦਰ ਸਿੰਘ ਵੱਲੋਂ ਬੀਤੇ ਕਈ ਦਿਨਾਂ ਤੋਂ ਅਜਿਹੀਆਂ ਪੋਸਟਾਂ ਫੇਸਬੁੱਕ ਉਤੇ ਪਾਈਆਂ ਜਾ ਰਹੀਆਂ ਹਨ। ਉਸ ਦਾ ਕਹਿਣਾ ਹੈ ਕਿ ਬੇਸ਼ੱਕ ਉਹ ਲੰਮੇ ਸਮੇਂ ਤੋਂ ਅਮਰੀਕਾ ਰਹਿ ਰਹੇ ਹਨ, ਪਰ ਪੰਜਾਬ ਦੇ ਮੌਜੂਦਾ ਹਾਲਾਤ ਦੀ ਪੀੜ ਨੂੰ ਉਹ ਪੰਜਾਬ ਵਾਸੀ ਵਜੋਂ ਹੀ ਮਹਿਸੂਸ ਕਰਦੇ ਹਨ। ਪਰਵਾਸੀਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਤਸਵੀਰਾਂ, ਬਰਗਾੜੀ ਕਾਂਡ, ਬਹਿਬਲ ਕਾਂਡ ਨਾਲ ਸਬੰਧਤ ਤਸਵੀਰਾਂ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੁਹਿੰਮ ਨੂੰ ਪੰਜਾਬ ਵਿਚ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲੇ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ।

### ਚੋਣ ਕਮਿਸ਼ਨ ਨੂੰ ਬਾਦਲਾਂ ਦੀ ਸੁਰੱਖਿਆ ਦੀ ਚਿੰਤਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲ ਲੰਬੀ ਵਿਧਾਨ ਸਭਾ ਹਲਕੇ 'ਚ ਜੁੱਤੀ ਸੁੱਟਣ ਦੀ ਘਟਨਾ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਨਸੀਮ ਜ਼ੈਦੀ ਨੇ ਰਾਜ ਸਰਕਾਰ ਨੂੰ ਬਾਦਲਾਂ ਦੀ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਕਿਸੇ ਵੀ ਪਾਰਟੀ ਦੇ ਆਗੂ ਨੂੰ ਭੜਕਾਊ ਭਾਸ਼ਨ ਦੇਣ ਜਾਂ ਲੋਕਾਂ ਨੂੰ ਉਕਸਾਉਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਆਟਾ-ਦਾਲ ਯੋਜਨਾ ਤਹਿਤ ਕਣਕ ਅਤੇ ਦਾਲ ਦੀ ਵੰਡ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਕੀਤੀ ਜਾ ਸਕਦੀ ਹੈ ਅਤੇ ਕੋਈ ਵੀ ਸਿਆਸਤਦਾਨ ਇਸ ਯੋਜਨਾ ਜਾਂ ਸਰਕਾਰ ਦੀ ਕਿਸੇ ਵੀ ਹੋਰ ਯੋਜਨਾ, ਜਿਵੇਂ ਤੀਰਥ ਯਾਤਰਾ ਸਕੀਮ ਆਦਿ, ਦਾ ਸਿਆਸੀ ਲਾਹਾ ਨਹੀਂ ਲੈ ਸਕਦਾ।

# ਵਿਧਾਨ ਸਭਾ ਚੋਣਾਂ: ਕੁਨਬਾਪ੍ਰਸਤੀ ਤੋਂ ਬਚ ਨਾ ਸਕੀਆਂ ਰਵਾਇਤੀ ਧਿਰਾਂ

**ਚੰਡੀਗੜ੍ਹ:** ਇਸ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਜਿਥੇ ਸੂਬੇ ਦੀਆਂ 2 ਪ੍ਰਮੁੱਖ ਰਾਜਸੀ ਧਿਰਾਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦੇ ਕਈ ਦਿੱਗਜ ਆਗੂ ਆਪਣੇ ਪੁੱਤਰਾਂ ਨੂੰ ਵਿਧਾਨ ਸਭਾ ਦੀਆਂ ਪੌੜੀਆਂ ਚਾੜ੍ਹਨ ਲਈ ਪੱਬਾਂ ਭਾਰ ਹਨ, ਉਥੇ ਇਕ ਕੇਂਦਰੀ ਮੰਤਰੀ ਅਤੇ ਇਕ ਸਾਬਕਾ ਕੇਂਦਰੀ ਮੰਤਰੀ ਵੀ ਆਪਣੇ ਪਤੀਆਂ ਨੂੰ ਵਿਧਾਨ ਸਭਾ ਵਿਚ ਭੇਜਣ ਲਈ ਦਿਨ ਰਾਤ ਇਕ ਕਰ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਆਪਣੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਪੰਜਵੀਂ ਵਾਰ ਵਿਧਾਨ ਸਭਾ ਦਾ ਮੈਂਬਰ ਬਣਾਉਣ ਲਈ ਹਰ ਜ਼ੋਰ ਤਾਣ ਲਗਾ ਰਹੇ ਹਨ।

ਪਰਮਿੰਦਰ ਸਿੰਘ ਇਸ ਤੋਂ ਪਹਿਲਾਂ ਸੁਨਾਮ ਹਲਕੇ ਤੋਂ ਚਾਰ ਵਾਰ ਵਿਧਾਇਕ ਚੁਣੇ ਗਏ ਸਨ, ਜਦਕਿ ਇਸ ਵਾਰ ਉਨ੍ਹਾਂ ਨੂੰ ਲਹਿਰਾਗਾਗਾ ਹਲਕੇ ਤੋਂ ਪਾਰਟੀ ਵੱਲੋਂ ਟਿਕਟ ਦਿੱਤੀ ਗਈ ਹੈ। ਉਨ੍ਹਾਂ ਦਾ ਮੁਕਾਬਲਾ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸ ਆਗੂ ਬੀਬੀ ਰਜਿੰਦਰ ਕੌਰ ਭੱਠਲ ਨਾਲ ਹੈ। ਇਸ ਹਲਕੇ ਤੋਂ 'ਆਪ' ਵੱਲੋਂ ਜਸਵੀਰ ਸਿੰਘ ਘੁਡਾਣੀ ਨੂੰ ਉਮੀਦਵਾਰ ਬਣਾਇਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਮੈਂਬਰ ਰਾਜ ਸਭਾ ਬਲਵਿੰਦਰ ਸਿੰਘ ਭੂੰਦੜ ਨੇ ਸਰਦੂਲਗੜ੍ਹ ਹਲਕੇ ਤੋਂ ਆਪਣੇ ਫਰਜ਼ੰਦ ਤੇ ਯੂਥ ਆਗੂ ਦਿਲਰਾਜ ਸਿੰਘ ਭੂੰਦੜ ਨੂੰ ਜਿਤਾਉਣ ਲਈ ਪੂਰੀ ਵਾਹ ਲਗਾਈ ਹੋਈ ਹੈ। ਦਿਲਰਾਜ ਦਾ ਮੁਕਾਬਲਾ ਕਾਂਗਰਸ ਦੇ ਮੌਜੂਦਾ ਵਿਧਾਇਕ ਅਜੀਤਇੰਦਰ ਸਿੰਘ ਮੋਫਰ ਨਾਲ ਹੈ। 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਹ ਮੋਫਰ ਤੋਂ 2732 ਵੋਟਾਂ ਦੇ ਫਰਕ ਨਾਲ ਪਛੜ ਗਏ ਸਨ। ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਖਵਿੰਦਰ ਸਿੰਘ ਭੋਲਾ ਮਾਨ ਨੇ ਵੀ ਮੁਹਿੰਮ ਭਖਾਈ ਹੋਈ ਹੈ।

### ਆਪਣਿਆਂ ਨੂੰ ਵਿਧਾਨ ਸਭਾ ਪਹੁੰਚਾਉਣ ਲਈ ਚਾਰਾਜੋਈ



ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਆਪਣੇ ਪੁੱਤਰ ਰਵਿੰਦਰ ਸਿੰਘ ਬ੍ਰਹਮਪੁਰਾ ਦੀ ਖਡੂਰ ਸਾਹਿਬ ਹਲਕੇ ਤੋਂ ਪਾਰੀ ਜਿੱਤਣ ਲਈ ਹਰ ਹੀਲਾ ਵਰਤ ਰਹੇ ਹਨ। ਰਵਿੰਦਰ ਦਾ ਮੁਕਾਬਲਾ ਕਾਂਗਰਸ ਦੇ ਰਮਨਦੀਪ ਸਿੰਘ ਸਿਕੀ ਨਾਲ ਹੈ। 'ਆਪ' ਵੱਲੋਂ ਇਥੋਂ ਭੁਪਿੰਦਰ ਸਿੰਘ ਬਿੱਟੂ ਉਮੀਦਵਾਰ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਤੋਤਾ ਸਿੰਘ ਜੋ ਖੁਦ ਧਰਮਕੋਟ ਹਲਕੇ ਤੋਂ ਮੁੜ ਕਿਸਮਤ ਅਜ਼ਮਾ ਰਹੇ ਹਨ, ਵੀ ਆਪਣੇ ਪੁੱਤਰ ਬਰਜਿੰਦਰ ਸਿੰਘ ਮੱਖਣ ਨੂੰ ਮੋਗਾ ਹਲਕੇ ਤੋਂ ਪਾਰਟੀ ਟਿਕਟ ਦਵਾ ਕੇ ਜਿੱਤ ਲਈ ਪੂਰੀ ਸਰਗਰਮੀ ਜੁਟਾ ਰਹੇ ਹਨ। ਕਾਂਗਰਸ ਵੱਲੋਂ ਇਸ ਹਲਕੇ ਤੋਂ ਡਾ. ਹਰਜੋਤ ਕਮਲ ਨੂੰ ਉਮੀਦਵਾਰ ਬਣਾਇਆ ਗਿਆ ਹੈ। ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਲਾਲ ਸਿੰਘ ਇਸ ਵਾਰ ਆਪਣੇ ਬੇਟੇ ਰਜਿੰਦਰ ਸਿੰਘ ਨੂੰ ਸਮਾਣਾ ਹਲਕੇ ਤੋਂ ਟਿਕਟ ਦਿਵਾਉਣ 'ਚ ਕਾਮਯਾਬ ਹੋ ਗਏ ਹਨ। ਰਜਿੰਦਰ ਪਹਿਲੀ ਵਾਰ ਕਿਸਮਤ ਅਜ਼ਮਾ ਰਹੇ ਹਨ, ਨੂੰ ਵਿਧਾਨ ਸਭਾ ਵਿਚ ਭੇਜਣ ਲਈ ਲਾਲ ਸਿੰਘ ਪੂਰੀ ਜਿੰਦ ਜਾਨ ਲਗਾਉਣਗੇ। ਰਜਿੰਦਰ ਸਿੰਘ ਦਾ ਮੁਕਾਬਲਾ ਅਕਾਲੀ ਦਲ ਦੇ ਸੁਰਜੀਤ ਸਿੰਘ ਰੱਖੜਾ ਨਾਲ ਹੈ। ਹਲਕੇ ਤੋਂ ਆਮ ਆਦਮੀ ਪਾਰਟੀ ਵੱਲੋਂ ਸਾਬਕਾ ਵਿਧਾਇਕ ਜਗਤਾਰ ਸਿੰਘ ਰਾਜਲਾ ਚੋਣ ਮੈਦਾਨ ਵਿਚ ਹਨ।

ਭੁਲੱਥ ਹਲਕੇ ਤੋਂ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਵੀ ਆਪਣੇ ਜਵਾਈ ਭੁਪਿੰਦਰ ਸਿੰਘ ਨੂੰ ਜਿਤਾਉਣ ਲਈ ਉਤਾਵਲੇ ਹਨ। 2012 ਵਿਚ ਬੀਬੀ ਜਗੀਰ ਕੌਰ ਨੇ ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਨੂੰ 7005 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਖਹਿਰਾ ਇਸ ਵਾਰ ਇਥੋਂ 'ਆਪ' ਵੱਲੋਂ ਕਿਸਮਤ ਅਜ਼ਮਾ ਰਹੇ ਹਨ ਜਦਕਿ ਕਾਂਗਰਸ ਪਾਰਟੀ ਨੇ ਨੂਰਮਹਿਲ ਦੇ ਮੌਜੂਦਾ ਵਿਧਾਇਕ ਗੁਰਵਿੰਦਰ ਸਿੰਘ ਅਟਵਾਲ ਨੂੰ ਚੋਣ ਮੈਦਾਨ ਵਿਚ ਲਿਆਂਦਾ ਹੈ। ਦਿਲਚਸਪ ਗੱਲ ਇਹ ਹੈ ਕਿ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਪਾਰਲੀਮੈਂਟ ਸ਼ੇਰ ਸਿੰਘ ਘੁਬਾਇਆ ਦੇ ਪੁੱਤਰ ਦਵਿੰਦਰ ਸਿੰਘ ਘੁਬਾਇਆ ਨੂੰ ਫਾਜ਼ਿਲਕਾ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਨੇ ਚੋਣ ਮੈਦਾਨ ਵਿਚ ਲਿਆਂਦਾ ਹੈ। ਉਹ ਪੰਜਾਬ ਵਿਚ ਸਭ ਤੋਂ ਛੋਟੀ ਉਮਰ ਦੇ ਉਮੀਦਵਾਰ ਹਨ। ਵੱਡੇ ਰਾਜਸੀ ਘਰਾਣਿਆਂ ਨਾਲ ਸਬੰਧਤ ਇਕ ਕੇਂਦਰੀ ਮੰਤਰੀ ਤੇ ਇਕ ਸਾਬਕਾ ਕੇਂਦਰੀ ਮੰਤਰੀ ਵੀ ਆਪਣੇ ਪਤੀਆਂ ਨੂੰ ਜਿਤਾਉਣ ਲਈ ਪੂਰੀਆਂ ਸਰਗਰਮ ਹਨ। ਸਾਬਕਾ ਮੁੱਖ ਮੰਤਰੀ ਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਜੋ ਪਟਿਆਲਾ ਹਲਕੇ ਤੋਂ ਚੋਣ ਲੜ ਰਹੇ ਹਨ, ਦੇ ਹਲਕੇ ਦੀ ਕਮਾਨ ਉਨ੍ਹਾਂ ਦੀ ਪਤਨੀ ਸਾਬਕਾ ਕੇਂਦਰੀ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਨੇ ਸੰਭਾਲ ਲਈ ਹੈ।

ਕੈਪਟਨ ਦਾ ਮੁਕਾਬਲਾ ਐਤਕੀਂ ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ ਜੇ.ਜੇ. ਸਿੰਘ ਨਾਲ ਹੈ। ਇਸੇ ਤਰ੍ਹਾਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਆਪਣੇ ਪਤੀ ਤੇ ਰਾਜ ਦੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਜਿੱਤ ਲਈ ਜਲਾਲਾਬਾਦ ਵਿਧਾਨ ਸਭਾ ਹਲਕੇ 'ਚ ਪੂਰੀ ਭੱਜ ਨੱਠ ਕਰ ਰਹੇ ਹਨ। ਇਸ ਹਲਕੇ ਤੋਂ 'ਆਪ' ਦੇ ਸੰਗਰੂਰ ਦੇ ਮੈਂਬਰ ਲੋਕ ਸਭਾ ਭਗਵੰਤ ਮਾਨ ਚੋਣ ਮੈਦਾਨ ਵਿਚ ਹਨ। ਬੀਬੀ ਬਾਦਲ ਆਪਣੇ ਸਹੁਰੇ ਤੇ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਜੋ ਲੰਬੀ ਹਲਕੇ ਤੋਂ ਚੋਣ ਲੜ ਰਹੇ ਹਨ, ਤੋਂ ਇਲਾਵਾ ਆਪਣੇ ਭਰਾ ਬਿਕਰਮ ਸਿੰਘ ਮਜੀਠੀਆ ਜੋ ਮਜੀਠਾ ਹਲਕੇ ਤੋਂ ਚੋਣ ਲੜ ਰਹੇ ਹਨ, ਦੀ ਜਿੱਤ ਲਈ ਵੀ ਚੋਣ ਜਲਸੇ ਕਰ ਰਹੇ ਹਨ।

# ਚੋਣ ਮੈਦਾਨ ਵਿਚ ਸਿਆਸੀ ਧਿਰਾਂ ਦੇ ਹੜ੍ਹ ਨੇ ਉਲਝਾਈ ਤਾਣੀ

**ਚੰਡੀਗੜ੍ਹ:** ਪੰਜਾਬ ਵਿਚ ਚੋਣਾਂ ਦੇ ਐਲਾਨ ਤੋਂ ਬਾਅਦ ਸਿਆਸੀ ਪਾਰਟੀਆਂ ਨੇ ਕਮਰਕੱਸੇ ਕਰ ਲਏ ਹਨ। ਸਿਆਸੀ ਧਿਰਾਂ ਨੂੰ ਭਾਵੇਂ ਚੋਣ ਮੁਹਿੰਮ ਭਖਾਉਣ ਲਈ ਬਹੁਤ ਘੱਟ ਸਮਾਂ ਮਿਲਿਆ ਹੈ, ਪਰ ਕੁਝ ਪਾਰਟੀਆਂ ਵੱਲੋਂ ਚੋਣ ਤਰੀਕ ਦੇ ਐਲਾਨ ਕਰਨ ਤੋਂ ਕਾਫੀ ਮਹੀਨੇ ਪਹਿਲਾਂ ਹੀ ਆਪੋ-ਆਪਣੇ ਸਿਆਸੀ ਮੋਰਚੇ ਬਣਾਉਣ ਅਤੇ ਉਨ੍ਹਾਂ ਨੂੰ ਪੱਕਿਆਂ ਕਰਨ ਦੀ ਪੂਰੀ ਤਿਆਰੀ ਕਰ ਲਈ ਸੀ। ਦਿਲਚਸਪ ਗੱਲ ਇਹ ਹੈ ਕਿ ਰਿਵਾਇਤੀ ਧਿਰਾਂ ਤੋਂ ਇਲਾਵਾ ਹੋਰ ਵੀ ਦਰਜਨਾਂ ਪਾਰਟੀਆਂ ਨੇ ਚੋਣ ਮੈਦਾਨ ਵਿਚ ਨਿਤਰਨ ਦਾ ਐਲਾਨ ਕਰ ਦਿੱਤਾ ਹੈ।



ਪੰਜਾਬ ਦੀ ਪੁਰਾਣੀ ਪਾਰਟੀ ਬਸਪਾ ਨੇ ਵੀ ਬਹੁਤ ਸਾਰੀਆਂ ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰਨ ਦਾ ਫੈਸਲਾ ਕੀਤਾ ਹੈ। ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੀ ਇਸ ਵਾਰ ਕੁਝ ਪੰਥਕ ਧਿਰਾਂ ਦੀ ਅਗਵਾਈ ਵਿਚ ਸਰਗਰਮ ਹੈ। ਇਸ ਤੋਂ ਇਲਾਵਾ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ.ਸੀ.ਪੀ.) ਜਿਸ ਦੇ ਪ੍ਰਧਾਨ ਸਵਰਨ ਸਿੰਘ ਹਨ, ਨੇ ਵੀ ਆਪਣੇ ਦਰਜਨ ਭਰ ਉਮੀਦਵਾਰ ਮੈਦਾਨ ਵਿਚ ਉਤਾਰਨ ਦਾ ਐਲਾਨ ਕੀਤਾ ਹੈ। ਕ੍ਰਾਂਤੀਕਾਰੀ ਯੁਵਾ ਪਾਰਟੀ, ਜਿਸ ਦੇ ਪ੍ਰਧਾਨ ਅੰਤਰਜੋਤ ਸਿੰਘ ਹਨ, ਨੇ ਵੀ ਦੋ ਕੁ ਦਰਜਨ ਪਾਰਟੀ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਹੈ। ਆਮ ਆਦਮੀ ਪਾਰਟੀ ਤੋਂ ਵੱਖ ਹੋ ਕੇ ਕਿਸਮਤ ਅਜ਼ਮਾ ਰਹੇ ਸੁੱਚਾ ਸਿੰਘ ਛੋਟੇਪੁਰ ਨੇ 'ਆਪਣਾ ਪੰਜਾਬ ਪਾਰਟੀ' ਬਣਾਈ ਹੈ, ਜਿਸ ਨੇ ਹੁਣ ਤੱਕ ਕਾਫੀ ਸਰਗਰਮੀ ਦਿਖਾਈ ਹੈ।

ਇਨਕਲਾਬ ਵਿਕਾਸ ਦਲ ਅਤੇ ਬਜਰੰਗ ਦਲ ਹਿੰਦੁਸਤਾਨ ਆਦਿ ਨਵੇਂ ਦਲਾਂ ਨੇ ਵੀ ਆਪਣੇ ਉਮੀਦਵਾਰ ਐਲਾਨ ਕੇ ਪੰਜਾਬ ਦੀ ਸਿਆਸਤ ਵਿਚ ਦਸਤਕ ਦਿੱਤੀ ਹੈ। ਆਪਣਾ ਪੰਜਾਬ ਪਾਰਟੀ ਨੇ ਬੀ.ਆਰ.ਪੀ. ਪਾਰਟੀ, ਜਿਸ ਦੇ ਪ੍ਰਧਾਨ ਡਾ. ਅੰਬੇਡਕਰ ਦੇ ਪੋਤਰੇ ਪ੍ਰਕਾਸ਼ ਰਾਓ ਅੰਬੇਡਕਰ ਹਨ, ਨਾਲ ਗਠਜੋੜ ਕਰਨ ਦਾ ਐਲਾਨ ਕੀਤਾ ਹੈ। ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਨਾਲ ਪੰਥਕ ਦਲ ਅਤੇ ਸਰਬੱਤ ਖਾਲਸਾ ਜਥੇਬੰਦੀਆਂ ਵੱਲੋਂ ਰਲ ਕੇ ਚੋਣਾਂ ਲੜਨ ਦਾ ਐਲਾਨ ਕੀਤਾ ਗਿਆ ਹੈ। ਕਦੀ ਟਕਸਾਲੀ ਕਾਂਗਰਸੀ ਆਗੂ ਰਹੇ ਜਗਮੀਤ ਸਿੰਘ ਬਰਾੜ ਨੇ ਵੀ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ ਦੀ ਪੰਜਾਬ ਇਕਾਈ ਦਾ ਪ੍ਰਧਾਨ ਬਣ ਕੇ ਚੋਣ ਮੈਦਾਨ ਵਿਚ ਨਿਤਰਨ ਦਾ ਐਲਾਨ ਕੀਤਾ ਹੈ।

ਦਲਿਤਾਂ ਦੇ ਨਾਂ 'ਤੇ ਪਿਛਲੇ ਲੰਮੇ ਸਮੇਂ ਤੋਂ ਸਿਆਸਤ ਕਰ ਰਹੇ ਦੇਵੀ ਦਾਸ ਨਾਹਰ ਨੇ ਬਹੁਜਨ ਸਮਾਜ ਪਾਰਟੀ (ਅੰਬੇਡਕਰ) ਵੱਲੋਂ ਵੀ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਚਾਹੇ 4 ਖੱਬੇ ਪੱਖੀ ਪਾਰਟੀਆਂ ਵੱਲੋਂ ਐਲਾਨੇ ਗਏ ਸਾਂਝੇ ਮੋਰਚੇ ਵਿਚ ਤਰੇੜਾਂ ਆਈਆਂ ਦਿਖਾਈ ਦਿੱਤੀਆਂ ਹਨ, ਪਰ ਇਨ੍ਹਾਂ ਵਿਚੋਂ ਤਿੰਨ ਪਾਰਟੀਆਂ ਨੇ ਆਪਣੇ 5 ਦਰਜਨ ਦੇ ਲਗਪਗ ਉਮੀਦਵਾਰਾਂ ਦਾ ਐਲਾਨ ਕੀਤਾ ਹੈ, ਜਦੋਂ ਕਿ ਸੀ.ਪੀ.ਆਈ. (ਐਮ) ਇਨ੍ਹਾਂ ਨਾਲ ਨਾਰਾਜ਼ ਹੋਈ ਦਿਖਾਈ ਦਿੰਦੀ ਹੈ। ਹੋਰ ਤਾਂ ਹੋਰ ਸ਼ਿਵ ਸੈਨਾ ਪੰਜਾਬ (ਬਾਲ ਠਾਕਰੇ) ਨੇ ਵੀ ਆਪਣੇ ਸੂਬਾ ਪ੍ਰਧਾਨ ਯੋਗਰਾਜ ਸ਼ਰਮਾ ਦੀ ਅਗਵਾਈ ਵਿਚ ਦਰਜਨ ਭਰ ਉਮੀਦਵਾਰਾਂ ਦਾ ਐਲਾਨ ਕੀਤਾ ਹੈ।

ਲੋਕ ਇਨਸਾਫ ਪਾਰਟੀ, ਜਿਸ ਦੇ ਆਗੂ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਹਨ, ਨੇ ਆਮ ਆਦਮੀ ਪਾਰਟੀ ਨਾਲ ਗਠਜੋੜ ਕਰ ਕੇ ਕੁਝ ਸੀਟਾਂ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੈ। ਆਮ ਆਦਮੀ ਪਾਰਟੀ ਦੀ ਟੁੱਟ-ਭੱਜ ਵਿਚੋਂ ਹੀ ਲੋਕ ਸਭਾ ਮੈਂਬਰ ਡਾ. ਧਰਮਵੀਰ ਦੀ ਅਗਵਾਈ ਵਾਲੇ 'ਪੰਜਾਬ ਫਰੰਟ' ਨੇ ਜਨਮ ਲਿਆ ਸੀ। ਉਹ ਆਪਣੇ ਤੌਰ 'ਤੇ ਉਮੀਦਵਾਰਾਂ ਦਾ ਐਲਾਨ ਕਰ ਕੇ ਚੋਣਾਂ ਲਈ ਤਤਪਰ ਦਿਖਾਈ ਦਿੰਦੇ ਹਨ।

ਬਹੁਜਨ ਮੁਕਤੀ ਪਾਰਟੀ ਦੇ ਪੰਜਾਬ ਯੂਨਿਟ ਦੇ ਪ੍ਰਧਾਨ ਖੁਸ਼ੀ ਰਾਮ ਨੇ ਵੀ ਦਰਜਨ ਭਰ ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਇਸੇ ਹੀ ਤਰ੍ਹਾਂ ਪੰਜਾਬ ਡੈਮੋਕ੍ਰੇਟਿਕ ਪਾਰਟੀ, ਜਿਸ ਦੇ ਸੂਬਾ ਪ੍ਰਧਾਨ ਇੰਜੀਨੀਅਰ ਗੁਰਦਿਆਲ ਸਿੰਘ ਹਨ, ਨੇ ਵੀ ਅੱਧੀ ਦਰਜਨ ਉਮੀਦਵਾਰ ਮੈਦਾਨ ਵਿਚ ਉਤਾਰਨ ਦਾ ਫੈਸਲਾ ਕੀਤਾ ਹੈ। ਭਾਈ ਮੋਹਕਮ ਸਿੰਘ ਦੀ ਅਗਵਾਈ ਵਾਲੇ ਯੂਨਾਈਟਿਡ ਅਕਾਲੀ ਦਲ ਨੇ ਵੀ ਮਾਨ ਦਲ ਨਾਲ ਮਿਲ ਕੇ ਚੋਣਾਂ ਲੜਨ ਦਾ ਐਲਾਨ ਕੀਤਾ ਹੈ।

ਪ੍ਰਕਾਸ਼ ਅੰਬੇਡਕਰ ਦੀ ਅਗਵਾਈ ਵਾਲੀ ਭਰੇਪਾ ਬਹੁਜਨ ਮਹਾਂਸਭਾ ਨੇ ਆਪਣੇ ਤੌਰ ਉਤੇ ਵੱਡੀ ਗਿਣਤੀ 'ਚ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਯੋਗੇਂਦਰ ਯਾਦਵ ਦੀ ਅਗਵਾਈ ਵਿਚ ਦਿੱਲੀ ਵਿਚ ਆਮ ਆਦਮੀ ਪਾਰਟੀ ਤੋਂ ਟੁੱਟ ਕੇ ਬਣੀ ਸਵਰਾਜ ਅਭਿਆਨ ਪਾਰਟੀ ਨੇ ਵੀ ਪੰਜਾਬ ਚੋਣਾਂ ਵਿਚ ਦਿਲਚਸਪੀ ਦਿਖਾਈ ਹੈ। ਇਸ ਤੋਂ ਇਲਾਵਾ ਹੋਰ ਛੋਟੀਆਂ-ਮੋਟੀਆਂ ਪਾਰਟੀਆਂ ਵੀ ਚੋਣ ਫਰੰਟ ਉਤੇ ਆਪੋ-ਆਪਣੇ ਐਲਾਨ ਕਰ ਰਹੀਆਂ ਹਨ। ਚਾਹੇ ਨੋਟਬੰਦੀ ਕਰ ਕੇ ਚੋਣ ਪ੍ਰਚਾਰ ਹੁਣ ਤੱਕ ਕਾਫੀ ਫਿੱਕਾ ਰਿਹਾ ਹੈ। ਚੋਣ ਕਮਿਸ਼ਨ ਨੇ ਵੀ ਪਾਰਟੀਆਂ ਅਤੇ ਉਮੀਦਵਾਰਾਂ 'ਤੇ ਵੱਖ-ਵੱਖ ਢੰਗ-ਤਰੀਕਿਆਂ ਨਾਲ ਆਪਣਾ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ।

## ਪੰਥਕ ਫਰੰਟ ਵਿਚਲੇ ਦਲਾਂ ਦੇ ਵੱਖੋ-ਵੱਖ ਹੋਏ ਰਾਹ

**ਚੰਡੀਗੜ੍ਹ:** ਪੰਥਕ ਫਰੰਟ ਵਿਚ ਸ਼ਾਮਲ ਦੋਹਾਂ ਪਾਰਟੀਆਂ ਨੇ ਆਪੋ ਆਪਣੇ ਰਾਹ ਚੁਣ ਲਏ ਹਨ। ਚੋਣਾਂ ਬਾਰੇ ਸਹਿਮਤੀ ਨਾ ਹੋਣ ਤੋਂ ਬਾਅਦ ਅਕਾਲੀ ਦਲ (ਯੂਨਾਈਟਿਡ) ਨੇ ਚੋਣਾਂ ਨਾ ਲੜਨ ਦਾ ਫੈਸਲਾ ਲਿਆ ਹੈ। ਦੋ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਅਤੇ ਧਿਆਨ ਸਿੰਘ ਮੰਡ ਨੇ ਦੋਹਾਂ ਧਿਰਾਂ ਨੂੰ ਨੇੜੇ ਲਿਆਉਣ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ।

ਅਕਾਲੀ ਦਲ (ਯੂਨਾਈਟਿਡ) ਦੇ ਰਾਮਪੁਰਾ ਫੂਲ ਤੋਂ ਉਮੀਦਵਾਰ ਗੁਰਦੀਪ ਸਿੰਘ ਨੇ ਚੋਣ ਮੈਦਾਨ ਵਿਚੋਂ ਲਾਂਭੇ ਹੋਣ ਦਾ ਫੈਸਲਾ ਲਿਆ ਹੈ। ਪੰਥਕ ਫਰੰਟ ਦੀ ਮੁੱਖ ਧਿਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵਿਧਾਨ ਸਭਾ ਹਲਕਾ ਬਰਨਾਲਾ ਅਤੇ ਅਮਰਗੜ੍ਹ ਤੋਂ ਚੋਣ ਲੜ ਰਹੇ ਹਨ। ਪੰਥਕ ਫਰੰਟ 55 ਸੀਟਾਂ ਤੋਂ ਉਮੀਦਵਾਰ ਐਲਾਨ ਚੁੱਕਿਆ ਹੈ। ਅਕਾਲੀ ਦਲ (ਯੂਨਾਈਟਿਡ) ਵੱਲੋਂ ਪਾਸਾ ਵੱਟਣ ਕਰਨ ਹਾਲ ਦੀ ਘੜੀ ਹੋਰ ਉਮੀਦਵਾਰਾਂ ਦੀ ਸੂਚੀ ਰੋਕ ਲਈ ਗਈ ਹੈ। ਪਤਾ ਲੱਗਿਆ ਹੈ ਕਿ ਪੰਥਕ ਫਰੰਟ ਵਿਚ ਸ਼ਾਮਲ ਦੋਹਾਂ ਪਾਰਟੀਆਂ ਦੀ ਅਸਹਿਮਤੀ ਦਾ ਮੁੱਖ ਕਾਰਨ ਵਿਧਾਨ ਸਭਾ ਚੋਣਾਂ ਬਣੀਆਂ ਹਨ। ਅਕਾਲੀ ਦਲ (ਯੂਨਾਈਟਿਡ) ਵੱਲੋਂ 117 ਦੀ ਥਾਂ ਚੋਣਵੀਆਂ ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਨ ਲਈ ਜ਼ੋਰ ਪਾਇਆ ਜਾ ਰਿਹਾ ਹੈ, ਜਦਕਿ ਅਕਾਲੀ ਦਲ (ਅੰਮ੍ਰਿਤਸਰ) ਸਾਰੀਆਂ ਸੀਟਾਂ ਉਤੇ ਉਮੀਦਵਾਰ ਖੜ੍ਹੇ ਕਰਨ 'ਤੇ ਅੜਿਆ ਹੋਇਆ ਹੈ। ਯੂਨਾਈਟਿਡ ਦਲ ਦੇ ਭਾਈ ਮੋਹਕਮ ਸਿੰਘ ਅਤੇ ਭਾਈ ਗੁਰਦੀਪ ਸਿੰਘ ਬਠਿੰਡਾ ਦਾ ਇਰਾਦਾ ਚੋਣਵੀਆਂ ਸੀਟਾਂ 'ਤੇ ਤਕੜੀ ਟੱਕਰ ਦੇਣ ਦਾ ਹੈ, ਜਦਕਿ ਸਿਮਰਨਜੀਤ ਸਿੰਘ ਮਾਨ ਚੋਣ ਨਿਸ਼ਾਨ ਬਚਾਉਣ ਲਈ ਨਿਰਧਾਰਤ ਵੋਟਾਂ ਲੈਣ ਦੇ ਰੌਅ ਵਿਚ ਹਨ। ਦੂਜਾ ਕਾਰਨ ਸ੍ਰੀ ਮਾਨ ਵੱਲੋਂ ਦਿੱਤਾ ਬਿਆਨ ਹੈ।

ਉਨ੍ਹਾਂ ਨੇ ਸਰਕਾਰ ਬਣਨ ਉਤੇ ਵਿਧਾਨ ਸਭਾ ਵਿਚ ਖਾਲਿਸਤਾਨ ਦਾ ਮਤਾ ਪਾਸ ਕਰਨ ਦਾ ਬਿਆਨ ਦਿੱਤਾ ਸੀ। ਉਂਜ ਯੂਨਾਈਟਿਡ ਅਕਾਲੀ ਦਲ, ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਦੇ ਉਮੀਦਵਾਰਾਂ ਦੀ ਮਦਦ ਜ਼ਰੂਰ ਕਰੇਗਾ। ਬਹੁਜਨ ਸਮਾਜ ਪਾਰਟੀ ਦੇ ਬਾਨੀ ਕਾਂਸ਼ੀ ਰਾਮ ਦਾ ਭਾਣਜਾ ਚਰਨਜੀਤ ਸਿੰਘ ਆਜ਼ਾਦ ਵਿਧਾਨ ਸਭਾ ਹਲਕਾ ਚਮਕੌਰ ਸਾਹਿਬ ਤੋਂ ਦਲ ਦੇ ਚੋਣ ਨਿਸ਼ਾਨ 'ਤੇ ਚੋਣ ਲੜ ਰਿਹਾ ਹੈ। ਦਲਿਤ ਕ੍ਰਾਂਤੀ ਦਲ ਵੀ ਸਿਮਰਨਜੀਤ ਸਿੰਘ ਮਾਨ ਨਾਲ ਜੁੜ ਚੁੱਕਿਆ ਹੈ। ਯੂਨਾਈਟਿਡ ਅਕਾਲੀ ਦਲ ਵੱਲੋਂ ਆਮ ਆਦਮੀ ਪਾਰਟੀ ਨਾਲ ਰਲ ਕੇ ਚੋਣ ਲੜਨ ਨੂੰ ਪਹਿਲ ਦਿੱਤੀ ਜਾ ਰਹੀ ਸੀ, ਪਰ ਗਲ ਸਿਰੇ ਨਹੀਂ ਲੱਗ ਸਕੀ।

# ਕੇਜਰੀਵਾਲ ਵੱਲੋਂ ਪੰਜਾਬੀ ਮੁੱਖ ਮੰਤਰੀ ਦਾ ਹੀ ਵਾਅਦਾ

**ਸਮਾਣਾ:** ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਪੰਜਾਬ ਵਿਚ 'ਆਪ' ਦੀ ਸਰਕਾਰ ਬਣਨ ਉਤੇ ਮੁੱਖ ਮੰਤਰੀ ਕੋਈ ਪੰਜਾਬੀ ਹੀ ਹੋਵੇਗਾ ਕਿਉਂਕਿ ਦਿੱਲੀ ਦੇ ਲੋਕਾਂ ਨੇ ਉਨ੍ਹਾਂ 'ਤੇ ਵਿਸ਼ਵਾਸ ਕਰ ਕੇ ਜੋ ਜ਼ਿੰਮੇਵਾਰੀ ਸੌਂਪੀ ਹੈ, ਉਸ ਤੋਂ ਭੱਜ ਕੇ ਉਹ ਦਿੱਲੀ ਵਾਸੀਆਂ ਨਾਲ ਕੋਈ ਵਿਸ਼ਵਾਸਘਾਤ ਨਹੀਂ ਕਰ ਸਕਦੇ। ਉਂਜ ਕੇਜਰੀਵਾਲ ਨੇ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਜੋ ਵਾਅਦੇ ਪੰਜਾਬ ਦੇ ਲੋਕਾਂ ਨਾਲ ਕੀਤੇ ਹਨ, ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣਾ ਉਨ੍ਹਾਂ ਦਾ ਨੈਤਿਕ ਫਰਜ਼ ਹੋਵੇਗਾ।



ਕੇਜਰੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਅਕਾਲੀਆਂ ਤੇ ਕਾਂਗਰਸੀਆਂ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਬਣਨ ਉਤੇ ਅਕਾਲੀਆਂ ਤੇ ਕਾਂਗਰਸੀਆਂ ਵੱਲੋਂ ਲੋਕਾਂ ਦੀ ਲੁੱਟ ਕਰ ਕੇ ਇਕੱਠੀ ਕੀਤੀ ਰਕਮ ਨੂੰ ਵਸੂਲ ਕੇ ਜੇਲ੍ਹੀਂ ਡੱਕਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਸਵਿਸ ਬੈਂਕ ਵਿਚਲੇ ਖਾਤਿਆਂ ਦਾ ਸੱਚ ਵੀ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਤੇ ਉਸ ਦੇ ਪੂਰੇ ਨੈੱਟਵਰਕ ਨੂੰ ਜੇਲ੍ਹਾਂ ਵਿਚ ਡੱਕ ਕੇ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾਵੇਗਾ।

## 'ਆਪ' ਦੇ ਹੱਕ ਵਿਚ ਡਟੀ ਕਿਸਾਨ ਯੂਨੀਅਨ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਆਮ ਆਦਮੀ ਪਾਰਟੀ ਦੀ ਹਮਾਇਤ ਦਾ ਐਲਾਨ ਕੀਤਾ ਹੈ। ਪਟਿਆਲਾ ਦੇ ਸਨੌਰ (ਦੇਵੀਗੜ੍ਹ) ਵਿਚ 'ਆਪ' ਦੀ ਪੰਜਾਬ ਇਨਕਲਾਬ ਰੈਲੀ ਦੌਰਾਨ ਅਰਵਿੰਦ ਕੇਜਰੀਵਾਲ ਦੀ ਹਾਜ਼ਰੀ ਵਿਚ ਉਨ੍ਹਾਂ 'ਆਪ' ਦੀ ਹਮਾਇਤ ਦਾ ਐਲਾਨ ਕੀਤਾ। ਇਸ ਸਮੇਂ ਅਰਵਿੰਦ ਕੇਜਰੀਵਾਲ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਾਜੇਵਾਲ ਦੀ ਪਾਰਟੀ ਨੂੰ ਹਮਾਇਤ ਕਰਨ ਤੋਂ ਪਹਿਲਾਂ ਉਨ੍ਹਾਂ ਨਾਲ ਕਿਸਾਨ ਮੁੱਦਿਆਂ ਉਤੇ ਵਿਸਥਾਰ ਨਾਲ ਚਰਚਾ ਹੋਈ ਹੈ। ਸਰਕਾਰ ਆਉਣ ਉਤੇ ਉਹ ਡੇਢ ਤੋਂ ਦੋ ਸਾਲ ਵਿਚ ਸਾਰੇ ਕਿਸਾਨਾਂ ਦੇ ਕਰਜ਼ੇ ਮੁਆਫ ਕਰ ਦੇਣਗੇ। ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਵੀਰ ਸਿੰਘ ਨੇ ਕਿਹਾ ਕਿ ਉਹ ਆਪ ਵਿਚ ਸ਼ਾਮਲ ਨਹੀਂ ਹੋਏ ਬਲਕਿ ਉਨ੍ਹਾਂ ਕਿਸਾਨੀ ਮੁੱਦਿਆਂ ਦੇ ਅਧਾਰਤ 'ਆਪ' ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ।

## ਏਅਰ ਇੰਡੀਆ ਨੇ ਔਰਤਾਂ ਲਈ ਕੀਤੀਆਂ ਸੀਟਾਂ ਰਿਜ਼ਰਵ

**ਨਵੀਂ ਦਿੱਲੀ:** ਏਅਰ ਇੰਡੀਆ ਨੇ ਘਰੇਲੂ ਰੂਟ ਉਤੇ ਚੱਲਣ ਵਾਲੀਆਂ ਆਪਣੀਆਂ ਸਾਰੀਆਂ ਉਡਾਣਾਂ ਵਿਚ ਪਹਿਲੀਆਂ 6 ਸੀਟਾਂ ਰਾਖਵੀਆਂ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰੀ ਕੰਪਨੀ ਦੇ ਇਸ ਉਦਮ ਨਾਲ ਇਕੱਲਿਆਂ ਸਫਰ ਕਰ ਰਹੀਆਂ ਮਹਿਲਾਵਾਂ ਨੂੰ ਜ਼ਿਆਦਾ ਆਸਾਨੀ ਹੋਵੇਗੀ।

ਏਅਰ ਇੰਡੀਆ ਦੇ ਬੁਲਾਰੇ ਮੁਤਾਬਕ ਇਸਤਰੀ ਸਵਾਰੀ ਦੀ ਇਸ ਪ੍ਰੇਸ਼ਾਨੀ ਨੂੰ ਧਿਆਨ 'ਚ ਰੱਖਦਿਆਂ ਏਅਰ ਬੱਸ ਏ320 ਵਿਚ 18 ਜਨਵਰੀ ਤੋਂ ਕਿਫਾਇਤੀ ਸ਼੍ਰੇਣੀ ਦੀ ਤੀਜੀ ਕਤਾਰ ਦੀਆਂ ਸਾਰੀਆਂ 6 ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ। ਜਦਕਿ ਪਰਿਵਾਰ ਨਾਲ ਸਫਰ ਕਰ ਰਹੀਆਂ ਔਰਤਾਂ ਨੂੰ ਇਹ ਸਹੂਲਤ ਨਹੀਂ ਮਿਲੇਗੀ।

# ਹਮਲਾਵਰ ਰੁਖ ਪੱਖੋਂ ਸਿਆਸੀ ਧਿਰਾਂ ਨੇ ਪਾਈ ਇਕ-ਦੂਜੇ ਨੂੰ ਮਾਤ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਪ੍ਰਮੁੱਖ ਸਿਆਸੀ ਧਿਰਾਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਆਮ ਆਦਮੀ ਪਾਰਟੀ ਅਤੇ ਭਾਜਪਾ ਆਗੂਆਂ ਵੱਲੋਂ ਆਪੋ ਆਪਣੇ ਰਾਜਸੀ ਵਿਰੋਧੀਆਂ ਵਿਰੁੱਧ ਵਰਤੀ ਜਾ ਰਹੀ ਸ਼ਬਦਾਵਲੀ ਦਾ ਪੱਧਰ ਹੇਠਾਂ ਹੀ ਨਹੀਂ ਡਿੱਗ ਰਿਹਾ, ਸਗੋਂ ਭਾਸ਼ਣਾਂ ਵਿਚੋਂ ਮਰਿਆਦਾ ਅਤੇ ਸਿਆਸੀ ਸਦਾਚਾਰ ਵੀ ਖਤਮ ਹੋਣ ਕੰਢੇ ਪੁੱਜ ਗਿਆ ਹੈ, ਜਿਸ ਤਰ੍ਹਾਂ ਸਿਆਸੀ ਆਗੂਆਂ ਵੱਲੋਂ ਇਕ ਦੂਜੇ ਖਿਲਾਫ ਤਿੱਖੀਆਂ ਤੇ ਦੂਸ਼ਣਬਾਜ਼ੀ ਵਾਲੀਆਂ ਤਕਰੀਰਾਂ ਕੀਤੀਆਂ ਜਾ ਰਹੀਆਂ ਹਨ, ਉਸ ਨੂੰ ਦੇਖਦਿਆਂ ਸਿਆਸੀ ਧਿਰਾਂ ਵਿਚਾਲੇ ਆਉਂਦੇ ਦਿਨਾਂ 'ਚ ਖਹਿਬਾਜ਼ੀ ਵਧਣ ਦੇ ਵੀ ਆਸਾਰ ਹਨ।

## ਤਿੱਖੀਆਂ ਤੇ ਦੂਸ਼ਣਬਾਜ਼ੀ ਵਾਲੀਆਂ ਤਕਰੀਰਾਂ ਦਾ ਦੌਰ



ਸ਼੍ਰੋਮਣੀ ਅਕਾਲੀ ਦਲ ਵੱਲੋਂ ਆਮ ਆਦਮੀ ਪਾਰਟੀ ਦੇ ਆਗੂ ਤੇ ਸੰਸਦ ਮੈਂਬਰ ਭਗਵੰਤ ਮਾਨ ਉਤੇ ਭੜਕਾਊ ਤਕਰੀਰਾਂ ਕਰਨ ਅਤੇ ਲੋਕਾਂ ਨੂੰ ਵਿਰੋਧੀਆਂ ਖਿਲਾਫ ਉਕਸਾਉਣ ਦੇ ਦੋਸ਼ ਲਾਏ ਗਏ ਹਨ। ਉਧਰ, ਆਮ ਆਦਮੀ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਤੇ ਕੇਂਦਰੀ ਮੰਤਰੀ ਹਰਸਿਮਰਤ ਬਾਦਲ ਉਤੇ ਲੋਕਾਂ ਨੂੰ ਭੜਕਾਉਣ ਦੇ ਦੋਸ਼ ਲਾਏ ਹਨ। ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋਈ। ਇਸ ਵੀਡੀਓ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪਟਿਆਲਾ (ਸ਼ਹਿਰੀ) ਤੋਂ ਉਮੀਦਵਾਰ ਤੇ ਭਾਰਤੀ ਥਲ ਸੈਨਾ ਦੇ ਸਾਬਕਾ ਮੁਖੀ ਜੇ.ਜੇ. ਸਿੰਘ ਆਪਣੇ ਸਿਆਸੀ ਵਿਰੋਧੀਆਂ ਖਿਲਾਫ ਅਸੱਭਿਅਕ ਭਾਸ਼ਾ ਦੀ ਵਰਤੋਂ ਕਰ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠ ਕੇ ਵੀ ਆਪਣੇ ਵਿਰੋਧੀਆਂ ਨੂੰ ਲਲਕਾਰਦੇ ਰਹੇ ਹਨ। ਉਨ੍ਹਾਂ ਦਾ ਇਹ ਹਮਲਾਵਰ ਰੁਖ 2007 ਅਤੇ 2012 ਦੀਆਂ ਚੋਣਾਂ ਦੌਰਾਨ ਵੀ ਦੇਖਿਆ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵੱਲੋਂ ਬਿਆਨਬਾਜ਼ੀ ਦੌਰਾਨ ਤਹਿਜ਼ੀਬ ਤੇ ਸਿਆਸੀ ਮਰਿਆਦਾ ਨੂੰ ਲਾਂਭੇ ਕਰ ਦਿੱਤਾ ਜਾਂਦਾ ਹੈ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਵੀ ਟਕਰਾਅ ਦੀ ਸਿਆਸਤ ਦਾ ਰਾਹ ਅਖਤਿਆਰ ਕਰਨ ਦੇ ਮਾਮਲੇ ਵਿਚ ਕੌਮੀ ਪੱਧਰ 'ਤੇ 'ਪ੍ਰਸਿੱਧੀ' ਖੱਟ ਚੁੱਕੇ ਹਨ ਤੇ ਇਸ ਤਰ੍ਹਾਂ ਦਾ ਰਵੱਈਆ ਪੰਜਾਬ 'ਚ ਪ੍ਰਚਾਰ ਦੌਰਾਨ ਵੀ ਸਾਹਮਣੇ ਆ ਰਿਹਾ ਹੈ। ਰਾਜਨੀਤਕ ਪਾਰਟੀਆਂ ਦੇ ਆਗੂਆਂ ਵੱਲੋਂ ਵਰਤੀ ਜਾ ਰਹੀ ਸ਼ਬਦਾਵਲੀ ਕਾਰਨ ਦਿਹਾਤੀ ਖੇਤਰ ਵਿਚ ਲੋਕਾਂ ਵੱਲੋਂ ਰਾਜਸੀ ਆਗੂਆਂ ਦਾ ਵਿਰੋਧ ਵੀ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਕਾਸ ਦੇ ਏਜੰਡੇ ਉਤੇ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਗਿਆ ਸੀ। ਚੋਣ ਮੈਦਾਨ ਭਖਣ ਤੋਂ ਬਾਅਦ ਵਿਰੋਧੀ ਪਾਰਟੀਆਂ ਵੱਲੋਂ ਕੀਤੇ ਜਾ ਰਹੇ ਸਿਆਸੀ ਹੱਲਿਆਂ ਕਾਰਨ ਸਿਆਸੀ ਹਾਲਾਤ ਇਹ ਬਣ ਗਏ ਹਨ ਕਿ ਅਕਾਲੀ ਆਗੂ ਵਿਕਾਸ ਦੀ ਥਾਂ ਵਿਰੋਧੀਆਂ ਨੂੰ ਭੰਡਣ ਨੂੰ ਤਰਜੀਹ ਦੇਣ ਲੱਗੇ ਹਨ।

ਆਮ ਆਦਮੀ ਪਾਰਟੀ ਵੱਲੋਂ ਅਕਾਲੀ ਦਲ ਦੀ 'ਨਾਕਾਮੀਆਂ' ਨੂੰ ਹਾਕਮ ਪਾਰਟੀ ਦੇ ਆਗੂਆਂ ਖਿਲਾਫ਼ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਸੰਗਰੂਰ, ਧੂਰੀ, ਦਿੜ੍ਹਬਾ, ਬਠਿੰਡਾ (ਦਿਹਾਤੀ), ਸਰਦੂਲਗੜ੍ਹ, ਫਾਜ਼ਿਲਕਾ ਆਦਿ ਵਿਧਾਨ ਸਭਾ ਹਲਕਿਆਂ ਵਿਚ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਲੋਕਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ ਹੈ। ਬਠਿੰਡਾ, ਮੋਗਾ, ਫਰੀਦਕੋਟ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਕਈ ਵਿਧਾਨ ਸਭਾ ਹਲਕਿਆਂ ਵਿਚਲੇ ਕਈ ਪਿੰਡਾਂ ਦੇ ਬਾਹਰ ਕਾਂਗਰਸੀਆਂ ਅਤੇ ਅਕਾਲੀਆਂ ਨੂੰ ਨਾ ਵੜਨ ਦੇਣ ਦੀ ਚੇਤਾਵਨੀ ਦਿੰਦੇ ਬੋਰਡ ਵੀ ਲੱਗੇ ਹੋਏ ਹਨ। ਕਾਂਗਰਸ ਦੇ ਬਠਿੰਡਾ (ਸ਼ਹਿਰੀ) ਤੋਂ ਉਮੀਦਵਾਰ ਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਪਿਛਲੇ ਦਿਨੀਂ ਇਕ ਪਿੰਡ ਵਿੱਚ ਕਿਸਾਨਾਂ ਨੇ ਘੇਰ ਲਿਆ ਸੀ। ਜਦੋਂ ਸਾਬਕਾ ਵਿੱਤ ਮੰਤਰੀ ਨੇ ਦੁਹਾਈ ਦਿੱਤੀ ਕਿ ਉਹ ਤਾਂ ਵਿਰੋਧੀ ਧਿਰ ਵਿਚ ਹਨ ਤਾਂ ਲੋਕਾਂ ਨੇ ਪੁੱਛਿਆ ਕਿ ਵਿਰੋਧੀ ਧਿਰ 'ਚ ਹੁੰਦਿਆਂ ਵੀ ਉਨ੍ਹਾਂ ਨੇ ਕੀ ਕੀਤਾ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਤੁਲਸੀ ਦਾਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਥਾਂ ਕਿਉਂ ਨਾ ਮਿਲੀ?

## ਜਾਤ, ਜਮਾਤ ਅਤੇ ਸਾਹਿਤ ਬਾਰੇ ਚਰਚਾ

**ਚੰਡੀਗੜ੍ਹ:** ਇਥੇ ਪੰਜਾਬ ਕਲਾ ਭਵਨ ਸੈਕਟਰ 16 ਦੇ ਰੰਧਾਵਾ ਆਡੀਟੋਰੀਅਮ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪੰਜਾਬੀ ਅਕਾਦਮੀ ਦਿੱਲੀ ਅਤੇ ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ 'ਜਾਤ ਜਮਾਤ ਅਤੇ ਸਾਹਿਤ' ਵਿਸ਼ੇ ਉਤੇ ਦੋ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਉਦਾਘਾਟਨੀ ਸੈਸ਼ਨ ਦੀ ਪ੍ਰਧਾਨਗੀ ਡਾ. ਐਸ.ਐਸ. ਜੌਹਲ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਟ੍ਰਿਬਿਊਨ ਸਮੂਹ ਦੇ ਮੁੱਖ ਸੰਪਾਦਕ ਹਰੀਸ਼ ਖਰੇ ਪੁੱਜੇ।

ਇਸ ਮੌਕੇ ਮੁੱਖ ਭਾਸ਼ਨ ਦੌਰਾਨ ਬਨਾਰਸ ਯੂਨੀਵਰਸਿਟੀ ਦੇ ਡਾ. ਚੌਥੀ ਰਾਮ ਯਾਦਵ ਨੇ ਕਿਹਾ ਕਿ ਜਾਤੀ ਤੋੜ ਕੇ ਜਮਾਤ ਬਣੇਗੀ। ਦਲਿਤਾਂ ਵਿਚ ਵੀ ਬ੍ਰਾਹਮਣਵਾਦ ਪੈਦਾ ਹੋ ਗਿਆ ਹੈ। ਜਾਤ ਵਿਚੋਂ ਜਮਾਤ ਅਤੇ ਫਿਰ ਜਮਾਤ ਰਹਿਤ ਸਮਾਜ ਬਣਨਾ ਸੀ, ਪਰ ਅਜਿਹਾ ਨਹੀਂ ਹੋ ਸਕਿਆ। ਉਨ੍ਹਾਂ ਸਿੱਖ ਗੁਰੂ ਸਾਹਿਬਾਨ ਬਾਰੇ ਉਚੇਚੀ ਚਰਚਾ ਕੀਤੀ ਅਤੇ ਕਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਭਗਤਾਂ ਦੀ ਬਾਣੀ ਸ਼ਾਮਲ ਕੀਤੀ ਗਈ ਜਿਹੜੇ ਕਥਿਤ ਛੋਟੀਆਂ ਜਾਤਾਂ ਨਾਲ ਸਬੰਧਤ ਸਨ। ਉਸ ਸਮੇਂ ਦੇ ਵੱਡੇ ਕਵੀ ਤੁਲਸੀ ਦਾਸ ਨੂੰ ਇਸ ਵਿਚ ਇਸੇ ਕਰ ਕੇ ਥਾਂ ਨਹੀਂ ਦਿੱਤੀ ਗਈ ਕਿਉਂਕਿ ਉਹ ਬ੍ਰਾਹਮਣਵਾਦ ਦੇ ਹੱਕ ਵਿਚ ਭੁਗਤ ਰਹੇ ਸਨ। ਹਰੀਸ਼ ਖ਼ਰੇ ਨੇ ਕਿਹਾ ਕਿ ਸਭ ਨੂੰ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ।




*ਸੈਮੀਨਾਰ ਦੌਰਾਨ ਸਟੇਜ ਉਤੇ ਬੈਠੇ ਐਸ.ਐਸ ਜੌਹਲ, ਹਰੀਸ਼ ਖਰੇ ਅਤੇ ਹੋਰ।*

ਚੰਗੀਆਂ ਗੱਲਾਂ 'ਤੇ ਅਮਲ ਹੋਣਾ ਚਾਹੀਦਾ ਹੈ। ਸ. ਜੌਹਲ ਨੇ ਕਿਹਾ ਕਿ ਸਾਹਿਤ ਦੀ ਕੋਈ ਜਾਤ ਨਹੀਂ ਹੁੰਦੀ। ਮੂਲ ਧਰਮ ਵਿਚ ਵੀ ਜਾਤ ਪਾਤ ਨਹੀਂ।

ਦੂਜੇ ਸੈਸ਼ਨ ਵਿਚ ਮੁੱਖ ਬੁਲਾਰੇ ਵਜੋਂ ਡਾ. ਸੁਬੋਧ ਮਾਲਾਕਰ ਨੇ ਆਸਤਿਕ-ਨਾਸਤਿਕ, ਹਿੰਦੂਵਾਦ, ਸੰਵਾਦ, ਵਰਣਾਂ, ਸੰਪਰਦਾਇਕਤਾ, ਕਾਨੂੰਨੀ ਰੂਪ, ਨਿਯਮਾਂਵਲੀ, ਵੇਦ ਯਤਨ, ਸਿੱਖਿਆ ਤੋਂ ਦੂਰੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਦਿੱਲੀ ਤੋਂ ਆਏ ਡਾ. ਅਪੂਰਵਾਨੰਦ ਨੇ ਜਾਤ, ਜਮਾਤ ਅਤੇ ਸਾਹਿਤ ਦੇ ਪ੍ਰਸੰਗ ਵਿਚ ਮਾਰਕਸ ਅਤੇ ਏਂਗਲਜ਼ ਦੀ ਗੱਲ ਕੀਤੀ। ਡਾ. ਰਘਬੀਰ ਸਿੰਘ ਸਿਰਜਣਾ ਨੇ ਇਸ ਮਾਮਲੇ ਨੂੰ ਗੁੰਝਲਦਾਰ ਅਤੇ ਗੰਭੀਰ ਦੱਸਿਆ। ਡਾ. ਭੂਪਿੰਦਰ ਬਰਾੜ ਨੇ ਪ੍ਰਧਾਨਗੀ ਭਾਸ਼ਨ ਦਿੱਤਾ। ਤੀਜੇ ਸੈਸ਼ਨ ਦੀ ਪ੍ਰਧਾਨਗੀ ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਰਾਜਿੰਦਰ ਸਿੰਘ ਚੀਮਾ ਨੇ ਕੀਤੀ। ਮੁੱਖ ਬੁਲਾਰੇ ਵਜੋਂ ਡਾ. ਹਰੀਸ਼ ਪੁਰੀ ਨੇ ਭਾਰਤੀ ਸੰਵਿਧਾਨ, ਮਨੁੱਖੀ ਅਧਿਕਾਰੀ ਬਾਰੇ ਗੱਲ ਕੀਤੀ। ਡਾ. ਤੇਜਵੰਤ ਸਿੰਘ ਗਿੱਲ ਨੇ ਜਾਤ, ਜਮਾਤ ਅਤੇ ਸਾਹਿਤ ਦੇ ਸਬੰਧਾਂ ਬਾਰੇ ਵਿਚਾਰ ਪ੍ਰਗਟ ਕੀਤੇ।

ਚੌਥੇ ਸੈਸ਼ਨ ਦੀ ਸ਼ੁਰੂਆਤ ਡਾ. ਸੁਰਜੀਤ ਪਾਤਰ ਦੀ ਪ੍ਰਧਾਨਗੀ ਹੇਠ ਹੋਈ। ਮੁੱਖ ਬੁਲਾਰੇ ਡਾ. ਸੁਰਜੀਤ ਹਾਂਸ ਨੇ ਕਿਹਾ ਕਿ ਦਲਿਤ ਸਾਹਿਤ ਵਿਚ ਕਲਾਸ ਅਤੇ ਜਾਤ ਇਕੱਠੇ ਹੋ ਜਾਂਦੇ ਹਨ। ਉਨ੍ਹਾਂ ਕਬੀਰ, ਗੁਰਬਾਣੀ, ਵਾਰਿਸ ਸ਼ਾਹ ਅਤੇ ਗਲੋਬਲ ਪੱਧਰ ਉਤੇ ਲਿਖੇ ਦਲਿਤ ਸਾਹਿਤ ਅਤੇ ਹੋਰ ਜਾਤਾਂ ਨਾਲ ਸਬੰਧਤ ਲਿਖਤਾਂ ਬਾਰੇ ਦੱਸਿਆ। ਡਾ. ਸੁਰਜੀਤ ਸਿੰਘ ਭੱਟੀ ਨੇ ਮਾਰਕਸਵਾਦ ਅਤੇ ਅੰਬੇਦਕਰਵਾਦ ਦੇ ਸਿਧਾਂਤਕ ਮੁੱਦਿਆਂ ਦੀ ਗੱਲ ਛੋਹੀ। ਅਖੀਰਲਾ ਸੈਸ਼ਨ ਸਿੱਖਿਆ, ਮੰਡੀ ਅਤੇ ਮਨੁੱਖੀ ਅਧਿਕਾਰਾਂ ਬਾਰੇ ਸੀ ਜਿਸ ਦੀ ਪ੍ਰਧਾਨਗੀ ਰਾਜ ਕੁਮਾਰ ਹੰਸ ਨੇ ਕੀਤੀ। ਮੁੱਖ ਬੁਲਾਰਿਆਂ ਵਿਚ ਜੇ.ਐਨ.ਯੂ. (ਦਿੱਲੀ) ਤੋਂ ਵਿਦਿਆਰਥੀ ਆਗੂ ਉਮਰ ਖਾਲਿਦ ਤੇ ਰਾਣਾ ਨਾਗੀ ਅਤੇ ਪੰਜਾਬ ਯੂਨੀਵਰਸਿਟੀ ਦੇ ਦਮਨਪ੍ਰੀਤ ਸਿੰਘ ਸ਼ਾਮਿਲ ਸਨ। ਉਨ੍ਹਾਂ ਦੇਸ਼ ਦੀ ਉੱਚ ਸਿੱਖਿਆ ਸੰਸਥਾਵਾਂ, ਯੂਨੀਵਰਸਿਟੀਆਂ, ਰਾਜਨੀਤੀ, ਸਿੱਖਿਆ ਦਾ ਆਚਰਣ, ਭ੍ਰਿਸ਼ਟਾਚਾਰ, ਬੇਇਨਸਾਫ਼ੀ, ਭਗਵਾਂਕਰਨ, ਸੋਸ਼ਣ, ਸਮਾਜਿਕ ਨਿਆਂ, ਸਿੱਖਿਆ ਦੇ ਨਿੱਜੀਕਰਨ, ਬਜ਼ਾਰੀਕਰਨ, ਇਸ ਦਾ ਸਿੱਖਿਆ 'ਤੇ ਅਸਰ ਬਾਰੇ ਆਵਾਜ਼ ਬੁਲੰਦ ਕੀਤੀ। ਨਾਲ ਹੀ ਖੋਜ ਦੇ ਬਦਲ ਰਹੇ ਮਿਆਰ, ਸਿੱਖਿਆ ਨੂੰ ਬਰਬਾਦ ਕਰਨ ਦੀਆਂ ਕੋਸ਼ਿਸ਼ਾਂ, ਵਿਦਿਆਰਥੀਆਂ ਦੀਆਂ ਸਮੱਸਿਆਵਾਂਬਾਰੇ ਸਵਾਲ ਉਠਾਏ।

# ਕਤਲੇਆਮ ਪੀੜਤਾਂ ਲਈ 10 ਲੱਖ ਰੁਪਏ ਜਾਰੀ ਕਰਨ ਦਾ ਫੈਸਲਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1984 ਵਿਚ ਹੋਈ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਆਪਣਾ ਰੈਣ ਬਸੇਰਾ ਕਰਨ ਲਈ ਦਿੱਲੀ ਦੇ ਤਿਲਕ ਵਿਹਾਰ ਇਲਾਕੇ ਵਿਖੇ ਅਲਾਟ ਹੋਏ ਮਕਾਨਾਂ ਦੀ ਤਰਸਯੋਗ ਹਾਲਤ ਨੂੰ ਦੇਖਦਿਆਂ ਉਨ੍ਹਾਂ ਦੇ ਮਕਾਨਾਂ ਦੀ ਤੁਰੰਤ ਮੁਰੰਮਤ ਵਾਸਤੇ 10 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਦੱਸਿਆ ਕਿ 1984 ਸਿੱਖ ਕਤਲੇਆਮ ਨਾਲ ਪ੍ਰਭਾਵਿਤ ਪੀੜਤ ਪਰਿਵਾਰਾਂ ਦੀ ਸਮੇਂ ਦੀ ਸਰਕਾਰ ਵੱਲੋਂ ਕੋਈ ਵਿਸ਼ੇਸ਼ ਸਾਰ ਨਹੀਂ ਲਈ ਗਈ ਅਤੇ ਜੋ ਮਕਾਨ ਉਨ੍ਹਾਂ ਨੂੰ ਅਲਾਟ ਕੀਤੇ ਗਏ, ਉਨ੍ਹਾਂ ਦੀ ਲੰਮੇ ਸਮੇਂ ਤੋਂ ਮੁਰੰਮਤ ਨਾ ਹੋਣ ਕਾਰਨ ਉਹ ਹੁਣ ਢਹਿ-ਢੇਰੀ ਹੋਣ ਦੇ ਕੰਢੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੇ ਆਦੇਸ਼ਾਂ ਮੁਤਾਬਕ ਦਿੱਲੀ ਦੇ ਤਿਲਕ ਵਿਹਾਰ ਇਲਾਕੇ 'ਚ ਰਹਿਣ ਵਾਲੇ ਪੀੜਤ ਪਰਿਵਾਰਾਂ ਦੀ ਸਾਰ ਲੈਣ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ 10 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਉਨ੍ਹਾਂ ਦੇ ਮਕਾਨਾਂ ਦੀ ਮੁਰੰਮਤ ਕਰਵਾਉਣ ਵਾਸਤੇ ਦਿੱਤੀ ਜਾਵੇਗੀ।

# ਜਵਾਨਾਂ ਨੂੰ ਘਟੀਆ ਖਾਣਾ ਦੇਣ ਬਾਰੇ ਮੰਤਰਾਲੇ ਨੂੰ ਨੋਟਿਸ

**ਨਵੀਂ ਦਿੱਲੀ:** ਕੰਟਰੋਲ ਰੇਖਾ ਉਤੇ ਸੁਰੱਖਿਆ ਜਵਾਨਾਂ ਨੂੰ ਕਥਿਤ ਤੌਰ 'ਤੇ ਘਟੀਆ ਖਾਣਾ ਦਿੱਤੇ ਜਾਣ ਸਬੰਧੀ ਰਿਪੋਰਟ ਦੀ ਮੰਗ ਕਰਦੀ ਪਟੀਸ਼ਨ ਦੇ ਆਧਾਰ ਉਤੇ ਦਿੱਲੀ ਹਾਈ ਕੋਰਟ ਨੇ ਕੇਂਦਰੀ ਗ੍ਰਿਹ ਮੰਤਰਾਲੇ ਨੂੰ ਨੋਟਿਸ ਜਾਰੀ ਕੀਤਾ ਹੈ।

ਹਾਈ ਕੋਰਟ ਦੇ ਚੀਫ਼ ਜਸਟਿਸ ਜੀ. ਰੋਹਿਣੀ ਅਤੇ ਜਸਟਿਸ ਸੰਗੀਤਾ ਢੀਂਗਰਾ ਸਹਿਗਲ ਦੇ ਬੈਂਚ ਨੇ ਇਸ ਸਬੰਧੀ ਬੀ.ਐਸ.ਐਫ਼., ਸੀ.ਆਰ.ਪੀ.ਐਫ਼., ਸੀ.ਆਈ.ਐਸ.ਐਫ਼., ਆਈ.ਟੀ.ਬੀ.ਪੀ., ਐਸ.ਐਸ.ਬੀ. ਅਤੇ ਅਸਾਮ ਰਾਈਫਲਜ਼ ਤੋਂ ਵੀ ਜਵਾਬ ਤਲਬ ਕੀਤਾ ਹੈ। ਗ਼ੌਰਤਲਬ ਹੈ ਕਿ ਬੀਤੇ ਦਿਨੀਂ ਬੀ.ਐਸ.ਐਫ਼. ਦੇ ਇਕ ਜਵਾਨ ਤੇਜ ਬਹਾਦੁਰ ਯਾਦਵ ਨੇ ਸੋਸ਼ਲ ਮੀਡੀਆ ਉਤੇ ਵੀਡੀਓ ਪਾਈ ਸੀ। ਅਦਾਲਤ ਨੇ ਬੀ.ਐਸ.ਐਫ਼. ਨੂੰ ਇਸ ਵੀਡੀਓ ਵਿਚ ਲਾਏ ਗਏ ਦੋਸ਼ਾਂ ਸਬੰਧੀ ਕੀਤੀ ਗਈ ਜਾਂਚ ਅਤੇ ਚੁੱਕੇ ਗਏ ਕਦਮਾਂ ਬਾਰੇ ਰਿਪੋਰਟ ਦੇਣ ਲਈ ਵੀ ਆਖਿਆ ਹੈ।

# ਹਾਂਸੀ-ਬੁਟਾਣਾ ਵਿਵਾਦ 'ਤੇ ਅੰਤਮ ਸੁਣਵਾਈ ਅਪਰੈਲ ਵਿਚ ਹੋਵੇਗੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਵੱਲੋਂ ਹਾਂਸੀ-ਬੁਟਾਣਾ ਨਹਿਰ ਵਿਵਾਦ 'ਤੇ ਅੰਤਮ ਸੁਣਵਾਈ ਅਪਰੈਲ ਦੇ ਪਹਿਲੇ ਹਫਤੇ ਵਿਚ ਕੀਤੀ ਜਾਏਗੀ। ਬੈਂਚ ਨੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵੱਲੋਂ ਸਬੂਤ ਮੁਹੱਈਆ ਕਰਾਉਣ ਅਤੇ ਸਬੰਧਤ ਅਪੀਲਾਂ ਸੁਣਵਾਈ ਲਈ ਤਿਆਰ ਹੋਣ ਦੀ ਜਾਣਕਾਰੀ ਮਿਲਣ ਮਗਰੋਂ ਉਕਤ ਹੁਕਮ ਜਾਰੀ ਕੀਤੇ।

# ਧੀ ਨੂੰ ਸਾੜਨ ਵਾਲੀ ਮਾਂ ਨੂੰ ਮੌਤ ਦੀ ਸਜ਼ਾ

**ਲਾਹੌਰ:** ਪਾਕਿਸਤਾਨ ਵਿਚ ਅਣਖ ਖਾਤਰ 18 ਸਾਲਾਂ ਜਿਊਂਦੀ ਧੀ ਨੂੰ ਸਾੜ ਕੇ ਮਾਰਨ ਵਾਲੀ ਮਾਂ ਨੂੰ ਨਵੇਂ ਕਾਨੂੰਨ ਤਹਿਤ ਮੌਤ ਦੀ ਸਜ਼ਾ ਸੁਣਾਈ ਗਈ ਹੈ। ਪ੍ਰਵੀਨ ਬੀਬੀ ਨੇ ਜੂਨ 2016 'ਚ ਆਪਣੀ ਲੜਕੀ ਜ਼ੀਨਤ ਰਫੀਕ ਵੱਲੋਂ ਅਦਾਲਤ ਵਿਚ ਹਸਨ ਖ਼ਾਨ ਨਾਂ ਦੇ ਆਦਮੀ ਨਾਲ ਵਿਆਹ ਕਰਵਾ ਲੈਣ 'ਤੇ ਨਾਰਾਜ਼ ਹੁੰਦਿਆਂ ਉਸ ਨੂੰ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਸੀ।

# ਬੰਗਲਾਦੇਸ਼ ਵਿਚ 26 ਨੂੰ ਮੌਤ ਦੀ ਸਜ਼ਾ

**ਢਾਕਾ:** 2014 ਵਿਚ ਨਰਾਇਣਗੰਜ ਵਿਚ 7 ਵਿਅਕਤੀਆਂ ਦੇ ਬੇਰਹਿਮੀ ਨਾਲ ਕਤਲ ਮਾਮਲੇ ਵਿਚ ਇਕ ਸਾਬਕਾ ਸਿਟੀ ਕੌਂਸਲਰ ਜਿਸ ਨੂੰ ਭਾਰਤ ਤੋਂ ਵਾਪਸ ਭੇਜਿਆ ਗਿਆ ਸੀ ਅਤੇ ਬੰਗਲਾਦੇਸ਼ ਦੀ ਚੋਟੀ ਦੇ ਸੁਰੱਖਿਆ ਬਲ ਦੇ ਤਿੰਨ ਸੀਨੀਅਰ ਅਧਿਕਾਰੀਆਂ ਸਮੇਤ 26 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਨਰਾਇਣਗੰਜ ਕਤਲਾਂ ਵਿਚ ਨਰਾਇਣਗੰਜ ਦੇ ਸਾਬਕਾ ਕੌਂਸਲਰ ਨੂਰ ਹੁਸੈਨ ਅਤੇ ਬੰਗਲਾਦੇਸ਼ ਫੌਜ ਦੇ ਸਾਬਕਾ ਲੈਫਟੀਨੈਂਟ ਕਰਨਲ ਤਾਰੇਕ ਸਈਦ ਉਨ੍ਹਾਂ 26 ਵਿਅਕਤੀਆਂ ਵਿਚ ਸ਼ਾਮਲ ਹੈ ਜਿਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ।

# ਸੁਖਦੇਵ ਸਿੰਘ ਭੌਰ ਆਮ ਆਦਮੀ ਪਾਰਟੀ ਵਿਚ ਸ਼ਾਮਲ

**ਬੰਗਾ:** ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖ ਕੇ ਅਖੰਡ ਸ਼੍ਰੋਮਣੀ ਅਕਾਲੀ ਦਲ ਦੇ ਕਨਵੀਨਰ ਬਣੇ ਜਥੇਦਾਰ ਸੁਖਦੇਵ ਸਿੰਘ ਭੌਰ ਨੇ ਆਮ ਆਦਮੀ ਪਾਰਟੀ ਦਾ ਲੜ ਫੜ ਲਿਆ ਹੈ। ਉਨ੍ਹਾਂ ਦੇ ਇਥੇ ਸਥਿਤ ਘਰ ਪੁੱਜੇ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਨੇ ਉਨ੍ਹਾਂ ਨੂੰ 'ਆਪ' ਵਿਚ ਸ਼ਾਮਲ ਕੀਤਾ। ਉਨ੍ਹਾਂ ਨੂੰ 'ਆਪ' ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਦਿੱਤਾ ਗਿਆ ਹੈ।

ਜਥੇਦਾਰ ਭੌਰ ਨੇ ਆਪਣੀ ਇਸ ਸ਼ਮੂਲੀਅਤ ਬਾਰੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਹੁਣ ਕਥਿਤ ਤੌਰ 'ਤੇ ਨਸ਼ੇੜੀਆਂ, ਭ੍ਰਿਸ਼ਟਾਚਾਰੀਆਂ, ਲੋਟੂਆਂ ਦਾ ਟੋਲਾ ਬਣ ਗਿਆ ਹੈ। ਉਨ੍ਹਾਂ ਪੰਜਾਬ ਵਿਚ ਗੁਰੂ



ਗ੍ਰੰਥ ਸਾਹਿਬ ਦੀ ਬੇਅਦਬੀ ਵਰਗੀਆਂ ਘਟਨਾਵਾਂ ਨੂੰ ਮੰਦਭਾਗਾ ਦੱਸਦਿਆਂ ਬਾਦਲ ਪਰਿਵਾਰ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਧਾਤਾਂ ਤੋਂ ਉਖੇੜਨ ਦੇ ਦੋਸ਼ ਲਾਏ।

ਉਨ੍ਹਾਂ ਕਿਹਾ ਕਿ ਉਹ ਪੰਜਾਬ ਨੂੰ 'ਮਸੰਦਾਂ' ਦੇ ਰਾਜ ਤੋਂ ਛੁਟਕਾਰਾ ਦਿਵਾਉਣ ਲਈ ਆਮ ਆਦਮੀ ਪਾਰਟੀ ਦੇ ਸੱਚੇ ਆਗੂ ਕੇਜਰੀਵਾਲ ਦਾ ਸਾਥ ਦੇਣਗੇ। ਇਸ ਮੌਕੇ ਅਰਵਿੰਦ ਕੇਜਰੀਵਾਲ ਨੇ ਜਥੇਦਾਰ ਭੌਰ ਦੀ ਸ਼ਮੂਲੀਅਤ ਦਾ ਸਵਾਗਤ ਕੀਤਾ ਅਤੇ ਕਿਹਾ ਕਿ 'ਆਪ' ਦੀ ਸਰਕਾਰ ਬਣਨ 'ਤੇ ਧਰਮ ਦੇ ਨਾਂ 'ਤੇ ਰਾਜਨੀਤੀ ਕਰਨ ਵਾਲੀਆਂ ਧਿਰਾਂ ਨੂੰ ਨੱਥ ਪਾਉਣਗੇ ਅਤੇ ਸਿੱਖ ਮਸਲਿਆਂ ਦਾ ਪਾਰਦਰਸ਼ੀ ਢੰਗ ਨਾਲ ਨਿਪਟਾਰਾ ਕਰਨਗੇ। ਗੌਤਰਲਬ ਹੈ ਕਿ ਜਥੇਦਾਰ ਭੌਰ ਲੰਮਾ ਸਮਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਰਹੇ ਅਤੇ ਬੀਤੇ ਸਮੇਂ ਤੋਂ ਅਕਾਲੀ ਆਗੂਆਂ ਤੋਂ ਖਫਾ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਦਹਾਕੇ ਵਿਚ ਬਦਅਮਨੀ ਦੇ ਰਾਹ ਪਿਆ ਰੰਗਲਾ ਪੰਜਾਬ

**ਚੰਡੀਗੜ੍ਹ:** ਪਿਛਲੇ ਤਕਰੀਬਨ ਇਕ ਦਹਾਕੇ ਵਿਚ ਪੰਜਾਬ ਵਿਚ ਲੁੱਟ-ਖੋਹ ਤੇ ਜੋਰ ਜ਼ਬਰਦਸਤੀ ਦੀਆਂ ਘਟਨਾਵਾਂ ਵਿਚ ਵੱਡੇ ਪੱਧਰ ਉਤੇ ਵਾਧਾ ਹੋਇਆ ਹੈ। ਪੰਜਾਬ ਵਿਚ ਰੋਜ਼ਾਨਾ 2 ਕਤਲ, ਦੋ ਕਾਤਲਾਨਾ ਹਮਲੇ, 11 ਚੋਰੀ ਦੀਆਂ ਵਾਰਦਾਤਾਂ, 18 ਸਟਰੀਟ ਕਰਾਈਮ, ਹਰ ਦੋ ਦਿਨਾਂ ਬਾਅਦ ਇਕ ਵਿਅਕਤੀ ਅਗਵਾ ਅਤੇ ਬਾਅਦ ਵਿਚ ਫਿਰੌਤੀਆਂ ਜਾਂ ਕਤਲਾਂ ਦਾ ਰੁਝਾਨ, ਦੋ ਦਿਨਾਂ ਵਿਚ ਪੰਜ ਔਰਤਾਂ ਦਾ ਬਲਾਤਕਾਰ, ਦੋ ਦਿਨਾਂ ਵਿਚ ਸੱਤ ਵਿਅਕਤੀ ਝਪਟਮਾਰਾਂ ਦਾ ਸ਼ਿਕਾਰ ਹੋਣ ਕਾਰਨ ਸੂਬੇ ਵਿਚ ਹਾਲਾਤ ਵੱਸੋਂ ਬਾਹਰ ਲੱਗ ਰਹੇ ਹਨ।

ਇਸ ਤੋਂ ਇਲਾਵਾ ਸੂਬੇ ਦੀ ਸਭ ਤੋਂ ਵੱਡੀ ਸਮੱਸਿਆ ਨਸ਼ੇ ਦੀ ਹੈ। ਪੰਜਾਬ ਦੇ ਨਸ਼ਈਆਂ ਵਿਚ 76.47 ਫੀਸਦੀ ਸ਼ਰਾਬ, 20.41 ਫੀਸਦੀ ਨਸ਼ੇ ਦੀਆਂ ਗੋਲੀਆਂ, 15.87 ਫੀਸਦੀ ਕੈਪਸੂਲ, 8.65 ਫੀਸਦੀ ਟੀਕੇ ਅਤੇ 4.85 ਫੀਸਦੀ ਗਾਂਜਾ ਅਤੇ ਚਰਸ ਦੀ ਵਰਤੋਂ ਕਰ ਰਹੇ ਹਨ। ਵੱਡੇ ਸ਼ਹਿਰਾਂ ਵਿਚ ਵਰਤੇ ਜਾਂਦੇ 'ਚਿੱਟੇ' ਨੇ ਹੁਣ ਪਿੰਡਾਂ ਵਿਚ ਵੀ ਘੁਸਪੈਠ ਕਰ ਲਈ ਹੈ। ਇਨ੍ਹਾਂ ਮਾਰੂ ਹਾਲਾਤਾਂ ਨੇ ਸਵਾਲ ਚੁੱਕੇ ਹਨ ਕਿ ਇਹ ਕਿਹੋ ਜਿਹਾ ਵਿਕਾਸ ਹੈ, ਜਿਸ ਨੇ ਸਮਾਜਿਕ ਚੂਲਾਂ ਹੀ ਹਿਲਾ ਕੇ ਰੱਖ ਦਿੱਤੀਆਂ ਹਨ। ਸਰਵੇਖਣ ਵਿਚ ਇਹ ਗੱਲ

## ਲੁੱਟ-ਖੋਹ ਤੇ ਜੋਰ ਜ਼ਬਰਦਸਤੀ ਵਿਚ ਵੱਡੇ ਪੱਧਰ 'ਤੇ ਵਾਧਾ



ਸਾਹਮਣੇ ਆਈ ਹੈ ਕਿ ਨਸ਼ਿਆਂ ਕਾਰਨ ਵਧ ਰਹੀਆਂ ਬਿਮਾਰੀਆਂ ਨੂੰ ਰੋਕਣ ਲਈ ਦਿੱਤੀਆਂ ਜਾਂਦੀਆਂ ਸਿਹਤ ਸਹੂਲਤਾਂ, ਇਸ ਦੇ ਸੇਵਨ ਕਾਰਨ ਹੋਈਆਂ ਮੌਤਾਂ ਦੇ ਮੁਆਵਜ਼ੇ ਅਤੇ ਨਸ਼ਿਆਂ ਕਾਰਨ ਪੈਦਾ ਹੋਣ ਵਾਲੇ ਅਪਰਾਧਾਂ ਉਪਰ ਹੋਣ ਵਾਲੇ ਖਰਚ ਦਾ ਕੁਝ ਹਿੱਸਾ ਹੀ ਜੇਕਰ ਨਸ਼ਿਆਂ ਦੀ ਰੋਕਥਾਮ ਉਤੇ ਖਰਚ ਕੀਤਾ ਜਾਵੇ ਤਾਂ ਨਸ਼ਿਆਂ ਰੂਪੀ ਦੈਂਤ ਨੂੰ ਚਿੱਤ ਕੀਤਾ ਜਾ ਸਕਦਾ ਹੈ। ਪੰਜਾਬ ਅੰਦਰ ਅੰਦਾਜ਼ਨ 7500 ਕਰੋੜ ਸਾਲਾਨਾ ਗੈਰ-ਕਾਨੂੰਨੀ ਨਸ਼ਿਆਂ ਦੇ ਧੰਦੇ ਦੇ ਨਾਲ ਨਾਲ 41 ਕਰੋੜ ਸ਼ਰਾਬ ਦੀਆਂ ਬੋਤਲਾਂ ਨੇ ਪੰਜਾਬੀਆਂ ਨੂੰ ਸਿਰਫ ਆਰਥਿਕ ਪੱਖ ਤੋਂ ਹੀ ਕੰਗਾਲ ਨਹੀਂ ਕੀਤਾ, ਸਗੋਂ ਘਰੇਲੂ ਕਲੇਸ਼, ਭਾਈਚਾਰਕ ਤਰੇੜ ਦੇ ਨਾਲ-ਨਾਲ ਸਾਂਝੀਵਾਲਤਾ, ਸਹਿਜਤਾ ਅਤੇ ਨਿਮਰਤਾ ਨੂੰ ਅਲੋਪ ਕਰ ਕੇ ਪੰਜਾਬੀਆਂ ਦੀਆਂ ਸ਼ਾਨਦਾਰ ਰਵਾਇਤਾਂ ਦਾ ਵੀ ਮਲੀਆਮੇਟ ਕੀਤਾ ਹੈ।

ਪਿਛਲੇ 17 ਸਾਲਾਂ 'ਚ ਬੀਅਰ ਦੀ ਖਪਤ ਵਿਚ 209%, ਅੰਗਰੇਜ਼ੀ ਸ਼ਰਾਬ ਦੀ ਖਪਤ ਵਿਚ 131% ਅਤੇ ਦੇਸੀ ਸ਼ਰਾਬ ਦੀ ਖਪਤ ਵਿਚ 67% ਦਾ ਵਾਧਾ ਹੋਇਆ ਹੈ ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸ਼ਰਾਬ ਦੀ ਪ੍ਰਤੀ ਬੋਤਲ 23 ਰੁਪਏ ਵਾਧੂ ਲਾਇਸੰਸ ਫੀਸ ਲੈ ਕੇ 10 ਰੁਪਏ ਐਜੂਕੇਸ਼ਨ, 8 ਰੁਪਏ ਖੇਡਾਂ ਅਤੇ 5 ਰੁਪਏ ਸੱਭਿਆਚਾਰਕ ਵਿਕਾਸ ਦੇ ਨਾਂ 'ਤੇ ਖਰਚ ਕਰਨ ਦੇ ਦਾਅਵੇ ਉਤੇ ਵੀ ਸਵਾਲ ਉਠ ਰਹੇ ਹਨ। 2000 ਤੋਂ ਬਾਅਦ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚੋਂ ਪੈਰੋਲ 'ਤੇ ਆਏ ਅਪਰਾਧੀਆਂ ਵਿਚੋਂ ਵੀ ਬਹੁਤ ਸਾਰੇ ਭਗੌੜੇ ਹੋ ਕੇ ਅਮਨ ਕਾਨੂੰਨ ਲਈ ਖਤਰਾ ਬਣੇ ਹੋਏ ਹਨ। 1999-2000 'ਚ ਜੇਲ੍ਹਾਂ ਵਿਚ ਪੜ੍ਹੇ-ਲਿਖੇ 2295 ਮਰਦ ਤੇ 105 ਔਰਤਾਂ ਵੱਖ ਵੱਖ ਅਪਰਾਧਿਕ ਕੇਸਾਂ 'ਚ ਕੈਦ ਸਨ, ਪਰ ਹੁਣ ਪੜ੍ਹੇ-ਲਿਖੇ ਮਰਦ ਮੁਜਰਮਾਂ ਦੀ ਗਿਣਤੀ 19365 ਤੇ ਔਰਤਾਂ ਦੀ 1265 ਉਤੇ ਪਹੁੰਚ ਗਈ ਹੈ।

## ਹਥਿਆਰ ਅਤੇ ਗੈਂਗਸਟਰ ਸਭ ਤੋਂ ਵੱਡੀ ਚੁਣੌਤੀ

**ਚੰਡੀਗੜ੍ਹ:** ਪਿਛਲੇ ਕੁਝ ਸਮੇਂ ਵਿਚ ਹੀ ਸਿਆਸਤਦਾਨਾਂ ਅਤੇ ਰਸੂਖਵਾਨਾਂ ਦੀ ਸਿਫਾਰਸ਼ 'ਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਪ੍ਰਸ਼ਾਸਨ ਵੱਲੋਂ ਖਿੱਲਾਂ ਦੀ ਤਰ੍ਹਾਂ ਹਥਿਆਰਾਂ ਦੇ ਲਾਇਸੰਸ ਬਣਾਏ ਗਏ ਹਨ। ਇਸ ਵੇਲੇ ਪੰਜਾਬ ਵਿਚ ਲੋਕਾਂ ਕੋਲ ਨਿੱਜੀ ਹਥਿਆਰਾਂ ਲਈ ਅੰਦਾਜ਼ਨ 4.5 ਲੱਖ ਲਾਇਸੰਸ ਹਨ ਅਤੇ ਇਕ ਲਾਇਸੰਸ 'ਤੇ ਉਹ ਤਿੰਨ ਹਥਿਆਰ ਰੱਖ ਸਕਦੇ ਹਨ। ਦੂਜੇ ਸ਼ਬਦਾਂ ਵਿਚ ਪੰਜਾਬੀਆਂ ਕੋਲ ਅੰਦਾਜ਼ਨ ਬਾਰਾਂ ਲੱਖ ਹਥਿਆਰ ਹਨ। ਦੂਜੇ ਪਾਸੇ ਪੰਜਾਬ ਪੁਲਿਸ ਕੋਲ ਅੰਦਾਜ਼ਨ 80,000 ਹਥਿਆਰ ਹਨ। ਗ੍ਰਹਿ ਮੰਤਰਾਲੇ ਦਾ ਸਾਰੀਆਂ ਪ੍ਰਾਂਤਕ ਸਰਕਾਰਾਂ ਨੂੰ ਸਪੱਸ਼ਟ ਆਦੇਸ਼ ਹੈ ਕਿ ਕੋਈ ਵੀ ਪ੍ਰਾਂਤਕ ਸਰਕਾਰ ਆਪਣੀ ਪੁਲਿਸ ਨਫਰੀ ਦੇ ਹਥਿਆਰਾਂ ਤੋਂ ਢਾਈ ਗੁਣਾ ਤੋਂ ਵੱਧ ਲੋਕਾਂ ਨੂੰ ਹਥਿਆਰ ਜਾਰੀ ਨਹੀਂ ਕਰ ਸਕਦੀ, ਜਦੋਂ ਕਿ ਪੰਜਾਬ ਵਿਚ ਇਹ ਅੰਕੜਾ 7 ਫੀਸਦੀ ਦੇ ਨੇੜੇ-ਤੇੜੇ ਪੁੱਜ ਗਿਆ ਹੈ। ਹਥਿਆਰਾਂ ਦੇ ਇਸ ਅਵੱਲੜੇ ਸ਼ੌਕ ਨੇ ਹੀ ਗੈਂਗਸਟਰਾਂ ਅਤੇ ਮਾਫੀਆ ਗਰੋਹ ਨੂੰ ਜਨਮ ਦਿੱਤਾ ਹੈ।

# ਪੰਜ ਸਾਲਾਂ ਦੀ ਸੱਤਾ 'ਚ ਮਾਲੋ-ਮਾਲ ਹੋਇਆ ਬਾਦਲਾਂ ਦਾ ਲਾਣਾ

**ਚੰਡੀਗੜ੍ਹ:** ਸੂਬੇ ਵਿਚ ਆਮ ਲੋਕਾਂ ਦੀ ਆਮਦਨ ਵਧੀ ਹੋਵੇ ਜਾਂ ਨਾ, ਪਰ ਬਾਦਲਾਂ ਦੀ ਆਮਦਨ ਵਿਚ ਦੁੱਗਣੇ ਤੋਂ ਵੀ ਵੱਧ ਦਾ ਵਾਧਾ ਹੋਇਆ ਹੈ। ਇਹ ਗੱਲ ਚੋਣਾਂ ਵਿਚ ਉਨ੍ਹਾਂ ਵੱਲੋਂ ਚੋਣਾਂ ਵਿਚ ਦਿੱਤੇ ਹਲਫਨਾਮੇ ਤੋਂ ਉਜਾਗਰ ਹੋਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਸਾਲ 2012 ਦੀਆਂ ਚੋਣਾਂ ਦੌਰਾਨ ਛੇ ਕਰੋੜ 75 ਲੱਖ 27 ਹਜ਼ਾਰ 974 ਰੁਪਏ ਦੀ ਕੁੱਲ ਚੱਲ/ਅਚੱਲ ਜਾਇਦਾਦ ਸੀ। ਹੁਣ ਪੰਜ ਸਾਲਾਂ ਬਾਅਦ 14 ਕਰੋੜ 49 ਲੱਖ 82 ਹਜ਼ਾਰ 207 ਰੁਪਏ ਦੀ ਚੱਲ/ਅਚੱਲ ਜਾਇਦਾਦ ਦੇ ਮਾਲਕ ਹਨ। ਸੁਖਬੀਰ ਬਾਦਲ ਕੋਲ ਪਿਛਲੀਆਂ ਚੋਣਾਂ ਵਿਚ ਕਰੀਬ ਸਾਢੇ 11 ਕਰੋੜ ਰੁਪਏ ਦੀ ਜਾਇਦਾਦ ਸੀ, ਜਿਹੜੀ ਹੁਣ ਸਾਢੇ 22 ਕਰੋੜ ਰੁਪਏ ਤੱਕ ਪਹੁੰਚ ਗਈ ਹੈ।

ਹਲਫਨਾਮੇ ਮੁਤਾਬਕ ਬਾਦਲ ਕੋਲ ਚੱਲ ਜਾਇਦਾਦ ਵਿਚ 52, 500 ਰੁਪਏ ਨਕਦ, 34,700 ਰੁਪਏ ਬੈਂਕਾਂ ਵਿਚ, 3,42,000 ਰੁਪਏ ਦੀ ਲੈਣਦਾਰੀ, 3,42,000 ਰੁਪਏ ਦੇ ਗਹਿਣੇ ਤੇ 5,00,000,00 ਦੀ ਹੋਰ ਜਾਇਦਾਦ ਹੈ। ਅਚੱਲ ਜਾਇਦਾਦ ਵਿਚ 8,53,00000 ਰੁਪਏ ਦੀ ਖੇਤੀਯੋਗ ਜ਼ਮੀਨ, 27,82,000 ਰੁਪਏ ਦੀਆਂ ਕਾਰੋਬਾਰੀ ਤੇ 22,91000 ਦੀਆਂ ਰਿਹਾਇਸ਼ੀ ਇਮਾਰਤਾਂ ਹਨ। ਹਲਫਨਾਮੇ ਮੁਤਾਬਕ ਬਾਦਲ ਨੇ ਮਿਹਨਤ ਨਾਲ 27, 82000 ਰੁਪਏ ਦੀ ਜਾਇਦਾਦ ਕਮਾਈ ਹੈ ਜਦਕਿ 8, 76,00000 ਰੁਪਏ ਦੀ ਵਿਰਾਸਤ ਵਿਚ ਮਿਲੀ ਹੈ। ਉਨ੍ਹਾਂ ਨੂੰ 54,47000 ਰੁਪਏ ਦੀ ਤਨਖਾਹ ਤੇ 48,84000 ਰੁਪਏ ਖੇਤੀਬਾੜੀ ਤੋਂ ਆਮਦਨ ਹੈ।

ਜਲਾਲਾਬਾਦ ਤੋਂ ਨਾਮਜ਼ਦਗੀ ਦਾਖਲ ਕਰਨ ਵਾਲੇ ਸੁਖਬੀਰ ਸਿੰਘ ਬਾਦਲ ਨੇ ਪਿਛਲੀ ਵਾਰ ਆਪਣੀ ਜਾਇਦਾਦ 11 ਕਰੋੜ 52 ਲੱਖ 62 ਹਜ਼ਾਰ 627 ਰੁਪਏ ਦੱਸੀ ਸੀ ਜਦਕਿ ਇਸ ਵਾਰ

## ਆਮਦਨ ਵਿਚ ਦੋ ਗੁਣਾਂ ਤੋਂ ਵੀ ਵੱਧ ਦਾ ਵਾਧਾ



ਨਾਮਜ਼ਦਗੀ ਨਾਲ ਦਾਖਲ ਹਲਫਨਾਮੇ ਵਿਚ ਉਨ੍ਹਾਂ ਨੇ ਆਪਣੀ ਜਾਇਦਾਦ 22 ਕਰੋੜ 59 ਲੱਖ 94 ਹਜ਼ਾਰ 7 ਰੁਪਏ ਦੱਸੀ ਹੈ।

ਵਰਨਣਯੋਗ ਹੈ ਕਿ 2014 ਦੀਆਂ ਲੋਕ ਸਭਾ ਚੋਣਾਂ ਸਮੇਂ ਹਰਸਿਮਰਤ ਕੌਰ ਬਾਦਲ ਨੇ ਆਪਣੀ ਅਚੱਲ ਜਾਇਦਾਦ ਸਿਫਰ ਦੱਸੀ ਸੀ, ਪਰ ਹੁਣ ਉਸ ਨੇ ਆਪਣੇ-ਆਪ ਨੂੰ ਬਾਲਾਸਰ ਸਥਿਤ 255 ਕਨਾਲ ਦੇ ਫਾਰਮ ਦੀ ਮਾਲਕ ਮੰਨਦੇ ਹੋਏ ਇਸ ਦੀ ਕੀਮਤ ਸਾਢੇ ਪੰਜ ਕਰੋੜ ਦੱਸੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 2012 ਵਿਚ ਲਗਪਗ ਸਾਢੇ ਗਿਆਰਾਂ ਕਰੋੜ ਦੀ ਸੰਪਤੀ ਦਾ ਖੁਲਾਸਾ ਕੀਤਾ ਸੀ ਜਦੋਂਕਿ ਹੁਣ ਦਾਖਲ ਕੀਤੇ ਗਏ ਨਾਮਜ਼ਦਗੀ ਪੱਤਰਾਂ ਮੁਤਾਬਕ ਉਨ੍ਹਾਂ ਕੋਲ ਸਾਢੇ 22 ਕਰੋੜ ਤੋਂ ਵੱਧ ਦੀ ਜਾਇਦਾਦ ਹੈ।

ਬਾਦਲਾਂ ਦੇ ਕਰੀਬੀ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਅਤੇ ਉਨ੍ਹਾਂ ਦੀ ਪਤਨੀ ਵੀ ਲਗਪਗ 17 ਕਰੋੜ ਰੁਪਏ ਦੀ ਜਾਇਦਾਦ ਦੇ ਮਾਲਕ ਹਨ ਜਦੋਂਕਿ 2012 ਵਿਚ ਉਨ੍ਹਾਂ ਸਿਰਫ ਪੰਜ ਕਰੋੜ ਦੀ ਸੰਪਤੀ ਦੱਸੀ ਸੀ।

## ਹਰਸਿਮਰਤ ਕੌਰ ਬਾਦਲ ਪੰਜ ਲੱਖ ਦੀ ਕਰਜ਼ਈ!

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕਵਰਿੰਗ ਉਮੀਦਵਾਰ ਤੇ ਉਨ੍ਹਾਂ ਦੀ ਨੂੰਹ ਹਰਸਿਮਰਤ ਬਾਦਲ



ਉਂਝ ਤਾਂ 29 ਕਰੋੜ 68 ਲੱਖ ਨੌਂ ਹਜ਼ਾਰ 437 ਕਰੋੜ ਰੁਪਏ ਦੀ ਚੱਲ ਅਚੱਲ ਜਾਇਦਾਦ ਦੀ ਮਾਲਕ ਹੈ। ਨਕਦੀ ਵਜੋਂ ਉਨ੍ਹਾਂ ਕੋਲ ਸਿਰਫ ਪੰਜ ਹਜ਼ਾਰ ਰੁਪਏ ਹਨ। ਛੇ ਕਰੋੜ ਰੁਪਏ ਤੋਂ ਵੀ ਵੱਧ ਦੇ ਉਨ੍ਹਾਂ ਕੋਲ ਗਹਿਣੇ ਹਨ, ਖੇਤੀ ਲਈ ਦੋ ਟਰੈਕਟਰ ਹਨ, ਪਰ ਕਾਰ ਨਹੀਂ।

ਹਰਸਿਮਰਤ ਬਾਦਲ ਵਰਗੇ ਪੰਜ ਲੱਖ ਰੁਪਏ ਦੀ ਬੈਂਕ ਦੀ ਕਰਜ਼ਦਾਰ ਵੀ ਹੈ। ਉਧਰ, ਜਲਾਲਾਬਾਦ ਤੋਂ ਨਾਮਜ਼ਦਗੀ ਦਾਖਲ ਕਰਨ ਵਾਲੇ ਹਰਸਿਮਰਤ ਕੌਰ ਬਾਦਲ ਦੇ ਪਤੀ ਸੁਖਬੀਰ ਸਿੰਘ ਬਾਦਲ ਨੇ ਪਿਛਲੀ ਵਾਰ ਆਪਣੀ ਜਾਇਦਾਦ 11 ਕਰੋੜ 52 ਲੱਖ 62 ਹਜ਼ਾਰ 627 ਰੁਪਏ ਦੱਸੀ ਸੀ ਜਦਕਿ ਇਸ ਵਾਰ ਨਾਮਜ਼ਦਗੀ ਨਾਲ ਦਾਖਲ ਹਲਫਨਾਮੇ 'ਚ ਉਨ੍ਹਾਂ ਨੇ ਆਪਣੀ ਜਾਇਦਾਦ 22 ਕਰੋੜ 59 ਲੱਖ 94 ਹਜ਼ਾਰ 7 ਰੁਪਏ ਦੱਸੀ ਹੈ।

## ਕੇਵਲ ਸਿੰਘ ਨੇ ਸੰਭਾਲੀ ਸ਼ਹੀਦ ਭਗਤ ਸਿੰਘ ਦੀ ਟੋਪੀ



**ਚੰਡੀਗੜ੍ਹ:** ਮੋਗੇ ਜ਼ਿਲ੍ਹੇ ਦੇ ਕੇਵਲ ਸਿੰਘ ਰਤੀਆ ਨੇ ਦਾਅਵਾ ਕੀਤਾ ਹੈ ਕਿ ਉਸ ਕੋਲ ਸ਼ਹੀਦ ਭਗਤ ਸਿੰਘ ਦੀ ਟੋਪੀ ਹੈ। ਕੇਵਲ ਸਿੰਘ ਰਤੀਆ ਅਨੁਸਾਰ ਵਿਰਾਸਤੀ ਮੇਲੇ ਦੌਰਾਨ ਉੜੀਸਾ ਦੇ ਪਰਿਵਾਰ ਨੂੰ ਕਿਸੇ ਤੋਂ ਪਤਾ ਲੱਗਾ ਕਿ ਉਨ੍ਹਾਂ (ਕੇਵਲ ਸਿੰਘ) ਨੂੰ ਵਿਰਾਸਤੀ ਸਾਮਾਨ ਇਕੱਠੇ ਕਰਨ ਦਾ ਸ਼ੌਕ ਹੈ। ਉਨ੍ਹਾਂ ਸੰਪਰਕ ਕੀਤਾ ਤੇ ਉਨ੍ਹਾਂ ਨੂੰ ਉਹ ਟੋਪੀ ਸੰਭਾਲਣ ਲਈ ਦਿੱਤੀ ਜੋ ਆਜ਼ਾਦੀ ਦੀ ਲੜਾਈ ਵਿਚ ਭਗਤ ਸਿੰਘ ਨੇ ਕਈ ਵਾਰ ਪਾਈ ਸੀ।

ਇਸ ਟੋਪੀ ਨੂੰ ਅਸਲ ਵਿਚ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਉਨ੍ਹਾਂ ਦੇ ਚੌਥੇ ਸਾਥੀ ਨੇ ਲਾਹੌਰ ਤੋਂ ਖਰੀਦਿਆ ਸੀ। ਚਮੜੇ ਤੋਂ ਬਣੀ ਟੋਪੀ 'ਤੇ ਅੱਜ ਵੀ ਲਾਹੌਰ ਦੀ ਕੰਪਨੀ ਦੀ ਮੋਹਰ ਲੱਗੀ ਹੋਈ ਹੈ। ਇਹ ਪੂਰੀ ਤਰ੍ਹਾਂ ਸੁਰੱਖਿਅਤ ਹੈ।

## ਭਾਰਤ-ਵੀਅਤਨਾਮ ਨੇੜਤਾ ਤੋਂ ਚੀਨ ਔਖਾ

**ਪੇਈਚਿੰਗ:** ਚੀਨ ਨੇ ਭਾਰਤ ਨੂੰ ਵੀਅਤਨਾਮ ਨਾਲ ਮਿਜ਼ਾਈਲਾਂ ਵੇਚਣ ਸਬੰਧੀ ਕਿਸੇ ਵੀ ਤਰ੍ਹਾਂ ਦੇ ਮਸੌਦੇ ਉਤੇ ਸਹੀ ਪਾਉਣ ਉਤੇ ਸੰਜਮ ਵਰਤਣ ਦੀ ਸਲਾਹ ਦਿੱਤੀ ਹੈ।

ਚੀਨ ਦੇ ਸਰਕਾਰੀ ਮੀਡੀਆ ਵੱਲੋਂ ਜਾਰੀ ਇਕ ਬਿਆਨ 'ਚ ਕਿਹਾ ਗਿਆ ਹੈ ਕਿ ਭਾਰਤ ਵੱਲੋਂ ਵੀਅਤਨਾਮ ਨਾਲ ਮਿਲ ਕੇ ਫੌਜੀ ਪੱਧਰ 'ਤੇ ਚੀਨ ਦਾ ਮੁਕਾਬਲਾ ਕਰਨ ਦੀ ਕਿਸੇ ਵੀ ਤਰ੍ਹਾਂ ਦੀ ਕਵਾਇਦ ਨੂੰ ਪੇਈਚਿੰਗ ਹਰਗਿਜ਼ ਬਰਦਾਸ਼ਤ ਨਹੀਂ ਕਰੇਗਾ। ਪਿਛਲੇ ਕੁਝ ਸਮੇਂ ਤੋਂ ਭਾਰਤ ਵੱਲੋਂ ਵੀਅਤਨਾਮ ਨੂੰ ਧਰਤੀ ਤੋਂ ਹਵਾ ਤੱਕ ਮਾਰ ਕਰਨ ਵਾਲੀਆਂ ਆਕਾਸ਼ ਮਿਜ਼ਾਈਲਾਂ ਵੇਚਣ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ ਚੀਨ ਨੇ ਭਾਰਤ ਨੂੰ ਇਕ ਚਿਤਾਵਨੀ ਜਾਰੀ ਕਰ ਕੇ ਕਿਹਾ ਹੈ ਕਿ ਅਜਿਹੇ ਸਮਝੌਤੇ ਖਿੱਤੇ ਵਿਚ ਗੜਬੜ ਪੈਦਾ ਕਰ ਸਕਦੇ ਹਨ।

# ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨਹੀਂ ਰਹੇ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ (91) ਨਹੀਂ ਰਹੇ। ਸ. ਬਰਨਾਲਾ ਸ਼੍ਰੋਮਣੀ ਅਕਾਲੀ ਦਲ ਦੇ ਮੂਹਰਲੀਆਂ ਸਫਾਂ ਦੇ ਆਗੂ ਰਹੇ ਹਨ, ਜੋ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੁਰਾਣੇ ਸਿਆਸੀ ਸਾਥੀਆਂ ਵਿਚੋਂ ਇਕ ਸਨ। ਉਹ ਪੰਜਾਬ ਦੇ ਮੁੱਖ ਮੰਤਰੀ ਅਤੇ ਦੋ ਵਾਰ ਕੇਂਦਰੀ ਵਜ਼ੀਰ ਰਹੇ। 21 ਅਕਤੂਬਰ 1925 ਨੂੰ ਜੰਮੇ ਸ. ਬਰਨਾਲਾ ਨੇ ਜਵਾਨੀ ਦੇ ਦਿਨਾਂ ਦੌਰਾਨ 1942 ਵਿਚ 'ਭਾਰਤ ਛੱਡੋ ਮੁਹਿੰਮ' ਵਿਚ ਵੀ ਹਿੱਸਾ ਲਿਆ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ 5 ਸੂਬਿਆਂ ਦੇ ਰਾਜਪਾਲ ਰਹੇ ਸੁਰਜੀਤ ਸਿੰਘ ਬਰਨਾਲਾ ਅਕਾਲੀ ਸਿਆਸਤ ਵਿਚ ਭੱਦਰਪੁਰਸ਼ ਅਤੇ ਸਾਊ ਸਿਆਸਤਦਾਨ ਵਜੋਂ ਜਾਣੇ ਜਾਂਦੇ ਸਨ। ਸੂਬੇ ਦੀ ਰਾਜਨੀਤੀ ਵਿਚ ਆਏ ਉਤਰਾਅ-ਚੜ੍ਹਾਅ ਦੌਰਾਨ ਬਰਨਾਲਾ ਦੇ ਪਰਿਵਾਰ ਨੇ ਭਾਵੇਂ ਕਾਂਗਰਸ ਨਾਲ ਵੀ ਸਾਂਝ ਪਾਈ, ਪਰ ਸ੍ਰੀ ਬਰਨਾਲਾ ਨੇ ਮਰਦੇ ਦਮ ਤਕ ਖੁਦ ਨੂੰ 'ਅਕਾਲੀ' ਰੱਖਣ ਦਾ ਹੀ ਯਤਨ ਕੀਤਾ।

ਸਿਆਸਤ ਦੇ ਖੇਤਰ ਵਿਚ ਅਜਿਹੇ ਬਹੁਤ ਘੱਟ ਵਿਅਕਤੀ ਹੁੰਦੇ ਹਨ ਜੋ ਰਾਜਨੀਤੀ ਦੇ ਨਾਲ-ਨਾਲ ਹੋਰਨਾਂ ਗੁਣਾਂ ਨਾਲ ਵੀ ਲਬਰੇਜ਼ ਹੋਣ। ਇਹ ਮਾਣ ਵੀ ਸੁਰਜੀਤ ਸਿੰਘ ਬਰਨਾਲਾ ਦੇ ਹਿੱਸੇ



ਆਉਂਦਾ ਹੈ ਕਿਉਂਕਿ ਉਹ ਸਿਆਸਤ ਦੇ ਖੇਤਰ ਦੀਆਂ ਵੱਡੀਆਂ ਮੰਜ਼ਿਲਾਂ 'ਤੇ ਪਹੁੰਚਣ ਦੇ ਨਾਲ-ਨਾਲ ਇਕ ਚੰਗੇ ਆਰਟਿਸਟ (ਚਿੱਤਰਕਾਰ) ਅਤੇ ਲਿਖਾਰੀ ਵੀ ਸਨ। ਉਨ੍ਹਾਂ ਕਈ ਚਰਚਿਤ ਕਿਤਾਬਾਂ ਲਿਖੀਆਂ। ਉਹ ਪੰਜਾਬ ਦੇ ਮੁੱਖ ਮੰਤਰੀ ਅਤੇ ਕੇਂਦਰ ਵਿੱਚ ਦੋ ਵਾਰ ਵਜ਼ੀਰ ਅਤੇ ਕਈ ਸੂਬਿਆਂ ਦੇ ਗਵਰਨਰ ਰਹੇ। ਉਨ੍ਹਾਂ ਵੱਖ-ਵੱਖ ਅਕਾਲੀ ਅੰਦੋਲਨਾਂ ਅਤੇ ਐਮਰਜੈਂਸੀ ਦੌਰਾਨ ਜੇਲ੍ਹ ਵੀ ਕੱਟੀ। ਸ੍ਰੀ ਬਰਨਾਲਾ ਅਕਾਲੀ ਦਲ ਦੇ ਉਸ ਦੌਰ ਦੇ ਨੇਤਾ ਸਨ ਜਦੋਂ ਇਸ ਪਾਰਟੀ ਵਿਚ ਧੜੱਲੇਦਾਰ ਆਗੂਆਂ ਦਾ ਦਬਦਬਾ ਸੀ। ਉਨ੍ਹਾਂ ਨੂੰ ਦਰਵੇਸ਼ ਸਿਆਸਤਦਾਨ ਵਜੋਂ ਜਾਣੇ ਜਾਂਦੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਰੀਬੀਆਂ ਵਿਚੋਂ ਮੰਨਿਆ ਜਾਂਦਾ ਸੀ।

## ਜੀਵਨ ਉਤੇ ਇਕ ਝਾਤ

ਹਰਿਆਣਾ ਦੇ ਅਤੇਲੀ ਵਿਖੇ ਇਕ ਸਾਧਨ ਸੰਪਨ ਪਰਿਵਾਰ ਵਿਚ 21 ਅਕਤੂਬਰ 1925 ਨੂੰ ਜੰਮੇ ਸੁਰਜੀਤ ਸਿੰਘ ਬਰਨਾਲਾ ਪੰਜਾਬ ਦੇ ਮੁੱਖ ਮੰਤਰੀ, ਤਾਮਿਲਨਾਡੂ, ਉਤਰਾਖੰਡ, ਆਂਧਰਾ ਪ੍ਰਦੇਸ਼ ਅਤੇ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਦੇ ਰਾਜਪਾਲ ਰਹੇ। ਉਹ ਕੇਂਦਰ ਸਰਕਾਰ ਵਿਚ ਵੀ ਮੰਤਰੀ ਰਹੇ। ਸਿਆਸਤ ਵਿਚ ਆਉਣ ਤੋਂ ਪਹਿਲਾਂ ਸ. ਬਰਨਾਲਾ ਕੁਝ ਸਾਲ ਵਕਾਲਤ ਕਰਦੇ ਰਹੇ। ਉਨ੍ਹਾਂ ਨੂੰ ਪਹਿਲੀ ਵਾਰ 1969 ਵਿਚ ਮੰਤਰਾਲੇ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ ਜਦੋਂ ਉਨ੍ਹਾਂ ਨੇ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਵਿਚ ਸਿੱਖਿਆ ਮੰਤਰੀ ਵਜੋਂ ਸਹੁੰ ਚੁੱਕੀ ਅਤੇ ਆਪਣੇ ਸਿੱਖਿਆ ਮੰਤਰੀ ਦੇ ਕਾਰਜਕਾਲ ਦੌਰਾਨ ਉਨ੍ਹਾਂ ਅੰਮ੍ਰਿਤਸਰ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਕੀਤੀ। 1977 ਵਿਚ ਸ. ਬਰਨਾਲਾ ਭਾਰਤੀ ਸੰਸਦ ਲਈ ਚੁਣੇ ਗਏ ਅਤੇ ਮੋਰਾਰਜੀ ਦੇਸਾਈ ਸਰਕਾਰ ਵਿਚ ਖੇਤੀਬਾੜੀ ਮੰਤਰੀ ਵਜੋਂ ਕੈਬਨਿਟ ਮੰਤਰੀ ਬਣੇ। 1978 ਵਿਚ ਉਨ੍ਹਾਂ ਨੇ ਬੰਗਲਾਦੇਸ਼ ਨਾਲ ਗੰਗਾ ਦਰਿਆ ਪਾਣੀਆਂ ਬਾਰੇ ਇਤਿਹਾਸਕ ਸਮਝੌਤੇ (ਫਰਾਕਾ ਸਮਝੌਤਾ) 'ਤੇ ਦਸਤਖਤ ਕੀਤੇ। ਉਹ 1985 ਤੋਂ 1987 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। 1998 ਵਿਚ ਫਿਰ ਲੋਕ ਸਭਾ ਲਈ ਚੁਣੇ ਜਾਣ ਪਿਛੋਂ ਸ. ਬਰਨਾਲਾ ਨੂੰ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਿਚ ਰਸਾਇਣ ਤੇ ਖਾਦਾਂ ਅਤੇ ਅਨਾਜ ਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਬਣਾਇਆ ਗਿਆ। ਮੌਜੂਦਾ ਸਮੇਂ ਉਹ ਪੰਜਾਬ ਵਿਚ ਚਾਰ ਪਾਰਟੀਆਂ ਦੇ ਗੱਠਜੋੜ 'ਸਾਂਝਾ ਮੋਰਚਾ' ਦੇ ਸਰਪ੍ਰਸਤ ਸਨ। ਉਹ ਤਕਰੀਬਨ ਸਾਢੇ ਤਿੰਨ ਸਾਲ ਰਾਜਸੀ ਕੈਦੀ ਵਜੋਂ ਜੇਲ੍ਹਾਂ ਵਿਚ ਬੰਦ ਰਹੇ। ਸੁਰਜੀਤ ਸਿੰਘ ਬਰਨਾਲਾ ਦੀ ਪਤਨੀ ਸੁਰਜੀਤ ਕੌਰ ਬਰਨਾਲਾ ਵੀ ਸਿਆਸਤ ਵਿਚ ਸਰਗਰਮ ਹਨ ਅਤੇ 2009 ਵਿਚ ਸੁਰਜੀਤ ਕੌਰ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀ ਪ੍ਰਧਾਨ ਬਣੇ ਸਨ।

# ਬਾਦਲ ਦੇ ਚੋਣ ਜਲਸਿਆਂ 'ਚ ਆਪਸ ਵਿਚ ਉਲਝਣ ਲੱਗੇ ਅਕਾਲੀ

**ਲੰਬੀ:** ਹਲਕੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਚੋਣ ਜਲਸਿਆਂ ਵਿਚ ਲੋਕਾਂ ਦਾ ਰੋਸ ਅਕਾਲੀ ਦਲ ਦੀ ਚੋਣ ਮੁਹਿੰਮ ਦਾ ਨੁਕਸਾਨ ਕਰ ਰਿਹਾ ਹੈ। ਪਿੰਡ ਸਿੱਖਵਾਲਾ ਵਿਚ ਪ੍ਰਕਾਸ਼ ਸਿੰਘ ਬਾਦਲ ਦੇ ਚੋਣ ਜਲਸੇ ਵਿਚ ਅਕਾਲੀ ਵਰਕਰਾਂ ਨੇ ਹੀ ਅਕਾਲੀ ਝੰਡੇਬਰਦਾਰਾਂ ਦੀਆਂ ਉਣਤਾਈਆਂ ਖਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਮੁੱਖ ਮੰਤਰੀ ਦਾ ਬੋਲਣਾ ਔਖਾ ਕਰ ਦਿੱਤਾ।

ਤਕਰੀਬਨ ਦੋ ਦਰਜਨ ਨੌਜਵਾਨ ਲੜਾਈ ਝਗੜੇ ਦੇ ਮਾਮਲੇ ਵਿਚ ਚੇਅਰਮੈਨ ਤੇਜਿੰਦਰ ਸਿੰਘ ਮਿੱਡੂਖੇੜਾ ਉਤੇ ਪੱਖਪਾਤ ਅਤੇ ਸ਼ਹਿ ਦੇਣ ਦੇ ਦੋਸ਼ ਲਾ ਰਹੇ ਸਨ। ਜਲਸੇ ਵਿਚ ਸ੍ਰੀ ਬਾਦਲ ਦੀ ਤਕਰੀਰ ਦੌਰਾਨ ਨੌਜਵਾਨ ਮਿੱਡੂਖੇੜਾ ਖਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਪੁਲਿਸ ਦੇ ਦਬਕੇ ਤੋਂ ਬਾਅਦ ਪੰਡਾਲ ਦੇ ਬਾਹਰ ਜਾ ਕੇ ਰੋਸ ਪ੍ਰਗਟ ਕਰਨ ਲੱਗ ਪਏ। ਪ੍ਰਕਾਸ਼ ਸਿੰਘ ਬਾਦਲ ਪੰਡਾਲ ਅੰਦਰ ਲੋਕਾਂ ਨੂੰ ਵੋਟਾਂ ਲਈ ਅਪੀਲ ਕਰਦੇ ਰਹੇ ਅਤੇ ਬਾਹਰ ਨੌਜਵਾਨ ਨਾਅਰੇਬਾਜ਼ੀ ਕਰ ਕੇ ਆਪਣਾ ਗੁੱਸਾ ਜ਼ਾਹਰ ਕਰਦੇ ਰਹੇ। ਇਨ੍ਹਾਂ ਨੌਜਵਾਨਾਂ ਨਾਲ ਕਾਫੀ



ਗਿਣਤੀ ਵਿਚ ਹੋਰ ਲੋਕ ਵੀ ਜਲਸੇ ਵਿੱਚੋਂ ਬਾਹਰ ਆ ਗਏ। ਦੂਜੇ ਪਾਸੇ ਤੇਜਿੰਦਰ ਸਿੰਘ ਮਿੱਡੂਖੇੜਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਦੋਵੇਂ ਧਿਰਾਂ ਵਿਚ ਰਾਜ਼ੀਨਾਮਾ ਕਰਵਾਉਣ ਦੀ ਕੋਸ਼ਿਸ਼ ਕੀਤੀ, ਪਰ ਦੋਵੇਂ ਧਿਰਾਂ ਵਿਚ ਸਹਿਮਤੀ ਨਹੀਂ ਹੋ ਸਕੀ।

ਉਨ੍ਹਾਂ ਨੇ ਨੌਜਵਾਨਾਂ ਵੱਲੋਂ ਲਾਏ ਪੱਖਪਾਤ ਦੋਸ਼ ਨਕਾਰੇ। ਸੂਤਰਾਂ ਅਨੁਸਾਰ ਹਲਕੇ ਦੇ ਅਕਾਲੀ ਇੰਚਾਰਜਾਂ ਵਿਚਾਲੇ ਸਿਖਰਲੀ ਧੜੇਬੰਦੀ ਇਕ-ਦੂਜੇ ਨੂੰ ਢਾਹ ਲਗਾਉਣ ਲਈ ਅਜਿਹਾ ਮਾਹੌਲ ਸਿਰਜ ਕੇ ਸ੍ਰੀ ਬਾਦਲ ਦਾ ਨੁਕਸਾਨ ਕਰ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦੀ ਚੁੱਪ ਅਕਾਲੀ ਲੀਡਰਾਂ ਨੂੰ ਸ਼ਹਿ ਦਿੰਦੀ ਜਾਪਦੀ ਹੈ। ਸਿੱਖਵਾਲਾ 'ਚ ਚੋਣ ਜਲਸੇ ਦੇ ਬਾਹਰ ਮੁਜ਼ਾਹਾਰਾਕਾਰੀਆਂ ਨੇ ਦੱਸਿਆ ਕਿ ਬੀਤੇ ਦਿਨੀਂ ਨੋਟਬੰਦੀ ਤਹਿਤ ਬੈਂਕ ਅੱਗੇ ਲੋਕਾਂ ਦੀਆਂ ਲਾਈਨਾਂ ਲੱਗੀਆਂ ਹੋਈਆ ਸਨ। ਉਸੇ ਦੌਰਾਨ ਇਕ ਕਾਂਗਰਸੀ ਸਰਪੰਚ ਲੋਕਾਂ ਦੀ ਕਤਾਰ ਨੂੰ ਅਣਡਿੱਠ ਕਰ ਕੇ ਬੈਂਕ ਵਿਚ ਜਾਣ ਲੱਗਾ। ਜਦੋਂ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੇ ਬਜ਼ੁਰਗ ਲਾਲ ਕੁੱਟਮਾਰ ਕੀਤੀ ਗਈ। ਉਨ੍ਹਾਂ ਨੇ ਇਸ ਮਾਮਲੇ ਵਿਚ ਮਿੱਡੂਖੇੜਾ 'ਤੇ ਕੁੱਟਮਾਰ ਕਰਨ ਵਾਲਿਆਂ ਦਾ ਪੱਖ ਪੂਰਨ ਦੇ ਦੋਸ਼ ਲਗਾਏ।

### ਪਿੰਡਾਂ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਬਾਈਕਾਟ ਸ਼ੁਰੂ

**ਚਾਉਕੇ:** ਖੋਖਰ ਵਾਸੀਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤੇ ਜਾਣ ਦੇ ਰੋਸ ਵਜੋਂ ਸ਼੍ਰੋਮਣੀ ਅਕਾਲੀ ਦਲ ਦਾ ਬਾਈਕਾਟ ਕਰ ਦਿੱਤਾ ਗਿਆ ਹੈ। ਗੁਰਦੁਆਰੇ ਵਿਖੇ ਇਕੱਠੇ ਹੋਏ ਪਿੰਡ ਵਾਸੀਆਂ ਨੇ ਸਪੀਕਰ ਵਿਚ ਬਾਈਕਾਟ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਕੋਈ ਵੀ ਆਗੂ ਜਾਂ ਉਮੀਦਵਾਰ ਪਿੰਡ ਵਿਚ ਵੋਟ ਮੰਗਣ ਨਾ ਆਵੇ। ਕਿਸੇ ਵੀ ਆਗੂ ਨੂੰ ਪਿੰਡ ਦੀ ਜਨਤਕ ਥਾਂ 'ਤੇ ਬੋਲਣ ਨਹੀਂ ਦਿੱਤਾ ਜਾਵੇਗਾ। ਪਿੰਡ ਵਾਸੀਆਂ ਨੇ ਕਿਹਾ ਕਿ ਜਦੋਂ ਪਿਛਲੇ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਪਿੰਡ ਵਿਚ ਸੜਕ ਦਾ ਨੀਂਹ ਪੱਥਰ ਰੱਖਣ ਆਏ ਕੈਬਨਿਟ ਮੰਤਰੀ ਜਨਮੇਜਾ ਸਿੰਘ ਸੇਖੋਂ ਦਾ ਸ਼ਾਂਤਮਈ ਢੰਗ ਨਾਲ ਵਿਰੋਧ ਕੀਤਾ ਗਿਆ ਸੀ ਤਾਂ ਅਕਾਲੀ ਦਲ ਦੀ ਸ਼ਹਿ 'ਤੇ ਪੁਲੀਸ ਨੇ 55 ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤੇ ਸਨ, ਪਰ ਬੇਅਦਬੀ ਕਰਨ ਵਾਲਿਆਂ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ। ਇਸ ਦੇ ਰੋਸ ਵਜੋਂ ਪਿੰਡ ਵਾਸੀਆਂ ਨੇ ਅਕਾਲੀ ਦਲ ਦੇ ਬਾਈਕਾਟ ਦਾ ਫੈਸਲਾ ਕੀਤਾ ਹੈ ਤੇ ਇਸ ਸਬੰਧੀ ਬੈਨਰ ਪਿੰਡ ਦੀਆਂ ਸਾਰੀਆਂ ਸੜਕਾਂ 'ਤੇ ਲਗਾ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਅਕਾਲੀ ਆਗੂ ਅਜੇ ਵੀ ਪਿੰਡ ਵਿੱਚ ਆਵੇਗਾ ਤਾਂ ਉਹ ਆਪਣੇ ਨੁਕਸਾਨ ਦਾ ਜ਼ਿੰਮੇਵਾਰ ਖ਼ੁਦ ਹੋਵੇਗਾ।

# ਪੰਜਾਬ ਨੂੰ ਬੜਾ ਮਹਿੰਗਾ ਪਿਆ ਅਕਾਲੀਆਂ ਦਾ 'ਵਿਕਾਸ'

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਵਿਚ ਸੱਤਾ ਦੀ ਆਪਣੀ ਦੂਜੀ ਪਾਰੀ ਵੀ ਤਕਰੀਬਨ ਪੂਰੀ ਕਰ ਲਈ ਹੈ। ਹਾਕਮ ਧਿਰ ਵਲੋਂ ਆਪਣੇ ਦਸ ਸਾਲਾਂ ਦੇ ਸ਼ਾਸਨ ਵਿਚ ਸੂਬੇ ਦੇ ਵੱਡੇ ਪੱਧਰ ਉਤੇ ਵਿਕਾਸ ਦੇ ਦਾਅਵੇ ਵੀ ਗੱਜ ਵੱਜ ਕੇ ਕੀਤੇ ਜਾ ਰਹੇ ਹਨ, ਪਰ ਇਹ 'ਵਿਕਾਸ' ਪੰਜਾਬ ਨੂੰ ਬੜਾ ਮਹਿੰਗਾ ਪਿਆ।

ਅਕਾਲੀ ਸਰਕਾਰੀ ਦੀ ਪਹਿਲੀ ਪਾਰੀ ਸਮੇਂ (2007) ਪੰਜਾਬ ਸਿਰ 48,344 ਕਰੋੜ ਦਾ ਕਰਜ਼ਾ ਸੀ ਜੋ ਹੁਣ ਵਧ ਕੇ 1.25 ਲੱਖ ਕਰੋੜ ਹੋ ਗਿਆ ਹੈ। ਕਰਜ਼ੇ ਤੋਂ ਇਲਾਵਾ ਪੰਜਾਬ ਦਾ ਧਰਤੀ ਹੇਠਲਾ ਪਾਣੀ ਵੀ ਨਾ ਸਿਰਫ ਖਤਰੇ ਦੇ ਨਿਸ਼ਾਨ ਤੋਂ ਹੇਠਾਂ ਚਲਿਆ ਗਿਆ ਹੈ ਬਲਕਿ ਇਹ ਨਿਰੰਤਰ ਪਲੀਤ ਵੀ ਹੁੰਦਾ ਜਾ ਰਿਹਾ ਹੈ।

ਪ੍ਰਦੂਸ਼ਿਤ ਵਾਤਾਵਰਨ ਅਤੇ ਸਿਹਤ ਸੇਵਾਵਾਂ ਦੀ ਘਾਟ ਕਾਰਨ ਕੈਂਸਰ ਜਿਹੀਆਂ ਬਿਮਾਰੀਆਂ ਪੈਰ ਪਸਾਰਦੀਆਂ ਜਾ ਰਹੀਆਂ ਹਨ। ਰਸੂਖਵਾਨਾਂ ਦੀ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਅਤੇ ਸਰਕਾਰੀ ਪੱਧਰ ਉਤੇ ਸ਼ਰਾਬ ਦੀ ਖਪਤ ਵਧਾਉਣ ਵਾਲੀਆਂ ਨੀਤੀਆਂ ਨੇ ਪੰਜਾਬ ਦੇ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਨਸ਼ਿਆਂ ਦਾ ਗੁਲਾਮ ਬਣਾ ਦਿੱਤਾ ਹੈ। ਪੰਜਾਬ ਅਤੇ ਪੰਜਾਬੀਆਂ ਦੀ ਇਸ ਤਰਸਯੋਗ ਸਥਿਤੀ ਲਈ ਸੱਤਾਧਾਰੀ ਸੂਬਾ ਸਰਕਾਰ ਦੀਆਂ ਗਲਤ ਨੀਤੀਆਂ ਦੇ ਨਾਲ-ਨਾਲ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਮੌਜੂਦਾ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਮਤਰੇਈ ਮਾਂ ਵਾਲਾ ਕੀਤਾ ਜਾਂਦਾ ਰਿਹਾ ਸਲੂਕ ਵੀ ਜ਼ਿੰਮੇਵਾਰ ਹੈ।

**ਦਸ ਸਾਲਾਂ ਦੀ ਸੱਤਾ 'ਚ ਦੁੱਗਣੇ ਤੋਂ ਵੱਧ ਹੋਇਆ ਕਰਜ਼ਾ**



ਅਤਿਵਾਦ ਦੌਰਾਨ ਕੇਂਦਰ ਸਰਕਾਰ ਵੱਲ ਪੰਜਾਬ ਸਿਰ ਪਾਏ ਇਕ ਲੱਖ ਕਰੋੜ ਦੇ ਕਰਜ਼ੇ ਦੀ ਮੁਆਫੀ ਤਾਂ ਕੀ ਦੇਣੀ ਸੀ, ਉਲਟਾ ਪੰਜਾਬ ਨੂੰ ਪਿਛਲੀ ਕਾਂਗਰਸ ਸਰਕਾਰ ਵੱਲੋਂ ਕਰਜ਼ਾ ਰਾਹਤ ਲਈ ਯੋਗ ਸਮਝੇ ਜਾਣ ਵਾਲੇ ਸੂਬਿਆਂ ਦੀ ਸੂਚੀ ਵਿਚੋਂ ਹੀ ਕੱਢ ਦਿੱਤਾ ਹੈ। ਮਾੜੀ ਆਰਥਿਕਤਾ ਦੇ ਮੱਦੇਨਜ਼ਰ ਪੰਜਾਬ ਨੂੰ ਵਿਸ਼ੇਸ਼ ਆਰਥਿਕ ਪੈਕੇਜ ਤਾਂ ਕੀ ਦੇਣਾ ਸੀ ਸਗੋਂ ਪਹਾੜੀ ਰਾਜਾਂ ਨੂੰ ਵਿਸ਼ੇਸ਼ ਰਿਆਇਤਾਂ ਦੇ ਕੇ ਸੂਬੇ ਦੀ ਆਰਥਿਕਤਾ ਨੂੰ ਹੋਰ ਗੰਭੀਰ ਕਰ ਦਿੱਤਾ ਹੈ।

ਖੇਤੀ ਫਸਲਾਂ ਦੇ ਲਾਹੇਵੰਦ ਭਾਅ ਦੇਣ ਲਈ ਡਾ. ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੰਨਣ ਤੋਂ ਤਾਂ ਕੋਰੀ ਨਾਂਹ ਕਰਨ ਦੇ ਨਾਲ-ਨਾਲ ਇਸ ਵਰ੍ਹੇ ਝੋਨੇ ਦੀ ਸਮਰਥਨ ਮੁੱਲ ਉਤੇ ਖਰੀਦ ਤੋਂ ਵੀ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ ਗਈ। ਦਰਿਆਈ ਪਾਣੀਆਂ ਤੇ ਪੰਜਾਬ ਦੇ ਰਿਪੇਰੀਅਨ ਹੱਕ ਨੂੰ ਨਜ਼ਰਅੰਦਾਜ਼ ਕਰ ਕੇ ਨਵਾਂ ਟ੍ਰਿਬਿਊਨਲ ਬਣਾ ਦਿੱਤਾ ਹੈ। ਕੇਂਦਰੀ ਪੱਧਰ ਉਤੇ ਬਣਾਈ ਗਈ ਫਸਲੀ ਬੀਮਾ ਸਕੀਮ ਅਜਿਹੀ ਘੜੀ ਗਈ ਹੈ ਜਿਹੜੀ ਪੰਜਾਬ ਵਿਚ ਲਾਗੂ ਹੋਣ ਦੇ ਯੋਗ ਹੀ ਨਹੀਂ। ਪੰਜਾਬ ਸਰਕਾਰ ਵੱਲੋਂ ਫਸਲੀ ਵਿਭਿੰਨਤਾ ਲਈ ਮੰਗੀ ਗਈ 10 ਹਜ਼ਾਰ ਕਰੋੜ ਅਤੇ ਝੋਨੇ ਦੀ ਪਰਾਲੀ ਦੇ ਇਲਾਜ ਲਈ ਮੰਗੀ ਗਈ 981 ਕਰੋੜ ਦੀ ਵਿੱਤੀ ਮਦਦ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਗਿਆ ਹੈ।

ਪੰਜਾਬ ਦੇ ਹੱਕਾਂ, ਹਿੱਤਾਂ ਅਤੇ ਮੰਗਾਂ ਨੂੰ ਠੁਕਰਾਉਣ ਦੇ ਬਾਵਜੂਦ ਪੰਜਾਬ ਦੀ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਵੱਲੋਂ ਮੋਦੀ ਸਰਕਾਰ ਪ੍ਰਤੀ ਚੁੱਪ ਧਾਰਨੀ ਦਰੁਸਤ ਨਹੀਂ। ਸੌੜੇ ਸਿਆਸੀ ਹਿੱਤਾਂ ਲਈ ਸੂਬੇ ਦੇ ਹਿੱਤਾਂ ਨੂੰ ਕੁਰਬਾਨ ਕਰਨ ਦੀਆਂ ਨੀਤੀਆਂ ਆਗਾਮੀ ਚੋਣਾਂ ਮੌਕੇ ਅਕਾਲੀ-ਭਾਜਪਾ ਸਰਕਾਰ ਨੂੰ ਮਹਿੰਗੀਆਂ ਪੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਵਿਕਾਸ ਦੇ ਇਸ਼ਤਿਹਾਰੀ ਦਾਅਵੇ ਹਕੀਕਤ ਨੂੰ ਝੁਠਲਾਅ ਨਹੀਂ ਸਕਦੇ।

## ਪਰਗਟ, ਫਿਲੌਰ ਤੇ ਬੁਲਾਰੀਆ ਦੇ ਅਸਤੀਫੇ ਮਨਜ਼ੂਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਰਹੇ ਤਿੰਨ ਵਿਧਾਇਕਾਂ ਪਰਗਟ ਸਿੰਘ ਜਲੰਧਰ (ਛਾਉਣੀ), ਸਰਵਣ ਸਿੰਘ ਫਿਲੌਰ ਕਰਤਾਰਪੁਰ ਅਤੇ ਇੰਦਰਬੀਰ ਸਿੰਘ ਬੁਲਾਰੀਆ ਦੇ ਅਸਤੀਫੇ ਪ੍ਰਵਾਨ ਕਰ ਲਏ ਹਨ। ਸਪੀਕਰ ਨੇ ਅਸਤੀਫਿਆਂ ਦੀ ਪੁਸ਼ਟੀ ਲਈ ਕਾਂਗਰਸ ਦੇ 42, ਸ਼੍ਰੋਮਣੀ ਅਕਾਲੀ ਦਲ ਦੇ 5, ਇਕ-ਇਕ ਆਜ਼ਾਦ ਅਤੇ ਭਾਜਪਾ ਵਿਧਾਇਕਾਂ ਨੂੰ ਦਫਤਰ ਵਿਚ ਬੁਲਾਇਆ ਸੀ।

ਸਪੀਕਰ ਵੱਲੋਂ ਬੁਲਾਏ ਜਾਣ ਉਤੇ ਵਿਧਾਇਕਾਂ ਨੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਅਸਤੀਫਿਆਂ ਬਾਰੇ ਦੱਸਿਆ ਤੇ ਸਪੀਕਰ ਨੇ ਤਿੰਨਾਂ ਦੇ ਅਸਤੀਫੇ ਪ੍ਰਵਾਨ ਕਰ ਲਏ। ਇਹ ਤਿੰਨੇ ਵਿਧਾਇਕ ਕਾਂਗਰਸ 'ਚ ਸ਼ਾਮਲ ਹੋ ਚੁੱਕੇ ਹਨ।

ਵਿਧਾਨ ਸਭਾ ਸਕੱਤਰੇਤ ਮੁਤਾਬਕ ਆਜ਼ਾਦ ਵਿਧਾਇਕਾਂ ਬਲਵਿੰਦਰ ਸਿੰਘ ਬੈਂਸ, ਸਿਮਰਜੀਤ ਸਿੰਘ ਬੈਂਸ ਅਤੇ ਅਕਾਲੀ ਦਲ ਦੇ ਬਲਜੀਤ ਸਿੰਘ ਜਲਾਲਉਸਮਾਂ ਦੇ ਅਸਤੀਫੇ ਦਸੰਬਰ ਦੌਰਾਨ ਹੀ ਪ੍ਰਵਾਨ ਕੀਤੇ ਜਾ ਚੁੱਕੇ ਹਨ। ਕਾਂਗਰਸ ਦਾ ਕੋਈ ਵਿਧਾਇਕ ਸਪੀਕਰ ਦੇ ਸਾਹਮਣੇ ਨਹੀਂ ਆਇਆ ਜਿਸ ਕਰ ਕੇ ਅਸਤੀਫੇ ਪ੍ਰਵਾਨ ਨਹੀਂ ਕੀਤੇ ਜਾ ਸਕੇ। ਕਾਂਗਰਸ ਦੇ ਵਿਧਾਇਕਾਂ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ ਉਤੇ ਅਸਤੀਫੇ ਦਿੱਤੇ ਸਨ। ਸਪੀਕਰ ਵੱਲੋਂ ਕਾਂਗਰਸ ਦੇ ਵਿਧਾਇਕਾਂ ਨੂੰ ਕਈ ਵਾਰ ਬੁਲਾਇਆ ਗਿਆ, ਪਰ ਉਹ ਨਾ ਆ ਸਕੇ, ਜਿਸ ਕਰ ਕੇ ਕਾਂਗਰਸੀ ਵਿਧਾਇਕਾਂ ਦੀ ਵਿਧਾਇਕੀ ਬਰਕਰਾਰ ਹੈ। ਸਪੀਕਰ ਨੇ ਕਾਂਗਰਸੀ ਵਿਧਾਇਕਾਂ ਨੂੰ 6 ਫਰਵਰੀ ਨੂੰ ਮੁੜ ਅਸਤੀਫਿਆਂ ਦੀ ਤਾਈਦ ਕਰਨ ਲਈ ਬੁਲਾਇਆ ਹੈ।

# ਔਰਤਾਂ ਨੂੰ ਨੁਮਾਇੰਦਗੀ ਪੱਖੋਂ ਅਕਾਲੀ ਦਲ ਫਾਡੀ, ਕਾਂਗਰਸ ਮੋਹਰੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪ੍ਰਮੁੱਖ ਸਿਆਸੀ ਪਾਰਟੀਆਂ ਵੱਲੋਂ 22 ਸੀਟਾਂ ਉਤੇ ਔਰਤਾਂ ਨੂੰ ਉਮੀਦਵਾਰ ਬਣਾਇਆ ਗਿਆ ਹੈ। 2012 ਦੀ ਵਿਧਾਨ ਸਭਾ ਦੀ ਸਿਰਫ ਇਕ ਸੀਟ ਮੁਕਾਬਲੇ ਇਨ੍ਹਾਂ ਚੋਣਾਂ ਵਿਚ ਚਾਰ ਸੀਟਾਂ ਉਤੇ ਸੱਤਾ ਦੀਆਂ ਦਾਅਵੇਦਾਰ ਵੱਡੀਆਂ ਪਾਰਟੀਆਂ ਦੀਆਂ ਦੋ-ਦੋ ਔਰਤਾਂ ਆਹਮੋ-ਸਾਹਮਣੇ ਹੋਣਗੀਆਂ।

ਔਰਤਾਂ ਨੂੰ ਟਿਕਟ ਦੇਣ ਦੇ ਮਾਮਲੇ ਵਿਚ ਕਾਂਗਰਸ ਪਹਿਲੇ, 'ਆਪ' ਦੂਜੇ ਅਤੇ ਅਕਾਲੀ-ਭਾਜਪਾ ਗੱਠਜੋੜ ਤੀਜੇ ਨੰਬਰ ਉਤੇ ਹੈ। ਪਿਛਲੀਆਂ ਚੋਣਾਂ ਮੁਕਾਬਲੇ ਅਕਾਲੀ ਦਲ-ਭਾਜਪਾ ਦੀ ਮਹਿਲਾ ਉਮੀਦਵਾਰਾਂ ਦੀ ਗਿਣਤੀ ਵਿਚ ਵੱਡੀ ਕਮੀ ਆਈ ਹੈ। ਵਿਧਾਨ ਸਭਾ ਦੀਆਂ 2012 ਵਿਚ ਹੋਈਆਂ ਚੋਣਾਂ ਵਿਚ ਅਕਾਲੀ ਦਲ-ਭਾਜਪਾ ਦੀਆਂ ਔਰਤਾਂ ਦੀ ਜਿੱਤਣ ਸਮਰੱਥਾ ਵਿਰੋਧੀਆਂ ਨਾਲੋਂ ਜ਼ਿਆਦਾ ਰਹੀ ਸੀ। ਇਸ ਦੇ ਬਾਵਜੂਦ ਔਰਤਾਂ ਨੂੰ ਘੱਟ ਟਿਕਟਾਂ ਮਿਲੀਆਂ ਹਨ।

ਅਕਾਲੀ ਦਲ ਨੇ ਭਾਜਪਾ ਨਾਲ ਗੱਠਜੋੜ ਵਿਚੋਂ ਆਪਣੇ ਹਿੱਸੇ ਦੀਆਂ 94 ਸੀਟਾਂ 'ਚੋਂ 9 ਔਰਤਾਂ ਨੂੰ ਟਿਕਟਾਂ ਦਿੱਤੀਆਂ ਸਨ, ਇਨ੍ਹਾਂ ਵਿਚੋਂ 6 ਜਿੱਤਣ ਵਿਚ ਕਾਮਯਾਬ ਰਹੀਆਂ ਸਨ। ਭਾਜਪਾ ਨੇ ਆਪਣੇ ਹਿੱਸੇ ਦੀਆਂ 23 ਵਿਚੋਂ ਤਿੰਨ ਟਿਕਟਾਂ ਔਰਤਾਂ ਨੂੰ ਦਿੱਤੀਆਂ ਸਨ ਅਤੇ 2 ਜਿੱਤਣ ਵਿਚ




ਸਫਲ ਰਹੀਆਂ ਸਨ। ਕਾਂਗਰਸ ਵੱਲੋਂ ਦਿੱਤੀਆਂ 11 ਟਿਕਟਾਂ ਵਿਚੋਂ 5 ਔਰਤਾਂ ਜੇਤੂ ਰਹੀਆਂ ਸਨ। ਇਸ ਵਾਰ ਅਕਾਲੀ ਦਲ ਨੇ ਸਿਰਫ 5 ਔਰਤਾਂ ਨੂੰ ਮੈਦਾਨ ਵਿਚ ਉਤਾਰਿਆ ਹੈ। ਇਨ੍ਹਾਂ ਵਿਚ ਸੁਲਤਾਨਪੁਰ ਲੋਧੀ ਤੋਂ ਡਾ. ਉਪਿੰਦਰਜੀਤ ਕੌਰ, ਸ਼ਾਮ ਚੌਰਾਸੀ ਤੋਂ ਮੁਹਿੰਦਰ ਕੌਰ ਜੋਸ਼, ਜਗਰਾਉਂ ਤੋਂ ਅਮਰਜੀਤ ਕੌਰ ਸਾਹੋਕੇ, ਘਨੌਰ ਤੋਂ ਹਰਪ੍ਰੀਤ ਕੌਰ ਮੁਖਮੈਲਪੁਰ ਅਤੇ ਸ਼ੁਤਰਾਣਾ ਤੋਂ ਵਨਿੰਦਰ ਕੌਰ ਲੂੰਬਾ ਸ਼ਾਮਲ ਹਨ। ਭਾਜਪਾ ਨੇ ਹੁਣ ਤੱਕ ਦੋ ਔਰਤਾਂ ਨੂੰ ਟਿਕਟਾਂ ਦਿੱਤੀਆਂ ਹਨ, ਜਿਨ੍ਹਾਂ ਵਿਚ ਭੋਆ ਤੋਂ ਵਿਧਾਇਕ ਸੀਮਾ ਕੁਮਾਰੀ ਅਤੇ ਦਸੂਹਾ ਤੋਂ ਵਿਧਾਇਕ ਸੁਖਜੀਤ ਕੌਰ ਸਾਹੀ ਸ਼ਾਮਲ ਹਨ।

ਕਾਂਗਰਸ ਪਾਰਟੀ ਨੇ ਦਸ ਔਰਤਾਂ ਨੂੰ ਟਿਕਟਾਂ ਦਿੱਤੀਆਂ ਹਨ। ਨਿਹਾਲ ਸਿੰਘ ਵਾਲਾ ਤੋਂ ਪਿਛਲੀ ਵਾਰ ਵਿਧਾਇਕ ਬਣੀ ਬੀਬੀ ਰਾਜਵਿੰਦਰ ਕੌਰ ਭਾਗੀਕੇ ਨੂੰ ਉਸੇ ਸੀਟ ਤੋਂ ਉਮੀਦਵਾਰ ਬਣਾਇਆ ਗਿਆ ਹੈ। ਦੀਨਾਨਗਰ ਤੋਂ ਮੌਜੂਦਾ ਵਿਧਾਇਕਾ ਅਰੁਣਾ ਚੌਧਰੀ, ਫਿਰੋਜ਼ਪੁਰ (ਦਿਹਾਤੀ) ਤੋਂ ਲਗਭਗ ਸਵਾ ਸੌ ਵੋਟ ਨਾਲ ਹਾਰੀ ਸਤਕਾਰ ਕੌਰ, ਬੁਢਲਾਡਾ ਤੋਂ ਰਣਜੀਤ ਕੌਰ ਭੱਟੀ, ਲਹਿਰਾਗਾਗਾ ਤੋਂ ਰਾਜਿੰਦਰ ਕੌਰ ਭੱਠਲ, ਮਹਿਲ ਕਲਾਂ ਤੋਂ ਹਰਚੰਦ ਕੌਰ, ਮਾਲੇਰਕੋਟਲਾ ਤੋਂ ਰਜੀਆ ਸੁਲਤਾਨਾ, ਮੁਕਤਸਰ ਤੋਂ ਕਰਨ ਕੌਰ ਬਰਾੜ, ਸੁਨਾਮ ਤੋਂ ਅਮਨ ਥਿੰਦ ਬਾਜਵਾ ਅਤੇ ਸਾਹਨੇਵਾਲ ਤੋਂ ਸਤਵਿੰਦਰ ਬਿੱਟੀ ਨੂੰ ਟਿਕਟ ਦਿੱਤੀ ਗਈ ਹੈ।

ਆਮ ਆਦਮੀ ਪਾਰਟੀ ਨੇ ਦਸੂਹਾ ਤੋਂ ਬਲਵੀਰ ਕੌਰ ਫੁੱਲ, ਬੰਗਾ ਤੋਂ ਹਰਜੋਤ ਕੌਰ, ਜਗਰਾਉਂ ਤੋਂ ਸਰਵਜੀਤ ਕੌਰ ਮਾਣੂਕੇ, ਬਠਿੰਡਾ ਤੋਂ ਰੁਪਿੰਦਰ ਕੌਰ, ਤਲਵੰਡੀ ਸਾਬੋ ਤੋਂ ਆਪਣੇ ਮਹਿਲਾ ਵਿੰਗ ਦੀ ਪ੍ਰਧਾਨ ਪ੍ਰੋ. ਬਲਜਿੰਦਰ ਕੌਰ, ਡੇਰਾਬੱਸੀ ਤੋਂ ਸਰਬਜੀਤ ਕੌਰ, ਘਨੌਰ ਤੋਂ ਅਨੂੰ ਰੰਧਾਵਾ, ਸਨੌਰ ਤੋਂ ਕੁਲਦੀਪ ਕੌਰ ਅਤੇ ਸ਼ੁਤਰਾਣਾ ਤੋਂ ਪਲਵਿੰਦਰ ਕੌਰ ਨੂੰ ਮੈਦਾਨ ਵਿੱਚ ਉਤਾਰਿਆ ਹੈ। ਤਿੰਨਾਂ ਧਿਰਾਂ ਵੱਲੋਂ 26 ਔਰਤਾਂ ਮੈਦਾਨ ਵਿੱਚ ਹਨ, ਪਰ ਪਿਛਲੀਆਂ ਚੋਣਾਂ ਵਾਂਗ ਇਸ ਵਾਰ ਵੀ ਮਹਿਲਾ ਉਮੀਦਵਾਰਾਂ ਦਾ ਜਿੱਤ ਹਾਰ ਦਾ ਫੈਸਲਾ 22 ਸੀਟਾਂ ਉਤੇ ਹੀ ਹੋਣਾ ਹੈ।

### ਬਠਿੰਡਾ ਸੀਟ ਬਣੀ ਅਕਾਲੀਆਂ ਲਈ ਚੁਣੌਤੀ

**ਬਠਿੰਡਾ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਬਠਿੰਡਾ (ਸ਼ਹਿਰੀ) ਤੋਂ ਕਾਂਗਰਸੀ ਉਮੀਦਵਾਰ ਮਨਪ੍ਰੀਤ ਬਾਦਲ ਨੂੰ ਹਰਾਉਣ ਲਈ ਬਠਿੰਡਾ ਵਿਚ ਡੇਰੇ ਲਾ ਲਏ ਹਨ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਅਤੇ ਹਰਸਿਮਰਤ ਬਾਦਲ ਨੇ ਇਸ ਸੀਟ ਨੂੰ ਵੱਕਾਰ ਦਾ ਸਵਾਲ ਬਣਾ ਲਿਆ ਹੈ। ਸੁਖਬੀਰ, ਮਨਪ੍ਰੀਤ ਤੋਂ 17 ਦਿਨ ਵੱਡੇ ਹਨ। ਹੁਣ ਇਸ ਹਲਕੇ ਦੀ ਕਮਾਂਡ ਹਰਸਿਮਰਤ ਨੇ ਆਪਣੇ ਹੱਥਾਂ ਵਿਚ ਲੈ ਲਈ ਹੈ। ਉਨ੍ਹਾਂ ਰੁੱਸੇ ਆਗੂਆਂ ਦੇ ਘਰਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ ਹੈ। ਉਹ ਚੋਣ ਪ੍ਰਚਾਰ ਲਈ ਅਕਾਲੀ ਉਮੀਦਵਾਰ ਸਰੂਪ ਚੰਦ ਸਿੰਗਲਾ ਨੂੰ ਵੀ ਨਾਲ ਨਹੀਂ ਤੋਰ ਰਹੇ। ਹਰਸਿਮਰਤ ਨੂੰ ਲੋਕ ਸਭਾ ਚੋਣਾਂ ਵਿਚ ਬਠਿੰਡਾ ਸ਼ਹਿਰੀ ਹਲਕੇ ਤੋਂ ਮਨਪ੍ਰੀਤ ਬਾਦਲ ਵੱਲੋਂ ਲਈ 30 ਹਜ਼ਾਰ ਦੀ ਲੀਡ ਭੁੱਲੀ ਨਹੀਂ। ਸੂਤਰ ਦੱਸਦੇ ਹਨ ਕਿ ਹਰਸਿਮਰਤ ਬਾਦਲ ਨੇ ਹਰ ਆਗੂ ਨੂੰ ਆਖਿਆ ਕਿ 'ਬੀਤੇ ਨੂੰ ਭੁੱਲ ਜਾਓ, ਭਵਿੱਖ ਵਿਚ ਕੋਈ ਮੌਕਾ ਨਹੀਂ ਮਿਲੇਗਾ।' ਸ਼ਹਿਰ ਦੇ ਲਾਈਨੋਂ ਪਾਰ ਇਲਾਕੇ ਵਿਚ ਕੇਂਦਰੀ ਮੰਤਰੀ ਕਈ ਆਗੂਆਂ ਦੇ ਘਰਾਂ ਵਿਚ ਗਏ। ਦੂਜੇ ਪਾਸੇ ਮਨਪ੍ਰੀਤ ਬਾਦਲ ਦਾ ਪੂਰਾ ਪਰਿਵਾਰ ਪਤਨੀ ਵੀਨੂੰ ਬਾਦਲ, ਪਿਤਾ ਗੁਰਦਾਸ ਬਾਦਲ, ਲੜਕਾ ਅਰਜਨ ਅਤੇ ਲੜਕੀ ਰੀਆ ਬਾਦਲ ਸ਼ਹਿਰ ਵਿਚ ਦਿਨ ਰਾਤ ਪ੍ਰਚਾਰ ਵਿਚ ਜੁਟੇ ਹੋਏ ਹਨ।

# ਸੁਪਰੀਮ ਕੋਰਟ ਵੱਲੋਂ ਸਿੱਖ ਕਤਲੇਆਮ ਬਾਰੇ ਜਾਂਚ ਰਿਪੋਰਟ ਤਲਬ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਵਿਸਤ੍ਰਿਤ ਸਥਿਤੀ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਜਾਵੇ। ਜਲਦਬਾਜ਼ੀ 'ਚ ਬੰਦ ਕੀਤੇ ਗਏ ਕੇਸਾਂ ਨੂੰ ਮੁੜ ਤੋਂ ਖੋਲ੍ਹਣ ਲਈ ਉਚੇਚੇ ਤੌਰ 'ਤੇ ਸਿੱਟ ਦਾ ਗਠਨ ਕੀਤਾ ਗਿਆ ਹੈ।

ਜਸਟਿਸ ਦੀਪਕ ਮਿਸ਼ਰਾ ਅਤੇ ਆਰ ਭਾਨੂਮਤੀ ਉਤੇ ਆਧਾਰਿਤ ਬੈਂਚ ਵੱਲੋਂ ਹੁਣ ਇਸ ਕੇਸ ਦੀ ਸੁਣਵਾਈ 20 ਫਰਵਰੀ ਨੂੰ ਕੀਤੀ ਜਾਏਗੀ। ਵਧੀਕ ਸੌਲੀਸਿਟਰ ਜਨਰਲ ਪਿੰਕੀ ਆਨੰਦ ਨੇ ਰਿਪੋਰਟ ਦਾਖਲ ਕਰਨ ਲਈ 4 ਹਫਤੇ ਦਾ ਸਮਾਂ ਮੰਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਲਾਡ ਸਿੰਘ ਕਾਹਲੋਂ ਵੱਲੋਂ ਦਾਖਲ ਜਨ ਹਿਤ ਪਟੀਸ਼ਨ ਦੌਰਾਨ ਉਨ੍ਹਾਂ ਦੇ ਵਕੀਲ ਅਰਵਿੰਦ ਦਾਤਾਰ ਨੇ ਦਲੀਲ ਦਿੱਤੀ ਕਿ ਇਸ ਮਾਮਲੇ ਦੀ ਫੌਰੀ ਸੁਣਵਾਈ ਕੀਤੀ ਜਾਵੇ ਕਿਉਂਕਿ ਸਿੱਟ ਦੀ ਮਿਆਦ ਅਗਲੇ ਮਹੀਨੇ 11 ਫਰਵਰੀ ਨੂੰ ਖਤਮ ਹੋ ਜਾਣੀ ਹੈ। ਉਨ੍ਹਾਂ ਕਿਹਾ ਕਿ 220 ਵਿਚੋਂ 22 ਕੇਸਾਂ ਨੂੰ ਦੁਬਾਰਾ ਖੋਲ੍ਹੇ ਜਾਣ ਲਈ ਸਿੱਟ ਵੱਲੋਂ ਪੜਤਾਲ ਕੀਤੀ ਜਾ ਰਹੀ ਹੈ।

ਵਧੀਕ ਸੌਲੀਸਿਟਰ ਜਨਰਲ ਨੇ ਸਫਾਈ ਦਿੱਤੀ ਕਿ ਅਜੇ ਸਿੱਟ ਦੀ ਪੜਤਾਲ ਚੱਲ ਰਹੀ ਹੈ ਅਤੇ ਕੇਂਦਰ ਵੱਲੋਂ ਜਵਾਬ ਦਾਖਲ ਕਰਨ ਲਈ ਹੋਰ ਸਮਾਂ ਮੰਗਿਆ। ਇਸ ਤੋਂ ਪਹਿਲਾਂ ਦਾਖਲ ਕੀਤੀ ਗਈ ਸਥਿਤੀ ਰਿਪੋਰਟ ਵਿਚ ਕੇਂਦਰ ਨੇ ਕਿਹਾ ਸੀ ਕਿ ਸਿੱਟ ਨੇ 216 ਕੇਸਾਂ ਦੀ ਪੜਤਾਲ ਕਰ ਕੇ 22 ਨੂੰ ਮੁੜ ਖੋਲ੍ਹਣ ਉਤੇ ਵਿਚਾਰ ਕੀਤਾ ਹੈ। ਸ੍ਰੀ ਕਾਹਲੋਂ ਨੇ ਸਿੱਟ ਨੂੰ ਹੋਰ ਸਮਾਂ ਦੇਣ 'ਤੇ ਇਤਰਾਜ਼ ਪ੍ਰਗਟ ਕਰਦਿਆਂ ਜਾਂਚ ਟੀਮ ਨੂੰ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕੰਮ ਕਰਨ ਦੀ ਮੰਗ ਕੀਤੀ ਸੀ ਤਾਂ ਜੋ ਕਤਲੇਆਮ ਨਾਲ ਸਬੰਧਤ ਕੇਸਾਂ ਦੇ ਨਿਪਟਾਰੇ 'ਚ ਹੋਰ ਦੇਰੀ ਨਾ ਹੋਵੇ। ਉਨ੍ਹਾਂ ਮੰਗ ਕੀਤੀ ਕਿ 2002 ਦੇ ਗੁਜਰਾਤ ਦੰਗਿਆਂ ਦੇ ਕੇਸਾਂ ਦੀ ਤੇਜ਼ੀ ਨਾਲ ਨਿਪਟਾਰੇ ਵਾਂਗ ਹੀ ਇਸ ਮਾਮਲੇ 'ਚ ਤੇਜ਼ੀ ਦਿਖਾਈ ਜਾਵੇ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ 12 ਫਰਵਰੀ 2015 ਵਿਚ ਵਿਸ਼ੇਸ਼ ਜਾਂਚ ਟੀਮ ਬਣਾ ਕੇ ਛੇ ਮਹੀਨਿਆਂ ਅੰਦਰ ਕੰਮ ਮੁਕੰਮਲ ਕਰਨ ਲਈ ਕਿਹਾ ਸੀ, ਪਰ ਸਿੱਟ ਦੀ ਮਿਆਦ 'ਚ ਪਹਿਲਾਂ ਹੀ ਵਾਧਾ ਕੀਤਾ ਜਾ ਚੁੱਕਿਆ ਹੈ।



## ਜੱਲਿਆਂਵਾਲੇ ਕਾਂਡ ਲਈ ਮੁਆਫੀ ਦਾ ਮੁੱਦਾ ਚੁੱਕਿਆ

**ਕੋਲਕਾਤਾ:** ਕਾਂਗਰਸ ਦੇ ਸੰਸਦ ਮੈਂਬਰ ਅਤੇ ਲੇਖਕ ਸ਼ਸ਼ੀ ਥਰੂਰ ਨੇ ਕਿਹਾ ਹੈ ਕਿ ਜਲਿਆਂਵਾਲਾ ਬਾਗ ਕਾਂਡ ਦੀ 2019 ਵਿਚ ਸ਼ਤਾਬਦੀ ਮੌਕੇ ਬਰਤਾਨੀਆ ਵੱਲੋਂ ਭਾਰਤੀਆਂ ਕੋਲੋਂ ਮੁਆਫੀ ਮੰਗਣ ਦਾ ਸਹੀ ਸਮਾਂ ਹੈ। ਸਾਬਕਾ ਵਿਦੇਸ਼ ਰਾਜ ਮੰਤਰੀ, ਜੋ ਆਪਣੀ ਕਿਤਾਬ 'ਐਨ ਇਰਾ ਆਫ ਡਾਰਕਨੈਸ: ਦਿ ਬ੍ਰਿਟਿਸ਼ ਐਂਪਾਇਰ ਇਨ ਇੰਡੀਆ' ਬਾਰੇ ਬੋਲ ਰਹੇ ਸਨ, ਨੇ ਕਿਹਾ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਜਾਂ ਸ਼ਾਹੀ ਖਾਨਦਾਨ ਦਾ ਮੈਂਬਰ ਭਾਰਤ ਆ ਕੇ ਨਾ ਸਿਰਫ ਜਲਿਆਂਵਾਲਾ ਬਾਗ ਕਾਂਡ ਸਗੋਂ ਬਰਤਾਨਵੀ ਰਾਜ ਵੇਲੇ ਕੀਤੀਆਂ ਵਧੀਕੀਆਂ ਲਈ ਮੁਆਫੀ ਮੰਗਣ। ਉਨ੍ਹਾਂ ਕਿਹਾ ਕਿ ਇਸ ਮੌਕੇ ਦਾ ਲਾਹਾ ਲਿਆ ਜਾਣਾ ਚਾਹੀਦਾ ਹੈ, ਕਿਉਂਕਿ ਸਾਰੇ ਗਲਤ ਕੰਮ ਬ੍ਰਿਟਿਸ਼ ਤਾਜ ਦੇ ਨਾਮ ਹੇਠਾਂ ਕੀਤੇ ਗਏ ਸਨ। ਥਰੂਰ ਨੇ ਕਿਹਾ ਕਿ ਜਲਿਆਂਵਾਲਾ ਬਾਗ 'ਚ ਬੇਕਸੂਰਾਂ ਨੂੰ ਮਾਰਨ ਲਈ ਅਫਸੋਸ ਕਰਨ ਅਤੇ ਮੁਆਫੀ ਮੰਗਣ ਵਿਚ ਕੋਈ ਦੇਰ ਨਹੀਂ ਹੋਈ ਹੈ, ਪਰ ਅਸਲੀਅਤ ਇਹ ਹੈ ਕਿ ਬਰਤਾਨੀਆ ਨੇ ਹਮੇਸ਼ਾ ਇਸ ਮੁੱਦੇ ਨੂੰ ਅਣਗੌਲਿਆ ਕਰ ਦਿੱਤਾ।

## 'ਸੱਚ ਦੀ ਕੰਧ' ਮਨੁੱਖਤਾ ਨੂੰ ਸਮਰਪਿਤ

**ਨਵੀਂ ਦਿੱਲੀ:** ਇਤਿਹਾਸਕ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਉਸਾਰੀ ਗਈ ਸਿੱਖ ਕਤਲੇਆਮ ਦੀ ਯਾਦਗਾਰ, ਜਿਸ ਨੂੰ ਦਿੱਲੀ ਕਮੇਟੀ ਵੱਲੋਂ "ਸੱਚ ਦੀ ਕੰਧ" ਦਾ ਨਾਂ ਦਿੱਤਾ ਹੈ, ਮਨੁੱਖਤਾ ਨੂੰ ਸਮਰਪਤ ਕਰ ਦਿੱਤੀ ਗਈ। ਯਾਦਗਾਰ ਵਾਲੀ ਥਾਂ ਉਤੇ ਕਰਵਾਏ ਗਏ ਵਿਸ਼ੇਸ਼ ਪ੍ਰੋਗਰਾਮ ਵਿਚ 1984 ਕਤਲੇਆਮ ਦੀਆਂ ਪੀੜਤ 5 ਵਿਧਵਾ ਬੀਬੀਆਂ ਵੱਲੋਂ ਇਸ ਯਾਦਗਾਰ ਨੂੰ ਮਨੁੱਖਤਾ ਨੂੰ ਸਮਰਪਤ ਕੀਤਾ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਦਿੱਲੀ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਪੰਜਾਬੀ ਯੂਨੀਵਰਸਿਟੀ ਦੇ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਤੇ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤ ਮੌਜੂਦ ਸੀ। ਦਿੱਲੀ ਕਮੇਟੀ ਪ੍ਰਬੰਧਕਾਂ ਮੁਤਾਬਕ 'ਸੱਚ ਦੀ ਕੰਧ' ਦੇ ਨਾਂ ਵਾਲੀ ਇਹ ਯਾਦਗਾਰ ਤਕਰੀਬਨ 2600 ਸਕੇਅਰ ਮੀਟਰ ਵਿਚ ਉਸਾਰੀ ਗਈ ਹੈ ਅਤੇ ਇਸ ਯਾਦਗਾਰ ਵਿਚ ਜ਼ਿਗ-ਜ਼ੈਗ ਵਾਲ (ਕੰਧ) ਬਣਾਈ ਗਈ ਹੈ, ਜਿਸ ਉਤੇ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਦੇ ਨਾਮ ਲਿਖੇ ਗਏ ਹਨ। ਇਸ ਯਾਦਗਾਰ 'ਚ ਓਪਨ-ਥੀਏਟਰ ਤੇ ਫੁਹਾਰੇ ਤੋਂ ਇਲਾਵਾ ਇਕ ਗੈਲਰੀ ਵੀ ਬਣਾਈ ਗਈ ਹੈ, ਜਿਸ ਵਿਚ 1984 ਕਤਲੇਆਮ ਨਾਲ ਸਬੰਧਤ ਤਸਵੀਰਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਇਹੀ ਨਹੀਂ ਬਲਕਿ ਸਿੱਖਾਂ ਨੂੰ ਬਚਾਉਣ ਦੌਰਾਨ ਮਾਰੇ ਗਏ ਹਿੰਦੂ ਭਾਈਚਾਰੇ ਦੇ ਤਿੰਨ ਵਿਅਕਤੀਆਂ ਦੇ ਨਾਂ ਦੀ ਵੀ ਇਕ ਵੱਖਰੀ ਪਲੇਟ ਲਾਈ ਗਈ ਹੈ।

ਉਕਤ ਯਾਦਗਾਰ ਸਬੰਧੀ ਦਿੱਲੀ ਕਮੇਟੀ ਦਾ ਕਹਿਣਾ ਹੈ ਕਿ ਇਹ ਯਾਦਗਾਰ ਮਨੁੱਖਤਾ ਉਤੇ ਕੀਤੇ ਗਏ ਜ਼ੁਲਮ ਦੀ ਦਾਸਤਾਨ ਦੀ ਪ੍ਰਤੀਕ ਹੈ ਅਤੇ ਇਸ ਯਾਦਗਾਰ ਦੀ ਤੁਲਨਾ ਯਹੂਦੀਆਂ ਦੀ ਨਸਲਕੁਸ਼ੀ ਦੇ ਪ੍ਰਤੀਕ ਵੱਜੋਂ 2006 ਵਿਚ ਬਣਾਏ ਗਏ 'ਹੋਲੋਕਾਸਟ ਮੈਮੋਰੀਅਲ' ਨਾਲ ਵੀ ਕੀਤੀ ਜਾ ਰਹੀ ਹੈ। ਪ੍ਰਬੰਧਕਾਂ ਮੁਤਾਬਕ 'ਸੱਚ ਦੀ ਦੀਵਾਰ' ਸਮੁੱਚੀ ਦੁਨੀਆਂ ਨੂੰ 1984 ਸਿੱਖ ਕਤਲੇਆਮ ਦੇ ਸੱਚ ਤੋਂ ਜਾਣੂ ਕਰਵਾਉਂਦੇ ਹੋਏ ਇਸ ਗੱਲ ਦਾ ਅਹਿਸਾਸ ਕਰਵਾਏਗੀ ਕਿ ਜਦ ਵਕਤ ਦੀਆਂ ਸਰਕਾਰਾਂ ਖੁਦ ਹੀ ਤਸ਼ੱਦਦ ਕਰਨ ਲੱਗ ਜਾਣ ਤਾਂ ਮਨੁੱਖਤਾ ਨੂੰ ਕਿੰਨੇ ਭਿਆਨਕ ਤਸੀਹੇ ਝੱਲਣੇ ਪੈਂਦੇ ਹਨ। ਯਾਦਗਾਰ ਇਸ ਗੱਲ ਦਾ ਸੁਨੇਹਾ ਵੀ ਦੇਵੇਗੀ ਕਿ ਭਵਿੱਖ 'ਚ ਅਜਿਹੀ ਘਟਨਾ ਮੁੜ ਨਾ ਵਾਪਰੇ।

# ਨਵਜੋਤ ਸਿੰਘ ਸਿੱਧੂ ਦਾ ਕਾਂਗਰਸ 'ਚ ਛੜੱਪਾ

**ਨਵੀ ਦਿੱਲੀ:** ਸਾਬਕਾ ਕ੍ਰਿਕਟਰ ਅਤੇ ਭਾਜਪਾ ਦੇ ਸਟਾਰ ਪ੍ਰਚਾਰਕ ਰਹੇ ਨਵਜੋਤ ਸਿੰਘ ਸਿੱਧੂ, ਰਾਹੁਲ ਗਾਂਧੀ ਨਾਲ ਮੁਲਾਕਾਤ ਤੋਂ ਬਾਅਦ ਕਾਂਗਰਸ ਵਿਚ ਸ਼ਾਮਲ ਹੋ ਗਏ। ਪੰਜਾਬ ਦੀ ਰਾਜਨੀਤੀ ਵਿਚ ਵੱਡੀ ਭੂਮਿਕਾ ਨਾ ਮਿਲਣ ਤੋਂ ਨਾਰਾਜ਼ ਹੋ ਕੇ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇਣ ਤੋਂ ਬਾਅਦ ਭਾਜਪਾ ਨੂੰ ਅਲਵਿਦਾ ਆਖਣ ਵਾਲੇ ਨਵਜੋਤ ਸਿੰਘ ਸਿੱਧੂ ਦੇ ਪਹਿਲਾਂ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦੇ ਕਿਆਸ ਲਗਾਏ ਗਏ ਸਨ, ਪਰ ਸ਼ਾਇਦ ਉਥੇ ਵੀ ਵੱਡੀ ਜ਼ਿੰਮੇਵਾਰੀ ਸਬੰਧੀ ਗੱਲ ਅਟਕ ਗਈ।

ਇਸ ਤੋਂ ਬਾਅਦ ਉਨ੍ਹਾਂ ਦੇ ਕਾਂਗਰਸ 'ਚ ਸ਼ਾਮਲ ਹੋਣ ਦੀ ਚਰਚਾ ਜ਼ੋਰ ਫੜਦੀ ਗਈ ਤੇ ਆਖਰਕਾਰ ਉਹ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਕਾਂਗਰਸ ਦਾ ਮੰਨਣਾ ਹੈ ਕਿ ਪੰਜਾਬ ਚੋਣਾਂ ਤੋਂ ਠੀਕ ਪਹਿਲਾਂ ਸਿੱਧੂ ਦੇ ਕਾਂਗਰਸ ਵਿਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਕਾਫੀ ਫਾਇਦਾ ਹੋ ਸਕਦਾ ਹੈ। ਸਿੱਧੂ ਦੇ ਕਾਂਗਰਸ ਵਿਚ ਸ਼ਾਮਲ ਹੋਣ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਾਂਗਰਸ ਦੇ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਨੇ ਕਿਹਾ ਕਿ ਉਨ੍ਹਾਂ ਦੇ ਪਾਰਟੀ 'ਚ ਸ਼ਾਮਲ ਹੋਣ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ। ਦੱਸਣਯੋਗ ਹੈ ਕਿ ਸਿੱਧੂ ਦੀ ਪਤਨੀ ਡਾ. ਸਿੱਧੂ ਡੇਢ ਮਹੀਨਾ ਪਹਿਲਾਂ ਹੀ ਕਾਂਗਰਸ ਦਾ ਪੱਲਾ ਫੜ ਚੁੱਕੀ ਹੈ।

ਬੀਤੇ ਸਾਲ ਸਤੰਬਰ ਮਹੀਨੇ 'ਚ ਭਾਜਪਾ ਛੱਡਣ ਵਾਲੇ ਸਿੱਧੂ ਦੇ 'ਆਪ' ਵਿਚ ਸ਼ਾਮਲ ਹੋਣ ਦੀ ਚਰਚਾ ਤੋਂ ਇਲਾਵਾ ਪਰਗਟ ਸਿੰਘ ਤੇ ਬੈਂਸ ਭਰਾਵਾਂ ਨਾਲ ਰਲ ਕੇ ਆਵਾਜ਼-ਏ-ਪੰਜਾਬ ਮੋਰਚਾ ਵੀ ਕਾਇਮ ਕੀਤਾ ਸੀ, ਪਰ ਉਹ ਜ਼ਿਆਦਾ ਦੇਰ ਤੱਕ ਨਹੀਂ ਚਲ ਸਕਿਆ ਕਿਉਂਕਿ ਸਾਰਿਆਂ ਨੇ ਸਿਆਸੀ ਭਵਿੱਖ ਦੇ ਨਜ਼ਰੀਏ ਨਾਲ ਆਪਣੀ-ਆਪਣੀ ਰਾਹ ਚੁਣ ਲਈ ਸੀ।



## ਮੇਰੀ ਘਰ ਵਾਪਸੀ ਹੋਈ: ਨਵਜੋਤ ਸਿੱਧੂ

**ਨਵੀਂ ਦਿੱਲੀ:** ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਜਮਾਂਦਰੂ ਕਾਂਗਰਸੀ ਹੈ ਕਿਉਂਕਿ ਉਸ ਦੇ ਪਿਤਾ ਭਗਵੰਤ ਸਿੰਘ ਸਿੱਧੂ ਆਜ਼ਾਦੀ ਘੁਲਾਟੀਏ ਸਨ ਅਤੇ ਉਹ 40 ਵਰ੍ਹਿਆਂ ਤੱਕ ਕਾਂਗਰਸ ਵਿਚ ਰਹੇ। ਉਨ੍ਹਾਂ ਕਿਹਾ ਕਿ ਮੇਰੀ ਘਰ ਵਾਪਸੀ ਹੋ ਗਈ ਹੈ। ਉਨ੍ਹਾਂ ਨੇ ਭਾਜਪਾ ਨੂੰ ਕੈਕੇਈ (ਜਿਨ੍ਹਾਂ ਭਗਵਾਨ ਰਾਮ ਨੂੰ ਬਨਵਾਸ ਦਿੱਤਾ ਸੀ) ਅਤੇ ਕਾਂਗਰਸ ਨੂੰ ਕੌਸ਼ਲਿਆ (ਜਿਨ੍ਹਾਂ ਭਗਵਾਨ ਰਾਮ ਨੂੰ ਜਨਮ ਦਿੱਤਾ ਸੀ) ਕਰਾਰ ਦਿੱਤਾ। ਉਨ੍ਹਾਂ ਕਿਸੇ ਭਾਜਪਾ ਆਗੂ ਦਾ ਨਾਮ ਲਏ ਬਿਨਾਂ ਕਿਹਾ ਕਿ 'ਮੰਥਰਾ' ਦੀਆਂ ਕਰਤੂਤਾਂ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਛੱਡਣ ਲਈ ਮਜਬੂਰ ਕਰ ਦਿੱਤਾ ਸੀ।

# ਸ਼੍ਰੋਮਣੀ ਕਮੇਟੀ ਕਰੇਗੀ ਕੇਜਰੀਵਾਲ ਨੂੰ ਸਿਰੋਪਾਉ ਦੇਣ ਬਾਰੇ ਜਾਂਚ

**ਅੰਮ੍ਰਿਤਸਰ:** ਗੁਰੂ ਨਗਰੀ ਦੇ ਦੌਰੇ ਸਮੇਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਤਰਨ ਤਾਰਨ ਸਥਿਤ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਸਮੇਂ ਸਿਰੋਪਾਉ ਦੇਣ ਦੇ ਮਾਮਲੇ ਦੀ ਸ਼੍ਰੋਮਣੀ ਕਮੇਟੀ ਨੇ ਜਾਂਚ ਕਰਨ ਦਾ ਫੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਮੀਡੀਆ ਦੇ ਇਕ ਹਿੱਸੇ 'ਚ ਆਈਆਂ ਖਬਰਾਂ ਤੋਂ ਪਤਾ ਲੱਗਾ ਹੈ ਕਿ ਸ੍ਰੀ ਕੇਜਰੀਵਾਲ ਨੂੰ ਉਸ ਦੇ ਸਾਥੀਆਂ ਨੇ ਤਰਨ ਤਾਰਨ ਸਥਿਤ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਸਿਰੋਪਾਉ ਜਬਰੀ ਚੁੱਕ ਕੇ ਦਿੱਤਾ ਹੈ, ਜੋ ਗੁਰੂ ਘਰ ਦੀ ਮਰਿਆਦਾ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਸਿਰੋਪਾਉ ਗੁਰੂ ਘਰ ਦੀ ਬਖ਼ਸ਼ਿਸ਼ ਹੈ। ਇਹ ਗ੍ਰੰਥੀ ਜਾਂ ਮੁੱਖ ਗ੍ਰੰਥੀ ਆਦਿ ਪ੍ਰਬੰਧਕਾਂ ਵੱਲੋਂ ਹੀ ਭੇਟ ਕੀਤਾ ਜਾਂਦਾ ਹੈ, ਪਰ ਕੇਜਰੀਵਾਲ ਦੇ ਸਾਥੀਆਂ ਨੇ ਆਪ ਮੁਹਾਰੇ ਗੁਰੂ ਘਰ 'ਚੋਂ ਸਿਰੋਪਾਉ ਚੁੱਕ ਕੇ ਦਿੱਤਾ ਹੈ। ਇਸ ਗਲਤੀ ਲਈ ਕੇਜਰੀਵਾਲ ਤੇ ਉਸ ਦੇ ਸਾਥੀਆਂ ਨੂੰ ਸਿੱਖ ਜਗਤ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ।

ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਅਰਜਨ ਸਿੰਘ ਨੇ ਕਿਹਾ ਕਿ ਸ੍ਰੀ ਕੇਜਰੀਵਾਲ ਨੂੰ ਸਿਰੋਪਾਉ ਗੁਰੂ ਘਰ ਦੇ ਪ੍ਰਬੰਧਕਾਂ ਵੱਲੋਂ ਨਹੀਂ ਦਿੱਤਾ ਗਿਆ, ਸਗੋਂ ਉਸ ਦੇ ਸਮਰਥਕਾਂ ਨੇ ਹੀ ਭੇਟ ਕੀਤਾ ਹੈ। ਦੂਜੇ ਪਾਸੇ ਸ੍ਰੀ ਕੇਜਰੀਵਾਲ ਨੂੰ ਸਿਰੋਪਾਉ ਦੇਣ ਵਾਲੇ 'ਆਪ' ਵਲੰਟੀਅਰ ਅਵਤਾਰ ਸਿੰਘ ਦਿਓਲ ਨੇ ਕਿਹਾ ਕਿ ਉਨ੍ਹਾਂ ਨੇ ਸਿਰੋਪਾਉ ਸ੍ਰੀ ਦਰਬਾਰ ਸਾਹਿਬ ਵਿਖੇ ਸੌ ਰੁਪਏ ਭੇਟ ਕਰ ਕੇ ਗ੍ਰੰਥੀ ਸਿੰਘ ਕੋਲੋਂ ਲਿਆ ਸੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਹੀ ਸ੍ਰੀ ਕੇਜਰੀਵਾਲ ਨੂੰ ਭੇਟ ਕੀਤਾ ਸੀ। ਇਸ ਲਈ ਧਾਰਮਿਕ ਮਰਿਆਦਾ ਦੀ ਕੋਈ ਉਲੰਘਣਾ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪਤਾ ਸੀ ਕਿ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵੱਲੋਂ ਸ੍ਰੀ ਕੇਜਰੀਵਾਲ ਨੂੰ ਸਿਰੋਪਾਉ ਨਹੀਂ ਦਿੱਤਾ ਜਾਵੇਗਾ, ਜਿਸ ਕਾਰਨ ਉਸ ਨੇ ਭੇਟਾ ਦੇ ਕੇ ਸਿਰੋਪਾਉ ਲੈ ਲਿਆ ਸੀ।

ਉਨ੍ਹਾਂ ਕਿਹਾ ਕਿ ਹਾਕਮ ਧਿਰ ਦੇ ਕਬਜ਼ੇ ਵਾਲੀ ਸ਼੍ਰੋਮਣੀ ਕਮੇਟੀ ਲਾਲ ਕ੍ਰਿਸ਼ਨ ਅਡਵਾਨੀ, ਜਿਸ ਨੇ ਇੰਦਰਾ ਗਾਂਧੀ 'ਤੇ ਦਬਾਅ ਪਾ ਕੇ ਹਰਿਮੰਦਰ ਸਾਹਿਬ ਉਤੇ ਫੌਜੀ ਹਮਲਾ ਕਰਾਇਆ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਖਿਲਾਫ ਕੋਈ ਕਾਰਵਾਈ ਨਾ ਕਰਨ ਵਾਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਤਾਂ ਸਿਰੋਪਾਉ ਦੇ ਸਕਦੀ ਹੈ, ਪਰ ਸ੍ਰੀ ਕੇਜਰੀਵਾਲ ਨੂੰ ਸਿਰੋਪਾਉ ਦੇਣ ਤੋਂ ਇਨਕਾਰੀ ਹੈ।

## ਕਿਊਬਿਆਈ ਪਰਵਾਸੀਆਂ ਬਾਰੇ 20 ਸਾਲ ਪੁਰਾਣੀ ਨੀਤੀ ਖਤਮ

**ਵਾਸ਼ਿੰਗਟਨ:** ਗੈਰ ਕਾਨੂੰਨੀ ਤਰੀਕਿਆਂ ਰਾਹੀਂ ਅਮਰੀਕਾ ਆਏ ਕਿਊਬਿਆਈ ਪਰਵਾਸੀਆਂ ਨੂੰ ਇਥੇ ਰਹਿਣ ਅਤੇ ਕਾਨੂੰਨੀ ਵਾਸੀ ਬਣਨ ਦਾ ਹੱਕ ਦੇਣ ਵਾਲੀ ਦੋ ਦਹਾਕੇ ਪੁਰਾਣੀ ਪਰਵਾਸ ਨੀਤੀ ਨੂੰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਖਤਮ ਕਰ ਦਿੱਤਾ।

ਸੀਤ ਯੁੱਧ ਦੇ ਆਪਣੇ ਪੁਰਾਣੇ ਦੁਸ਼ਮਣ ਨਾਲ ਰਿਸ਼ਤੇ ਸੁਧਾਰਨ ਦੀ ਦਿਸ਼ਾ ਵਿਚ ਅਮਰੀਕਾ ਦਾ ਇਹ ਅਹਿਮ ਕਦਮ ਹੈ। ਓਬਾਮਾ ਪ੍ਰਸ਼ਾਸਨ ਦੇ ਆਖਰੀ ਦਿਨਾਂ ਵਿਚ ਸਾਹਮਣੇ ਆਇਆ ਇਹ ਫੈਸਲਾ ਫੌਰੀ ਲਾਗੂ ਹੋ ਗਿਆ। ਓਬਾਮਾ ਨੇ ਇਕ ਬਿਆਨ ਵਿਚ ਕਿਹਾ ਕਿ ਹੋਮਲੈਂਡ ਸਿਕਿਉਰਿਟੀ ਵਿਭਾਗ 20 ਸਾਲ ਪਹਿਲਾਂ ਲਾਗੂ ਹੋਈ ਇਸ ਨੀਤੀ ਨੂੰ ਖਤਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਇਸ ਸਮਾਜਵਾਦੀ ਮੁਲਕ ਨਾਲ ਰਿਸ਼ਤੇ ਆਮ ਵਾਂਗ ਕਰਨ ਅਤੇ ਆਪਣੀ ਪਰਵਾਸ ਨੀਤੀ ਵਿਚ ਵਡੇਰੀ ਇਕਸੁਰਤਾ ਲਈ ਅਹਿਮ ਕਦਮ ਚੁੱਕੇ ਹਨ।

# ਟਰੰਪ ਦੀ ਧਾਰਮਿਕ ਮਿਲਣੀ 'ਚ ਦੋ ਭਾਰਤੀਆਂ ਨੂੰ ਸੱਦਾ

**ਵਾਸ਼ਿੰਗਟਨ:** ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਅਗਲੇ ਦਿਨ ਡੋਨਲਡ ਟਰੰਪ ਪਰਮਾਤਮਾ ਦੇ ਆਸ਼ੀਰਵਾਦ ਨਾਲ ਆਪਣੇ ਸਫਰ ਦੀ ਸ਼ੁਰੂਆਤ ਕਰਨਗੇ। ਇਸ ਸ਼ੁਰੂਆਤ ਲਈ 21 ਜਨਵਰੀ ਨੂੰ ਵਾਸ਼ਿੰਗਟਨ ਡੀ.ਸੀ. ਚਰਚ ਵਿਖੇ ਅੰਤਰਰਾਸ਼ਟਰੀ ਧਾਰਮਿਕ ਮਿਲਣੀ ਕਰਵਾਈ ਜਾ ਰਹੀ ਹੈ। ਇਸ ਮੌਕੇ ਵੱਖ-ਵੱਖ ਧਰਮਾਂ ਦੀਆਂ ਚੋਣਵੀਆਂ ਸ਼ਖਸੀਅਤਾਂ ਨੂੰ ਸੱਦਾ ਦਿੱਤਾ ਗਿਆ ਹੈ।

ਇਸ ਦੌਰਾਨ ਸਿੱਖ ਭਾਈਚਾਰੇ ਵੱਲੋਂ ਜਸਦੀਪ ਸਿੰਘ ਜੱਸੀ ਟਰੰਪ ਨਾਲ ਸਿੱਖ ਸਿਧਾਂਤਾਂ ਤੇ ਗੁਰੂ ਸਾਹਿਬਾਨ ਵੱਲੋਂ ਦਿੱਤੇ ਨੇਕ ਨੀਤੀ ਤੇ ਦ੍ਰਿੜ੍ਹ ਇਰਾਦੇ ਨਾਲ ਕੰਮ ਕਰਨ ਦੀਆਂ ਸਿੱਖਿਆਵਾਂ ਸਬੰਧੀ ਸਾਂਝ ਪਾਉਣਗੇ। ਮੁਸਲਿਮ ਭਾਈਚਾਰੇ ਵੱਲੋਂ ਟਰੰਪ ਦੇ ਨਜ਼ਦੀਕੀ ਮੰਨੇ ਜਾਣ ਵਾਲੇ ਸਾਜਿਦ ਤਰਾਰ ਇਸ ਮਿਲਣੀ ਵਿਚ ਸ਼ਿਰਕਤ ਕਰਨਗੇ।

ਇਨ੍ਹਾਂ ਦੋਵਾਂ ਨੇ ਟਰੰਪ ਦੀ ਚੋਣ ਮੁਹਿੰਮ ਦੌਰਾਨ ਅਹਿਮ ਯੋਗਦਾਨ ਪਾਇਆ ਸੀ ਜਿਸ ਕਰ ਕੇ ਟਰੰਪ ਏਸ਼ੀਅਨ ਲੋਕਾਂ ਦੀ ਹਮਾਇਤ ਹਾਸਲ ਕਰਨ ਵਿਚ ਕਾਮਯਾਬ ਹੋਏ ਸਨ। ਇਨ੍ਹਾਂ ਦੋਵਾਂ ਆਗੂਆਂ ਦੀ ਟਰੰਪ ਨਾਲ ਨਜ਼ਦੀਕੀ ਤੋਂ ਸਿੱਖ ਤੇ ਮੁਸਲਮਾਨ ਭਾਈਚਾਰਾ ਵੀ ਮੁਸ਼ਕਲਾਂ ਦੇ ਹੱਲ ਲਈ ਕਾਫੀ ਆਸਵੰਦ ਹੈ।



## ਡਾਲਰ ਉਤੇ ਸਿੱਖ ਦੀ ਤਸਵੀਰ

**ਫਿਜ਼ੀ:** ਫਿਜ਼ੀ ਸਰਕਾਰ ਨੇ 2 ਡਾਲਰ ਦੀ ਨਵੀਂ ਕਰੰਸੀ ਜਾਰੀ ਕੀਤੀ ਹੈ, ਜਿਸ ਉਤੇ ਇਕ ਸਿੱਖ ਦੀ ਤਸਵੀਰ ਵੇਖੀ ਜਾ ਸਕਦੀ ਹੈ। ਫਿਜ਼ੀ ਸਰਕਾਰ ਨੇ ਸਿੱਖਾਂ ਵੱਲੋਂ ਦੇਸ਼ ਵਿਚ ਦਿੱਤੇ ਯੋਗਦਾਨ ਸਦਕਾ ਆਪਣੀ ਨਵੀਂ ਕਰੰਸੀ ਵਿਚ ਭਾਈਚਾਰੇ ਨੂੰ ਥਾਂ ਦਿੱਤੀ ਹੈ। ਫਿਜ਼ੀ ਵਿਚ ਵਸਦਾ ਸਿੱਖ ਭਾਈਚਾਰਾ ਦੇਸ਼ ਦੀ ਆਰਥਿਕਤਾ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਸਿੱਖ ਭਾਈਚਾਰਾ ਇਥੇ ਤਕਰੀਬਨ 100 ਸਾਲ ਪਹਿਲਾਂ ਜਾ ਕੇ ਵਸਿਆ ਸੀ, ਸਊਵਾ ਅਤੇ ਨੌਸੋਰੀ ਵਿਚ ਜ਼ਿਆਦਾ ਸਿੱਖ ਰਹਿੰਦੇ ਹਨ। ਫਿਜ਼ੀ ਵਿਚ ਸਿੱਖ ਭਾਈਚਾਰੇ ਦਾ ਮੁੱਖ ਕਾਰੋਬਾਰ, ਦੁਕਾਨਦਾਰੀ ਅਤੇ ਖੇਤੀਬਾੜੀ ਹੈ।

ਸਿੱਖਾਂ ਦੇ ਸੁਭਾਅ, ਸਖ਼ਤ ਮਿਹਨਤ ਅਤੇ ਸਰੀਰਕ ਬਣਤਰ ਵੀ ਕਾਫੀ ਹੱਦ ਤੱਕ ਫਿਜ਼ੀ ਦੇ ਸਥਾਨਕ ਲੋਕਾਂ ਨਾਲ ਮਿਲਦਾ ਹੈ। ਜਿਸ ਕਾਰਨ ਇਥੋਂ ਦੇ ਲੋਕ ਸਿੱਖਾਂ ਨੂੰ ਆਪਣੇ ਮੁਲਕ ਦਾ ਵਾਸੀ ਮੰਨਦੇ ਹਨ। ਫਿਜ਼ੀ ਵਿਚ ਰਹਿਣ ਵਾਲੇ ਸਿੱਖਾਂ ਨੇ ਇਥੇ ਸਕੂਲ ਕਾਲਜ ਵੀ ਖੋਲ੍ਹ ਰੱਖੇ ਹਨ। ਫਿਜ਼ੀ ਵਿਚ ਕਈ ਗੁਰਦੁਆਰੇ ਵੀ ਹਨ ਜਿਥੇ ਸਿੱਖਾਂ ਦੇ ਨਾਲ ਫਿਜ਼ੀ ਵਾਸੀ ਵੀ ਨਤਮਸਤਕ ਹੁੰਦੇ ਹਨ। ਸਰਕਾਰ ਨੇ ਕਿਹਾ ਕਿ ਫਿਜ਼ੀ ਵਿਚ ਵਸਦੇ ਸਿੱਖਾਂ ਨੇ ਦੇਸ਼ ਦੀ ਆਰਥਿਕਤਾ ਵਿਚ ਅਹਿਮ ਯੋਗਦਾਨ ਪਾਇਆ ਹੈ।

## ਬੀਬੀ ਜਗੀਰ ਕੌਰ ਨੂੰ ਨਾ ਮਿਲੀ ਰਾਹਤ

**ਚੰਡੀਗੜ੍ਹ:** ਪੰਜਾਬ-ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੀ ਆਗੂ ਅਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਵਿਧਾਨ ਸਭਾ ਚੋਣ ਲੜਨ ਦੀਆਂ ਉਮੀਦਾਂ ਉਤੇ ਪਾਣੀ ਫੇਰ ਦਿੱਤਾ ਹੈ। ਹਾਈ ਕੋਰਟ ਨੇ ਧੀ ਹਰਪ੍ਰੀਤ ਕੌਰ ਦੀ ਹੱਤਿਆ ਦੇ ਮਾਮਲੇ 'ਚ ਸਜ਼ਾ ਉਤੇ ਰੋਕ ਲਾਉਣ ਵਾਲੀ ਅਪੀਲ ਨੂੰ ਖਾਰਜ ਕਰ ਦਿੱਤਾ।

ਅਦਾਲਤ ਵੱਲੋਂ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਜਗੀਰ ਕੌਰ ਦੇ ਕੇਸ ਨੂੰ ਨਵਜੋਤ ਸਿੰਘ ਸਿੱਧੂ ਅਤੇ ਸੁੱਚਾ ਸਿੰਘ ਲੰਗਾਹ ਦੇ ਕੇਸਾਂ ਤੋਂ ਵੱਖ ਕਰਾਰ ਦਿੱਤਾ।

# ਸੋਸ਼ਲ ਮੀਡੀਆ 'ਤੇ ਭਾਰਤੀ ਜਵਾਨਾਂ ਦੀ ਭ੍ਰਿਸ਼ਟਾਚਾਰ ਵਿਰੁਧ ਜੰਗ



**ਜੰਮੂ:** ਜੰਮੂ ਕਸ਼ਮੀਰ ਵਿਚ ਸਰਹੱਦ ਉਤੇ ਤਾਇਨਾਤ ਇਕ ਬੀ.ਐਸ.ਐਫ. ਜਵਾਨ ਤੇਜ ਬਹਾਦਰ ਯਾਦਵ ਵੱਲੋਂ ਗੈਰ-ਮਿਆਰੀ ਭੋਜਨ ਦੇਣ ਦਾ ਦੋਸ਼ ਲਾਉਣ ਵਾਲੀ ਵੀਡੀਓ ਸੋਸ਼ਲ ਮੀਡੀਆ 'ਤੇ ਨਸ਼ਰ ਕਰਨ ਪਿੱਛੋਂ ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਦੀ ਝੜੀ ਲੱਗ ਗਈ ਹੈ। ਬੀ.ਐਸ.ਐਫ. ਤੇ ਸੀ.ਆਰ.ਪੀ.ਐਫ. ਤੋਂ ਬਾਅਦ ਹੁਣ ਫੌਜ ਦੇ ਇਕ ਜਵਾਨ ਦਾ ਵੀਡੀਓ ਸਾਹਮਣੇ ਆਇਆ ਹੈ। ਇਹ ਵੀਡੀਓ ਫੌਜ ਦੇ ਜਵਾਨ ਵੱਲੋਂ ਅਫਸਰ ਦੇ ਬੂਟ ਪਾਲਸ਼ ਕਰਨ ਦਾ ਹੈ।

ਸੋਸ਼ਲ ਮੀਡੀਆ ਉਤੇ ਇਹ ਵੀਡੀਓ ਬਹੁਤ ਹੀ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਜਵਾਨ ਦਾ ਨਾਮ ਪ੍ਰਤਾਪ ਸਿੰਘ ਹੈ ਤੇ ਉਹ 42 ਬ੍ਰਿਗੇਡ ਦੇਹਰਾਦੂਨ ਵਿਚ ਤਾਇਨਾਤ ਹੈ। ਜਵਾਨ ਵੱਲੋਂ ਵੀਡੀਓ ਜਾਰੀ ਕੀਤਾ ਗਿਆ ਹੈ ਜਿਸ ਵਿਚ ਉਹ ਆਪਣੇ ਵੱਡੇ ਅਫਸਰਾਂ 'ਤੇ ਸ਼ੋਸ਼ਣ ਕਰਨ ਦਾ ਦੋਸ਼ ਲਾ ਰਿਹਾ ਹੈ। ਯੱਗ ਪ੍ਰਤਾਪ ਸਿੰਘ ਮੁਤਾਬਕ ਉਸ ਨੇ ਪਿਛਲੇ ਸਾਲ 15 ਜੂਨ ਨੂੰ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਅਧਿਕਾਰੀਆਂ ਵੱਲੋਂ ਜਵਾਨਾਂ ਦੇ ਸ਼ੋਸ਼ਣ ਨੂੰ ਲੈ ਕੇ ਚਿੱਠੀ ਲਿਖੀ ਸੀ। ਬਾਅਦ ਵਿਚ ਜਦੋਂ ਇਹ ਗੱਲ ਫੌਜ ਦੇ ਅਫਸਰਾਂ ਨੂੰ ਪਤਾ ਲੱਗਾ ਤਾਂ ਉਸ ਦੀ ਕਾਫੀ ਝਾੜ ਝੰਬ ਕੀਤੀ ਗਈ। ਇਸ ਤੋਂ ਬਾਅਦ ਉਸ ਦੀ ਬਦਲੀ ਵੀ ਕਰ ਦਿੱਤੀ ਗਈ। ਯੱਗ ਪ੍ਰਤਾਪ ਨੂੰ ਲੱਗ ਰਿਹਾ ਹੈ ਕਿ ਇਸ ਮਾਮਲੇ 'ਚ ਉਸ ਦਾ ਕੋਰਟ ਮਾਰਸ਼ਲ ਵੀ ਹੋ ਸਕਦਾ ਹੈ।

ਯਾਦ ਰਹੇ ਕਿ ਇਸ ਤੋਂ ਪਹਿਲਾਂ ਜਵਾਨ ਤੇਜ ਬਹਾਦਰ ਨੇ ਨਾ ਸਿਰਫ ਘਟੀਆ ਤੇ ਘੱਟ ਖਾਣਾ ਦੇਣ ਦੀ ਹੀ ਗੱਲ ਕਹੀ ਹੈ ਬਲਕਿ ਉਸ ਨੇ ਉਚ ਅਧਿਕਾਰੀਆਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਉਂਦਿਆਂ ਇਸ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਵੀ ਗਰਦਾਨਿਆਂ ਹੈ।

ਮਾਮਲੇ ਦੀ ਅਹਿਮੀਅਤ ਸਮਝਦਿਆਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਦੂਜੇ ਪਾਸੇ ਬੀ.ਐਸ.ਐਫ. ਦੇ ਅਧਿਕਾਰੀਆਂ ਨੇ ਆਪਣੀ ਛੱਬ ਬਚਾਉਣ ਦੀ ਕਾਰਵਾਈ ਤਹਿਤ ਸਥਿਤੀ ਸਪੱਸ਼ਟ ਕਰਨ ਦੀ ਬਜਾਏ ਉਲਟਾ ਦੋਸ਼ ਲਾਉਣ ਵਾਲੇ ਜਵਾਨ ਨੂੰ ਘੇਰਨ ਦਾ ਰਾਹ ਅਖਤਿਆਰ ਕਰ ਲਿਆ। ਅਧਿਕਾਰੀਆਂ ਅਨੁਸਾਰ ਉਹ ਸ਼ਰਾਬ ਪੀਣ, ਗੈਰਹਾਜ਼ਰ ਰਹਿਣ, ਉਚ ਅਧਿਕਾਰੀਆਂ ਨਾਲ ਦੁਰਵਿਵਹਾਰ ਕਰਨ ਅਤੇ ਹੋਰ ਅਨੁਸ਼ਾਸਨਹੀਣ ਕਾਰਵਾਈਆਂ ਕਰਨ ਦਾ ਆਦੀ ਹੈ।

ਕੁਝ ਸਾਲ ਪਹਿਲਾਂ ਸੈਨਾ ਦੇ ਇਕ ਉਚ ਅਧਿਕਾਰੀ ਨੂੰ ਸੈਨਿਕਾਂ ਨੂੰ ਦਿੱਤੀ ਜਾਣ ਵਾਲੀ ਸ਼ਰਾਬ ਦੇ ਕਈ ਟਰੱਕ ਬਾਹਰ ਬਲੈਕ ਵਿਚ ਵੇਚਦੇ ਫੜੇ ਜਾਣ ਉਤੇ ਡਿਸਮਿਸ ਕਰ ਦਿੱਤਾ ਗਿਆ ਸੀ। ਸੈਨਾ ਅਧਿਕਾਰੀ ਤਾਂ ਕੀ, ਰੱਖਿਆ ਮੰਤਰਾਲਾ ਵੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਮੁਕਤ ਨਹੀਂ। ਬੋਫੋਰਜ਼ ਤੋਪਾਂ ਅਤੇ ਆਗਸਤਾ ਹੈਲੀਕਾਪਟਰਾਂ ਦੇ ਸੌਦਿਆਂ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਹਾਲੇ ਵੀ ਚਰਚਾ ਦਾ ਵਿਸ਼ਾ ਹਨ। ਹੋਰ ਤਾਂ ਹੋਰ, ਸ਼ਹੀਦ ਜਵਾਨਾਂ ਲਈ ਤਾਬੂਤ ਬਣਾਉਣ ਵਿਚ ਕਮਿਸ਼ਨ ਲੈਣ ਦਾ ਮਾਮਲਾ ਵੀ ਚਰਚਿਤ ਰਹਿ ਚੁੱਕਿਆ ਹੈ।

### ਚਿਤਾਵਨੀ ਦੇ ਬਾਵਜੂਦ ਵੀਡੀਓ ਜਾਰੀ

**ਨਵੀਂ ਦਿੱਲੀ:** ਸੈਨਾ ਮੁਖੀ ਜਨਰਲ ਬਿਪਿਨ ਰਾਵਤ ਨੇ ਸਿਪਾਹੀਆਂ ਨੂੰ ਬਿਨਾਂ ਅਧਿਕਾਰੀਆਂ ਦੀ ਜਾਣਕਾਰੀ ਤੇ ਆਗਿਆ ਸੋਸ਼ਲ ਮੀਡੀਆ ਉਤੇ ਕਿਸੇ ਪ੍ਰਕਾਰ ਦੀ ਵੀਡੀਓ ਨਾ ਜਾਰੀ ਕਰਨ ਦੀ ਚਿਤਾਵਨੀ ਦਿੱਤੀ ਸੀ, ਪਰ ਅਗਲੇ ਹੀ ਦਿਨ ਇਕ ਹੋਰ ਵੀਡੀਓ ਸੈਨਾ ਦੇ ਜਵਾਨਾਂ ਵੱਲੋਂ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀ ਗਈ। ਇਸ ਵਿਚ ਸੈਨਾ ਦਾ ਇਕ ਜਵਾਨ ਬਾਰਡਰ ਉਤੇ ਤਾਇਨਾਤ ਸਿਪਾਹੀਆਂ ਦੀਆਂ ਮੁਸ਼ਕਲਾਂ ਬਾਰੇ ਗਾਣੇ ਦੇ ਰੂਪ 'ਚ ਦੱਸ ਰਿਹਾ ਹੈ।

ਪਹਿਲਾਂ ਵਾਲੀਆਂ ਸਿਪਾਹੀਆਂ ਦੀਆਂ ਵੀਡੀਓ ਵਾਂਗ ਇਹ ਵੀਡੀਓ ਸਿਪਾਹੀ ਨੇ ਖੁਦ ਨਹੀਂ ਬਲਕਿ ਸਾਥੀਆਂ ਵੱਲੋਂ ਰਿਕਾਰਡ ਕੀਤੀ ਗਈ ਹੈ। ਇਸ ਵਿਚ ਸਿਪਾਹੀਆਂ ਦੇ ਇਕੱਠ ਵਿਚ ਖੜ੍ਹੇ ਇਕ ਸਿੱਖ ਸਿਪਾਹੀ ਵੱਲੋਂ ਪੰਜਾਬੀ ਵਿਚ ਗਾਣਾ ਗਾਇਆ ਗਿਆ ਹੈ। ਗਾਣੇ ਵਿਚ ਸਿਪਾਹੀ ਨੇ ਦੱਸਿਆ ਹੈ ਕਿ ਉਹ ਬਾਰਡਰ 'ਤੇ ਕਿਸ ਤਰ੍ਹਾਂ ਦੀ ਜ਼ਿੰਦਗੀ ਬਤੀਤ ਕਰ ਰਹੇ ਹਨ। ਆਚਾਰ ਨਾਲ ਰੋਟੀ ਖਾਂਦੇ ਹਨ, ਜਦੋਂ ਸਾਰੇ ਸੌਂ ਜਾਂਦੇ ਹਨ ਤੇ ਜਵਾਨ ਤਾਇਨਾਤ ਹੁੰਦੇ ਹਨ, ਸਿਪਾਹੀਆਂ ਨੂੰ ਛੁੱਟੀ ਮਿਲਣੀ ਕਿੰਨੀ ਔਖੀ ਹੁੰਦੀ ਹੈ ਆਦਿ ਕਈ ਪੱਖਾਂ ਬਾਰੇ ਦੱਸਿਆ ਹੈ।

## ਅਮਰੀਕੀ ਫੌਜ 'ਚ ਭਰਤੀ ਲਈ ਸਿੱਖ ਨੌਜਵਾਨਾਂ 'ਚ ਉਤਸ਼ਾਹ

**ਵਾਸ਼ਿੰਗਟਨ:** ਅਮਰੀਕਾ ਵਿਚ ਧਾਰਮਿਕ ਆਜ਼ਾਦੀ ਬਾਰੇ ਕੀਤੇ ਐਲਾਨ ਤੋਂ ਬਾਅਦ ਵੱਡੀ ਗਿਣਤੀ ਅਮਰੀਕਾ ਵੱਸੇ ਸਿੱਖ ਅਮਰੀਕੀ ਫੌਜ 'ਚ ਭਰਤੀ ਹੋਣ ਦਾ ਮਨ ਬਣਾ ਰਹੇ ਹਨ।

ਉਕਤ ਐਲਾਨ ਤਹਿਤ ਧਾਰਮਿਕ ਕਾਰਨਾਂ ਦੇ ਚਲਦਿਆਂ ਪੱਗ ਬੰਨ੍ਹਣ ਤੇ ਦਾੜ੍ਹੀ ਰੱਖਣ ਵਾਲਿਆਂ ਨੂੰ ਸੈਨਾ ਵਿਚ ਸ਼ਾਮਲ ਹੋਣ ਦੀ ਗੱਲ ਕੀਤੀ ਗਈ ਸੀ, ਇਸ ਤੋਂ ਇਲਾਵਾ ਐਲਾਨ ਮੁਤਾਬਿਕ ਫੌਜ ਵਿਚ ਇਨ੍ਹਾਂ ਨੂੰ ਬ੍ਰਿਗੇਡ ਪੱਧਰ ਤੱਕ ਦੀ ਮਨਜ਼ੂਰੀ ਦਿੱਤੀ ਗਈ ਹੈ। ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਦੇ ਸਕੱਤਰ ਰਾਜਵੰਤ ਸਿੰਘ ਨੇ ਕਿਹਾ ਕਿ ਸਿੱਖਾਂ ਲਈ ਇਹ ਇਤਿਹਾਸਕ ਦਿਨ ਹੈ। ਉਨ੍ਹਾਂ ਕਿਹਾ ਕਿ ਅਸੀਂ ਰਾਸ਼ਟਰਪਤੀ ਓਬਾਮਾ ਤੇ ਸੈਨਾ ਦੇ ਸਕੱਤਰ ਏਰਿਕ ਫੈਨਿੰਗ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਨਿਸ਼ਚਿਤ ਕੀਤਾ ਕਿ ਧਰਮ ਨਾਲ ਜੁੜੀਆਂ ਵਸਤਾਂ ਤੋਂ ਪਾਬੰਦੀ ਨੂੰ ਹਟਾ ਦਿੱਤਾ ਜਾਵੇ। ਇਸ ਨਾਲ ਸਿੱਖ ਕਾਫੀ ਉਤਸ਼ਾਹਿਤ ਹਨ ਤੇ ਬਹੁਤ ਸਾਰੇ ਸਿੱਖ ਨੌਜਵਾਨ ਅਜਿਹੇ ਹਨ ਜੋ ਫੌਜ ਵਿਚ ਆਪਣੀਆਂ ਸੇਵਾਵਾਂ ਦੇਣਾ ਚਾਹੁੰਦੇ ਹਨ।

## ਪੁਲਿਸ ਬਲ ਵਿਚ 5 ਲੱਖ ਅਸਾਮੀਆਂ ਖਾਲੀ

**ਨਵੀਂ ਦਿੱਲੀ:** ਦੇਸ਼ ਭਰ ਵਿਚ ਪੁਲਿਸ ਫੋਰਸ ਲਈ ਮਨਜ਼ੂਰ 22.63 ਲੱਖ ਅਸਾਮੀਆਂ ਵਿਚੋਂ ਪੰਜ ਲੱਖ ਅਸਾਮੀਆਂ ਖਾਲੀ ਹਨ। ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਦੇਸ਼ ਦੇ ਸਾਰੇ ਰਾਜਾਂ ਵਿਚ ਪੁਲਿਸ ਲਈ ਮਨਜ਼ੂਰ ਅਸਾਮੀਆਂ ਦੀ ਗਿਣਤੀ 2263222 ਹੈ ਤੇ ਇਨ੍ਹਾਂ ਵਿਚੋਂ 1761200 ਅਸਾਮੀਆਂ ਉਤੇ ਹੀ ਮੁਲਾਜ਼ਮ ਤਾਇਨਾਤ ਹਨ। ਕੁੱਲ ਮਨਜ਼ੂਰ ਅਸਾਮੀਆਂ ਵਿਚੋਂ 502022 ਖਾਲੀ ਹਨ। ਸਭ ਤੋਂ ਜ਼ਿਆਦਾ 1.80 ਲੱਖ ਅਸਾਮੀਆਂ ਉਤਰ ਪ੍ਰਦੇਸ਼ ਵਿਚ ਖਾਲੀ ਹਨ।

ਪੱਛਮੀ ਬੰਗਾਲ ਵਿਚ 35 ਹਜ਼ਾਰ, ਬਿਹਾਰ ਵਿਚ 30300, ਕਰਨਾਟਕ 25500, ਗੁਜਰਾਤ 17200, ਤਾਮਿਲਨਾਡੂ 16700, ਝਾਰਖੰਡ 15400 ਅਤੇ ਛੱਤੀਸਗੜ੍ਹ ਪੁਲਿਸ ਵਿਚ ਮਨਜ਼ੂਰ 68099 ਅਸਾਮੀਆਂ ਵਿਚੋਂ ਵੀ 8500 ਤੋਂ ਜ਼ਿਆਦਾ ਅਸਾਮੀਆਂ ਖਾਲੀ ਹਨ। ਪੁਲਿਸ ਖੋਜ ਤੇ ਵਿਕਾਸ ਬਿਊਰੋ ਦੀ ਖਬਰ ਅਨੁਸਾਰ ਦੇਸ਼ ਵਿਚ 188 ਪੁਲਿਸ ਸਟੇਸ਼ਨ ਅਜਿਹੇ ਹਨ, ਜਿਨ੍ਹਾਂ ਕੋਲ ਕੋਈ ਵਾਹਨ ਨਹੀਂ ਹੈ। 402 ਪੁਲਿਸ ਸਟੇਸ਼ਨਾਂ ਵਿਚ ਟੈਲੀਫੋਨ ਕੁਨੈਕਸ਼ਨ ਨਹੀਂ ਹੈ, 134 ਪੁਲਿਸ ਸਟੇਸ਼ਨਾਂ ਵਿਚ ਵਾਇਰਲੈੱਸ ਨਹੀਂ ਹੈ ਅਤੇ 5 ਪੁਲਿਸ ਸਟੇਸ਼ਨਾਂ 'ਚ ਨਾ ਤਾਂ ਟੈਲੀਫੋਨ ਹੈ ਅਤੇ ਨਾ ਹੀ ਵਾਇਰਲੈੱਸ ਸੈੱਟ।

## ਗੁਰਪਾਲ ਸਿੰਘ ਬੋਲਾ ਦਾ ਦੇਹਾਂਤ

**ਨਿਊ ਜਰਸੀ (ਬਿਊਰੋ):** ਜਰਸੀ ਸਿਟੀ ਵਿਚ ਰਹਿੰਦੇ ਪਤਵੰਤੇ ਸੱਜਣ ਗੁਰਪਾਲ



ਸਿੰਘ ਬੋਲਾ (58 ਸਾਲ) ਲੰਘੇ ਦਿਨੀਂ ਇਕ ਸੜਕ ਹਾਦਸੇ ਵਿਚ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹ ਪਿਛੇ ਸੁਪਤਨੀ, ਦੋ ਬੱਚੇ ਅਤੇ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ। ਬਹੁਤ ਹੀ ਮਿਲਣਸਾਰ ਤੇ ਸਹਿਜ ਸੁਭਾ ਦੇ ਗੁਰਪਾਲ ਸਿੰਘ ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਚੱਕਦਾਨਾਂ ਤੋਂ ਸਨ।

ਸਵਰਗੀ ਗੁਰਪਾਲ ਸਿੰਘ ਬੋਲਾ ਦਾ ਅੰਤਿਮ ਸੰਸਕਾਰ 21 ਜਨਵਰੀ ਨੂੰ ਸਵੇਰੇ 9 ਤੋਂ 12:30 ਵਜੇ ਦਰਮਿਆਨ ਇਥੋਂ ਦੇ ਐਵਰਗਰੀਨ ਫਿਊਨਰਲ ਹੋਮ (159 ਗੈਰੀਸਨ ਐਵਨਿਊ) ਵਿਖੇ ਹੋਵੇਗਾ। ਉਪਰੰਤ ਅਖੰਡ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਨਾਨਕ ਨਾਮ ਜਹਾਜ਼ (1080 ਵੈਸਟ ਸਾਈਡ ਐਵਨਿਊ) ਜਰਸੀ ਸਿਟੀ ਵਿਖੇ ਹੋਣਗੇ।

ਪਰਿਵਾਰ ਨਾਲ ਸੰਪਰਕ ਜਸਵੀਰ ਸਿੰਘ ਬੋਲਾ -ਨਾਲ ਫੋਨ: 201-892-1787, ਜਾਂ ਪ੍ਰਿਤਪਾਲ ਸਿੰਘ ਨਾਲ ਫੋਨ: 718-825-6643 ਰਾਹੀਂ ਕੀਤਾ ਜਾ ਸਕਦਾ ਹੈ।

## ਰੂਸ ਕੋਲ ਹੈ ਟਰੰਪ ਦੀ ਨਿਜੀ ਜ਼ਿੰਦਗੀ ਬਾਰੇ ਰਾਜ਼

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਮੁਸ਼ਕਲਾਂ ਵਧਦੀਆਂ ਦਿਸ ਰਹੀਆਂ ਹਨ। ਅਮਰੀਕੀ ਮੀਡੀਆ ਰਿਪੋਰਟਾਂ ਵਿਚ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਟਰੰਪ ਦਾ ਸਮਰਥਨ ਕਰਨ ਦੇ ਨਾਲ-ਨਾਲ ਰੂਸ ਨੇ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਅਤੇ ਆਮਦਨ ਬਾਰੇ ਕਈ ਸਾਲਾਂ ਤੋਂ ਸਨਸਨੀਖੇਜ਼ ਰਾਜ ਇਕੱਠੇ ਕਰ ਰੱਖੇ ਹਨ।

ਉਧਰ, ਟਰੰਪ ਨੇ ਇਨ੍ਹਾਂ ਦਾਅਵਿਆਂ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਦਿਆਂ ਮੁੱਢੋਂ ਹੀ ਰੱਦ ਕੀਤਾ ਹੈ।


Michigan Truck Driving School
6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ
ਨਵਾਂ ਟਰੱਕ ਡਰਾਈਵਿੰਗ ਸਕੂਲ

*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ




Raj Jamarai
Cell:734-644-1010
Office:734-747-4298



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

# ਪੰਜ ਰਾਜਾਂ ਦੀਆਂ ਚੋਣਾਂ: ਅਜੇ ਨਕਸ਼ਾ ਸਪਸ਼ਟ ਨਹੀਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜ ਰਾਜਾਂ ਦੇ ਲੋਕ ਇਸ ਵਕਤ ਵਿਧਾਨ ਸਭਾ ਚੋਣਾਂ ਵਾਸਤੇ ਤਿਆਰ ਹੋ ਰਹੇ ਹਨ। ਸਭ ਧਿਰਾਂ ਦਾ ਧਿਆਨ ਆਪਣੀ ਜਿੱਤ ਜਾਂ ਜਿੱਤਣ ਜੋਗੇ ਨਹੀਂ ਤਾਂ ਸਥਿਤੀ ਮਜ਼ਬੂਤ ਕਰਨ ਵੱਲ ਲੱਗਾ ਹੋਇਆ ਹੈ। ਨਵੀਂ ਉਭਰੀ ਆਮ ਆਦਮੀ ਪਾਰਟੀ ਸਿਰਫ ਪੰਜਾਬ ਅਤੇ ਗੋਆ ਵਿਚ ਕੋਈ ਪ੍ਰਭਾਵ ਪਾਉਣ ਵਾਲੀ ਸਥਿਤੀ ਵਿਚ ਹੈ ਤੇ ਦੋਵੇਂ ਥਾਂ ਅਗਲੀ ਸਰਕਾਰ ਬਣਾਉਣ ਦੇ ਦਾਅਵੇ ਵੀ ਕਰਦੀ ਹੈ। ਸਭ ਤੋਂ ਪੁਰਾਣੀ ਕਾਂਗਰਸ ਪਾਰਟੀ ਪੰਜ ਰਾਜਾਂ ਵਿਚ ਇਸ ਵਾਰੀ ਜਿੱਤ ਦੇ ਝੰਡੇ ਗੱਡਣ ਦੇ ਦਾਅਵੇ ਕਰਨ ਤੋਂ ਕੰਜੂਸੀ ਨਹੀਂ ਕਰਦੀ। ਮਨੀਪੁਰ ਵਿਚ ਕਾਂਗਰਸ ਦੀ ਸਰਕਾਰ ਪਿਛਲੀਆਂ ਤਿੰਨ ਵਾਰੀਆਂ ਤੋਂ ਲਗਾਤਾਰ ਚੱਲ ਰਹੀ ਹੈ ਤੇ ਉਤਰਾਖੰਡ ਵਿਚ ਪਿਛਲੇ ਪੰਜਾਂ ਸਾਲਾਂ ਵਿਚ ਖੱਪੇ ਛੱਡ ਕੇ ਚੱਲਦੀ ਰਹੀ ਹੈ, ਪਰ ਉਤਰ ਪ੍ਰਦੇਸ਼ ਵਿਚ ਨਾ ਇਸ ਦੀ ਸਰਕਾਰ ਹੁਣ ਹੈ, ਨਾ ਬਣਨ ਦੀ ਆਸ ਹੈ। ਕੇਂਦਰ ਸਰਕਾਰ ਚਲਾ ਰਹੀ ਤੇ ਇਸ ਵੇਲੇ ਸਭ ਤੋਂ ਮਜ਼ਬੂਤ ਕਹੀ ਜਾਂਦੀ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਗੱਠਜੋੜ ਦੀ ਲਗਾਤਾਰ ਤੀਸਰੀ ਸਰਕਾਰ ਬਣਨ ਦੀ ਆਸ ਬਹੁਤੀ ਨਹੀਂ ਕਰਦੀ, ਦਾਅਵਾ ਭਾਵੇਂ ਕਰੀ ਜਾ ਰਹੀ ਹੈ। ਉਹ ਉਤਰ ਪ੍ਰਦੇਸ਼ ਅਤੇ ਉਤਰਾਖੰਡ ਉਤੇ ਕਬਜ਼ੇ ਲਈ ਸੁਫਨੇ ਲੈਣ ਦੇ ਨਾਲ ਗੋਆ ਵਾਲਾ ਰਾਜ ਬਚਾ ਲੈਣ ਲਈ ਆਸਵੰਦ ਹੈ। ਪੰਜਵਾਂ ਰਾਜ ਮਨੀਪੁਰ ਦੂਰ ਉਤਰ-ਪੂਰਬ ਵਿਚ ਹੋਣ ਕਾਰਨ ਬਹੁਤੀ ਚਰਚਾ ਵਿਚ ਨਹੀਂ, ਪਰ ਭਾਜਪਾ ਆਗੂਆਂ ਦਾ ਦਾਅਵਾ ਹੈ ਕਿ ਉਥੇ ਕਬਜ਼ਾ ਕਰ ਲੈਣਾ ਹੈ। ਉਤਰ ਪ੍ਰਦੇਸ਼ ਵਿਚ ਰਾਜ ਕਰਦੀ ਸਮਾਜਵਾਦੀ ਪਾਰਟੀ ਦਾ ਟੱਬਰ ਪਾਟਾ ਹੋਣ ਦੇ ਬਾਵਜੂਦ ਅਖਿਲੇਸ਼ ਯਾਦਵ ਦੀ ਨਿੱਜੀ ਖਿੱਚ ਲੋਕਾਂ ਵਿਚ ਹੈ ਤੇ ਬਹੁਜਨ ਸਮਾਜ ਪਾਰਟੀ ਨੂੰ ਵੀ ਆਪਣਾ ਹਾਥੀ ਸ਼ਾਨ ਨਾਲ ਜੇਤੂ ਜਲੂਸ ਕੱਢਣ ਦੇ ਝਉਲੇ ਪਾ ਰਿਹਾ ਹੈ।

ਜਦੋਂ ਹਕੀਕਤ ਦੀ ਗੱਲ ਕਰਨੀ ਹੋਵੇ ਤਾਂ ਕਿਸੇ ਵੀ ਰਾਜ ਦੀ ਹਾਲਤ ਦੂਸਰੇ ਨਾਲ ਨਹੀਂ ਮਿਲਦੀ ਤੇ ਇਹ ਵੀ ਕਿ ਸਿਆਸੀ ਨਕਸ਼ਾ ਕਿਸੇ ਥਾਂ ਵੀ ਅਜੇ ਤੱਕ ਪੂਰਾ ਸਪਸ਼ਟ ਨਹੀਂ ਹੈ।

ਗੋਆ ਵਿਚ ਕਾਂਗਰਸ ਆਪਸੀ ਖਹਿਬੜ ਦੇ ਬਾਵਜੂਦ ਦਸ ਸਾਲ ਸਰਕਾਰ ਚਲਾ ਗਈ ਸੀ। ਪਿਛਲੀ ਵਾਰੀ ਭਾਜਪਾ ਜਿੱਤ ਗਈ ਤਾਂ ਮਨੋਹਰ ਪਾਰਿਕਰ ਨੂੰ ਮੁੱਖ ਮੰਤਰੀ ਬਣਾਇਆ ਗਿਆ, ਜਿਸ ਦੇ ਰਾਜ ਦੀ ਹਰ ਕੋਈ ਸਿਫਤ ਕਰੀ ਜਾਂਦਾ ਸੀ। ਪ੍ਰਧਾਨ ਮੰਤਰੀ ਬਣ ਕੇ ਨਰਿੰਦਰ ਮੋਦੀ ਨੇ ਉਸ ਨੂੰ ਕੇਂਦਰੀ ਰੱਖਿਆ ਮੰਤਰੀ ਬਣਨ ਲਈ ਦਿੱਲੀ ਸੱਦ ਲਿਆ। ਦਿੱਲੀ ਵਿਚ ਕਾਮਯਾਬ ਨਹੀਂ ਹੋ ਸਕਿਆ ਤੇ ਪਿੱਛੇ ਗੋਆ ਦਾ ਕੰਮ ਖਰਾਬ ਹੋ ਗਿਆ ਜਾਪਦਾ ਹੈ। ਉਥੇ ਆਰ ਐਸ ਐਸ ਦਾ ਉਸ ਰਾਜ ਦਾ ਮੁਖੀ ਸੁਭਾਸ਼ ਵੇਲਿੰਗਕਰ ਬਾਗੀ ਹੋ ਗਿਆ ਅਤੇ ਸ਼ਿਵ ਸੈਨਾ ਨਾਲ ਗੱਠਜੋੜ ਬਣਾ ਕੇ ਹੁਣ ਭਾਜਪਾ ਨੂੰ ਚੁਣੌਤੀ ਦੇ ਰਿਹਾ ਹੈ। ਆਮ ਆਦਮੀ ਪਾਰਟੀ ਵੀ ਉਥੇ ਚੋਖਾ ਪ੍ਰਭਾਵ ਪਾ ਰਹੀ ਹੈ, ਪਰ ਇਸ ਭਾਜੜ ਦੇ ਮਾਹੌਲ ਵਿਚ ਕਾਂਗਰਸ ਵੀ ਰਾਜ ਮਹਿਲਾਂ ਵਿਚ ਵਾਪਸੀ ਲਈ ਆਸਵੰਦ ਹੈ। ਸਰਵੇਖਣ ਭਾਵੇਂ ਕੁਝ ਵੀ ਕਹੀ ਜਾਣ, ਗੋਆ ਵਿਚ ਕਿਸੇ ਧਿਰ ਦੇ ਦਾਅਵਿਆਂ ਵਿਚ ਵੀ ਜਿੱਤ ਦਾ ਦਮ ਨਹੀਂ ਲੱਭਦਾ।

ਉਤਰ ਪ੍ਰਦੇਸ਼ ਵਿਚ ਭਾਜਪਾ ਦੀ ਹਾਲਤ ਇਹ ਹੈ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵੱਡੇ ਪ੍ਰੋਗਰਾਮ ਕਰਵਾ ਕੇ ਲਹਿਰ ਬਣਾਉਣਾ ਚਾਹੁੰਦੀ ਹੈ। ਸਿਰਫ ਜਲਸਿਆਂ ਨਾਲ ਜਿੱਤ ਨਹੀਂ ਹੋਣੀ। ਦਿੱਲੀ ਦੇ ਲੋਕਾਂ ਉਤੇ ਇਸ ਦਾ ਅਸਰ ਨਹੀਂ ਸੀ ਪਿਆ ਤੇ ਨਰਿੰਦਰ ਮੋਦੀ ਦੀਆਂ ਵੱਡੀਆਂ ਰੈਲੀਆਂ ਦੇ ਬਾਵਜੂਦ ਆਮ ਆਦਮੀ ਪਾਰਟੀ ਜਿੱਤ ਗਈ ਸੀ, ਜਿਸ ਨੇ ਕੋਈ ਵੱਡੀ ਰੈਲੀ ਕੀਤੀ ਹੀ ਨਹੀਂ ਸੀ। ਹੁਣੇ ਹੋਈ ਲਖਨਊ ਦੀ ਭਾਜਪਾ ਰੈਲੀ ਰਿਕਾਰਡ ਤੋੜਨ ਵਾਲੀ ਸੀ, ਪਰ ਇਸ ਨੂੰ ਬਾਹਰ ਭਾਵੇਂ ਉਹ ਬਹੁਤ ਉਭਾਰ ਕੇ ਪੇਸ਼ ਕਰਦੀ ਹੈ, ਅੰਦਰੋਂ ਇਸੇ ਭੀੜ ਤੋਂ ਡਰ ਰਹੀ ਹੈ। ਕਾਰਨ ਇਹ ਕਿ ਟਿਕਟਾਂ ਦੇ ਦਾਅਵੇਦਾਰਾਂ ਨੂੰ ਕਿਹਾ ਗਿਆ ਸੀ ਕਿ ਟਿਕਟ ਫੇਰ ਮੰਗਿਓ, ਲਖਨਊ ਵਾਲੀ ਰੈਲੀ ਵਿਚ ਵੱਧ ਤੋਂ ਵੱਧ ਭੀੜ ਪਹਿਲਾਂ ਜੋੜਨੀ ਹੈ। ਇਸ ਕਰ ਕੇ 403 ਹਲਕਿਆਂ ਤੋਂ ਟਿਕਟਾਂ ਦੇ ਚਾਹਵਾਨ ਆਪੋ ਆਪਣੇ ਹਲਕੇ ਤੋਂ ਬੱਸਾਂ ਭਰ ਲਿਆਏ ਸਨ ਤੇ ਉਨ੍ਹਾਂ ਦਾ ਆਪੋ ਵਿਚ ਮੁਕਾਬਲਾ ਸੀ। ਰੈਲੀ ਤੋਂ ਬਾਅਦ ਟਿਕਟਾਂ ਦੀ ਦਾਅਵੇਦਾਰੀ ਹੁਣ ਖਿੱਚੋਤਾਣ ਵਿਚ ਬਦਲ ਗਈ ਹੈ ਤੇ ਜਿਸ ਕਿਸੇ ਨੂੰ ਟਿਕਟ ਨਾ ਮਿਲੀ, ਉਸ ਨੇ ਭਾਜਪਾ ਨਾਲ ਲਮਕਦੇ ਰਹਿਣ ਦੀ ਥਾਂ ਕੋਈ ਨਾ ਕੋਈ ਹੋਰ ਝੰਡਾ ਚੁੱਕ ਤੁਰਨਾ ਹੈ। ਇਸ ਗੱਲੋਂ ਭਾਜਪਾ ਆਗੂ ਵੀ ਡਰਦੇ ਹਨ।

ਬਹੁਜਨ ਸਮਾਜ ਪਾਰਟੀ ਦੇ ਅੰਦਰ ਵੀ ਵਿਰੋਧ ਹੈ, ਪਰ ਘੱਟ ਜਾਪਦਾ ਹੈ ਤੇ ਸਮਾਜਵਾਦੀ ਪਾਰਟੀ ਦਾ ਟੱਬਰ ਜੇ ਪਾਟ ਵੀ ਗਿਆ ਤਾਂ ਅਖਿਲੇਸ਼ ਸਿੰਘ ਦਾ ਧੜਾ ਕਾਂਗਰਸ ਨਾਲ ਮਿਲ ਕੇ ਪੈਰ-ਧਰਾਵਾ ਜਿਹਾ ਕਰਨ ਜੋਗੀ ਤਾਕਤ ਰੱਖਦਾ ਹੈ।

ਵਾਜਪਾਈ ਸਰਕਾਰ ਵੇਲੇ ਉਤਰ ਪ੍ਰਦੇਸ਼ ਤੋਂ ਵੱਖਰਾ ਕਰ ਕੇ ਬਣਾਏ ਗਏ ਉਤਰਾਖੰਡ ਵਿਚ ਪਹਿਲੇ ਡੇਢ ਸਾਲ ਦੇ ਰਾਜ ਪਿੱਛੋਂ ਭਾਜਪਾ ਦੇ ਭਾਂਡੇ ਮੂਧੇ ਹੋ ਗਏ ਸਨ ਤੇ ਕਾਂਗਰਸ ਦੇ ਨਾਰਾਇਣ ਦੱਤ ਤਿਵਾੜੀ ਨੇ ਪੰਜ ਸਾਲ ਤੜ੍ਹੀ ਨਾਲ ਰਾਜ ਕੀਤਾ ਸੀ। ਅਗਲੀ ਚੋਣ ਵਿਚ ਕਾਂਗਰਸ ਹਾਰ ਗਈ ਤਾਂ ਭਾਜਪਾ ਕੋਲ ਕਮਾਨ ਆ ਗਈ ਸੀ। ਉਸ ਸਰਕਾਰ ਦਾ ਮੁਖੀ ਸਾਬਕਾ ਮੇਜਰ ਜਨਰਲ ਭੁਵਨ ਚੰਦਰ ਖੰਡੂਰੀ ਬਣਿਆ, ਜਿਹੜਾ ਇਮਾਨਦਾਰ ਅਕਸ ਨਾਲ ਲੋਕਾਂ ਵਿਚ ਚੰਗੀ ਭੱਲ ਖੱਟ ਰਿਹਾ ਸੀ, ਪਰ ਗੰਗਾ ਨਦੀ ਦੀਆਂ ਖੱਡਾਂ ਵਿਚੋਂ ਰੇਤ-ਬੱਜਰੀ ਕੱਢਣ ਵਾਲੇ ਭ੍ਰਿਸ਼ਟਾਚਾਰੀ ਮਾਫੀਆ ਨੇ ਉਸ ਦੀ ਕੁਰਸੀ ਪਲਟ ਕੇ ਰਮੇਸ਼ ਪੋਖਰੀਆਲ ਨਿਸ਼ੰਕ ਨੂੰ ਮੁੱਖ ਮੰਤਰੀ ਬਣਾ ਲਿਆ। ਭਾਜਪਾ ਦੇ ਉਦੋਂ ਦੇ ਸਭ ਤੋਂ ਵੱਡੇ ਲੀਡਰ ਲਾਲ ਕ੍ਰਿਸ਼ਨ ਅਡਵਾਨੀ ਦੇ ਆਸ਼ੀਰਵਾਦ ਵਾਲੇ ਰਮੇਸ਼ ਪੋਖਰੀਆਲ ਨੇ ਏਦਾਂ ਦਾ ਮਾਹੌਲ ਬਣਾਇਆ ਕਿ ਹਰ ਪਾਸੇ ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਫੈਲ ਗਈ। ਫਿਰ ਉਸ ਨੂੰ ਕੱਢ ਕੇ ਭੁਵਨ ਚੰਦਰ ਖੰਡੂਰੀ ਸੱਦਣਾ ਤੇ ਉਸ ਨੂੰ ਕਮਾਨ ਸੌਂਪਣੀ ਪੈ ਗਈ। ਹਰ ਕੋਈ ਜਦੋਂ ਇਹ ਸਮਝਦਾ ਸੀ ਕਿ ਭਾਜਪਾ ਬੁਰੀ ਤਰ੍ਹਾਂ ਹਾਰੇਗੀ ਤਾਂ ਛੇ ਮਹੀਨੇ ਰਾਜ ਸੰਭਾਲ ਕੇ ਖੰਡੂਰੀ ਨੇ ਹਾਲਾਤ ਨੂੰ ਮੋੜਾ ਦੇ ਦਿੱਤਾ। ਨਤੀਜਾ ਇਹ ਨਿਕਲਿਆ ਕਿ ਸਰਕਾਰ ਭਾਵੇਂ ਭਾਜਪਾ ਨਹੀਂ ਸੀ ਬਣਾ ਸਕੀ, ਕਾਂਗਰਸ ਤੋਂ ਉਸ ਦੀ ਸਿਰਫ ਇੱਕ ਸੀਟ ਘੱਟ ਸੀ ਤੇ ਕਾਂਗਰਸ ਨੂੰ ਬਹੁਜਨ ਸਮਾਜ ਪਾਰਟੀ ਦੀ ਮਦਦ ਦੇ ਨਾਲ ਸਰਕਾਰ ਬਣਾਉਣੀ ਪਈ ਸੀ।

ਖਾਸ ਗੱਲ ਇਹ ਸੀ ਕਿ ਭਾਜਪਾ ਦੀ ਹਾਲਤ ਸੁਧਾਰਨ ਵਾਲਾ ਭੁਵਨ ਚੰਦਰ ਖੰਡੂਰੀ ਆਪਣੀ ਸੀਟ ਇਸ ਲਈ ਹਾਰ ਗਿਆ ਸੀ ਕਿ ਭਾਜਪਾ ਲੀਡਰਾਂ ਨੇ ਖੰਡੂਰੀ ਦੀ ਹਾਰ ਯਕੀਨੀ ਬਣਾਉਣ ਲਈ ਆਪੋ ਵਿਚ ਹੱਥ ਮਿਲਾ ਲਿਆ ਸੀ। ਖੰਡੂਰੀ ਜਦੋਂ ਪਹਿਲਾਂ ਮੁੱਖ ਮੰਤਰੀ ਬਣਿਆ ਤਾਂ ਧੂਮਾਕੋਟ ਦੀ ਸੀਟ ਤੋਂ ਉਸ ਨੇ ਪੌਣੇ ਅਠਾਈ ਹਜ਼ਾਰ ਵੋਟਾਂ ਲਈਆਂ ਸਨ ਤੇ ਮੁਕਾਬਲੇ ਦਾ ਕਾਂਗਰਸੀ ਉਮੀਦਵਾਰ ਮਸਾਂ ਅੱਠ ਹਜ਼ਾਰ ਟੱਪ ਸਕਿਆ ਸੀ। ਮੁੜ ਮੁੱਖ ਮੰਤਰੀ ਬਣਾ ਕੇ ਖੰਡੂਰੀ ਨੂੰ ਉਸ ਕੋਟਦਵਾਰ ਹਲਕੇ ਤੋਂ ਚੋਣ ਲੜਨ ਲਈ ਮਜਬੂਰ ਕੀਤਾ ਗਿਆ, ਜਿੱਥੋਂ ਚੜ੍ਹਤ ਦੇ ਦਿਨਾਂ ਵਿਚ ਭਾਜਪਾ ਮਸਾਂ ਸੱਤ ਸੌ ਵੋਟਾਂ ਨਾਲ ਜਿੱਤ ਸਕੀ ਸੀ। ਭਾਜਪਾ ਲੀਡਰਾਂ ਦੇ ਸਾਂਝੇ ਵਿਰੋਧ ਦੇ ਕਾਰਨ ਇਮਾਨਦਾਰ ਗਿਣਿਆ ਜਾਂਦਾ ਖੰਡੂਰੀ ਆਪਣੀ ਸੀਟ ਵੀ ਹਾਰ ਗਿਆ, ਪਰ ਮੋਦੀ ਦਾ ਰਾਜ ਆਏ ਤੋਂ ਉਸ ਰਾਜ ਵਿਚ ਫਿਰ ਉਸ ਦੀ ਕੋਈ ਪੁੱਛ-ਗਿੱਛ ਨਹੀਂ ਹੋ ਸਕੀ। ਹਾਲੇ ਵੀ ਰੇਤ-ਬੱਜਰੀ ਮਾਫੀਆ ਨਾਲ ਸਾਂਝ ਰੱਖਣ ਵਾਲਿਆਂ ਦਾ ਸਿੱਕਾ ਚੱਲਦਾ ਹੈ, ਜਿਸ ਕਾਰਨ ਪਾਰਟੀ ਕੋਲ ਉਸ ਰਾਜ ਵਿਚ ਪੈਸੇ ਹੀ ਛਣਕਦੇ ਹਨ, ਅਕਸ ਹਾਲੇ ਧੁੰਦਲਾ ਹੈ।

ਉਥੇ ਭਾਜਪਾ ਨੂੰ ਓਨੀ ਆਸ ਆਪਣੀ ਖੇਚਲ ਦਾ ਫਲ ਮਿਲਣ ਦੀ ਨਹੀਂ, ਜਿੰਨੀ ਕਾਂਗਰਸ ਦੀ ਕੁਪੱਤੀ ਧਾੜ ਦੇ ਪਾਏ ਪੁਆੜਿਆਂ ਤੋਂ ਹੈ, ਜਿਹੜੀ ਆਪਣਾ ਰਾਜ ਆਪ ਹੀ ਕਾਇਮ ਨਹੀਂ ਰੱਖਣਾ ਚਾਹੁੰਦੀ।

ਕਾਂਗਰਸ ਦਾ ਐਨ ਇਹੋ ਜਿਹਾ ਹਾਲ ਉਤਰ ਪੂਰਬ ਵਾਲੇ ਰਾਜ ਮਨੀਪੁਰ ਦਾ ਹੈ। ਉਥੇ ਕਾਂਗਰਸ ਦਾ ਓਕਰਮ ਇਬੋਬੀ ਸਿੰਘ ਪਿਛਲੇ ਪੰਦਰਾਂ ਸਾਲਾਂ ਤੋਂ ਮੁੱਖ ਮੰਤਰੀ ਹੈ। ਪਿਛਲੇ ਸਾਲ ਭਾਜਪਾ ਨੇ ਜਦੋਂ ਅਰੁਣਾਂਚਲ ਪ੍ਰਦੇਸ਼ ਅਤੇ ਉਤਰਾਖੰਡ ਵਿਚ ਸਰਕਾਰਾਂ ਪਲਟਾਈਆਂ ਸਨ, ਜਿਹੜੀਆਂ ਸੁਪਰੀਮ ਕੋਰਟ ਵਿਚ ਜਾ ਕੇ ਬਹਾਲ ਕਰਨੀਆਂ ਪਈਆਂ ਸਨ, ਉਦੋਂ ਮਨੀਪੁਰ ਦੀ ਸਰਕਾਰ ਪਲਟਣ ਦਾ ਯਤਨ ਵੀ ਬੜੇ ਜ਼ੋਰ ਨਾਲ ਕੀਤਾ ਸੀ। ਉਥੇ ਯਤਨ ਇਸ ਲਈ ਸਫਲ ਨਹੀਂ ਸੀ ਹੋਏ ਕਿ ਓਕਰਮ ਇਬੋਬੀ ਸਿੰਘ ਦੀ ਪਕੜ ਕਾਫੀ ਸੀ, ਪਰ ਕਾਂਗਰਸ ਦੇ ਆਪਣੇ ਲੋਕਾਂ ਨੇ ਉਥੇ ਵੀ ਭਾਜਪਾ ਨਾਲ ਅੱਖ ਮਿਲਾਉਣੋਂ ਕਸਰ ਨਹੀਂ ਸੀ ਛੱਡੀ। ਪਹਿਲੀ ਵਾਰ ਮੁੱਖ ਮੰਤਰੀ ਬਣਨ ਵੇਲੇ ਇਬੋਬੀ ਸਿੰਘ ਦੀ ਅਗਵਾਈ ਹੇਠ ਕਾਂਗਰਸ ਕੋਲ ਵਿਧਾਨ ਸਭਾ ਦੀਆਂ ਸੱਠ ਸੀਟਾਂ ਵਿਚੋਂ ਵੀਹ ਸਨ ਅਤੇ ਸਾਂਝਾ ਮੋਰਚਾ ਸਰਕਾਰ ਬਣਾਈ ਸੀ, ਅਗਲੀ ਵਾਰ ਉਹ ਸੱਠਾਂ ਵਿਚੋਂ ਤੀਹ ਸੀਟਾਂ ਲੈ ਗਿਆ। ਤੀਸਰੀ ਵਾਰੀ ਦਿੱਲੀ ਤੋਂ ਕਾਂਗਰਸ ਹਾਈ ਕਮਾਨ ਦੇ ਕੁਝ ਲੋਕ ਉਸ ਨੂੰ ਹਰਾਉਣ ਲਈ ਜ਼ੋਰ ਲਾ ਰਹੇ ਸਨ, ਪਰ ਉਹ ਫਿਰ ਸੱਠਾਂ ਵਿਚੋਂ ਬਤਾਲੀ ਸੀਟਾਂ ਜਿੱਤ ਕੇ ਪਕੜ ਵਧਾਉਣ ਵਿਚ ਸਫਲ ਰਿਹਾ ਸੀ। ਇਸ ਵਾਰ ਉਹ ਦੋਵੇਂ ਪਾਸਿਓਂ ਦਬਾਅ ਹੇਠ ਹੈ। ਕਾਂਗਰਸ ਦੇ ਅੰਦਰੋਂ ਢਾਹ ਲਾਈ ਜਾ ਰਹੀ ਹੈ ਤੇ ਭਾਜਪਾ ਆਪਣੀ ਸਾਰੀ ਤਾਕਤ 'ਅਭੀ ਜਾਂ ਕਭੀ ਨਹੀਂ' ਵਾਲੀ ਸੋਚ ਨਾਲ ਝੋਕ ਰਹੀ ਹੈ, ਪਰ ਉਥੋਂ ਆਉਂਦੀਆਂ ਖਬਰਾਂ ਦੱਸਦੀਆਂ ਹਨ ਕਿ ਓਕਰਮ ਇਬੋਬੀ ਸਿੰਘ ਏਡੀ ਛੇਤੀ ਇਸ ਦੂਵੱਲੀ ਮਾਰ ਅੱਗੇ ਝੁਕਣ ਵਾਲਾ ਨਹੀਂ।

ਬਾਕੀ ਸਾਡਾ ਪੰਜਾਬ ਰਹਿ ਜਾਂਦਾ ਹੈ, ਜਿਸ ਦੀ ਗੱਲ ਕਰਨ ਨੂੰ ਜੀਅ ਤਾਂ ਕਰਦਾ ਹੈ, ਪਰ ਹਾਲੇ ਨਕਸ਼ਾ ਕੁਝ ਸਾਫ ਨਹੀਂ ਦਿਸ ਰਿਹਾ। ਅਗਲਾ ਇੱਕ ਹਫਤਾ ਇਸ ਦੀ ਤਸਵੀਰ ਨਿਖਾਰਨ ਵਿਚ ਸਹਾਈ ਹੋ ਸਕਦਾ ਹੈ।



# ਪੰਜਾਬ ਦਾ ਸਿਆਸੀ ਭੇੜ ਤੇ ਡਾ. ਬਲਕਾਰ ਸਿੰਘ ਦੀ ਟਿੱਪਣੀ

## ਪਾਠਕਾਂ ਦੀ ਰਾਇ

ਪੰਜਾਬ ਟਾਈਮਜ਼ ਦੇ 14 ਜਨਵਰੀ ਦੇ ਅੰਕ ਵਿਚ ਡਾ. ਬਲਕਾਰ ਸਿੰਘ ਦੀ ਆਮ ਆਦਮੀ ਪਾਰਟੀ (ਆਪ) ਉਪਰ ਟਿੱਪਣੀ ਪੜ੍ਹੀ ਜਿਹੜੀ ਦਿਲਚਸਪ ਹੋਣੀ ਚਾਹੀਦੀ ਸੀ ਪਰ ਨੀਰਸ ਸੀ। ਆਦਮੀ ਦਾ ਸੁਭਾਅ ਹੈ ਹੀ ਅਜਿਹਾ ਕਿ ਉਹ ਪਰੰਪਰਾ ਛੱਡਣ ਲਈ ਜਲਦੀ ਤਿਆਰ ਨਹੀਂ ਹੁੰਦਾ। ਰਾਤੀਂ ਅਚਾਨਕ ਬਲਬ ਬੁਝਾ ਦਿੰਦੇ ਹਾਂ ਤਾਂ ਬੱਚਾ ਰੋਣ ਲਗਦਾ ਹੈ। ਸੁਤੇ ਬੱਚੇ ਕੋਲ ਬਲਬ ਜਗਾ ਦਿਉ, ਉਹ ਉਠ ਕੇ ਰੋਣਾ ਸ਼ੁਰੂ ਕਰ ਦਿੰਦਾ ਹੈ, ਉਹ ਜਿਵੇਂ ਹੈ ਉਵੇਂ ਰਹਿਣਾ ਚਾਹੁੰਦਾ ਹੈ। ਗੁਰੂ ਹਰਗੋਬਿੰਦ ਜੀ ਨੇ ਮੀਰੀ ਪੀਰੀ ਦੀਆਂ ਕਿਰਪਾਨਾਂ ਧਾਰਨ ਕੀਤੀਆਂ ਤਾਂ ਸਭ ਤੋਂ ਪਹਿਲਾਂ ਵਿਰੋਧ ਬੇਦੀਆਂ/ਸੋਢੀਆਂ ਵਲੋਂ ਹੀ ਹੋਇਆ ਸੀ ਕਿ ਇਹ ਗੁਰੂ ਨਾਨਕ ਦੇਵ ਜੀ ਦਾ ਰਸਤਾ ਨਹੀਂ ਹੈ।

ਪੰਜਾਬ ਖੜੋਤ ਅਤੇ ਦੁਚਿਤੀ ਵਿਚੋਂ ਨਿਕਲ ਚੁਕਾ ਹੈ, ਹਿੰਦੁਸਤਾਨ ਅਜੇ ਖਲੋਤਾ ਹੈ। ਇਸ ਗੱਲ ਦਾ ਸਬੂਤ ਪਾਰਲੀਮੈਂਟ ਚੋਣਾਂ ਵਿਚ ਮਿਲ ਗਿਆ ਸੀ, ਪੰਜਾਬ ਵਿਚ ਨਾ ਕੇਵਲ ਚਾਰ ਉਮੀਦਵਾਰ ਜੇਤੂ ਰਹੇ, ਬਾਕੀ ਥਾਂਵਾਂ ਉਪਰ ਵੀ ਲੀਡ ਸ਼ਲਾਘਯੋਗ ਸੀ। ਚਾਹੇ ਸੋਸ਼ਲ ਮੀਡੀਆ ਚੈਕ ਕਰ ਲਉ, ਭਾਵੇਂ ਫੀਲਡ ਵਿਚ ਕੰਮ ਕਰਦੇ ਵਰਕਰਾਂ; 'ਆਪ' ਦੇ ਕਾਮੇ ਜੁਆਨ ਅਤੇ ਗਤੀਸ਼ੀਲ ਹਨ। ਬੁੱਢਿਆਂ ਨੂੰ ਜੁਆਨਾਂ ਬਰਾਬਰ ਦੌੜਨਾ ਨਹੀਂ ਚਾਹੀਦਾ ਕਿਉਂਕਿ ਪਿਛੇ ਰਹਿ ਜਾਣਗੇ। ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹੈਲਥ ਕਲਿਨਿਕ, ਸਕੂਲ ਅਤੇ ਪੁਲ ਉਸਾਰ ਕੇ ਸਾਬਤ ਕੀਤਾ ਹੈ ਕਿ ਨਾ ਕੇਵਲ ਕੰਮ ਵਿਚ ਤੇਜੀ ਆਈ, ਭ੍ਰਿਸ਼ਟਾਚਾਰ ਤੋਂ ਵੀ ਕਾਫੀ ਹੱਦ ਤੱਕ ਮੁਕਤੀ ਮਿਲੀ ਹੈ।

ਮੈਂ ਮੰਨਦਾ ਹਾਂ ਕਿ ਕੇਜਰੀਵਾਲ ਨੂੰ ਛੱਡ ਕੇ 'ਆਪ' ਦੇ ਨਵੇਂ ਨੇਤਾ ਬਹੁਤੇ ਸਮਝਦਾਰ ਨਹੀਂ ਪਰ ਕਾਂਗਰਸ ਅਤੇ ਅਕਾਲੀ ਦਲ ਦੇ ਲੀਡਰਾਂ ਦੀ ਸਮਝਦਾਰੀ ਕੀ ਕਰਨੀ ਹੋਈ ਜਦੋਂ ਉਨ੍ਹਾਂ ਨੇ ਅਕਲ ਤੋਂ ਭ੍ਰਿਸ਼ਟਾਚਾਰ ਕਰਨ ਦਾ ਕੰਮ ਲਿਆ? ਇਕੱਲਾ ਕੇਜਰੀਵਾਲ ਭਾਰੀ ਗੱਡਾ ਨਿਪੁੰਨਤਾ ਨਾਲ ਖਿਚੀ ਜਾ ਰਿਹਾ ਹੈ। ਉਸ ਦਾ ਐਲਾਨ ਹੈ- ਜੇ ਮੈਂ ਭ੍ਰਿਸ਼ਟ ਹਾਂ, ਮੈਨੂੰ ਫੜੋ; ਨਹੀਂ ਤਾਂ ਸੱਤਾ ਵਿਚ ਆਉਣ ਸਾਰ ਮੈਂ ਭ੍ਰਿਸ਼ਟ ਲੀਡਰਾਂ ਨੂੰ ਗ੍ਰਿਫਤਾਰ ਕਰਾਂਗਾ।

ਡਾ. ਬਲਕਾਰ ਸਿੰਘ ਦੀ ਦੁਚਿਤੀ ਦੇ ਦੋ ਕਾਰਨ ਹਨ, ਸ਼ਾਇਦ ਉਹ ਕੈਪਟਨ ਅਮਰਿੰਦਰ ਸਿੰਘ ਦੇ ਉਪਕਾਰਾਂ ਕਾਰਨ ਕਾਂਗਰਸ ਦੇ ਸ਼ੁਕਰਗੁਜ਼ਾਰ ਹਨ ਤੇ ਹੁਣ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹੋਣ ਕਾਰਨ ਅਕਾਲੀ ਦਲ ਦੀ ਆਲੋਚਨਾ ਨਹੀਂ ਕਰ ਸਕਦੇ। ਅਜੀਬ ਗੱਲ ਇਹ ਹੈ ਕਿ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸਿਫਤ ਸਾਲਾਹ ਵਿਚ ਉਨ੍ਹਾਂ ਨੇ 'ਪੰਜਾਬ ਦਾ ਬਾਬਾ ਬੋਹੜ' ਕਿਤਾਬ ਲਿਖੀ ਪਰ ਟੌਹੜਾ ਸਾਹਿਬ ਦਾ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਤੋਂ ਬਗਾਵਤ ਕਰਕੇ ਆਮ ਆਦਮੀ ਪਾਰਟੀ ਦੀ ਟਿਕਟ ਤੋਂ ਚੋਣ ਲੜ ਰਿਹਾ ਹੈ। ਨਫੇ-ਨੁਕਸਾਨ ਦੀ ਪ੍ਰਵਾਹ ਕੀਤੇ ਬਗੈਰ ਪੰਜਾਬ ਤਬਦੀਲੀ ਲਿਆਏਗਾ, ਇਹ ਇਸ ਦਾ ਸੁਭਾਅ ਹੈ। ਪੰਜਾਬ ਚੋਣਾਂ ਦੇ ਨਤੀਜੇ ਦਿਲਚਸਪ ਹੋਣਗੇ।

*-ਪ੍ਰੋ. ਹਰਪਾਲ ਸਿੰਘ ਪੰਨੂ*
*ਪਟਿਆਲਾ।*

## ਡਾ. ਬਲਕਾਰ ਸਿੰਘ ਦਾ ਸਥਾਪਤੀ ਪ੍ਰਤੀ ਉਲਾਰ

ਪੰਜਾਬ ਟਾਈਮਜ਼ ਦੇ 14 ਜਨਵਰੀ ਦੇ ਪਰਚੇ ਵਿਚ ਉਘੇ ਵਿਦਵਾਨ ਡਾ. ਬਲਕਾਰ ਸਿੰਘ ਦਾ ਲੇਖ 'ਪੰਜਾਬ ਦਾ ਸਿਆਸੀ ਭੇੜ' ਪੜ੍ਹਿਆ, ਪਰ ਗੱਲ ਜਚੀ ਨਹੀਂ। ਮੈਂ ਡਾ. ਬਲਕਾਰ ਸਿੰਘ ਦੇ ਪੰਜਾਬ ਟਾਈਮਜ਼ ਵਿਚ ਛਪੇ ਕਰੀਬ ਕਰੀਬ ਸਾਰੇ ਲੇਖ ਪੜ੍ਹੇ ਹਨ ਅਤੇ ਉਨ੍ਹਾਂ ਦੇ ਵਿਚਾਰ ਬਹੁਤ ਗੰਭੀਰ ਤੇ ਡੂੰਘੇ ਹੁੰਦੇ ਹਨ, ਪਰ ਇਸ ਲੇਖ ਵਿਚ ਉਨ੍ਹਾਂ ਦੇ ਵਿਚਾਰ ਉਨ੍ਹਾਂ ਦੇ ਉਚੇ ਬੌਧਿਕ ਪੱਧਰ 'ਤੇ ਪੂਰੇ ਉਤਰਦੇ ਨਹੀਂ ਜਾਪੇ।

ਇਸ ਲੇਖ ਵਿਚ ਡਾ. ਬਲਕਾਰ ਸਿੰਘ ਸਥਾਪਤੀ ਦੇ ਹੱਕ ਵਿਚ ਭੁਗਤਦੇ ਨਜ਼ਰ ਆਉਂਦੇ ਹਨ। ਆਪਣੀ ਇਸ ਲਿਖਤ ਵਿਚ ਉਹ ਅਸਿੱਧੇ ਤੌਰ 'ਤੇ ਅਕਾਲੀਆਂ ਦੇ ਹੱਕ ਦੀ ਗੱਲ ਕਰਦੇ ਹਨ ਪਰ ਕਾਂਗਰਸ ਦੇ ਹੱਕ ਵਿਚ ਸਿੱਧਾ ਸਿੱਧਾ ਭੁਗਤਦੇ ਜਾਪਦੇ ਹਨ ਜਦੋਂਕਿ ਨਵੀਂ ਉਠੀ ਆਮ ਆਦਮੀ ਪਾਰਟੀ ਵਿਰੁਧ ਉਨ੍ਹਾਂ ਦਾ ਫਤਵਾ ਕੁਝ ਜ਼ਿਆਦਾ ਹੀ ਤਿੱਖਾ ਹੈ। ਅਕਾਲੀ ਅਤੇ ਕਾਂਗਰਸੀ ਇਕ ਲੰਮੇ ਅਰਸੇ ਤੋਂ ਵਾਰੀ ਵਾਰੀ ਪੰਜਾਬ ਵਿਚ ਸਰਕਾਰਾਂ ਬਣਾਉਂਦੇ ਆ ਰਹੇ ਹਨ। ਕੌਣ ਨਹੀਂ ਜਾਣਦਾ ਕਿ ਇਹ ਕਾਂਗਰਸ ਸਰਕਾਰ ਹੀ ਸੀ ਜਦੋਂ ਆਪਰੇਸ਼ਨ ਬਲੂ ਸਟਾਰ ਹੋਇਆ ਅਤੇ ਦਿੱਲੀ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਕੋਸ਼ਿਸ਼ ਕੀਤੀ ਗਈ। ਦੂਜੇ ਪਾਸੇ ਪਿਛਲੇ 10 ਸਾਲਾਂ ਦੌਰਾਨ ਅਕਾਲੀ ਦਲ ਦੀ ਸਰਕਾਰ ਦੇ ਸਮੇਂ ਪੰਜਾਬ ਵਿਚ ਨਸ਼ਿਆਂ ਦਾ ਛੇਵਾਂ ਨਹੀਂ ਸਗੋਂ ਸੱਤਵਾਂ-ਅੱਠਵਾਂ ਦਰਿਆ ਵਗਿਆ, ਆਰਥਿਕ ਬਦਹਾਲੀ ਕਾਰਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਨੇ ਹਰ ਨੇਕ ਦਿਲ ਇਨਸਾਨ ਦੇ ਹਿਰਦੇ ਨੂੰ ਉਦਾਸ ਕੀਤਾ ਹੈ, ਅਮਨ ਕਾਨੂੰਨ ਦੀ ਹਾਲਤ ਇਹ ਹੈ ਕਿ ਬੀਬੀਆਂ ਘਰੋਂ ਨਿਕਲਦਿਆਂ ਘਬਰਾਉਂਦੀਆਂ ਹਨ।

ਡਾ. ਬਲਕਾਰ ਸਿੰਘ ਲੱਖ ਆਖੀ ਜਾਣ ਕਿ ਕੇਜਰੀਵਾਲ ਦੀ ਸਿਆਸਤ, ਨਾਹਰੇਬਾਜ਼ੀ ਦੀ ਸਿਆਸਤ ਹੈ, ਉਧੜਧੁੰਮੀ ਦੀ ਸਿਆਸਤ ਹੈ ਅਤੇ ਅਪਹਰਣ ਦੀ ਸਿਆਸਤ ਹੈ। ਪਰ ਇਸ ਸਮੇਂ ਪੰਜਾਬ ਦੇ ਲੋਕ ਇਸ ਪਾਰਟੀ ਤੋਂ ਵੱਡੀ ਆਸ ਲਾ ਕੇ ਬੈਠੇ ਹਨ ਜਿਸ ਵਿਚ ਵਜ਼ਨ ਵੀ ਜਾਪਦਾ ਹੈ। ਬਾਕੀ ਹੁਣ ਚੋਣ ਨਤੀਜੇ ਦੱਸਣਗੇ।

*-ਮਲਕੀਤ ਸਿੰਘ, ਫਰੀਮਾਂਟ।*

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### ਵੋਟਾਂ ਦੀ ਰੁੱਤ ਆਈ ਭਾਗ ਸਿਆਂ

ਹੁਣ ਜੇ ਭਾਗ ਸਿਆਂ ਹੋਰ ਸੌਂ ਗਿਆ, ਸੌਂ ਜਾਵਣਗੇ ਭਾਗ,
ਤਾਹੀਓਂ ਮੁੜ ਮੁੜ ਆਖ ਰਹੇ ਹਾਂ, ਜਾਗ ਭਾਗ ਸਿਆਂ ਜਾਗ।
ਨਿੱਤ ਮਿਰਜ਼ੇ ਨਾਲ ਸਾਹਿਬਾਂ ਭੱਜਦੀ, ਰਹੀ ਨਾ ਚੰਦੜਾਂ ਵਿਚ ਕੋਈ ਕੰਡ,
ਚੋਣਾਂ ਵਿਚ ਸ਼ਿੰਗਾਰਿਆ ਪੂਰਾ, ਝੰਡੀਆਂ ਦੇ ਨਾਲ ਅੱਜ ਕੱਲ੍ਹ ਜੰਡ।
ਨੇਤਾ ਦੇ ਘਰ ਨੇਤਾ ਜੰਮਣੇ, ਨਹੀਂ ਜੰਮਣੇ ਨੇ ਲਾਲ,
ਤੇਰੇ ਤਾਂ ਬੱਸ ਵਿਲਕਦੇ ਰਹਿਣੇ, ਪੜ੍ਹ-ਲਿਖ ਕੇ ਵੀ ਬਾਲ।
ਕਰੇਂਗਾ ਸੇਂਜੇ, ਰੌਣੀਆਂ ਦੱਬ ਕੇ, ਜੇ ਲੰਘਾ ਲਈ ਵੱਤ,
ਹੁਣ ਜੇ ਕੱਢਣਾ ਕੱਢ ਲੈ ਸੋਹਣਿਆ ਚੱਕੀ ਹੇਠੋਂ ਹੱਥ।
ਖੇਤਾਂ ਦਾ ਪੁੱਤ ਹਾਰੀ ਜਾਂਦਾ ਖੇਤਾਂ ਦੇ ਵਿਚ ਜੰਗ,
ਹੋਰਨਾਂ ਦਾ ਢਿੱਡ ਭਰਦਿਆਂ ਭਰਦਿਆਂ ਆਪ ਹੋ ਗਿਆ ਨੰਗ।
ਜੁਰਮ ਲੁਕਿਆ ਏ ਵਰਦੀ ਹੇਠਾਂ, ਨਸ਼ੇ 'ਚ ਹਾਕਮ ਟੁੰਨ,
ਜਿੱਥੇ ਦੇਖਣ ਉਥੇ ਧੀਆਂ ਪਾਪੀ ਦਿੰਦੇ ਭੁੰਨ।
ਅਕਲ ਦੇ ਬੂਹੇ ਖੋਲ੍ਹ ਭਾਗ ਸਿੰਹਾਂ, ਹੋ ਥੋੜਾ ਹੁਸ਼ਿਆਰ,
ਕਤਲ ਕਰਾ ਕੇ ਬਾਪ ਨੂੰ ਏਥੇ ਫਿਰ ਮਿਲਦਾ ਰੁਜ਼ਗਾਰ।
ਖੁੱਡਾਂ ਖਾਲੀ ਹੋ ਗਈਆਂ ਨੇ ਆ ਗਏ ਸਾਰੇ ਬਾਹਰ,
ਨੇਤਾ ਜੀ ਨੂੰ ਚੜ੍ਹ ਗਿਆ ਪੂਰਾ, ਭੱਠੇ ਵਾਂਗ ਬੁਖਾਰ।
ਵੋਟਾਂ ਦੀ ਰੁੱਤ ਆਈ, ਚੁਫੇਰੇ ਘੁੰਮਦੇ ਚੋਣ ਨਿਸ਼ਾਨ,
ਹਰ ਕੋਈ ਹੋਣ ਨੂੰ ਫਿਰ ਰਿਹਾ ਏ ਹਰ ਇਕ ਤੋਂ ਕੁਰਬਾਨ।
ਡੇਰਿਆਂ ਵਿਚ ਧਮਾਲਾਂ ਪਈਆਂ, ਸਾਧ ਪਕਾਉਂਦੇ ਰੋਟ,
ਇਨ੍ਹਾਂ ਦਾ 'ਭੌਰੇ' ਐਤਕੀਂ ਲੱਗਦਾ, ਕੰਮ ਨ੍ਹੀਂ ਆਉਣਾ ਲੋਟ।

ਪੰਜਾਬ ਟਾਈਮਜ਼

*ਸਨਿਚਰਵਾਰ, 21 ਜਨਵਰੀ 2017*

## ਪੰਜਾਬ ਯੂ.ਪੀ. ਗੋਆ...

ਪੰਜਾਬ ਵਿਚ ਵਿਧਾਨ ਸਭਾ ਲਈ ਨਾਮਜ਼ਦਗੀਆਂ ਵਾਲਾ ਕੰਮ ਨਜਿੱਠਿਆ ਗਿਆ ਹੈ। ਸਾਰੀਆਂ ਪਾਰਟੀਆਂ ਹੁਣ ਸੌ ਮੀਟਰ ਵਾਲੀ ਦੌੜ ਵਾਂਗ ਵੇਗ ਫੜ ਚੁੱਕੀਆਂ ਹਨ। ਕੋਈ ਪਾਰਟੀ ਅਜਿਹੀ ਨਹੀਂ ਜਿਸ ਅੰਦਰ ਬਗਾਵਤ ਨਾ ਹੋਈ ਹੋਵੇ, ਦਲ-ਬਦਲੀ ਦੀ ਤਾਂ ਹੁਣ ਗੱਲ ਹੀ ਛੱਡੋ। ਹੁਣ ਦਲ-ਬਦਲੀ ਪਾਰਟੀ ਨੂੰ ਬਲੈਕਮੇਲ ਕਰ ਕੇ ਆਪਣੀ ਗੱਲ ਮੰਨਵਾਉਣ ਦਾ ਕਾਰਗਰ ਤਰੀਕਾ ਹੋ ਨਿਬੜੀ ਹੈ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸੱਤਪਾਲ ਗੁਸਾਈਂ ਅਤੇ ਕਾਂਗਰਸੀ ਆਗੂ ਗੁਰਕੰਵਲ ਕੌਰ ਨੇ ਇਸ ਪ੍ਰਸੰਗ ਵਿਚ ਬਾਜ਼ੀ ਮਾਰ ਲਈ ਹੈ। ਸੱਤਪਾਲ ਗੁਸਾਈਂ ਕਾਂਗਰਸ ਵਿਚ ਸ਼ਾਮਲ ਹੋਏ ਅਤੇ ਸਿਰਫ ਇਕ ਦਿਨ ਬਾਅਦ ਹੀ ਵਾਪਸ ਪਾਰਟੀ ਵਿਚ ਮੁੜ ਆਏ। ਇਸੇ ਤਰ੍ਹਾਂ ਹੀ ਗੁਰਕੰਵਲ ਕੌਰ ਨੇ ਕੀਤਾ। ਜਿਹੜਾ ਨਾਟਕ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਨੇ ਕੀਤਾ ਹੈ, ਉਹ ਆਪਣੀ ਮਿਸਾਲ ਆਪ ਹੈ। ਉਸ ਨੇ ਚੋਣ ਸਿਆਸਤ ਦੀ 'ਸੰਜੀਦਗੀ' ਦੇ ਦਰਸ਼ਨ ਕਰਵਾ ਦਿੱਤੇ। ਖੈਰ! ਹੁਣ ਮੁੱਦਾ ਪਾਰਟੀਆਂ ਦੀ ਜਿੱਤ ਅਤੇ ਹਾਰ ਬਾਬਤ ਹੈ। ਕੁੱਲ ਪੰਜ ਸੂਬਿਆਂ, ਜਿਥੇ ਚੋਣਾਂ ਹੋ ਰਹੀਆਂ ਹਨ, ਵਿਚੋਂ ਦੋ ਸੂਬਿਆਂ (ਪੰਜਾਬ ਅਤੇ ਯੂ.ਪੀ.) ਦੀਆਂ ਚੋਣਾਂ ਸਭ ਧਿਰਾਂ ਲਈ ਬਹੁਤ ਅਹਿਮ ਹਨ ਅਤੇ ਇਸ ਦੇ ਸੂਬਾ ਪੱਧਰ ਉਤੇ ਵੀ ਅਤੇ ਕੌਮੀ ਸਿਆਸਤ ਵਿਚ ਚਿਰ ਸਥਾਈ ਅਸਰ ਪੈਣੇ ਹਨ। ਜਿਥੋਂ ਤੱਕ ਪੰਜਾਬ ਦਾ ਸਬੰਧ ਹੈ, ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਕਾਫੀ ਹੱਦ ਤੱਕ ਕੰਧ ਉਤੇ ਲਿਖਿਆ ਪੜ੍ਹ ਚੁੱਕਾ ਹੈ। ਲੋਕਾਂ ਦਾ ਰੋਹ ਅਤੇ ਰੋਸ ਸੱਤਾਧਾਰੀਆਂ ਖਿਲਾਫ ਖੁੱਲ੍ਹ ਕੇ ਸਾਹਮਣੇ ਆ ਚੁੱਕਾ ਹੈ। ਕਾਂਗਰਸ ਲਈ ਹਾਲਾਤ ਹੁਣ 'ਕਰੋ ਜਾਂ ਮਰੋ' ਵਾਲੇ ਹਨ। ਇਸ ਦੀ ਜਿੱਤ ਜਾਂ ਹਾਰ ਦਾ ਸਿੱਧਾ ਅਸਰ ਕੌਮੀ ਸਿਆਸਤ ਉਤੇ ਪਵੇਗਾ ਜਿਥੇ ਭਾਰਤੀ ਜਨਤਾ ਪਾਰਟੀ ਹਰ ਖਿੱਤੇ ਅਤੇ ਖੇਤਰ ਵਿਚ ਕਾਂਗਰਸ ਨੂੰ ਬੁਰੀ ਤਰ੍ਹਾਂ ਲਤਾੜ ਰਹੀ ਹੈ। ਪੰਜਾਬ ਵਿਚ ਕਾਂਗਰਸ ਦੀ ਜਿੱਤ ਉਸ ਲਈ ਨਵੇਂ ਜਨਮ ਤੋਂ ਘੱਟ ਨਹੀਂ ਹੋਵੇਗੀ। ਇਸੇ ਲਈ ਪਾਰਟੀ ਜਿੱਤ ਲਈ ਹਰ ਹੀਲਾ-ਵਸੀਲਾ ਕਰ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ ਲੰਬੀ ਹਲਕੇ ਵਿਚ ਡਾਹੁਣਾ ਇਸੇ ਰਣਨੀਤੀ ਦਾ ਹਿੱਸਾ ਹੈ। ਪਾਰਟੀ ਨੇ ਇਹ ਨੁਸਖਾ ਲੋਕ ਸਭਾ ਚੋਣਾਂ ਦੌਰਾਨ ਵਰਤਿਆ ਸੀ ਅਤੇ ਕਾਮਯਾਬ ਰਹੀ ਸੀ, ਪਰ ਐਤਕੀਂ ਇਸ ਨੂੰ ਬਹੁਤੀ ਵੰਗਾਰ ਸੱਤਾਧਾਰੀ ਗਠਜੋੜ ਵੱਲੋਂ ਨਹੀਂ, ਸਗੋਂ ਪੰਜਾਬੀਆਂ ਦੇ ਦਿਲਾਂ ਅੰਦਰ ਖਾਸ ਜਗ੍ਹਾ ਬਣਾਉਣ ਵਾਲੀ ਆਮ ਆਦਮੀ ਪਾਰਟੀ (ਆਪ) ਤੋਂ ਹੈ। ਭਾਵੇਂ ਚੋਣ ਰਣਨੀਤੀ ਵਜੋਂ ਹੀ ਸਹੀ, ਕੈਪਟਨ ਅਮਰਿੰਦਰ ਸਿੰਘ ਵਾਰ-ਵਾਰ ਇਹੀ ਆਖ ਰਹੇ ਹਨ ਕਿ ਕਾਂਗਰਸ ਦਾ ਮੁਕਾਬਲ 'ਆਪ' ਨਾਲ ਹੀ ਹੈ ਅਤੇ 'ਆਪ' ਲਈ ਪੂਰਾ ਪਿੜ ਖਾਲੀ ਹੈ। ਇਹ ਪਾਰਟੀ ਸੂਬੇ ਵਿਚ ਨਵੇਂ ਅਧਿਆਏ ਲਈ ਤਾਣ ਲਾ ਰਹੀ ਹੈ।

ਉਤਰ ਪ੍ਰਦੇਸ਼ (ਯੂ.ਪੀ.) ਦੇ ਚੋਣ-ਦ੍ਰਿਸ਼ ਵਿਚ ਨਵੀਂ ਸਫਬੰਦੀ ਉਭਰ ਆਈ ਹੈ। ਸੱਤਾਧਾਰੀ ਸਮਾਜਵਾਦੀ ਪਾਰਟੀ ਦੇ ਅਖਿਲੇਸ਼ ਧੜੇ ਦੀ ਕਾਂਗਰਸ ਨਾਲ ਨੇੜਤਾ ਨੇ ਭਾਰਤੀ ਜਨਤਾ ਪਾਰਟੀ ਦੀ ਨੀਂਦ ਉਡਾ ਦਿੱਤੀ ਹੈ। ਇਸ ਪਾਰਟੀ ਦੀ ਗਿਣਤੀ-ਮਿਣਤੀ ਸੀ ਕਿ ਵੋਟਾਂ ਸਮਾਜਵਾਦੀ ਪਾਰਟੀ, ਕਾਂਗਰਸ ਅਤੇ ਬਹੁਜਨ ਸਮਾਜ ਪਾਰਟੀ ਵਿਚਕਾਰ ਵੰਡੇ ਜਾਣ ਤੋਂ ਬਾਅਦ ਇਸ ਦੀ ਜਿੱਤ ਲਈ ਰਾਹ ਪੱਧਰਾ ਹੋ ਜਾਵੇਗਾ। ਲੋਕ ਸਭਾ ਚੋਣਾਂ ਦੌਰਾਨ ਅਜਿਹਾ ਹੀ ਹੋਇਆ ਸੀ। ਉਦੋਂ ਮੁਸਲਿਮ ਵੋਟਾਂ ਵੰਡੀਆਂ ਗਈਆਂ ਸਨ, ਪਰ ਐਤਕੀਂ ਯੂ.ਪੀ. ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਮੁੱਢ ਤੋਂ ਹੀ ਆਖ ਰਹੇ ਹਨ ਕਿ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਦਾ ਗਠਜੋੜ ਭਾਰਤੀ ਜਨਤਾ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਨੂੰ ਪਛਾੜ ਸਕਦਾ ਹੈ। ਕਾਂਗਰਸ ਦਾ ਚੋਣ ਨੀਤੀਕਾਰ ਪ੍ਰਸ਼ਾਤ ਕਿਸ਼ੋਰ ਵੀ ਇਨ੍ਹਾਂ ਹੀ ਲੀਹਾਂ ਉਤੇ ਜਾਣਾ ਚਾਹੁੰਦਾ ਸੀ। ਉਸ ਦਾ ਦਾਈਆ ਸਿਰਫ ਕਾਂਗਰਸ ਲਈ ਵੱਧ ਤੋਂ ਵੱਧ ਸੀਟਾਂ ਉਤੇ ਜਿੱਤ ਹਾਸਲ ਕਰਨਾ ਨਹੀਂ, ਸਗੋਂ ਵਿਰੋਧੀਆਂ ਨੂੰ ਵੱਧ ਤੋਂ ਵੱਧ ਸੀਟਾਂ ਤੋਂ ਹਰਾਉਣ ਦਾ ਰਿਹਾ ਹੈ। ਉਂਜ ਵੀ ਇਹ ਸੂਬਾ ਕੌਮੀ ਪੱਧਰ ਦੀ ਸਿਆਸਤ ਵਿਚ ਖਾਸ ਮਹੱਤਵ ਰੱਖਦਾ ਹੈ। ਲੋਕ ਸਭਾ ਚੋਣਾਂ ਦੌਰਾਨ ਇਸੇ ਸੂਬੇ ਦੀ ਜਿੱਤ ਨਾਲ ਹੀ ਭਾਰਤੀ ਜਨਤਾ ਪਾਰਟੀ ਇਕੱਲਿਆਂ ਬਹੁਮਤ ਹਾਸਲ ਕਰ ਸਕੀ ਸੀ। ਇਸੇ ਕਰ ਕੇ ਹੁਣ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਵਿਚਕਾਰ ਤਾਲਮੇਲ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੂੰ ਆਪਣੀ ਸਾਰੀ ਚੋਣ ਰਣਨੀਤੀ ਨਵੇਂ ਸਿਰਿਓਂ ਘੜਨੀ ਪੈ ਰਹੀ ਹੈ। ਹਰ ਅੰਕੜਾ ਇਹੀ ਕਹਾਣੀ ਕਹਿ ਰਿਹਾ ਹੈ ਕਿ ਜੇ ਮੁਸਲਮਾਨ ਵੋਟਾਂ ਇਕਜੁਟ ਰਹੀਆਂ ਤਾਂ ਭਾਰਤੀ ਜਨਤਾ ਪਾਰਟੀ ਦੀ ਰਣਨੀਤੀ ਨੂੰ ਪਲੀਤਾ ਲੱਗ ਸਕਦਾ ਹੈ, ਭਾਵੇਂ ਇਹ ਪਾਰਟੀ ਸ਼ਰੇਆਮ ਆਖ ਰਹੀ ਹੈ ਕਿ ਇਹ ਮੁਸਲਮਾਨਾਂ ਦੀਆਂ ਵੋਟਾਂ ਤੋਂ ਬਗੈਰ ਜਿੱਤ ਹਾਸਲ ਕਰ ਸਕਦੀ ਹੈ। ਅਸਲ ਵਿਚ ਇਸ ਦੀ ਸਾਰੀ ਆਸ ਮੁਸਲਮਾਨਾਂ ਦੀਆਂ ਵੋਟਾਂ ਵੰਡੇ ਜਾਣ ਉਤੇ ਹੀ ਟਿਕੀ ਹੋਈ ਹੈ। ਨਵੀਂ ਸਫਬੰਦੀ ਕਾਰਨ ਸ਼ਾਇਦ ਭਾਰਤੀ ਜਨਤਾ ਪਾਰਟੀ ਦੀ ਇਹ ਆਸ ਅਸਲੀਅਤ ਵਿਚ ਵਟਣ ਤੋਂ ਰਹਿ ਜਾਵੇ।

ਗੋਆ ਦੇ ਹਾਲਾਤ ਇਨ੍ਹਾਂ ਦੋਹਾਂ ਸੂਬਿਆਂ ਤੋਂ ਰਤਾ ਕੁ ਵੱਖਰੇ ਹਨ। ਉਥੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਆਮ ਆਦਮੀ ਪਾਰਟੀ ਟੱਕਰ ਦੇ ਰਹੀ ਹੈ। ਇਸ ਤਿੱਖੀ ਅਤੇ ਵਜ਼ਨਦਾਰ ਟੱਕਰ ਕਾਰਨ ਹੀ ਰੱਖਿਆ ਮੰਤਰੀ ਮਨੋਹਰ ਪਰੀਕਰ ਜੋ ਪਹਿਲਾਂ ਸੂਬੇ ਦੇ ਮੁੱਖ ਮੰਤਰੀ ਸਨ, ਨੂੰ ਦੁਬਾਰਾ ਸੂਬੇ ਵਿਚ ਭੇਜਣ ਬਾਰੇ ਖਬਰਾਂ ਨੂੰ ਹਵਾ ਮਿਲ ਰਹੀ ਹੈ। ਅਸਲ ਵਿਚ ਆਮ ਆਦਮੀ ਪਾਰਟੀ ਨੇ ਮੁਕਾਮੀ ਮੁੱਦੇ ਭਖਾ ਕੇ ਭਾਰਤੀ ਜਨਤਾ ਪਾਰਟੀ ਨੂੰ ਵੰਡੀ ਵੰਗਾਰ ਪਾਈ ਹੈ। ਇਸੇ ਦੌਰਾਨ ਕਾਂਗਰਸ ਮੁਕਾਬਲੇ ਵਿਚ ਆਉਣ ਲਈ ਬਹੁਤ ਹੱਥ-ਪੈਰ ਮਾਰ ਰਹੀ ਹੈ, ਪਰ ਫਿਲਹਾਲ ਉਸ ਦਾ ਪੈਰ ਕਿਤੇ ਅੜਦਾ ਨਜ਼ਰੀਂ ਨਹੀਂ ਪੈ ਰਿਹਾ। ਇਹ ਪਾਰਟੀ ਪਿਛਲੇ ਪੰਜ ਸਾਲਾਂ ਦੌਰਾਨ ਸੰਜੀਦਾ ਵਿਰੋਧੀ ਧਿਰ ਵਾਲੀ ਭੂਮਿਕਾ ਨਿਭਾਉਣ ਵਿਚ ਨਾਕਾਮ ਹੀ ਸਾਬਤ ਹੋਈ ਹੈ। ਕੁਝ ਵੀ ਹੋਵੇ, ਇਨ੍ਹਾਂ ਤਿੰਨਾਂ ਸੂਬਿਆਂ ਦੇ ਨਤੀਜਿਆਂ ਨੇ ਤਿੰਨੇ ਮੁੱਖ ਪਾਰਟੀਆਂ (ਭਾਰਤੀ ਜਨਤਾ ਪਾਰਟੀ, ਕਾਂਗਰਸ ਅਤੇ ਆਮ ਆਦਮੀ ਪਾਰਟੀ) ਦੀ ਸਿਆਸਤ ਉਤੇ ਤਾਂ ਅਸਰ ਪਾਉਣਾ ਹੀ ਹੈ, ਅਗਲੀਆਂ ਲੋਕ ਸਭਾ ਚੋਣਾਂ ਜੋ 2019 ਵਿਚ ਹੋਣੀਆਂ ਹਨ, ਲਈ ਰਣਨੀਤਕ ਮੁਹਾਜ਼ ਖੜ੍ਹਾ ਕਰਨ ਵਿਚ ਵੀ ਮੰਚ ਤਿਆਰ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਫੇਸ-ਬੁੱਕ 'ਤੇ ਫਤਿਹ!*

ਕੁਰਸੀ-ਜੰਗ ਪੰਜਾਬ ਦੇ ਵਿਚ ਚੱਲੇ, ਸੋਸ਼ਲ ਮੀਡੀਆ ਬਣਿਆ ਹਥਿਆਰ ਯਾਰੋ।
ਦੇਸ਼ ਵਾਸੀਆਂ ਨਾਲੋਂ ਪਰਵਾਸੀਆਂ ਨੂੰ, ਚੜ੍ਹਿਆ ਜ਼ਿਆਦਾ ਏ ਚੋਣ-ਬੁਖਾਰ ਯਾਰੋ।
ਸੁਬ੍ਹਾ-ਸ਼ਾਮ ਹੀ 'ਪੋਸਟਾਂ' ਪਾਈ ਜਾਂਦੇ, ਜਿੱਦਾਂ ਮੋਰਚਾ ਲੈਣਾ ਇਉਂ ਮਾਰ ਯਾਰੋ।
ਕਾਹਲੇ ਪਏ ਕਚੀਚੀਆਂ ਵੱਟਦੇ ਨੇ, ਕਦੋਂ ਆਏਗੀ ਫਰਵਰੀ ਚਾਰ ਯਾਰੋ।
ਗਰਮਾ ਗਰਮ 'ਕੁਮੈਂਟ' ਸਭ ਦਾਗਦੇ ਨੇ, ਜਨਤਾ ਬਾਹਲੀ ਹੀ ਸਤੀ ਪਈ ਜਾਪਦੀ ਏ।
ਗਿਣਤੀ ਹੋਈ 'ਤੇ ਫੀਲਡ ਦਾ ਭੇਤ ਖੁੱਲ੍ਹੂ, ਫੇਸ-ਬੁੱਕ 'ਤੇ ਫਤਿਹ ਤਾਂ 'ਆਪ' ਦੀ ਏ।

# ਪੰਜਾਬ ਵਿਚ ਹਥਿਆਰਾਂ ਅਤੇ ਨਸ਼ਿਆਂ ਦਾ ਅਤਿਵਾਦ

***ਪੰਜਾਬ ਵਿਚ ਨਸ਼ਿਆਂ ਅਤੇ ਹਥਿਆਰਾਂ ਦੇ ਹੜ੍ਹ ਨੇ ਕਈ ਸਾਧਾਰਨ ਸਮੱਸਿਆਵਾਂ ਵੀ ਵਿਕਰਾਲ ਬਣਾ ਦਿੱਤੀਆਂ ਹਨ। ਵੱਡਾ ਮਸਲਾ ਇਹ ਹੈ ਕਿ ਇਹ ਦੋਵੇਂ ਵਸਤਾਂ ਆਸਾਨੀ ਨਾਲ ਮਿਲ ਰਹੀਆਂ ਹਨ। ਇਸੇ ਕਰ ਕੇ ਜੁਰਮਾਂ ਦੇ ਗਰਾਫ਼ ਵਿਚ ਬੜੀ ਤੇਜ਼ੀ ਨਾਲ ਵਾਧਾ ਹੋਇਆ ਹੈ। ਸਿਤਮਜ਼ਰੀਫੀ ਇਹ ਹੈ ਕਿ ਸੌੜੀ ਸਿਆਸਤ ਕਾਰਨ ਕੋਈ ਵੀ ਇਸ ਖਿਲਾਫ ਡਟਣਾ ਤਾਂ ਕੀ, ਇਸ ਬਾਰੇ ਗੱਲ ਵੀ ਨਹੀਂ ਕਰ ਰਿਹਾ। ਰਸੂਖਵਾਨ ਦਰਅਸਲ ਇਸੇ ਦੇ ਸਹਾਰੇ ਹੀ ਤਾਂ ਆਪਣੀ ਸਿਆਸਤ ਨੂੰ ਝੁਲਕਾ ਦੇ ਰਹੇ ਹਨ।***

ਪੰਜਾਬ ਦੇ ਮੱਥੇ 'ਤੇ ਉਦਾਸੀ ਦੀ ਧੂੜ ਜੰਮੀ ਪਈ ਹੈ। ਅੰਦਾਜ਼ਨ 65 ਕੁ ਵਰ੍ਹੇ ਪਹਿਲਾਂ ਪੰਜਾਬੀ ਦੇ ਵਿਦਵਾਨ ਸ਼ਾਇਰ ਪ੍ਰੋ. ਮੋਹਨ ਸਿੰਘ ਨੇ 'ਰੰਗਲੇ ਪੰਜਾਬ' ਦੀ ਉਸਤਤ ਕਰਦਿਆਂ ਲਿਖਿਆ ਸੀ- 'ਭਾਰਤ ਹੈ ਵਾਂਗ ਮੁੰਦਰੀ, ਵਿਚ ਨਗ ਪੰਜਾਬ ਦਾ', ਪਰ ਹੁਣ ਇਹ ਪੰਜਾਬ ਰੂਪੀ ਨਗ ਧੁਆਂਖ਼ਿਆ ਗਿਆ ਹੈ। ਇਕ ਪਾਸੇ ਜਿਥੇ ਪੰਜਾਬੀਆਂ ਦਾ ਵੱਡਾ ਹਿੱਸਾ ਚਲਦੇ-ਫਿਰਦੇ ਟਾਈਮ ਬੰਬ ਨਸ਼ਿਆਂ ਦੀ ਲਪੇਟ ਵਿਚ ਹੈ, ਉਥੇ ਹੀ ਬਹੁਤ ਸਾਰੇ ਸੁੱਧ-ਬੁੱਧ ਗਵਾਈ ਭੂਤਰੇ ਹੋਏ ਨੌਜਵਾਨਾਂ ਦੇ ਹੱਥਾਂ ਵਿਚ ਫੜੇ ਮਾਰੂ ਹਥਿਆਰਾਂ ਨੇ ਖੌਫ਼ ਦੀਆਂ ਦੀਵਾਰਾਂ ਖੜ੍ਹੀਆਂ ਕਰ ਕੇ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਹਥਿਆਰਾਂ ਅਤੇ ਨਸ਼ਿਆਂ ਦੇ ਵਧਦੇ

**ਮੋਹਨ ਸ਼ਰਮਾ**
ਫੋਨ: +91-94171-48866

ਰੁਝਾਨ ਨੇ ਨੈਤਿਕਤਾ, ਸਦਾਚਾਰ, ਉਚ ਆਦਰਸ਼ ਅਤੇ ਸਹਿਣਸ਼ੀਲਤਾ ਤੋਂ ਸੱਖਣੇ ਪੰਜਾਬੀਆਂ ਦੇ ਵੱਡੇ ਹਿੱਸੇ ਨੂੰ ਇਨਸਾਨੀਅਤ ਅਤੇ ਰੂਹਾਨੀਅਤ ਪੱਖੋਂ ਖੋਖਲਾ ਕਰ ਦਿੱਤਾ ਹੈ। ਇਸ ਵੇਲੇ ਇਸ ਪ੍ਰਾਂਤ ਵਿਚ ਰੋਜ਼ਾਨਾ 2 ਕਤਲ (ਪੰਜਾਬ ਦੇ ਕਿਸਾਨਾਂ ਤੇ ਕਿਰਤੀਆਂ ਦੀ ਖ਼ੁਦਕੁਸ਼ੀ ਨੂੰ ਛੱਡ ਕੇ), ਦੋ ਕਾਤਲਾਨਾ ਹਮਲੇ, ਚੋਰੀ ਦੀਆਂ 11 ਵਾਰਦਾਤਾਂ, 18 ਸਟਰੀਟ ਕਰਾਈਮ, ਹਰ ਦੋ ਦਿਨਾਂ ਬਾਅਦ ਇਕ ਬੰਦਾ ਅਗਵਾ ਅਤੇ ਬਾਅਦ ਵਿਚ ਫ਼ਿਰੌਤੀਆਂ ਜਾਂ ਕਤਲਾਂ ਦਾ ਰੁਝਾਨ, ਦੋ ਦਿਨਾਂ ਵਿਚ ਪੰਜ ਔਰਤਾਂ ਦਾ ਬਲਾਤਕਾਰ, ਦੋ ਦਿਨਾਂ ਵਿਚ ਸੱਤ ਬੰਦੇ ਝਪਟਮਾਰਾਂ ਦਾ ਸ਼ਿਕਾਰ ਹੋਣ ਕਾਰਨ ਪੰਜਾਬ ਦੀ ਹਾਲਤ ਉਸ ਗੁਬਾਰੇ ਵਾਂਗ ਬਣੀ ਹੋਈ ਹੈ, ਜਿਹੜਾ ਅਣਗਿਣਤ ਸੂਈਆਂ ਦੀ ਨੋਕ 'ਤੇ ਖੜ੍ਹਾ ਹੋਵੇ।

ਨਸ਼ਿਆਂ ਕਾਰਨ ਕਈ ਪਿੰਡਾਂ ਦੀ ਪਛਾਣ ਇਸ ਕਰ ਕੇ ਬਣੀ ਹੋਈ ਹੈ ਕਿ ਉਸ ਪਿੰਡ ਵਿਚ ਨਸ਼ਾ ਜ਼ਿਆਦਾ ਵਿਕਦਾ ਹੈ। ਕਈ ਪਿੰਡਾਂ ਨੂੰ ਛੜਿਆਂ ਦਾ ਪਿੰਡ ਅਤੇ ਕਈ ਪਿੰਡਾਂ ਨੂੰ ਵਿਧਵਾਵਾਂ ਦੇ ਪਿੰਡ ਵਜੋਂ ਜਾਣਿਆ ਜਾਂਦਾ ਹੈ। ਕਿਸੇ ਸਮੇਂ ਪਿੰਡ ਦੇ ਹਰ ਮੁਹੱਲੇ ਦੀ ਆਪਣੀ ਕਬੱਡੀ ਦੀ ਟੀਮ ਹੁੰਦੀ ਸੀ ਅਤੇ ਉਹ ਦੂਜੇ ਮੁਹੱਲੇ ਦੇ ਨੌਜਵਾਨ ਖਿਡਾਰੀਆਂ ਨਾਲ ਕਬੱਡੀ ਖੇਡ ਕੇ ਵਰਜ਼ਿਸ਼ ਕਰਦੇ ਸਨ, ਪਰ ਹੁਣ ਨਸ਼ਿਆਂ ਦੀ ਮਾਰੂ ਹਨੇਰੀ ਨੇ ਨੌਜਵਾਨ ਵਰਗ ਦੇ ਜੁੱਸਿਆਂ ਨੂੰ ਝੰਬ ਕੇ ਰੱਖ ਦਿੱਤਾ ਹੈ ਅਤੇ 7-8 ਪਿੰਡਾਂ ਦੇ ਨੌਜਵਾਨ ਮੁੰਡਿਆਂ ਨੂੰ ਰਲਾ ਕੇ ਵੀ ਚੱਜ ਦੀ ਕਬੱਡੀ ਟੀਮ ਨਹੀਂ ਬਣਦੀ। ਇਸ ਵੇਲੇ ਖੇਡਾਂ ਦੇ ਮੈਦਾਨ ਨਸ਼ਈਆਂ ਦੇ ਅੱਡੇ ਬਣੇ ਹੋਏ ਹਨ। ਐਨੀਆਂ ਨਸ਼ੀਲੀਆਂ ਦਵਾਈਆਂ ਦੇ ਪੱਤੇ ਅਤੇ ਖ਼ਾਲੀ ਸ਼ੀਸ਼ੀਆਂ ਹਸਪਤਾਲ ਦੇ ਨੇੜਿਉਂ ਨਹੀਂ ਮਿਲਦੀਆਂ, ਜਿੰਨੀਆਂ ਖੇਡ ਸਟੇਡੀਅਮਾਂ ਦੇ ਨੇੜਿਉਂ ਮਿਲਦੀਆਂ ਹਨ। ਪੰਜਾਬ ਦੇ ਨਸ਼ਈਆਂ ਵਿਚ 76.47 ਫ਼ੀਸਦੀ ਸ਼ਰਾਬ, 20.41 ਫ਼ੀਸਦੀ ਨਸ਼ੇ ਦੀਆਂ ਗੋਲੀਆਂ, 15.87 ਫ਼ੀਸਦੀ ਕੈਪਸੂਲ, 8.65 ਫ਼ੀਸਦੀ ਟੀਕੇ ਅਤੇ 4.85 ਫ਼ੀਸਦੀ ਗਾਂਜਾ ਅਤੇ ਚਰਸ ਦੀ ਵਰਤੋਂ ਕਰ ਰਹੇ ਹਨ। ਵੱਡੇ ਸ਼ਹਿਰਾਂ ਵਿਚ ਵਰਤੇ ਜਾਂਦੇ 'ਚਿੱਟੇ' ਨੇ ਹੁਣ ਪਿੰਡਾਂ ਵਿਚ ਵੀ ਘੁਸਪੈਠ ਕਰ ਲਈ ਹੈ ਅਤੇ ਇਸ ਨਸ਼ੇ ਦੇ ਮਾਰੂ ਅਸਰ ਕਾਰਨ ਸੱਥਰਾਂ 'ਚ ਇਹ ਸੁਆਲ ਧੁਖ਼ ਰਹੇ ਹਨ ਕਿ ਇਹ ਕਿਹੋ ਜਿਹਾ ਵਿਕਾਸ ਹੈ ਜਿਸ ਨੇ ਸਮਾਜਿਕ ਚੂਲਾਂ ਹੀ ਹਿਲਾ ਕੇ ਰੱਖ ਦਿੱਤੀਆਂ ਹਨ। ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਨਸ਼ਿਆਂ ਕਾਰਨ ਵਧ ਰਹੀਆਂ ਬਿਮਾਰੀਆਂ ਨੂੰ ਰੋਕਣ ਲਈ ਦਿੱਤੀਆਂ ਜਾਂਦੀਆਂ ਸਿਹਤ ਸਹੂਲਤਾਂ, ਇਸ ਦੇ ਸੇਵਨ ਕਾਰਨ ਹੋਈਆਂ ਮੌਤਾਂ ਦੇ ਮੁਆਵਜ਼ੇ ਅਤੇ ਨਸ਼ਿਆਂ ਕਾਰਨ ਪੈਦਾ ਹੋਣ ਵਾਲੇ ਅਪਰਾਧਾਂ ਉਪਰ ਹੋਣ ਵਾਲੇ ਖ਼ਰਚ ਦਾ ਕੁਝ ਹਿੱਸਾ ਹੀ ਜੇ ਨਸ਼ਿਆਂ ਦੀ ਰੋਕਥਾਮ 'ਤੇ ਖ਼ਰਚ ਕੀਤਾ ਜਾਵੇ ਤਾਂ ਨਸ਼ਿਆਂ ਰੂਪੀ ਦੈਂਤ ਨੂੰ ਚਿੱਤ ਕੀਤਾ ਜਾ ਸਕਦਾ ਹੈ, ਪਰ ਜਦੋਂ ਸੁਰੱਖਿਆ ਕਰਨ ਵਾਲਿਆਂ ਦੇ ਹੱਥ ਮੁਜਰਮਾਂ ਨਾਲ ਮਿਲ ਜਾਣ, ਦਰਬਾਨਾਂ ਦੀ ਅੱਖ ਚੋਰਾਂ ਨਾਲ ਮਿਲ ਜਾਵੇ ਅਤੇ ਮਾਲੀ ਦਗ਼ਾਬਾਜ਼ ਹੋ ਜਾਣ ਤਾਂ ਜਿਥੇ ਮਹਿਕਾਂ ਦੀ ਪੱਤ ਵੀ ਰੁਲ ਜਾਂਦੀ ਹੈ, ਉਥੇ ਹੀ ਵਸਦੇ ਘਰਾਂ ਵਿਚੋਂ ਆ ਰਹੇ ਠਹਾਕਿਆਂ ਨੂੰ ਵੀ ਗ੍ਰਹਿਣ ਲੱਗ ਜਾਂਦਾ ਹੈ। ਪੰਜਾਬ ਅੰਦਰ ਅੰਦਾਜ਼ਨ 7500 ਕਰੋੜ ਸਾਲਾਨਾ ਗ਼ੈਰ-ਕਾਨੂੰਨੀ ਨਸ਼ਿਆਂ ਦੇ ਧੰਦੇ ਦੇ ਨਾਲ ਨਾਲ 41 ਕਰੋੜ ਸ਼ਰਾਬ ਦੀਆਂ ਬੋਤਲਾਂ ਨੇ ਪੰਜਾਬੀਆਂ ਨੂੰ ਸਿਰਫ਼ ਆਰਥਿਕ ਪੱਖ ਤੋਂ ਹੀ ਕੰਗਾਲ ਨਹੀਂ ਕੀਤਾ, ਸਗੋਂ ਘਰੇਲੂ ਕਲੇਸ਼, ਭਾਈਚਾਰਕ ਤਰੇੜ ਦੇ ਨਾਲ-ਨਾਲ ਸਾਂਝੀਵਾਲਤਾ, ਸਹਿਜਤਾ ਅਤੇ ਨਿਮਰਤਾ ਨੂੰ ਲੋਪ ਕਰ ਕੇ ਪੰਜਾਬੀਆਂ ਦੀਆਂ ਸ਼ਾਨਦਾਰ ਰਵਾਇਤਾਂ ਦਾ ਵੀ ਮਲੀਆਮੇਟ ਕੀਤਾ ਹੈ। ਪਿਛਲੇ ਸਤਾਰਾਂ ਸਾਲਾਂ ਵਿਚ ਬੀਅਰ ਦੀ ਖਪਤ ਵਿਚ 209 ਫ਼ੀਸਦੀ, ਅੰਗਰੇਜ਼ੀ ਸ਼ਰਾਬ ਦੀ ਖਪਤ ਵਿਚ 131 ਫ਼ੀਸਦੀ ਅਤੇ ਦੇਸੀ ਸ਼ਰਾਬ ਦੀ ਖਪਤ ਵਿਚ 67 ਫ਼ੀਸਦੀ ਦਾ ਵਾਧਾ ਹੋਇਆ ਹੈ। ਸ਼ਰਾਬ ਦੀ ਪ੍ਰਤੀ ਬੋਤਲ 23 ਰੁਪਏ ਵਾਧੂ ਲਾਇਸੈਂਸ ਫੀਸ ਲੈ ਕੇ 10 ਰੁਪਏ ਐਜੂਕੇਸ਼ਨ, 8 ਰੁਪਏ ਖੇਡਾਂ ਅਤੇ 5 ਰੁਪਏ ਸਭਿਆਚਾਰਕ ਵਿਕਾਸ ਦੇ ਨਾਂ 'ਤੇ ਖ਼ਰਚ ਕਰਨ ਨੂੰ ਵੀ ਤੱਥ, ਤਰਕ ਅਤੇ ਜ਼ਮੀਨੀ ਹਕੀਕਤ ਦੇ ਆਧਾਰ 'ਤੇ ਸਹੀ ਨਹੀਂ ਠਹਿਰਾਇਆ ਜਾ ਸਕਦਾ।

ਜਿਹੜੇ ਹੱਥ ਕਿਰਤ ਦੇ ਸੰਕਲਪ ਨਾਲ ਜੁੜੇ ਹੋਣੇ ਚਾਹੀਦੇ ਹਨ, ਜਿਹੜੇ ਹੱਥਾਂ ਵਿਚ ਉਸਾਰੂ ਸਾਹਿਤ ਹੋਣਾ ਚਾਹੀਦਾ ਹੈ, ਜਿਹੜੇ ਹੱਥ ਲੋੜਵੰਦਾਂ ਲਈ ਮਦਦਗਾਰ ਹੋਣੇ ਚਾਹੀਦੇ ਹਨ, ਉਨ੍ਹਾਂ ਹੱਥਾਂ ਵਿਚ ਆਏ ਮਾਰੂ ਹਥਿਆਰਾਂ ਨੇ ਨਿਪੱਤਿਆਂ ਦੀ ਪੱਤ ਰੱਖਣ, ਨਿਆਸਰਿਆਂ ਨੂੰ ਆਸਰਾ ਦੇਣ ਅਤੇ ਗ਼ਰੀਬ ਦੀ ਰਾਖੀ ਕਰਨ ਦੀ ਮਰਿਆਦਾ ਨੂੰ ਬੁਰੀ ਤਰ੍ਹਾਂ ਦਾਗ਼ੀ ਕੀਤਾ ਹੈ। ਪਰੰਪਰਾ ਅਤੇ ਕਦਰਾਂ-ਕੀਮਤਾਂ ਤੋਂ ਹਟ ਕੇ ਸਾਡੇ ਨੌਜਵਾਨ ਸੂਰਬੀਰਾਂ ਅਤੇ ਗੈਂਗਸਟਰਾਂ ਵਿਚਲਾ ਫਰਕ ਹੀ ਭੁੱਲ ਗਏ ਹਨ। ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਜ਼ਿਆਦਾ ਕੇਸਾਂ ਵਿਚ ਜੁਰਮ ਕਰਨ ਵਾਲੇ ਨਸ਼ਾ ਕਰ ਕੇ ਭੂਤਰੇ ਹੁੰਦੇ ਹਨ। ਨਸ਼ੇ ਅਤੇ ਹਥਿਆਰਾਂ ਦੇ ਮੇਲ ਕਾਰਨ ਕਿਤੇ ਮੈਰਿਜ ਪੈਲਿਸਾਂ ਵਿਚ ਕੀਤੇ ਫ਼ਾਇਰਾਂ ਨੇ ਖੁਸ਼ੀ ਦੇ ਮਾਹੌਲ ਨੂੰ ਮਾਤਮ ਵਿਚ ਬਦਲਿਆ ਹੈ, ਕਿਤੇ ਆਪਣੀ ਹੀ ਧੀ ਦੀ ਇੱਜ਼ਤ ਬਚਾਉਂਦਿਆਂ ਪੁਲਿਸ ਅਫਸਰ ਗੋਲੀ ਦਾ ਸ਼ਿਕਾਰ ਹੋਇਆ ਹੈ, ਕਿਤੇ ਅਮਨ-ਕਾਨੂੰਨ ਦੀ ਰੱਖਿਆ ਕਰਦਿਆਂ ਹੌਲਦਾਰ ਦੀ ਪਹਿਲਾਂ ਕੁੱਟਮਾਰ ਅਤੇ ਫਿਰ ਨਿਰਵਸਤਰ ਕਰ ਕੇ ਸਾਰੇ ਪਿੰਡ ਵਿਚ ਘੁੰਮਾਉਣ ਦੀ ਸ਼ਰਮਨਾਕ ਘਟਨਾ ਵਾਪਰੀ ਹੈ, ਕਿਤੇ ਕੁੜੀ ਦੇ ਉਧਾਲੇ ਸਮੇਂ ਦਹਿਸ਼ਤ ਦਾ ਨੰਗਾ ਨਾਚ, ਕਿਤੇ ਗੈਂਗਸਟਰਾਂ ਦੇ ਗਰੁੱਪ ਵੱਲੋਂ ਦੂਜੇ ਗਰੁੱਪ ਦੇ ਗੈਂਗਸਟਰ ਨੂੰ ਪੇਸ਼ੀ 'ਤੇ ਲਿਜਾਂਦੇ ਸਮੇਂ ਦਿਨ-ਦਿਹਾੜੇ ਗੋਲੀਆਂ ਨਾਲ ਭੁੰਨਣ ਉਪਰੰਤ ਸੜਕ 'ਤੇ ਭੰਗੜਾ ਪਾਉਣਾ, ਕਿਤੇ ਅਤਿ ਦੀ ਸੁਰੱਖਿਆ ਵਾਲੀ ਜੇਲ੍ਹ ਵਿਚੋਂ 100 ਤੋਂ ਵੱਧ ਫ਼ਾਇਰ ਕਰਨ ਉਪਰੰਤ ਚਿੱਟੇ ਦਿਨ ਆਪਣੇ ਗੈਂਗਸਟਰ ਸਾਥੀਆਂ ਨੂੰ ਬਿਨਾ ਰੋਕ-ਟੋਕ ਭਜਾ ਕੇ ਲੈ ਜਾਣਾ, ਕਿਤੇ ਭੂਤਰੇ ਹੋਏ ਗੁੰਡਿਆਂ ਵੱਲੋਂ ਦਹਿਸ਼ਤ ਅਤੇ ਧਾਂਕ ਜਮਾਉਣ ਲਈ ਬਿਨਾਂ ਕਿਸੇ ਰੋਕ-ਟੋਕ ਅਤੇ ਡਰ ਦੇ ਹਵਾਈ ਫ਼ਾਇਰ ਕਰਨ ਨਾਲ ਅਮਨ-ਪਸੰਦ ਸ਼ਹਿਰੀਆਂ ਲਈ ਪ੍ਰੇਸ਼ਾਨੀ ਅਤੇ ਅਸੁਰੱਖਿਅਤਾ ਦਾ ਸਬੱਬ ਬਣਿਆ ਹੈ। ਹੁਣ ਤਾਂ ਮੈਰਿਜ ਪੈਲਿਸਾਂ ਵਿਚ ਹੁੰਦੀ ਸ਼ਰੇਆਮ ਹਥਿਆਰਾਂ ਦੀ ਨੁਮਾਇਸ਼, ਗੀਤ-ਸੰਗੀਤ ਦਾ ਥਾਂ ਹਿੰਸਾ ਅਤੇ ਕਾਮੁਕਤਾ ਦੇ ਭਾਰੂ ਹੋਣ ਕਾਰਨ ਲੋਕ ਸ਼ਗਨ ਦੇਣ ਉਪਰੰਤ ਸੁੱਖ-ਸਾਂਦ ਨਾਲ ਘਰ ਪਰਤਣ ਨੂੰ ਹੀ ਤਰਜੀਹ ਦੇਣ ਲੱਗ ਪਏ ਹਨ। ਅਜਿਹੇ ਵਰਤਾਰੇ ਨੇ ਭਾਈਚਾਰਕ ਸਾਂਝ ਅਤੇ ਰਵਾਇਤੀ ਰਸਮਾਂ-ਰਿਵਾਜਾਂ ਨੂੰ ਹਾਸ਼ੀਏ 'ਤੇ ਪਹੁੰਚਾ ਦਿੱਤਾ ਹੈ।

> ***ਸਿਆਸਤਦਾਨਾਂ ਅਤੇ ਰਸੂਖਵਾਨਾਂ ਦੀ ਸਿਫਾਰਸ਼ 'ਤੇ ਪ੍ਰਸ਼ਾਸਨ ਵੱਲੋਂ ਖਿੱਲਾਂ ਵਾਂਗ ਹਥਿਆਰਾਂ ਦੇ ਲਾਇਸੈਂਸ ਬਣਾਏ ਗਏ ਹਨ। ਇਸ ਵੇਲੇ ਪੰਜਾਬ ਵਿਚ ਲੋਕਾਂ ਕੋਲ ਨਿੱਜੀ ਹਥਿਆਰਾਂ ਲਈ ਅੰਦਾਜ਼ਨ 4.5 ਲੱਖ ਲਾਇਸੈਂਸ ਹਨ ਅਤੇ ਇਕ ਲਾਇਸੈਂਸ 'ਤੇ ਉਹ ਤਿੰਨ ਹਥਿਆਰ ਰੱਖ ਸਕਦੇ ਹਨ। ਦੂਜੇ ਸ਼ਬਦਾਂ ਵਿਚ ਪੰਜਾਬੀਆਂ ਕੋਲ ਅੰਦਾਜ਼ਨ ਬਾਰਾਂ ਲੱਖ ਹਥਿਆਰ ਹਨ। ਦੂਜੇ ਪਾਸੇ ਪੰਜਾਬ ਪੁਲਿਸ ਕੋਲ ਅੰਦਾਜ਼ਨ ਕੁੱਲ 80,000 ਹਥਿਆਰ ਹਨ। ਪ੍ਰਾਂਤਕ ਸਰਕਾਰਾਂ ਨੂੰ ਆਦੇਸ਼ ਹੈ ਕਿ ਸਰਕਾਰ ਆਪਣੀ ਪੁਲਿਸ ਨਫ਼ਰੀ ਦੇ ਹਥਿਆਰਾਂ ਤੋਂ ਢਾਈ ਗੁਣਾ ਤੋਂ ਵੱਧ ਲੋਕਾਂ ਨੂੰ ਹਥਿਆਰ ਜਾਰੀ ਨਹੀਂ ਕਰ ਸਕਦੀ, ਪੰਜਾਬ ਵਿਚ ਇਹ ਅੰਕੜਾ 7 ਫ਼ੀਸਦੀ ਦੇ ਨੇੜੇ ਹੈ। ਹਥਿਆਰਾਂ ਦੇ ਸ਼ੌਕ ਨੇ ਹੀ ਗੈਂਗਸਟਰਾਂ ਤੇ ਮਾਫੀਆ ਗਰੋਹ ਨੂੰ ਜਨਮ ਦਿੱਤਾ ਹੈ।***

ਇਹ ਵੀ ਵਰਨਣਯੋਗ ਹੈ ਕਿ ਪਿਛਲੇ ਕੁਝ ਸਮੇਂ ਵਿਚ ਹੀ ਸਿਆਸਤਦਾਨਾਂ ਅਤੇ ਰਸੂਖਵਾਨਾਂ ਦੀ ਸਿਫਾਰਸ਼ 'ਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਪ੍ਰਸ਼ਾਸਨ ਵੱਲੋਂ ਖਿੱਲਾਂ ਵਾਂਗ ਹਥਿਆਰਾਂ ਦੇ ਲਾਇਸੈਂਸ ਬਣਾਏ ਗਏ ਹਨ। ਇਸ ਵੇਲੇ ਪੰਜਾਬ ਵਿਚ ਲੋਕਾਂ ਕੋਲ ਨਿੱਜੀ ਹਥਿਆਰਾਂ ਲਈ ਅੰਦਾਜ਼ਨ 4.5 ਲੱਖ ਲਾਇਸੈਂਸ ਹਨ ਅਤੇ ਇਕ ਲਾਇਸੈਂਸ 'ਤੇ ਉਹ ਤਿੰਨ ਹਥਿਆਰ ਰੱਖ ਸਕਦੇ ਹਨ। ਦੂਜੇ ਸ਼ਬਦਾਂ ਵਿਚ ਪੰਜਾਬੀਆਂ ਕੋਲ ਅੰਦਾਜ਼ਨ ਬਾਰਾਂ ਲੱਖ ਹਥਿਆਰ ਹਨ। ਦੂਜੇ ਪਾਸੇ ਪੰਜਾਬ ਪੁਲਿਸ ਕੋਲ ਅੰਦਾਜ਼ਨ ਕੁੱਲ 80,000 ਹਥਿਆਰ ਹਨ। ਗ੍ਰਹਿ ਮੰਤਰਾਲੇ ਦਾ ਸਾਰੀਆਂ ਪ੍ਰਾਂਤਕ ਸਰਕਾਰਾਂ ਨੂੰ ਸਪਸ਼ਟ ਆਦੇਸ਼ ਹੈ ਕਿ ਕੋਈ ਵੀ ਪ੍ਰਾਂਤਕ ਸਰਕਾਰ ਆਪਣੀ ਪੁਲਿਸ ਨਫ਼ਰੀ ਦੇ ਹਥਿਆਰਾਂ ਤੋਂ ਢਾਈ ਗੁਣਾ ਤੋਂ ਵੱਧ ਲੋਕਾਂ ਨੂੰ ਹਥਿਆਰ ਜਾਰੀ ਨਹੀਂ ਕਰ ਸਕਦੀ, ਜਦੋਂ ਕਿ ਪੰਜਾਬ ਵਿਚ ਇਹ ਅੰਕੜਾ 7 ਫ਼ੀਸਦੀ ਦੇ ਨੇੜੇ-ਤੇੜੇ ਪੁੱਜ ਗਿਆ ਹੈ। ਹਥਿਆਰਾਂ ਦੇ ਇਸ ਅਵੱਲੜੇ ਸ਼ੌਕ ਨੇ ਹੀ ਗੈਂਗਸਟਰਾਂ ਅਤੇ ਮਾਫੀਆ ਗਰੋਹ ਨੂੰ ਜਨਮ ਦਿੱਤਾ ਹੈ। ਇਸ ਤੋਂ ਬਿਨਾ ਸਾਲ 2000 ਤੋਂ ਬਾਅਦ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚੋਂ ਪੈਰੋਲ 'ਤੇ ਆਏ ਅਪਰਾਧੀਆਂ ਵਿਚੋਂ ਵੀ ਬਹੁਤ ਸਾਰੇ ਭਗੌੜੇ ਹੋ ਕੇ ਅਮਨ ਕਾਨੂੰਨ ਲਈ ਖ਼ਤਰਾ ਬਣੇ ਹੋਏ ਹਨ। ਸਿਆਸੀ ਸਰਪ੍ਰਸਤੀ ਅਤੇ ਸਿਆਸੀ ਪੁਸ਼ਤਪਨਾਹੀ ਕਾਰਨ ਹੀ ਇਹ ਗਰੋਹ ਅਗਵਾ, ਫਿਰੌਤੀਆਂ , ਲੁੱਟਾਂ-ਖੋਹਾਂ, ਕਤਲ, ਜ਼ਮੀਨਾਂ ਦੇ ਨਾਜਾਇਜ਼ ਕਬਜ਼ੇ ਬੇਖੌਫ਼ ਹੋ ਕੇ ਕਰ ਰਹੇ ਹਨ। ਹੋਰ ਤਾਂ ਹੋਰ, ਅਪਰਾਧੀਆਂ ਅਤੇ ਗੈਂਗਸਟਰਾਂ ਨੂੰ ਸਮੇਂ-ਸਮੇਂ ਆਪਣੇ ਸੌੜੇ ਸਿਆਸੀ ਮੰਤਵਾਂ ਅਤੇ ਕੁਰਸੀ ਨੂੰ ਸਲਾਮਤ ਰੱਖਣ ਲਈ ਉਨ੍ਹਾਂ ਨੂੰ 'ਸਮਾਜ ਸੇਵਕ' ਅਤੇ 'ਪਤਵੰਤੇ ਸ਼ਹਿਰੀਆਂ' ਵਾਂਗ ਸਟੇਜ ਉਤੇ ਪੇਸ਼ ਕਰਨ ਦੇ ਇਲਜ਼ਾਮਾਂ ਤੋਂ ਸਿਆਸੀ ਆਗੂਆਂ ਨੂੰ ਬਰੀ ਨਹੀਂ ਕੀਤਾ ਜਾ ਸਕਦਾ ।

ਦੁਖਾਂਤਕ ਪੱਖ ਇਹ ਵੀ ਹੈ ਕਿ ਪੰਜਾਬ ਵਿਚ ਜਿਥੇ ਪੜ੍ਹਿਆਂ-ਲਿਖਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ, ਉਥੇ ਨਸ਼ਿਆਂ ਅਤੇ ਹਥਿਆਰਾਂ ਦੀ ਅੰਨ੍ਹੀ ਦੌੜ ਨੇ ਮਨੁੱਖਤਾ ਦੀ ਦਰ ਨੂੰ ਘਟਾਇਆ ਹੈ ਅਤੇ ਜੁਰਮ ਗਰਾਫ਼ ਵਿਚ ਵਾਧਾ ਕੀਤਾ ਹੈ। 1999-2000 ਵਿਚ ਜੇਲ੍ਹਾਂ ਵਿਚ ਪੜ੍ਹੇ-ਲਿਖੇ 2295 ਮਰਦ ਅਤੇ 105 ਔਰਤਾਂ ਵੱਖ-ਵੱਖ ਅਪਰਾਧਿਕ ਮਾਮਲਿਆਂ ਵਿਚ ਕੈਦ ਸਨ, ਪਰ ਹੁਣ ਪੜ੍ਹੇ-ਲਿਖੇ ਮਰਦ ਮੁਜਰਮਾਂ ਦੀ ਗਿਣਤੀ 19365 ਅਤੇ ਪੜ੍ਹੀਆਂ-ਲਿਖੀਆਂ ਔਰਤਾਂ ਦੀ ਗਿਣਤੀ 1265 ਤੇ ਪਹੁੰਚ ਗਈ ਹੈ।

ਨਸ਼ਿਆਂ ਤੇ ਮਾਰੂ ਹਥਿਆਰਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਤੱਥ, ਤਰਕ ਅਤੇ ਜ਼ਮੀਨੀ ਹਕੀਕਤ ਅਨੁਸਾਰ ਠੀਕ ਨਹੀਂ। ਖ਼ੂਨ ਦੇ ਅੱਥਰੂ ਕੇਰਦੇ ਹੱਡੀਆਂ ਦੀ ਮੁੱਠ ਬਣੇ ਬੇਵੱਸ ਮਾਪੇ, ਚਿੱਟੀਆਂ ਚੁੰਨੀਆਂ ਪਹਿਨੀ ਮੋਏ ਸੁਪਨਿਆਂ ਦੀ ਕਬਰ ਆਪਣੇ ਅੰਦਰ ਬਣਾਈ ਬੈਠੀਆਂ ਔਰਤਾਂ ਅਤੇ ਬਾਪ-ਹੀਣ ਹੋਏ ਮਾਸੂਮਾਂ ਦੇ ਅੱਥਰੂ ਪੂੰਝਣ ਲਈ ਉਸਾਰੂ ਜਨਤਕ ਲਹਿਰ ਦੀ ਜ਼ਰੂਰਤ ਹੈ।

# ਇਉਂ ਪੈ ਰਿਹੈ ਸਿਖਿਆ ਦੇ ਹੱਕਾਂ 'ਤੇ ਡਾਕਾ



ਡਾ. ਕੁਲਦੀਪ ਪੁਰੀ
ਫੋਨ: +91-98729-44552

ਹਿੰਦੁਸਤਾਨ ਦੇ ਇਤਿਹਾਸ ਵਿਚ ਪਹਿਲੀ ਵਾਰ ਗੋਪਾਲ ਕ੍ਰਿਸ਼ਨ ਗੋਖਲੇ ਨੇ 1910 ਅਤੇ ਦੋਬਾਰਾ 1911 ਵਿਚ ਉਸ ਵੇਲੇ ਦੀ ਕਾਨੂੰਨ ਬਣਾਉਣ ਵਾਲੀ ਸਭਾ ਦੇ ਵਿਚਾਰ ਲਈ ਇਕ ਬਿਲ ਪੇਸ਼ ਕੀਤਾ ਜਿਸ ਦਾ ਮੰਤਵ ਸਾਰੇ ਬੱਚਿਆਂ ਨੂੰ, ਹਰ ਸੰਭਵ ਸਮਾਜਿਕ ਤੇ ਆਰਥਿਕ ਵਿਤਕਰੇ ਨੂੰ ਦਰਕਿਨਾਰ ਕਰ ਕੇ, ਮੁਫ਼ਤ ਤੇ ਜ਼ਰੂਰੀ ਮੁੱਢਲੀ ਸਿਖਿਆ ਦੇਣ ਦਾ ਪ੍ਰਬੰਧ ਕਰਨਾ ਸੀ। ਇਹ ਯੁਗ ਬਸਤੀਵਾਦੀ ਅੰਗਰੇਜ਼ ਹਕੂਮਤ ਦੀ ਗ਼ੁਲਾਮੀ ਵਾਲਾ ਸੀ। ਇਸ ਬਿਲ ਖਿਲਾਫ ਦੋ ਮੁਖ ਦਲੀਲਾਂ ਸਾਹਮਣੇ ਆਈਆਂ। ਇਕ-ਅੰਗਰੇਜ਼ ਹਕੂਮਤ ਦੀ ਨੁਮਾਇੰਦਗੀ ਕਰਦੇ ਮੈਂਬਰਾਂ ਦੀ ਰਾਇ ਵਿਚ ਸਰਕਾਰ ਕੋਲ ਲੋਕਾਂ ਕੋਲੋਂ ਟੈਕਸ ਆਧਾਰਿਤ ਮਾਮਲਿਆਂ ਦੀ ਉਗਰਾਹੀ ਕਰ ਕੇ ਇੰਨੀ ਆਮਦਨ ਹੀ ਨਹੀਂ ਸੀ ਇਕਠੀ ਹੁੰਦੀ ਕਿ ਇਸ ਕਾਰਜ ਨੂੰ ਹੱਥ ਵਿਚ ਲਿਆ ਜਾ ਸਕੇ। ਦੂਸਰਾ, ਸਭਾ ਵਿਚ ਸ਼ਾਮਲ ਅਮੀਰਾਂ ਅਤੇ ਮਹਾਰਾਜਿਆਂ ਦਾ ਇਸ ਬਿਲ ਬਾਰੇ ਇਤਰਾਜ਼ ਇਹ ਸੀ ਕਿ ਜੇ ਸਾਰੇ ਬੱਚੇ ਪੜ੍ਹਾਈ ਲਿਖਾਈ ਵਿਚ ਰੁਝ ਗਏ ਤਾਂ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਮਿਹਨਤ-ਮਜ਼ਦੂਰੀ ਕੌਣ ਕਰੇਗਾ? ਨਤੀਜਤਨ ਇਹ ਬਿਲ ਗਿਰ ਗਿਆ ਅਤੇ ਕਾਨੂੰਨ ਨਾ ਬਣ ਸਕਿਆ।

ਆਜ਼ਾਦੀ ਹਾਸਿਲ ਕਰਨ ਤੋਂ ਬਾਅਦ ਮੁਲਕ ਦਾ ਸੰਵਿਧਾਨ ਤਿਆਰ ਕਰਨ ਵਾਲੀ ਸਭਾ (1948-50) ਵਿਚ 14 ਸਾਲ ਦੀ ਉਮਰ ਤੱਕ ਮੁੱਢਲੀ ਸਿਖਿਆ ਪ੍ਰਾਪਤੀ ਨੂੰ ਬੱਚਿਆਂ ਦੇ ਬੁਨਿਆਦੀ ਅਧਿਕਾਰਾਂ ਦੀ ਸ਼੍ਰੇਣੀ ਵਿਚ ਸ਼ਾਮਿਲ ਕਰਨ ਦੀ ਤਜਵੀਜ਼ ਉਤੇ ਵਿਚਾਰ ਤਾਂ ਹੋਇਆ, ਪਰ ਆਰਥਿਕ ਸਾਧਨਾਂ ਦੀ ਕਮੀ ਹੋਣ ਦੀ ਦਲੀਲ ਦੇ ਅਸਰ ਹੇਠ ਇਸ ਉਤੇ ਸਹਿਮਤੀ ਨਾ ਬਣ ਸਕੀ। ਸਹਿਜੇ ਸਹਿਜੇ ਆਪਣੇ ਹਕਾਂ ਪ੍ਰਤੀ ਲੋਕਾਂ ਵਿਚ ਪੈਦਾ ਹੋਈ ਚੇਤਨਾ, ਪੜ੍ਹਾਈ ਦੀ ਮੰਗ ਵਿਚ ਵਾਧੇ ਅਤੇ ਇਸ ਤੋਂ ਵੀ ਵਧੇਰੇ, ਕੌਮਾਂਤਰੀ ਸਮਝੌਤਿਆਂ ਅਧੀਨ ਕੀਤੇ ਵਾਅਦੇ ਨਿਭਾਉਣ ਦੀਆਂ ਜ਼ਰੂਰਤਾਂ ਦੇ ਸਿੱਟੇ ਵਜੋਂ ਸਾਲ 2009 ਵਿਚ ਸੰਸਦ ਵਿਚ 6 ਤੋਂ 14 ਸਾਲ ਦੇ ਬੱਚਿਆਂ ਲਈ ਮੁਫ਼ਤ ਅਤੇ ਜ਼ਰੂਰੀ ਸਿਖਿਆ ਦੇ ਅਧਿਕਾਰ ਵਾਲਾ ਕਾਨੂੰਨ ਪਾਸ ਹੋਇਆ ਜਿਹੜਾ ਪਹਿਲੀ ਅਪਰੈਲ 2010 ਤੋਂ ਲਾਗੂ ਹੋ ਗਿਆ। ਇਹ ਤਥ ਬਹੁਤੀ ਤਸੱਲੀ ਦਾ ਸਬਬ ਨਹੀਂ ਬਣਦਾ ਕਿਉਂਕਿ ਬਾਲਾਂ ਦੀ ਸਿਖਿਆ ਨੂੰ ਉਨ੍ਹਾਂ ਦਾ ਬੁਨਿਆਦੀ ਅਧਿਕਾਰ ਬਣਾਉਣ ਵਾਸਤੇ 1950 ਵਿਚ ਆਪਣਾ ਸੰਵਿਧਾਨ ਬਣਨ ਤੋਂ ਬਾਅਦ ਵੀ ਪੰਜਾਹ ਸਾਲਾਂ ਤੋਂ ਵਧ ਸਮਾਂ ਲੱਗ ਗਿਆ ਅਤੇ ਗੋਖਲੇ ਵਲੋਂ ਕੀਤੇ ਜਤਨਾਂ ਤੋਂ ਬਾਅਦ ਇਹ ਦਿਨ ਆਉਂਦਿਆਂ ਪੂਰੀ ਇਕ ਸਦੀ ਬੀਤ ਗਈ।

ਹਾਲ ਹੀ ਵਿਚ ਅਜਿਹਾ ਘਟਨਾਕ੍ਰਮ ਸਾਹਮਣੇ ਆਇਆ ਹੈ ਜਿਸ ਤੋਂ ਸਿਖਿਆ ਦੇ ਅਧਿਕਾਰ ਕਾਨੂੰਨ ਦੇ ਕਮਜ਼ੋਰ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਣ ਦੇ ਸੰਕੇਤ ਮਿਲਦੇ ਹਨ। ਪਹਿਲਾ ਸੰਕੇਤ ਨਵੀਂ ਸਿਖਿਆ ਨੀਤੀ-2016 ਦੀ ਤਿਆਰੀ ਬਾਰੇ ਸੁਝਾਅ ਦੇਣ ਲਈ ਸ੍ਰੀ ਟੀ.ਐਸ.ਆਰ. ਸੁਬਰਾਮਨੀਅਮ ਦੀ ਸਦਾਰਤ ਵਿਚ ਬਣਾਈ ਕਮੇਟੀ ਵੱਲੋਂ ਸਿਖਿਆ ਅਧਿਕਾਰ ਕਾਨੂੰਨ ਵਿਚ ਤਰਮੀਮ ਕਰ ਕੇ ਗਰੀਬਾਂ, ਵਾਂਝੇ ਅਤੇ ਪੱਛੜੇ ਵਰਗਾਂ ਦੇ ਬੱਚਿਆਂ ਲਈ ਜ਼ਰੂਰਤ ਮੁਤਾਬਕ 'ਵਿਕਲਪਿਕ ਸਕੂਲ' ਬਣਾਉਣ ਦੀ ਸਿਫਾਰਿਸ਼ ਤੋਂ ਮਿਲਦਾ ਹੈ। ਵਿਕਲਪਿਕ ਸਕੂਲਾਂ ਦੀ ਧਾਰਨਾ ਬੁਨਿਆਦੀ ਸਹੂਲਤਾਂ ਤੋਂ ਮਹਿਰੂਮ ਸ਼ਹਿਰੀ ਬਸਤੀਆਂ ਵਿਚ ਰਹਿੰਦੇ ਘੱਟ ਆਮਦਨੀ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਸਿਖਿਆ ਦੇਣ ਲਈ 'ਗਿਆਨਸ਼ਾਲਾ' ਨਾਂ ਅਧੀਨ ਚਲਾਏ ਜਾਂਦੇ ਕਾਰਜਕ੍ਰਮ ਉਤੇ ਆਧਾਰਿਤ ਹੈ। ਇਹ ਸਿਖਿਆ ਦਾ ਘੱਟ ਖਰਚ ਨਾਲ ਚੱਲਣ ਵਾਲਾ ਬਿਜ਼ਨਸ ਮਾਡਲ ਹੈ ਜੋ ਸਿਖਿਆ ਪ੍ਰਬੰਧ ਵਿਚ ਪ੍ਰਾਈਵੇਟ-ਪਬਲਿਕ ਸਾਂਝੇਦਾਰੀ ਦੀ ਵਕਾਲਤ ਕਰਦਾ ਹੈ। ਕਿਸੇ ਬਸਤੀ ਵਿਚ ਕਿਰਾਏ 'ਤੇ ਲਿਆ ਇਕ ਕਮਰੇ ਵਾਲਾ ਸੈਂਟਰ, ਕਲਾਸ ਰੂਮ ਦਾ ਕੰਮ ਸਾਰਦਾ ਹੈ ਜਿਸ ਵਿਚ ਇਕ ਸ਼ਿਫਟ ਵਿਚ ਕੇਵਲ ਤਿੰਨ ਘੰਟੇ ਲਈ ਪੜ੍ਹਾਈ ਦਾ ਪ੍ਰਬੰਧ ਹੁੰਦਾ ਹੈ। ਘਰ ਅਤੇ ਬਾਹਰ ਦੀ ਮਿਹਨਤ-ਮਜ਼ਦੂਰੀ ਕਰਦੇ ਬੱਚੇ ਆਪਣੀ ਸਹੂਲਤ ਅਤੇ ਵਿਹਲ ਅਨੁਸਾਰ ਇਨ੍ਹਾਂ ਸਕੂਲਾਂ ਵਿਚ ਪੜ੍ਹਾਈ ਕਰ ਸਕਦੇ ਹਨ। ਸਥਾਨਕ ਭਾਈਚਾਰੇ ਵਿਚੋਂ ਹੀ ਦਸ ਜਾਂ ਬਾਰਾਂ ਜਮਾਤਾਂ ਪੜ੍ਹੇ ਕਿਸੇ ਬੱਚੇ ਜਾਂ ਬੱਚੀ ਨੂੰ ਅਧਿਆਪਨ ਦਾ ਕੰਮ ਸੌਂਪ ਦਿੱਤਾ ਜਾਂਦਾ ਹੈ। ਇਨ੍ਹਾਂ ਅਧਿਆਪਕਾਂ ਨੂੰ ਆਰੰਭ ਵਿਚ 15 ਦਿਨ ਦੀ ਸਿਖਲਾਈ ਦਿਤੀ ਜਾਂਦੀ ਹੈ ਅਤੇ ਬਾਅਦ ਵਿਚ ਸਿਖਿਆ ਹੋਇਆ ਮੁੜ ਤਾਜ਼ਾ ਕਰਾਉਣ ਲਈ ਹਰ ਮਹੀਨੇ ਇਕ ਰੋਜ਼ਾ ਸਿਖਲਾਈ ਦਿਤੀ ਜਾਂਦੀ ਹੈ। ਇਸ ਦੇ ਉਲਟ ਸਿਖਿਆ ਦੇ ਅਧਿਕਾਰ ਕਾਨੂੰਨ ਅਧੀਨ ਸਕੂਲਾਂ ਦੀ ਇਮਾਰਤ, ਪਹਿਲੀ ਤੋਂ ਅਠਵੀਂ ਜਮਾਤ ਲਈ ਅਕਾਦਮਿਕ ਸਾਲ ਵਿਚ ਪੜ੍ਹਾਈ ਦੇ ਘੱਟ ਤੋਂ ਘੱਟ ਘੰਟੇ, ਲਾਇਬ੍ਰੇਰੀ ਦਾ ਪ੍ਰਬੰਧ, ਅਧਿਆਪਕ-ਵਿਦਿਆਰਥੀ ਅਨੁਪਾਤ ਅਤੇ ਅਧਿਆਪਕਾਂ ਦੀ ਭਰਤੀ ਲਈ ਘੱਟ ਤੋਂ ਘੱਟ ਯੋਗਤਾ ਆਦਿ ਬਾਰੇ ਮਾਪਦੰਡ ਮਿਥੇ ਗਏ ਸਨ ਜਿਨ੍ਹਾਂ ਦੀ ਪਾਲਣਾ ਜ਼ਰੂਰੀ ਮੰਨੀ ਗਈ ਸੀ। ਪ੍ਰਾਈਵੇਟ ਪ੍ਰਬੰਧ ਹੇਠ ਚੱਲਦੇ ਸਕੂਲਾਂ ਨੂੰ ਕਾਨੂੰਨ ਦੁਆਰਾ ਮਿਥੇ ਮਿਆਰਾਂ ਅਨੁਸਾਰ ਵਿਹਾਰ ਕਰਨ ਉਤੇ ਹੀ ਸਰਕਾਰੀ ਮਾਨਤਾ ਦੇਣ ਅਤੇ ਗੈਰ-ਮਾਨਤਾ ਪ੍ਰਾਪਤ ਸਕੂਲ ਬੰਦ ਕਰਨ ਦੀ ਨੀਤੀ ਬਣਾਈ ਗਈ ਸੀ। ਇਹ ਉਮੀਦ ਤਾਂ ਬੱਝੀ ਸੀ ਕਿ ਹਰ ਵਰਗ (ਵਿਸ਼ੇਸ਼ ਕਰ ਸੀਮਤ ਸਾਧਨਾਂ ਵਾਲੇ ਮਾਪਿਆਂ) ਦੇ ਬੱਚਿਆਂ ਨੂੰ ਸਕੂਲ ਦੇ ਖੁੱਲ੍ਹੇ ਵਾਤਾਵਰਨ ਦਾ ਅਹਿਸਾਸ ਨਸੀਬ ਹੋਵੇਗਾ ਜੋ ਬੱਚੇ ਦੇ ਵਾਧੇ ਅਤੇ ਵਿਕਾਸ ਲਈ ਅਹਿਮ ਹੈ। ਉਨ੍ਹਾਂ ਨੂੰ ਛੋਟੀ ਉਮਰੇ ਹੀ ਮਿਹਨਤ-ਮਜ਼ਦੂਰੀ ਕਰਨ ਦੀ ਮਜਬੂਰੀ ਤੋਂ ਨਿਜਾਤ ਮਿਲੇਗੀ। ਗਿਆਨਸ਼ਾਲਾ ਵਰਗੇ ਵਿਕਲਪਿਕ ਸਕੂਲ ਸਿਖਿਆ ਦੇ ਅਧਿਕਾਰ ਕਾਨੂੰਨ ਦੀ ਉਲੰਘਣਾ ਹਨ। ਸੁਬਰਾਮਨੀਅਮ ਕਮੇਟੀ ਵਿਕਲਪਿਕ ਸਕੂਲਾਂ ਵਾਸਤੇ ਇਨ੍ਹਾਂ ਮਿਆਰਾਂ ਵਿਚ ਨਰਮੀ ਦੀ ਸਿਫਾਰਿਸ਼ ਕਰਦੀ ਹੈ ਜਿਸ ਲਈ ਸਿਖਿਆ ਦੇ ਅਧਿਕਾਰ ਕਾਨੂੰਨ ਵਿਚ ਸੋਧ ਕਰਨੀ ਪਵੇਗੀ। ਅਜਿਹੀ ਸੋਧ ਸਾਧਨਹੀਨ ਲੋਕਾਂ ਦੇ ਬੱਚਿਆਂ ਨੂੰ ਪੂਰੇ ਸਮੇਂ ਦੇ ਸਕੂਲ ਦੇ ਅਹਿਸਾਸ ਤੋ ਵਾਂਝਿਆਂ ਕਰ ਕੇ ਮਜ਼ਦੂਰੀ ਵੱਲ ਧੱਕੇਗੀ ਅਤੇ ਉਨ੍ਹਾਂ ਲਈ ਸਾਧਨਾਂ ਵਾਲੇ ਲੋਕਾਂ ਦੇ ਬੱਚਿਆਂ ਨੂੰ ਹਾਸਲ ਮਿਆਰੀ ਸਿਖਿਆ ਵਰਗੀ ਸਿਖਿਆ ਲੈ ਸਕਣਾ ਅਸੰਭਵ ਕਰ ਦੇਵੇਗੀ। ਹਾਂ, ਸਰਕਾਰ ਦੇ ਖ਼ਜ਼ਾਨੇ 'ਤੇ ਭਾਰ ਜ਼ਰੂਰ ਘਟ ਜਾਏਗਾ।



ਕੁਝ ਹੈਸੀਅਤ ਵਾਲੇ ਮਾਪਿਆਂ ਦੇ ਬੱਚਿਆਂ ਨੂੰ ਛੱਡ ਬਾਕੀ ਸਾਰੇ ਬੱਚਿਆਂ ਨੂੰ, ਖੇਡਣ-ਖਾਣ, ਵਧਣ-ਫੁਲਣ, ਪੜ੍ਹਨ-ਲਿਖਣ ਅਤੇ ਬਚਪਨ ਦੀ ਮਾਸੂਮੀਅਤ ਮਾਨਣ ਦਾ ਮਿਲਿਆ ਹੱਕ ਵਾਪਸ ਹੋ ਜਾਵੇਗਾ। ਸੋ, ਕੇਂਦਰ ਸਰਕਾਰ ਵੱਲੋਂ ਸੰਭਾਵੀ ਤਰਮੀਮ ਕਰਨ ਦੇ ਵਿਚਾਰ ਉਤੇ ਨਜ਼ਰਸਾਨੀ ਹੋਣੀ ਚਾਹੀਦੀ ਹੈ।

ਦੂਸਰਾ ਸੰਕੇਤ ਜੁਲਾਈ 2016 ਵਿਚ ਸੰਸਦ ਵਿਚ ਪਾਸ ਹੋਏ ਬਾਲ ਮਜ਼ਦੂਰੀ ਰੋਕਣ ਅਤੇ ਸੰਚਾਲਿਤ ਕਰਨ ਵਾਲੇ 1986 ਦੇ ਕਾਨੂੰਨ ਦੇ ਸੋਧੇ ਰੂਪ ਤੋਂ ਜ਼ਾਹਿਰ ਹੁੰਦਾ ਹੈ। ਬਾਲ ਮਜ਼ਦੂਰੀ ਰੋਕਣ ਦੇ ਨਾਂ ਹੇਠ 14 ਸਾਲ ਦੀ ਉਮਰ ਤੱਕ ਦੇ ਬੱਚਿਆਂ ਦੁਆਰਾ ਮਜ਼ਦੂਰੀ ਕਰਨ ਨਾਲ ਸਬੰਧਤ ਕੁਝ ਮਦਾਂ ਵਿਚ ਅਜਿਹੀਆਂ ਤਬਦੀਲੀਆਂ ਕੀਤੀਆਂ ਹਨ ਜਿਨ੍ਹਾਂ ਦੇ ਅਸਰ ਸਦਕਾ ਪਹਿਲਾਂ ਨਾਲੋਂ ਵਧੇਰੇ ਹਾਲਾਤ ਵਿਚ ਬਾਲ ਮਜ਼ਦੂਰੀ ਨੂੰ ਕਾਨੂੰਨੀ ਮਾਨਤਾ ਮਿਲ ਜਾਵੇਗੀ। ਪਹਿਲੇ ਕਾਨੂੰਨ ਅਨੁਸਾਰ ਬੱਚਿਆਂ ਨੂੰ ਕਿਸੇ ਵੀ ਕੰਮ-ਧੰਦੇ ਵਿਚ ਲਾਉਣਾ ਵਰਜਿਤ ਸੀ, ਸਿਵਾਏ ਅਜਿਹੇ ਕੰਮ ਦੇ ਜਿਹੜਾ ਕੋਈ ਬੰਦਾ ਬੱਚੇ ਦੇ ਪਰਿਵਾਰਕ ਮੈਂਬਰਾਂ ਦੀ ਸਹਾਇਤਾ ਨਾਲ ਚਲਾਉਂਦਾ ਹੋਵੇ। ਨਵੇਂ ਕਾਨੂੰਨ ਵਿਚ ਪਰਿਵਾਰ ਸ਼ਬਦ ਦੇ ਨਾਲ ਪਰਿਵਾਰਕ ਉਦਮ (ਐਂਟਰਪ੍ਰਾਇਜ਼) ਜੋੜ ਦਿੱਤਾ ਗਿਆ ਹੈ। ਬੱਚਿਆਂ ਨੂੰ ਪਰਿਵਾਰ ਜਾਂ ਪਰਿਵਾਰਕ ਉਦਮਾਂ ਦੀ ਸਹਾਇਤਾ ਵਾਸਤੇ ਮਜ਼ਦੂਰੀ ਵਿਚ ਲਾਉਣ ਦੀ ਇਜਾਜ਼ਤ ਹੋਵੇਗੀ। ਇਨ੍ਹਾਂ ਉਦਮਾਂ ਵਿਚ ਵਸਤਾਂ ਬਣਾਉਣ ਦੇ ਕਾਰਖਾਨੇ ਜਾਂ ਵਪਾਰਕ ਕਿਰਿਆ ਵਰਗੇ ਕੰਮ ਧੰਦੇ ਸ਼ਾਮਿਲ ਹੋ ਸਕਦੇ ਹਨ। ਪਿਛਲੇ ਕਾਨੂੰਨ ਵਿਚ 83 ਅਜਿਹੇ ਖਤਰਿਆਂ ਭਰੇ ਕੰਮ ਅਤੇ ਧੰਦੇ ਸੂਚੀਬਧ ਕੀਤੇ ਗਏ ਜਿਨ੍ਹਾਂ ਵਿਚ ਬੱਚਿਆਂ ਤੋਂ ਕੰਮ ਲੈਣਾ ਵਰਜਿਤ ਸੀ। ਹੈਰਾਨੀ ਦੀ ਗੱਲ ਹੈ ਕਿ ਸੋਧ ਤੋਂ ਬਾਅਦ ਇਨ੍ਹਾਂ ਵਰਜਿਤ ਕੰਮਾਂ ਦੀ ਗਿਣਤੀ ਸਿਰਫ਼ ਤਿੰਨ ਰਹਿ ਗਈ ਹੈ। ਬੱਚਿਆਂ ਲਈ ਵਰਜਿਤ ਕੰਮ-ਧੰਦਿਆਂ ਦੀ ਸੂਚੀ ਨੂੰ ਇਸ ਹੱਦ ਤੱਕ ਘਟਾ ਦੇਣਾ ਬੱਚਿਆਂ ਦੀ ਸੁਰਖਿਆ ਪ੍ਰਤੀ ਸੰਵੇਦਨਸ਼ੀਲਤਾ ਦੀ ਅਣਹੋਂਦ ਤੋਂ ਇਲਾਵਾ ਹੋਰ ਕੀ ਮੰਨਿਆਂ ਜਾ ਸਕੇਗਾ?

ਸੋਧੇ ਕਾਨੂੰਨ ਵਿਚ ਇਕ ਸ਼ਰਤ ਇਹ ਹੈ ਕਿ ਮਜ਼ਦੂਰੀ ਕਰਨ ਕਰ ਕੇ ਬੱਚਿਆਂ ਦੀ ਪੜ੍ਹਾਈ ਦਾ ਹਰਜ਼ ਨ ਹੋਵੇ, ਇਸ ਲਈ ਬੱਚਿਆਂ ਤੋਂ ਕੰਮ ਸਕੂਲ ਦੇ ਸਮੇਂ ਤੋਂ ਬਾਅਦ ਜਾਂ ਛੁੱਟੀਆਂ ਵਿਚ ਕਰਵਾਇਆ ਜਾਵੇ। ਇਹ ਤਾਂ ਸਪਸ਼ਟ ਹੀ ਹੈ ਕਿ ਆਰਥਿਕ ਅਤੇ ਸਮਾਜਿਕ ਤੌਰ 'ਤੇ ਕਮਜ਼ੋਰ ਮਾਪਿਆਂ ਦੇ ਬੱਚੇ ਹੀ ਇਸ ਮੁਸ਼ਕਿਲ ਵਿਚ ਫਸੇ ਹੋਏ ਹਨ। ਜਦ ਉਨ੍ਹਾਂ ਤੋਂ ਕੰਮ ਲਿਆ ਜਾਣਾ ਹੈ ਤਾਂ ਕੰਮ ਕਰਵਾਉਣ ਵਾਲੇ ਨੇ ਆਪਣਾ ਨਫ਼ਾ ਵੇਖਣਾ ਹੈ, ਬੱਚਿਆਂ ਦੀ ਉਮਰ, ਸਿਹਤ ਅਤੇ ਉਨ੍ਹਾਂ ਦੀ ਪੜ੍ਹਾਈ ਦਾ ਲਿਹਾਜ਼ ਨਹੀਂ ਕਰਨਾ। ਮਾਸੂਮ ਬਾਲਾਂ ਤੋਂ ਇਹ ਉਮੀਦ ਕਰਨਾ ਕਿਸ ਹੱਦ ਤਕ ਮੁਨਾਸਿਬ ਹੈ ਕਿ ਉਹ ਸਕੂਲ ਤੋਂ ਵਾਪਿਸ ਆ ਕੇ ਕੰਮ 'ਤੇ ਚਲੇ ਜਾਇਆ ਕਰਨਗੇ ਅਤੇ ਪੜ੍ਹਾਈ ਵਿਚ ਮਿਆਰ ਵੀ ਕਾਇਮ ਰੱਖ ਸਕਣਗੇ? ਪੂਰੀ ਸੰਭਾਵਨਾ ਬਣਦੀ ਹੈ ਕਿ ਅਜਿਹੇ ਬੱਚੇ ਸਕੂਲਾਂ ਤੋਂ ਵਿਦਾ ਹੋ ਜਾਣਗੇ। ਸਿਖਿਆ ਦਾ ਅਧਿਕਾਰ ਕਾਨੂੰਨ ਅਜਿਹੇ ਮਾਸੂਮ ਬੱਚਿਆਂ ਦੀ ਓਟ ਬਣ ਕੇ ਖੜ੍ਹਾ ਦਿਖਦਾ ਸੀ, ਲੇਕਿਨ ਵਿਕਲਪਿਕ ਸਕੂਲਾਂ ਦੀ ਸੁਝਾਈ ਗਈ ਯੋਜਨਾ ਜੇ ਅਮਲ ਵਿਚ ਆਉਂਦੀ ਹੈ ਤਾਂ ਇਹ ਅਜਿਹੇ ਬੱਚਿਆਂ ਦੀ ਮਜਬੂਰੀ ਨੂੰ ਹੋਰ ਤਿੱਖਾ ਕਰਨ ਦੀ ਭੂਮਿਕਾ ਨਿਭਾਏਗੀ।

ਇਹ ਦੋਵੇਂ ਕਦਮ ਸਿਖਿਆ ਦਾ ਅਧਿਕਾਰ ਕਾਨੂੰਨ ਦੇ ਸੰਕਲਪ ਅਤੇ ਅਮਲ ਦੀ ਪ੍ਰਕਿਰਿਆ ਨੂੰ ਮਜ਼ਬੂਤ ਅਧਾਰ ਦੇਣ ਵਿਚ ਸਹਾਈ ਨਹੀਂ ਹੋਣਗੇ। ਸਰਕਾਰਾਂ ਜੋ ਹਮੇਸ਼ਾ ਸਿਖਿਆ ਲਈ ਪੈਸੇ ਦੀ ਘਾਟ ਦਾ ਐਲਾਨ ਕਰਨ ਦਾ ਕੋਈ ਮੌਕਾ ਨਹੀਂ ਖੁੰਝਾਉਂਦੀਆਂ, ਵਿਕਲਪਿਕ ਸਕੂਲਾਂ ਦੀ ਯੋਜਨਾ ਲਾਗੂ ਕਰ ਕੇ ਸਿਖਿਆ ਵਿਚ ਨਿਵੇਸ਼ ਕੀਤੀ ਜਾਣ ਵਾਲੀ ਕਾਫ਼ੀ ਪੂੰਜੀ ਬਚਾ ਲੈਣਗੀਆਂ। ਸਮਾਜਿਕ ਅਤੇ ਆਰਥਿਕ ਜ਼ਮੀਨੀ ਹਕੀਕਤਾਂ ਵਾਲੀ ਖੋਖਲੀ ਦਲੀਲ ਦੇ ਆਸਰੇ ਕੁਝ ਹਾਲਾਤ ਵਿਚ ਕੰਮ ਕਰਨ ਦੀ ਕਾਨੂੰਨੀ ਛੋਟ ਦੇਣ ਨਾਲ ਬੱਚਿਆਂ ਨੂੰ ਸਿਰਫ਼ ਸਸਤੇ ਭਾਅ ਦੇ ਕਾਮੇ ਬਣਾਉਣ ਦਾ ਰਾਹ ਪਧਰਾ ਹੋਏਗਾ। ਸਰਕਾਰ ਕੋਲ ਪੈਸੇ ਦੀ ਕਮੀ ਅਤੇ ਮਜ਼ਦੂਰੀ ਲਈ ਗਰੀਬ ਬੱਚਿਆਂ ਦੀ ਜ਼ਰੂਰਤ, ਇਹੀ ਦੋ ਦਲੀਲਾਂ ਤਾਂ 1911 ਵਿਚ ਗੋਖਲੇ ਦੇ ਬਿਲ ਦੇ ਡਿਗਣ ਦਾ ਕਾਰਨ ਬਣੀਆਂ ਸਨ। ਇੰਝ ਲਗਦਾ ਹੈ ਜਿਵੇਂ ਆਵਾਮ ਦੀ ਸਿਖਿਆ ਬਾਰੇ ਵਰਤਮਾਨ ਨੇ ਕਿਤੇ ਦੂਰ ਪਿੱਛੇ ਵੱਲ ਉਡਾਰੀ ਮਾਰ ਲਈ ਹੈ।

---

# ਗੋਆ ਵਿਚ ਵੀ 'ਆਪ' ਦਾ ਝੰਡਾ

ਉਪਮਾ ਡਾਗਾ ਪਾਰਥ

ਪੰਜਾਬ ਅਤੇ ਗੋਆ ਵਿਚ ਸਮਾਨਤਾ ਬਾਰੇ ਜੇ ਕੋਈ ਸਵਾਲ ਪੁੱਛਿਆ ਜਾਏ ਤਾਂ ਸਿੱਧਾ ਜਵਾਬ ਮੁਸ਼ਕਿਲ ਹੋ ਸਕਦਾ ਹੈ, ਪਰ ਹਾਲ ਦੀ ਘੜੀ ਇਸ ਦੇ ਦੋ ਜਵਾਬ ਹੋ ਸਕਦੇ ਹਨ। ਪਹਿਲਾ, ਦੋਹਾਂ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਇਕੋ ਦਿਨ, ਭਾਵ 4 ਫਰਵਰੀ ਨੂੰ ਹੋ ਰਹੀਆਂ ਹਨ। ਦੂਜਾ ਪੰਜਾਬ ਵਾਂਗ ਗੋਆ ਵਿਚ ਵੀ ਸਿਆਸੀ ਮੁਕਾਬਲਾ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਦਰਮਿਆਨ ਹੋਵੇਗਾ।

ਦੋ ਲੋਕ ਸਭਾ ਹਲਕਿਆਂ ਉਤਰੀ ਗੋਆ ਅਤੇ ਦੱਖਣੀ ਗੋਆ ਵਿਚ ਵੰਡੇ ਸੂਬੇ ਵਿਚ 40 ਵਿਧਾਨ ਸਭਾ ਸੀਟਾਂ ਹਨ। ਉਤਰੀ ਅਤੇ ਦੱਖਣੀ ਗੋਆ ਵਿਚ ਵੰਡੇ ਸੂਬੇ ਵਿਚ ਮੁੱਖ ਤੌਰ 'ਤੇ ਹਿੰਦੂਆਂ ਅਤੇ ਇਸਾਈਆਂ ਦੀ ਵਸੋਂ ਜ਼ਿਆਦਾ ਹੈ। ਇਸ ਬਾਰੇ ਇਕ ਹੋਰ ਦਿਲਚਸਪ ਤੱਥ ਇਹ ਵੀ ਹੈ ਕਿ ਗੋਆ ਉਨ੍ਹਾਂ ਕੁਝ ਰਾਜਾਂ ਵਿਚੋਂ ਹੈ ਜਿਥੇ ਦਹਾਕਿਆਂ ਬੱਧੀ ਆਈ ਤਬਦੀਲੀ ਦੌਰਾਨ ਹਿੰਦੂ ਵਸੋਂ ਵਿਚ ਵਾਧਾ ਹੋਇਆ ਹੈ। 1961 ਵਿਚ 60 ਫ਼ੀਸਦੀ ਹਿੰਦੂ ਆਬਾਦੀ ਵਾਲੇ ਗੋਆ ਵਿਚ ਸਾਲ 2011 ਵਿਚ ਹਿੰਦੂਆਂ ਦੀ ਗਿਣਤੀ ਵਧ ਕੇ 66 ਫ਼ੀਸਦੀ ਹੋ ਗਈ ਅਤੇ ਇਸਾਈਆਂ ਦੀ ਗਿਣਤੀ ਵਿਚ ਪਿਛਲੇ 5 ਦਹਾਕਿਆਂ ਵਿਚ ਕਾਫੀ ਕਮੀ ਆਈ ਹੈ। 1961 ਵਿਚ 38 ਫ਼ੀਸਦੀ ਇਸਾਈ ਵਸੋਂ 2011 ਵਿਚ ਘਟ ਕੇ 25 ਫ਼ੀਸਦੀ ਰਹਿ ਗਈ। ਇਸੇ ਦੌਰਾਨ ਮੁਸਲਮਾਨ ਆਬਾਦੀ 2 ਫ਼ੀਸਦੀ ਤੋਂ ਵਧ ਕੇ 8 ਫ਼ੀਸਦੀ ਹੋ ਗਈ।

ਭਾਰਤ ਦੇ ਨਕਸ਼ੇ ਵਿਚ ਦੇਰ ਨਾਲ ਸ਼ਾਮਿਲ ਹੋਏ ਗੋਆ ਦਾ ਸੂਬਾ ਬਣਨ ਤੋਂ ਬਾਅਦ ਦਾ ਸਿਆਸੀ ਸਫ਼ਰ ਕੋਈ ਬਹੁਤਾ ਪੁਖ਼ਤਾ ਜਾਂ ਸਥਿਰ ਨਹੀਂ ਕਿਹਾ ਜਾ ਸਕਦਾ। 1990 ਤੋਂ ਬਾਅਦ ਦੇ 15 ਸਾਲਾਂ ਵਿਚ ਸੂਬੇ ਵਿਚ 14 ਵਾਰ ਸਰਕਾਰ ਬਣੀ ਅਤੇ 3 ਵਾਰ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ। 2007 ਵਿਚ ਗੱਦੀਨਸ਼ੀਨ ਹੋਈ ਕਾਂਗਰਸ ਨੂੰ ਭਾਜਪਾ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ 9 ਸੀਟਾਂ ਤੱਕ ਸੀਮਤ ਕਰ ਦਿੱਤਾ।

ਹੁਣ ਰੱਖਿਆ ਮੰਤਰੀ ਮਨੋਹਰ ਪਰੀਕਰ ਦੀ ਅਗਵਾਈ ਹੇਠ ਭਾਜਪਾ ਨੇ 28 ਸੀਟਾਂ ਤੋਂ ਚੋਣ ਲੜ ਕੇ 21 'ਤੇ ਜਿੱਤ ਹਾਸਲ ਕਰ ਕੇ ਬਹੁਮਤ ਹਾਸਲ ਕੀਤਾ ਸੀ। ਭਾਜਪਾ ਨੇ ਹਿੰਦੂ ਵੋਟ ਬੈਂਕ ਵਾਲੇ ਉਤਰੀ ਗੋਆ ਵਿਚੋਂ 13 ਅਤੇ ਇਸਾਈ ਭਾਈਚਾਰੇ ਦੀ ਬਹੁਤਾਤ ਵਾਲੇ ਦੱਖਣੀ ਗੋਆ ਵਿਚੋਂ 8 ਸੀਟਾਂ 'ਤੇ ਜਿੱਤ ਹਾਸਲ ਕੀਤੀ। ਭਾਜਪਾ ਲਈ ਇਸ ਜਿੱਤ ਦੀ ਅਹਿਮੀਅਤ ਇਸ ਤੋਂ ਲਾਈ ਜਾ ਸਕਦੀ ਹੈ ਕਿ 1989 ਵਿਚ ਸੂਬੇ ਵਿਚ 0.4 ਫ਼ੀਸਦੀ ਵੋਟ ਸ਼ੇਅਰ ਵਾਲੀ ਪਾਰਟੀ ਨੂੰ 2012 ਵਿਚ ਲੜੀਆਂ ਸੀਟਾਂ ਤੋਂ 50 ਫੀਸਦੀ ਵੋਟ ਸ਼ੇਅਰ ਹਾਸਲ ਹੋਇਆ। ਪਾਰਟੀ ਨੇ ਮਹਾਰਾਸ਼ਟਰ ਗੋਮਾਂਤਕ ਪਾਰਟੀ ਨਾਲ ਗਠਜੋੜ ਕਾਇਮ ਕਰ ਕੇ ਗੋਆ ਵਿਚ ਆਪਣੀ ਸਰਕਾਰ ਬਣਾਈ ਸੀ।

ਐਤਕੀਂ ਵਿਧਾਨ ਸਭਾ ਚੋਣਾਂ ਵਿਚ ਭਾਸ਼ਾ ਦੀ ਸਿਆਸਤ ਨੂੰ ਲੈ ਕੇ ਕਈ ਉਲਟ-ਫੇਰ ਹੋਣ ਦੀ ਸੰਭਾਵਨਾ ਹੈ। ਸਥਾਨਕ ਭਾਸ਼ਾਵਾਂ ਮਰਾਠੀ ਤੇ ਕੋਂਕਣੀ ਨੂੰ ਸੂਬੇ ਦੀ ਮੋਹਰੀ ਭਾਸ਼ਾ ਬਣਾਉਣ, ਮੁਢਲੀ ਸਿੱਖਿਆ ਇਨ੍ਹਾਂ ਭਾਸ਼ਾਵਾਂ ਵਿਚ ਦੇਣ ਅਤੇ ਸਿੱਖਿਆ ਸਬੰਧੀ ਗ੍ਰਾਂਟਾਂ ਦਿਵਾਉਣ ਦੇ ਮੁੱਦੇ 'ਤੇ ਕਈ ਸੰਸਥਾਵਾਂ ਅਤੇ ਧੜੇ ਸਰਗਰਮ ਹਨ। ਆਰ.ਐਸ.ਐਸ. ਦੇ ਗੋਆ ਪ੍ਰਾਂਤ ਮੁਖੀ ਸੁਭਾਸ਼ ਵੇਲੀਗੇਕਰ ਨੇ ਇਸ ਮੁੱਦੇ ਨੂੰ ਲੈ ਕੇ 2012 ਵਿਚ ਭਾਰਤੀ ਭਾਸ਼ਾ ਸੁਰੱਖਿਆ ਮੰਚ (ਬੀ.ਬੀ.ਐਸ.ਐਮ.) ਬਣਾਇਆ ਸੀ, ਪਰ ਭਾਜਪਾ ਇਸ ਤੱਥ ਤੋਂ ਚੰਗੀ ਤਰ੍ਹਾਂ ਵਾਕਫ਼ ਹੈ ਕਿ ਸੂਬੇ ਵਿਚ ਸਿਰਫ਼ ਹਿੰਦੂਤਵ ਦੇ ਏਜੰਡੇ ਨੂੰ ਲੈ ਕੇ ਅੱਗੇ ਨਹੀਂ ਵਧਿਆ ਜਾ ਸਕਦਾ, ਸਗੋਂ ਇਕ ਚੌਥਾਈ ਵੋਟ ਬੈਂਕ ਨੂੰ ਆਪਣੇ ਨਾਲ ਰੱਖਣ ਲਈ ਅੰਗਰੇਜ਼ੀ ਭਾਸ਼ਾ ਪ੍ਰਤੀ ਵੀ ਉਦਾਰ ਨੀਤੀ ਜਾਰੀ ਰੱਖਣੀ ਪਵੇਗੀ। ਸਥਾਨਕ ਅਤੇ ਅੰਗਰੇਜ਼ੀ ਭਾਸ਼ਾ ਦਰਮਿਆਨ ਉਚਤਾ ਦੀ ਇਸ ਜੰਗ ਵਿਚ ਭਾਜਪਾ, ਆਪਣੇ ਹੀ ਵਿਚਾਰਧਾਰਕ ਮੋਢੀ ਆਰ.ਐਸ.ਐਸ. ਦੇ ਖਿਲਾਫ਼ ਜਾ ਖੜ੍ਹੀ ਹੋਈ ਹੈ। ਵੇਲੀਗੇਕਰ ਚੋਣਾਂ ਤੋਂ ਪਹਿਲਾਂ ਹੋਰ ਹਮਖਿਆਲ ਪਾਰਟੀਆਂ ਨੂੰ ਵੀ ਆਪਣੇ ਨਾਲ ਰਲਾਉਣ ਲਈ ਯਤਨਸ਼ੀਲ ਹੈ। ਕੇਂਦਰ ਵਿਚ ਭਾਜਪਾ ਦੇ 'ਬਾਗੀ' ਭਾਈਵਾਲ ਸ਼ਿਵ ਸੈਨਾ, ਐਮ.ਜੀ.ਪੀ. ਅਤੇ ਗੋਆ ਪਰਜਾ ਪਾਰਟੀ ਅਜਿਹੀਆਂ ਸੰਭਾਵਿਤ ਪਾਰਟੀਆਂ ਦੀ ਸੂਚੀ ਵਿਚ ਸ਼ਾਮਿਲ ਹਨ। ਇਸ ਸੂਬਾਈ ਗਠਜੋੜ ਸਰਕਾਰ ਵਿਚ ਭਾਈਵਾਲ ਐਮ.ਜੀ.ਪੀ. ਵੀ ਭਾਜਪਾ ਤੋਂ ਖ਼ਫ਼ਾ ਹੈ। ਮੁੱਖ ਮੰਤਰੀ ਲਕਸ਼ਮੀ ਕਾਂਤ ਪਾਰਸੇਕਰ ਨੇ ਐਮ.ਜੀ.ਪੀ. ਦੇ ਦੋ ਮੰਤਰੀਆਂ ਨੂੰ ਜਨਤਕ ਤੌਰ 'ਤੇ ਸਰਕਾਰ ਦੀ ਨਿਖੇਧੀ ਕਰਨ ਕਾਰਨ ਮੰਤਰੀ ਮੰਡਲ ਵਿਚੋਂ ਬਰਖ਼ਾਸਤ ਕਰ ਦਿੱਤਾ।

2012 ਵਿਚ ਗੋਆ ਵਿਚ ਮਨੋਹਰ ਪਾਰੀਕਰ ਦੀ ਅਗਵਾਈ ਵਿਚ ਬਣੀ ਸਰਕਾਰ ਦੀ ਕਮਾਨ ਉਸ ਵੇਲੇ ਮੌਜੂਦਾ ਮੁੱਖ ਮੰਤਰੀ ਲਕਸ਼ਮੀ ਕਾਂਤ ਦੇ ਹੱਥ ਆਈ ਜਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਨ੍ਹਾਂ ਨੂੰ ਰੱਖਿਆ ਮੰਤਰੀ ਦਾ ਅਹੁਦਾ ਸੌਂਪ ਦਿੱਤਾ। ਲਕਸ਼ਮੀ ਕਾਂਤ ਸਿੱਖਿਆ ਗਰਾਂਟ, ਕੈਸੀਨੋ ਅਤੇ ਕੁਸ਼ਾਸਨ ਜਿਹੇ ਕਈ ਮੁੱਦਿਆਂ ਨੂੰ ਲੈ ਕੇ ਵਿਰੋਧੀ ਧਿਰਾਂ ਤੋਂ ਇਲਾਵਾ ਪਾਰਟੀ ਨੇਤਾਵਾਂ ਦੇ ਵੀ ਨਿਸ਼ਾਨੇ 'ਤੇ ਹਨ। ਇਹੀ ਕਾਰਨ ਹੈ ਕਿ ਭਾਜਪਾ ਵੱਲੋਂ ਉਨ੍ਹਾਂ ਨੂੰ ਮੁੜ ਮੁੱਖ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਨਹੀਂ ਐਲਾਨਿਆ। ਇਹ ਵੀ ਸੰਭਾਵਨਾ ਹੈ ਕਿ ਪਾਰੀਕਰ ਇਕ ਵਾਰ ਫਿਰ ਸੂਬਾਈ ਸਿਆਸਤ ਵੱਲ ਆਉਣ।

ਹਿੰਦੂ ਪਾਰਟੀ ਹੋਣ ਦੇ ਬਾਵਜੂਦ ਗੋਆ ਵਿਚ 50 ਫ਼ੀਸਦੀ ਵੋਟ ਸ਼ੇਅਰ ਲੈਣ ਵਾਲੀ ਭਾਜਪਾ ਲਈ ਸੂਬੇ ਦੀ ਅਹਿਮੀਅਤ ਇਸ ਲਈ ਵੀ ਵਧੇਰੇ ਹੈ, ਕਿਉਂਕਿ ਇਹ ਉਸ ਦੀ ਘੱਟ-ਗਿਣਤੀਆਂ ਵਿਰੋਧੀ ਪਾਰਟੀ ਦੀ 'ਪ੍ਰਚਾਰਿਤ ਦਿੱਖ' ਨੂੰ ਤੋੜਦਾ ਹੈ। ਕਾਂਗਰਸ ਵੱਲੋਂ ਸ਼ੁਰੂਆਤੀ ਸੰਕਟ ਤੋਂ ਬਾਅਦ ਗਠਜੋੜ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕੀਤੀ ਜਾ ਰਹੀ ਹੈ, ਪਰ ਸਥਾਨਕ ਪਾਰਟੀ ਗੋਆ ਫਾਰਵਾਰਡ ਪਾਰਟੀ ਨਾਲ ਗਠਜੋੜ ਦੀ ਗੱਲਬਾਤ ਅਜੇ ਸਿਰੇ ਨਹੀਂ ਚੜ੍ਹੀ। ਮਜ਼ਬੂਤ ਸਥਾਨਕ ਆਗੂਆਂ ਵਾਲੀ ਪਾਰਟੀ ਦੀ ਸਿਆਸੀ ਸਫਲਤਾ ਦੀ ਪਰਖ ਵੀ ਅਜੇ ਬਾਕੀ ਹੈ। ਦੂਜੇ ਪਾਸੇ ਪਿਛਲੇ ਦੋ ਸਾਲਾਂ ਤੋਂ ਜਥੇਬੰਦਕ ਮਜ਼ਬੂਤੀ ਲਈ ਗੋਆ ਵਿਚ ਕੰਮ ਕਰ ਰਹੀ 'ਆਪ' ਕਾਂਗਰਸ ਦੀ ਵਾਪਸੀ ਦੀਆਂ ਸੰਭਾਵਨਾਵਾਂ ਨੂੰ ਧੱਕਾ ਦੇ ਸਕਦੀ ਹੈ। ਮਜ਼ਬੂਤ ਵਿਰੋਧੀ ਧਿਰ ਵਜੋਂ ਸਥਾਪਿਤ ਕਰਨ ਵਿਚ ਨਾਕਾਮ ਰਹੀ ਕਾਂਗਰਸ ਦੀਆਂ ਚੁਣੌਤੀਆਂ ਵਿਚ ਅੰਦਰੂਨੀ ਰੰਜ਼ਿਸ਼ਾਂ ਵੀ ਵਾਧਾ ਕਰ ਰਹੀਆਂ ਹਨ।

ਦਿੱਲੀ ਫ਼ਤਹਿ ਕਰਨ ਤੋਂ ਬਾਅਦ ਹੀ 'ਆਪ' ਪੰਜਾਬ, ਗੋਆ ਅਤੇ ਗੁਜਰਾਤ ਵਿਚ ਪਸਾਰ ਲਈ ਲਗਾਤਾਰ ਕੰਮ ਕਰ ਰਹੀ ਹੈ। ਸਾਬਕਾ ਆਈ.ਪੀ.ਐਸ. ਗੋਣਜ਼ ਨੂੰ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਐਲਾਨ ਚੁੱਕੀ 'ਆਪ' ਖਦਾਨ ਅਤੇ ਰੀਅਲ ਐਸਟੇਟ ਵਿਚ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਚੋਣ ਲੜ ਰਹੀ ਹੈ। ਇਸ ਦੇ ਨਾਲ-ਨਾਲ ਉਹ ਮਛੇਰਿਆਂ, ਛੋਟੇ ਵਪਾਰੀਆਂ ਅਤੇ ਕਿਰਤੀਆਂ ਦੇ ਛੋਟੇ-ਛੋਟੇ ਤਬਕਿਆਂ ਨੂੰ ਵੀ ਆਪਣੇ ਨਾਲ ਜੋੜਨ ਦੀ ਲਗਾਤਾਰ ਕੋਸ਼ਿਸ਼ ਵਿਚ ਹੈ। ਲੋਕਾਂ ਤੱਕ ਸਿੱਧੇ ਪਹੁੰਚ ਕਰਨ ਦੀ ਦਿੱਲੀ ਦੀ ਸਫਲ ਰਣਨੀਤੀ ਨੂੰ ਪਾਰਟੀ ਗੋਆ ਵਿਚ ਵੀ ਅਜ਼ਮਾ ਰਹੀ ਹੈ। ਪੰਜਾਬ ਅਤੇ ਗੋਆ ਦੀਆਂ ਚੋਣਾਂ ਇਕੋ ਦਿਨ ਹੋਣ ਕਰ ਕੇ ਕੇਂਦਰੀ ਲੀਡਰਸ਼ਿਪ ਅਤੇ ਪਾਰਟੀ ਦੇ ਮਕਬੂਲ ਚਿਹਰੇ ਅਰਵਿੰਦ ਕੇਜਰੀਵਾਲ ਨੂੰ ਕਈ ਮੁਸ਼ਕਿਲਾਂ ਪੇਸ਼ ਆ ਸਕਦੀਆਂ ਹਨ। ਇਸ ਦੇ ਬਾਵਜੂਦ 'ਆਪ' ਦੋਹਾਂ ਕੌਮੀ ਪਾਰਟੀਆਂ (ਭਾਜਪਾ ਅਤੇ ਕਾਂਗਰਸ) ਦਾ ਸਿਆਸੀ ਗਣਿਤ ਵਿਗਾੜਨ ਦੇ ਸਮਰੱਥ ਹੈ।

***ਦਿੱਲੀ ਫਤਿਹ ਪਿਛੋਂ 'ਆਪ' ਪੰਜਾਬ, ਗੋਆ ਅਤੇ ਗੁਜਰਾਤ ਵਿਚ ਪਸਾਰ ਕਰ ਰਹੀ ਹੈ। ਸਾਬਕਾ ਆਈ.ਪੀ.ਐਸ. ਗੋਣਜ਼ ਨੂੰ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਐਲਾਨ ਚੁੱਕੀ 'ਆਪ' ਖਦਾਨ ਅਤੇ ਰੀਅਲ ਐਸਟੇਟ ਵਿਚ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਚੋਣ ਲੜ ਰਹੀ ਹੈ। ਇਸ ਦੇ ਨਾਲ-ਨਾਲ ਉਹ ਮਛੇਰਿਆਂ, ਛੋਟੇ ਵਪਾਰੀਆਂ ਅਤੇ ਕਿਰਤੀਆਂ ਦੇ ਛੋਟੇ-ਛੋਟੇ ਤਬਕਿਆਂ ਨੂੰ ਵੀ ਨਾਲ ਜੋੜਨ ਦੀ ਕੋਸ਼ਿਸ਼ ਵਿਚ ਹੈ। ਲੋਕਾਂ ਤੱਕ ਸਿੱਧੇ ਪਹੁੰਚ ਕਰਨ ਦੀ ਦਿੱਲੀ ਦੀ ਸਫਲ ਰਣਨੀਤੀ ਨੂੰ ਪਾਰਟੀ ਗੋਆ ਵਿਚ ਵੀ ਅਜ਼ਮਾ ਰਹੀ ਹੈ।***

# ਬੂਹਾ ਬੰਦਗੀ ਕਰਦਾ ਰਹੇ

ਜ਼ਿੰਦਗੀ ਦਾ ਨਾਦ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਘਰ ਦੀਆਂ ਬਰਕਤਾਂ ਦੀ ਵਾਰਤਾ ਸੁਣਾਉਂਦਿਆਂ ਕਿਹਾ ਸੀ ਕਿ ਘਰ ਜਦੋਂ ਘਰ ਦੇ ਸਮੁੱਚੇ ਅਰਥਾਂ 'ਚ ਸਾਡੀ ਜ਼ਿੰਦਗੀ ਦਾ ਹਿੱਸਾ ਬਣਦਾ ਏ ਤਾਂ ਉਹ ਸਾਡੀ ਝੋਲੀ 'ਚ ਹਰ ਤਰ੍ਹਾਂ ਦੀਆਂ ਨਿਆਮਤਾਂ ਪਾਉਂਦਾ, ਸਾਡੀ ਸਰਬ-ਸੁੱਖੀ ਖੁਸ਼ਹਾਲੀ ਦਾ ਸ਼ੁਭਚਿੰਤਕ ਬਣ ਜਾਂਦਾ ਏ। ਉਹ ਆਖਦੇ ਹਨ, ਘਰ ਸੁਪਨ ਸਿਰਜਨ ਏ, ਸ਼ਾਂਤੀ-ਸਰੂਪ ਏ, ਪ੍ਰੇਮ ਦਾ ਦੂਤ ਏ, ਮੋਹ ਦਾ ਜਗਦਾ ਦੀਪ ਏ, ਸਾਂਝ ਦੀ ਨਿੱਘੀ ਬੁੱਕਲ ਏ, ਜ਼ਿੰਦਗੀ ਦਾ ਠਾਠਾਂ ਮਾਰਦਾ ਦਰਿਆ ਏ ਅਤੇ ਫਿਜ਼ਾ 'ਚ ਖਿਲਰਿਆ ਚਾਅ ਏ। ਹਥਲੇ ਲੇਖ ਵਿਚ ਉਨ੍ਹਾਂ ਘਰ ਦੇ ਬੂਹੇ ਦੀਆਂ ਬਰਕਤਾਂ ਦੀ ਬਾਤ ਪਾਈ ਹੈ। -ਸੰਪਾਦਕ***

ਬੂਹਾ, ਕਿਸੇ ਦੀ ਪੈੜ੍ਹ-ਚਾਲ ਨੂੰ ਸੁਣਨ ਲਈ ਤਰਸੇ ਕੰਨਾਂ ਦੀ ਆਸ ਪੁਗਾਉਂਦਾ ਏ ਅਤੇ ਉਸ ਨੂੰ ਖੁਸ਼-ਆਮਦੀਦ ਕਹਿਣ ਲਈ ਆਪਣਾ ਆਪਾ ਉਸ ਦੇ ਕਦਮਾਂ ਵਿਚ ਵਿਛਾਉਂਦਾ ਏ।

ਨਿਰੀਆਂ ਕੰਧਾਂ ਕਦੇ ਵੀ ਕਮਰਾ ਨਹੀਂ ਬਣਦੀਆਂ। ਬੂਹੇ ਨਾਲ ਹੀ ਕੰਧਾਂ ਕਮਰਾ ਬਣ ਕੇ ਹੁੰਗਾਰਾ ਭਰਦੀਆਂ ਨੇ। ਕਮਰਾ, ਜੋ ਜੀਵਨ ਦਾ ਪ੍ਰਤੀਰੂਪ ਏ, ਸਾਡੇ ਨਾਲ ਸਾਹਾਂ ਦੀ ਸਾਂਝ ਪਾਲਦਾ ਏ, ਸਾਡੀਆਂ ਕ੍ਰਿਆਵਾਂ ਤੇ ਭਾਵਨਾਵਾਂ ਦਾ ਰਾਜ਼ਦਾਰ ਵੀ ਹੁੰਦਾ ਏ ਅਤੇ ਸਾਡੀਆਂ ਹੋਣੀਆਂ-ਅਣਹੋਣੀਆਂ ਦਾ ਭਾਗੀਦਾਰ ਵੀ।

ਬੂਹਾ, ਬੀਤ ਚੁੱਕੇ ਇਤਿਹਾਸ ਦਾ ਦਸਤਾਵੇਜ਼ ਹੁੰਦਾ ਏ, ਜਿਹੜੀ ਇਸ ਦੇ ਪਿੰਡੇ ਨੇ ਹੰਢਾਈ ਹੁੰਦੀ ਏ ਅਤੇ ਜਿਸ ਦੇ ਰੂਬਰੂ ਹੁੰਦਿਆਂ, ਇਹ ਕਈ ਵਾਰ ਬਹੁਤ ਘਬਰਾ ਜਾਂਦਾ ਏ।



ਬੂਹਾ, ਉਨ੍ਹਾਂ ਬਰਕਤਾਂ ਦਾ ਭੰਡਾਰ ਏ

**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 647-702-5445**

ਜੋ ਬੂਹੇ ਸਕਦਾ, ਸਾਡੀ ਝੋਲੀ ਪੈਂਦੀਆਂ ਨੇ ਭਾਵੇਂ ਉਹ ਮਿੱਤਰਾਂ ਦਾ ਮੋਹ ਹੋਵੇ, ਚਿਰ-ਵਿਛੁੰਨਿਆਂ ਦੀ ਨਿੱਘੀ ਗਲਵੱਕੜੀ ਹੋਵੇ, ਬੂਹੇ ਦੇ ਉਹਲੇ 'ਚ ਦੋ ਰੂਹਾਂ ਦਾ ਮਿਲਾਪ ਹੋਵੇ ਜਾਂ ਸੱਜਣਾਂ ਸੰਗ ਬਿਤਾਏ ਪਲਾਂ ਦੀ ਯਾਦ ਹੁਸੀਨ ਹੋਵੇ, ਜਦੋਂ ਦਿਲਾਂ ਦੇ ਭੇਤ ਸਾਂਝੇ ਕੀਤੇ ਅਤੇ ਉਮਰਾਂ ਜੇਡ ਲੰਮੀਆਂ ਮਿਲਣ-ਰਾਤਾਂ ਦਾ ਸੁਪਨਾ ਸਿਰਜਿਆ ਹੋਵੇ।

ਬੂਹਾ, ਸਹਿਜ ਸਰੂਪ ਏ, ਜ਼ਿੰਦਗੀ ਦੀ ਸਾਰਥਿਕਤਾ ਦਾ, ਨਰੋਈਆਂ ਕਦਰਾਂ-ਕੀਮਤਾਂ ਦੀ ਸਦੀਵਤਾ ਦਾ ਅਤੇ ਸੁੱਖਨਵਰ ਸੋਚਾਂ ਦੀ ਸਜੀਵਤਾ ਦਾ, ਜਿਨ੍ਹਾਂ ਸਦਕਾ ਜੀਵਨ ਦਾ ਕਾਰਵਾਂ ਨਿਰੰਤਰ ਚੱਲਦਾ ਰਹਿੰਦਾ ਏ।

ਬੂਹਾ, ਬਦਲਦੇ ਸਮਿਆਂ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਾ, ਵਕਤ ਦੀ ਨਬਜ਼ ਵੀ ਪਛਾਣਦਾ ਏ ਅਤੇ ਵਕਤੋਂ ਬੇ-ਵਕਤ ਹੋ ਗਏ ਪਲਾਂ ਨੂੰ ਘੇਰ ਕੇ ਵਾਪਸ ਵੀ ਲਿਆਉਂਦਾ ਏ ਤਾਂ ਕਿ ਤੁਸੀਂ ਬੂਹੇ ਦੀਆਂ ਅੱਖਾਂ 'ਚ ਅੱਖਾਂ ਪਾ, ਬੀਤੇ ਪਲਾਂ ਨੂੰ ਨਿਹਾਰ ਸਕੋ।

ਬੂਹਾ, ਜੁਸਤਜੂ ਹੈ, ਬੇਮੁਖ ਹੋਏ ਪੈਰਾਂ ਲਈ, ਜੋ ਘਰ ਦਾ ਰਾਹ ਭੁੱਲ ਕੇ, ਭਟਕਣਾ 'ਚ ਰੁਲ ਕੇ, ਫਿਰ ਦਰਾਂ ਦੀ ਦਸਤਕ ਬਣਨ ਦੀ ਆਰਜਾ ਮਨ 'ਚ ਪਾਲਦੇ ਨੇ।

ਬੂਹਾ, ਨਵੀਆਂ ਸੋਚਾਂ ਦੀ ਤਾਜ਼ੀ ਹਵਾ ਦਾ ਨਿਉਂਦਾ ਏ, ਜਿਸ ਸਦਕਾ ਮੌਲਦੀ ਮਨੁੱਖਤਾ ਨੇ, ਸਰਬ-ਸੁਖਨ ਦਾ ਸੰਦੇਸ਼, ਉਨ੍ਹਾਂ ਹਵਾਵਾਂ ਦੇ ਕੰਧਾੜੇ ਧਰਨਾ ਹੁੰਦਾ ਏ।

ਬੂਹਾ, ਉਨ੍ਹਾਂ ਪਲਾਂ ਦਾ ਚਸ਼ਮਦੀਦ ਗਵਾਹ ਹੁੰਦਾ ਏ ਜਿਨ੍ਹਾਂ ਪਲਾਂ 'ਚ ਅਸੀਂ ਜ਼ਿੰਦਗੀ ਨੂੰ ਜੀਅ ਭਰ ਕੇ ਮਾਣਿਆ ਅਤੇ ਇਸ ਨੇ ਸਾਡੇ ਦੁਆਲੇ ਪਰਦਾ ਤਾਣਿਆ।

ਦੂਰੋਂ ਤੁਰੇ ਆਉਂਦੇ ਸੱਜਣਾਂ ਦੀ ਪੈੜਚਾਲ, ਬੂਹੇ ਦੇ ਮਨ 'ਚ ਇਕ ਚਾਅ ਪੈਦਾ ਕਰਦੀ ਏ, ਉਹ ਧੜਕਦਾ ਏ, ਮੌਲਦਾ ਏ ਤੇ ਸੱਜਣਾਂ ਨੂੰ ਮਿਲਣ ਲਈ ਅਹੁਲਦਾ ਏ। ਇਸ ਦੇ ਦਰੀਂ ਸ਼ਗਨਾਂ ਦਾ ਤੇਲ, ਸੁਹਾਵਣੇ ਪਲਾਂ ਦੀ ਨਿਸ਼ਾਨਦੇਹੀ ਕਰਦਾ ਏ। ਬੂਹਾ, ਇਕ ਨਵੇਂ ਜੀਵਨ ਦੀ ਸ਼ੁਰੂਆਤ ਵੀ ਏ। ਜਦੋਂ ਘਰ ਦੀ ਪਟਰਾਣੀ, ਆਪਣੇ ਬੂਹੇ ਦੇ ਸਾਥ 'ਚ, ਨੂੰਹ-ਪੁੱਤ ਦੇ ਸਿਰ ਤੋਂ ਪਾਣੀ ਵਾਰ ਕੇ ਪੀਂਦੀ 'ਦੁੱਧੀਂ ਨਹਾਵੇਂ, ਪੁੱਤੀਂ ਫਲੇਂ" ਦੀ ਅਸੀਸ ਦਿੰਦੀ ਏ। ਇਹੋ ਜਿਹੇ ਸਮੇਂ 'ਚ ਬੂਹੇ 'ਤੇ ਫੈਲੀ ਹੋਈ ਸੂਹੀ ਭਾਅ ਚਾਵਾਂ ਤੇ ਲਾਡਾਂ 'ਚ ਭਰੀ-ਭਕੁੰਨੀ ਰੁੱਤ ਦਾ ਸੁਖਨ ਹੁੰਦੀ ਏ।

ਜਦੋਂ ਬੂਹੇ ਉਤੇ ਲੱਗੇ ਨਿੰਮ ਦੇ ਪੱਤੇ ਵਾਰਸ ਦੇ ਆਗਮਨ ਦਾ ਸ਼ੁਭ ਸੰਦੇਸ਼ ਦਿੰਦੇ ਨੇ ਤਾਂ ਇਸ ਦਾ ਮੁਖੜਾ ਸੁਰਖ ਸਵੇਰ ਵਰਗਾ ਹੁੰਦਾ ਏ। ਇਹ ਆਪਣੇ ਸੁਨਹਿਰੇ ਭਵਿੱਖ ਨੂੰ ਚਿਤਵਦਾ, ਸੁਪਨਈ ਸੰਸਾਰ ਸਿਰਜਦਾ ਏ ਅਤੇ ਸ਼ਗਨਾਂ ਦਾ ਇਕ ਲੰਮਾ ਸਿਲਸਿਲਾ ਇਸ ਦਾ ਨਸੀਬ ਬਣਦਾ ਏ। ਇਹ ਵਧਾਈਆਂ ਕਬੂਲਦਾ, ਹਰ ਇਕ ਦੀ ਹਥੇਲੀ 'ਤੇ ਗੁੜ ਦੀ ਭੇਲੀ ਧਰਦਾ ਏ।

ਬੂਹਾ, ਮਿਲਾਪ ਵੀ ਮਾਣਦਾ ਏ ਅਤੇ ਵਿਛੜਨ ਦਾ ਸੰਤਾਪ ਵੀ ਹੰਢਾਉਂਦਾ ਏ। ਜਦੋਂ ਸਜ-ਵਿਆਹੀ ਨਾਰ ਦਾ ਪਤੀ ਨੌਕਰੀ ਦੀਆਂ ਮਜਬੂਰੀਆਂ ਸਦਕਾ ਦਰੋਂ ਬਾਹਰ ਪੈਰ ਧਰਦਾ ਏ ਤਾਂ ਹੰਝੂਆਂ 'ਚ ਘੁਲਦੀ ਮਹਿੰਦੀ ਨੂੰ ਦੇਖ, ਬੂਹੇ ਦਾ ਗੱਚ ਭਰ ਆਉਂਦਾ ਏ। ਉਹ ਕਦੇ ਛਲਕਦੇ ਦੀਦਿਆਂ ਨਾਲ, ਮੁੜ ਮੁੜ ਪਿਛਾਂਹ ਨੂੰ ਤਕਦਿਆਂ, ਹੱਥ ਹਿਲਾਉਂਦੇ, ਪਰਦੇਸ ਨੂੰ ਤੁਰੇ ਜਾਂਦੇ ਵੰਨੀ ਝਾਕਦਾ ਏ ਅਤੇ ਕਦੇ ਕੋਸੀ ਧੁੱਪ ਦੇ ਨੈਣਾਂ ਵਿਚਲੇ ਸੂਹੇ ਸੁਪਨਿਆਂ ਦੇ ਸੰਤਾਪ ਦੀ ਪਰਿਭਾਸ਼ਾ ਪੜ੍ਹਦਾ ਏ। ਬੂਹਾ ਢਾਰਸ ਬਣਦਾ ਏ, ਵਿਲਕਦੇ ਚਾਵਾਂ ਲਈ ਤੇ ਸਿਸਕਦੇ ਭਾਵਾਂ ਲਈ। ਹੌਲੀ ਹੌਲੀ ਨਿੱਘ ਤੋਂ ਵਿਰਵੀ ਧੁੱਪ, ਬੂਹੇ ਦੇ ਗਲ ਲੱਗ ਰੋਂਦੀ, ਆਪਣੇ ਦੁੱਖਾਂ ਤੇ ਵਿਛੋੜੇ ਦੀ ਬਾਤ ਪਾਉਂਦੀ, ਬੂਹੇ ਵਿਚਲਾ ਬੁੱਤ ਬਣ ਜਾਂਦੀ ਏ। ਸੱਚੀਂ! ਕਿੰਨਾ ਔਖਾ ਏ ਬੂਹੇ ਲਈ ਬੇਬਸੀ 'ਚ ਬਲਦੇ ਬਿਰਖ ਦੀ ਹੋਣੀ ਦਾ ਸਾਥ ਨਿਭਾਉਣਾ ਅਤੇ ਫਿਰ ਉਹੋ ਬੂਹਾ ਕਦੇ ਚਿੱਠੀ ਉਡੀਕਦਾ, ਕਦੇ ਸੁਨੇਹੇ ਦੀ ਇੰਤਜ਼ਾਰ ਕਰਦਾ, ਆਖਰ ਨੂੰ ਲੰਮੀ ਉਡੀਕ ਦੀ ਤਲੀ 'ਤੇ ਸੱਜਣਾਂ ਦੀ ਆਮਦ ਦੀ ਤਰੀਕ ਧਰਦਾ ਏ।



ਗਰੀਬ ਦੇ ਘਰ 'ਚ ਬਹੁਤੀ ਵਾਰ ਬੂਹਾ ਹੁੰਦਾ ਹੀ ਨਹੀਂ। ਬੇਪਰਦ ਜੀਵਨ ਜਿਉਣ ਵਾਲਾ, ਸੱਚੇ ਸੁੱਚੇ ਜੀਵਨ ਦੀ ਅਰਾਧਨਾ ਕਰਦਾ ਏ। ਉਸ ਲਈ ਬੂਹਾ ਇਕ ਭਰਮ ਏ ਪ੍ਰਾਪਤੀ ਦਾ, ਜੋ ਕਦੇ ਟੁੱਟਦਾ, ਕਦੇ ਜੁੜਦਾ ਸਾਹਾਂ ਦੀ ਗਿਣਤੀ ਪੂਰੀ ਕਰਨ ਤੀਕ ਹੀ ਸੀਮਤ ਰਹਿ ਜਾਂਦਾ ਏ।

ਸੋਚ ਦੇ ਬੰਦ ਦਰਵਾਜਿਆਂ 'ਚ ਸਨਕੀਪੁਣੇ ਦੀ ਫਸਲ ਹੀ ਨਿੱਸਰ ਸਕਦੀ ਏ ਜਿਸ ਨੇ ਸਾਡੀ ਕਰਮ ਧਰਾਤਲ ਦੀ ਵੱਖੀ 'ਚ ਹਉਕਿਆਂ ਦੀ ਆਰ ਹੀ ਲਾਉਣੀ ਹੁੰਦੀ ਏ। ਲੋੜ ਹੈ, ਸੋਚ ਦੇ ਦਰਵਾਜਿਆਂ ਨੂੰ ਚੌਪਟ ਖੋਲੀਏ ਤਾਂ ਕਿ ਤਾਜ਼ੀ ਸੋਚ ਦੀ ਸਰਘੀ ਸਾਡਾ ਹਾਸਲ ਹੋਵੇ। ਇਸ ਦੇ ਉਗਮਦੇ ਚਾਨਣ 'ਚ ਨਵੀਆਂ ਪ੍ਰਾਪਤੀਆਂ ਦਾ ਸਿਰਨਾਵਾਂ ਨਜ਼ਰ ਆਵੇ ਅਤੇ ਸਾਡੀ ਕਿਸਮਤ ਦੇ ਬਿਰਖਾਂ 'ਤੇ ਪੰਛੀਆਂ ਦਾ ਹਜੂਮ ਚਹਿਚਹਾਵੇ।

ਜਦੋਂ ਬੂਹੇ ਤੋਂ ਸ਼ਗਨਾਂ ਨਾਲ ਤੋਰੀ ਹੋਈ ਡੋਲੀ, ਅਰਥੀ ਬਣ ਕੇ ਦਰ ਠਕੋਰਦੀ ਏ ਤਾਂ ਬੂਹਾ ਹਉਕਾ ਬਣਦਾ ਏ।

ਬੰਦ-ਬੂਹਿਆਂ ਦੀ ਬਦ-ਹਵਾਸੀ ਹਵਾ ਤਾਂ ਸਾਹਾਂ ਦੀ ਘੁੱਟਣ ਦਾ ਸੋਗ ਹੀ ਸਰਾਪਦੀ ਏ। ਬੂਹੇ 'ਤੇ ਲਟਕਦਾ ਜੰਦਰਾ, ਕਦਮਾਂ 'ਚ ਉਤਸ਼ਾਹ ਭਰ ਕੇ ਤੁਰੇ ਆਉਂਦੇ ਚਾਵਾਂ ਨੂੰ ਸ਼ਿਸ਼ਕਾਰਦਾ ਏ ਅਤੇ ਸੂਹੇ ਸੁਪਨਿਆਂ ਦੀ ਫਸਲ ਉਜਾੜਦਾ ਏ।

ਖੁੱਲ੍ਹਿਆ ਹੋਇਆ ਬੂਹਾ ਵਸਦੇ ਘਰਾਂ ਦੀ ਨਿਸ਼ਾਨੀ ਏ ਜਦੋਂ ਕਿ ਭੀੜੇ ਹੋਏ ਦਰਾਂ ਦੀਆਂ ਝੀਤਾਂ 'ਚੋਂ ਹਵਾ ਵੀ ਲੰਘਣ ਲੱਗਿਆਂ ਸਹਿਮਦੀ ਏ।

ਕਦੇ ਕਦੇ ਬੂਹਾ ਬੜਾ ਉਦਾਸ ਹੋ ਜਾਂਦਾ ਏ ਜਦੋਂ ਉਹ ਆਪਣਿਆਂ ਦੀ ਦਸਤਕ ਲਈ ਤਰਸ ਜਾਂਦਾ ਏ, ਆਸ ਆਖਰੀ ਸਾਹਾਂ 'ਤੇ ਹੁੰਦੀ ਏ ਅਤੇ ਫਿਰ ਇਸ ਦਾ ਜੀਅ ਕਰਦਾ ਹੈ ਕਿ ਸਿਸਕਦੇ ਚਾਵਾਂ ਦੀ ਧੀਰਜ ਬੰਨ੍ਹਾਵਾਂ ਅਤੇ ਨਵੀਂ ਆਸ ਦਾ ਦੀਪ ਜਗਾਵਾਂ।

ਕਾਲੇ ਵਕਤਾਂ ਨੂੰ ਯਾਦ ਕਰ, ਬੂਹੇ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਨੇ ਅਤੇ ਹੁਣ ਵੀ ਰਾਤ ਨੂੰ ਅੱਬੜਵਾਹੇ ਉਠ ਬੀਤੇ ਵਕਤਾਂ ਦੀ ਦਲਦਲ 'ਚ ਗਵਾਚ ਜਾਂਦਾ ਏ। ਉਸ ਨੂੰ ਯਾਦ ਆਉਂਦਾ ਏ, ਫਿਰਕੂ ਦੰਗਿਆਂ ਦੀ ਲਪੇਟ 'ਚ ਆਇਆ ਸ਼ਹਿਰ, ਚਾਰੇ ਪਾਸੇ ਮੱਚਿਆ ਹੋਇਆ ਕਹਿਰ। ਬੰਦ ਦਰਵਾਜਿਆਂ 'ਚ ਦੁਬਕੇ ਤੇ ਸਹਿਮੇ ਹੋਏ ਲੋਕ। ਬੂਹੇ ਦੇ ਤਖਤਿਆਂ ਦੀਆਂ ਵਿਰਲਾਂ 'ਚੋਂ ਝਾਕਦੀਆਂ ਡਰੀਆਂ ਹੋਈਆਂ ਦੋ ਅੱਖਾਂ। ਬੂਹਾ ਘਰ ਦੀ ਢਾਲ। ਬੂਹੇ ਦੀ ਹੋਂਦ ਨੂੰ ਮਿਟਾ ਦਰਿੰਦੇ, ਮਾਸੂਮਾਂ ਦੀ ਜਾਨ ਲੈਣ ਲਈ ਤਤਪਰ। ਪਰ ਬੂਹਾ ਆਪਣੇ ਸਿਦਕ 'ਤੇ ਅੜਿਆ ਰਹਿੰਦਾ। ਮਨੁੱਖ ਹੱਥੋਂ ਮਨੁੱਖ ਦੀ ਹੋਣੀ 'ਤੇ ਅਥਰੂ ਵਹਾਉਂਦਾ, ਬੂਹਾ ਸਿੱਲ-ਪੱਥਰ ਬਣ ਜਾਂਦਾ ਏ ਅਤੇ ਦੀਦਿਆਂ 'ਚੋਂ ਖੂਨੀ ਪਰਛਾਵਿਆਂ ਦੀ ਪਛਾਣ ਭੁਲਾਉਣ ਦੇ ਅਸਮਰਥ ਹੁੰਦਾ ਏ।

ਬੂਹਾ ਚਾਹੁੰਦਾ ਏ ਕਿ ਝੀਤਾਂ 'ਚੋਂ ਝਾਕਦਾ ਚਿਹਰਾ, ਖੌਫ ਦੀ ਪਰਤ ਨਾ ਚੜ੍ਹਾਵੇ ਅਤੇ ਨਾ ਹੀ ਕਾਲੀ ਹਨੇਰੀ ਜਾਂ ਕਰਫਿਊ ਵਰਗੇ ਵਕਤਾਂ ਨੂੰ ਆਪਣੇ ਮੱਥੇ 'ਤੇ ਚਿਪਕਾਵੇ।

ਬੂਹੇ ਦੀ ਬੁਨਿਆਦ ਹੀ ਹੱਸਦੇ, ਰੱਸਦੇ ਤੇ ਵਸਦੇ ਘਰਾਂ ਨੂੰ ਤਾਮੀਰ ਕਰ ਘਰ ਨੂੰ ਘਰ ਦੇ ਅਰਥ ਪ੍ਰਦਾਨ ਕਰਦੀ ਏ। ਘਰ, ਜਿਥੇ ਸਾਹਾਂ ਦੀ ਗਿਣਤੀ ਪੂਰੀ ਕਰਨ ਦੀ ਥਾਂਵੇਂ, ਹਰ ਪਲ ਨੂੰ ਮਾਣਨ ਦੀ ਤਰਜੀਹ ਮਨ 'ਚ ਪਲਦੀ ਏ।

ਬੂਹਾ ਕਦੇ ਵੀ ਬਦ-ਤਮੀਜ਼ ਨਹੀਂ ਹੁੰਦਾ। ਉਹ ਤਾਂ ਹਰ ਆਉਣ ਵਾਲੇ ਨੂੰ ਜੀ ਆਇਆਂ ਕਹਿੰਦਾ, ਉਸ ਦੇ ਰਾਹਾਂ 'ਚ ਅੱਖੀਆਂ ਵਿਛਾਉਂਦਾ ਏ ਅਤੇ ਆਪਣੀ ਸਮੁੱਚੀ ਸਮਰੱਥਾ ਨਾਲ ਉਸ ਦੀ ਪ੍ਰਾਹੁਣਾਚਾਰੀ ਕਰਦਾ, ਫਿਰ ਆਉਣ ਦਾ ਨਿਉਂਦਾ ਦਿੰਦਾ ਹੈ।

ਧਾਰਮਿਕ ਅਸਥਾਨਾਂ ਦੇ ਬੂਹੇ, ਜਾਤ-ਵਰਣਾਂ ਤੋਂ ਉਪਰ ਉਠ, ਸਭ ਲਈ ਖੁੱਲ੍ਹੇ ਰਹਿਣ ਅਤੇ ਇਨ੍ਹਾਂ ਦਰਾਂ 'ਤੇ ਸਿਜਦਾ ਕਰਨ ਵਾਲਾ, ਮੂੰਹੋਂ ਮੰਗੀਆਂ ਮੁਰਾਦਾਂ ਪਾਵੇ।

ਆਦਮੀ, ਕਾਦਰ ਵੱਲੋਂ ਬਖਸ਼ੀ ਨਿਰਛੱਲ ਸੋਚ, ਮਾਨਸਿਕ ਸੁਹੱਪਣ ਅਤੇ ਸ਼ਾਇਸਤਗੀ ਦੇ ਬੂਹੇ ਹਮੇਸ਼ਾ ਖੁੱਲ੍ਹੇ ਰੱਖੇ ਤਾਂ ਕਿ ਉਹ ਇਨਸਾਨੀਅਤ ਦਾ ਝੰਡਾ ਬਰਦਾਰ ਬਣਿਆ ਰਹੇ।

ਬੰਦ ਬੂਹਿਆਂ 'ਚ ਕੈਦ ਹੋਏ ਆਜ਼ਾਦੀ ਪਰਵਾਨੇ, ਕਦੇ ਵੀ ਰੋਸ਼ਨੀ ਦੀ ਅਣਹੋਂਦ 'ਚ ਨਹੀਂ ਘਬਰਾਉਂਦੇ, ਸਗੋਂ ਬੰਦ ਦਰਵਾਜੇ, ਦੇਸ਼ ਭਗਤਾਂ ਦੀ ਪ੍ਰਯੋਗਸ਼ਾਲਾ ਹੁੰਦੇ ਨੇ ਜਿਥੇ ਉਨ੍ਹਾਂ ਦੀ ਦੇਸ਼ ਭਗਤੀ, ਇਰਾਦਾ, ਹੌਸਲਾ ਤੇ ਮੰਜ਼ਿਲ 'ਤੇ ਪਹੁੰਚਣ ਦੀ ਪਕਿਆਈ ਪਰਖੀ ਜਾਂਦੀ ਏ। ਉਹ ਸਮੇਂ ਦੀਆਂ ਬੇਰੁਖੀਆਂ 'ਚੋਂ ਕੁੰਦਨ ਬਣ ਕੇ ਨਿਕਲਦੇ ਨੇ। ਉਨ੍ਹਾਂ ਲਈ ਝੀਤਾਂ 'ਚੋਂ ਆਉਂਦੀ ਕਿਰਨ ਜਿਉਣ ਦਾ ਆਹਰ ਬਣਦੀ ਏ।

ਬੂਹਾ, ਜੀਵਨ ਦਾ ਅਜਿਹਾ ਦਿਸਹੱਦਾ ਏ ਜੋ ਸਾਡੀ ਖੜਗ ਭੁਜਾ ਬਣਦਾ ਏ ਅਤੇ ਸਾਨੂੰ ਸਹੀ ਦਿਸ਼ਾ ਵੱਲ ਤੋਰਦਾ ਵੀ ਏ।

ਸੁਹਜ, ਸਿਆਣਪ, ਸਾਦਗੀ ਅਤੇ ਸਿਰਜਣਾ, ਜੀਵਨ ਦੇ ਬੂਹੇ ਨੇ ਜੋ ਮਨੁੱਖ ਨੂੰ ਜ਼ਿੰਦਗੀ ਦੇ ਅਰਥ ਪ੍ਰਦਾਨ ਕਰਦੇ ਨੇ। ਇਨ੍ਹਾਂ

***ਬੂਹਾ, ਉਨ੍ਹਾਂ ਬਰਕਤਾਂ ਦਾ ਭੰਡਾਰ ਏ ਜੋ ਬੂਹੇ ਸਕਦਾ, ਸਾਡੀ ਝੋਲੀ ਪੈਂਦੀਆਂ ਨੇ ਭਾਵੇਂ ਉਹ ਮਿੱਤਰਾਂ ਦਾ ਮੋਹ ਹੋਵੇ, ਚਿਰ-ਵਿਛੁੰਨਿਆਂ ਦੀ ਨਿੱਘੀ ਗਲਵੱਕੜੀ ਹੋਵੇ, ਬੂਹੇ ਦੇ ਉਹਲੇ 'ਚ ਦੋ ਰੂਹਾਂ ਦਾ ਮਿਲਾਪ ਹੋਵੇ ਜਾਂ ਸੱਜਣਾਂ ਸੰਗ ਬਿਤਾਏ ਪਲਾਂ ਦੀ ਯਾਦ ਹੁਸੀਨ ਹੋਵੇ, ਜਦੋਂ ਦਿਲਾਂ ਦੇ ਭੇਤ ਸਾਂਝੇ ਕੀਤੇ ਅਤੇ ਉਮਰਾਂ ਜੇਡ ਲੰਮੀਆਂ ਮਿਲਣ-ਰਾਤਾਂ ਦਾ ਸੁਪਨਾ ਸਿਰਜਿਆ ਹੋਵੇ।***

ਬੂਹਿਆਂ ਤੋਂ ਬਗੈਰ ਜ਼ਿੰਦਗੀ, ਸੜੇਹਾਂਦ ਭਰਪੂਰ ਵਰਤਾਰਿਆਂ ਦਾ ਕਹਿਰ ਵਰਤਾਏਗੀ ਜਿਸ 'ਚ ਸਾਡੀ ਹੋਂਦ ਦੀ ਸੰਭਾਵਨਾ ਡੂੰਘੀ ਖੱਡ 'ਚ ਤਿਲਕ ਜਾਵੇਗੀ।

ਬੂਹਾ ਤਾਂ ਬੰਦਗੀ ਕਰਦਾ ਹੈ ਕਿ ਇਸ ਦੀ ਓਟ 'ਚ ਆਏ ਸਭ ਬਾਸ਼ਿੰਦਿਆਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੋਣ। ਸਭ ਭਰੀ-ਭਕੁੰਨੀ ਜ਼ਿੰਦਗੀ ਦੇ ਸ਼ਾਹ-ਅਸਵਾਰ ਬਣ ਨਵੇਂ ਕੀਰਤੀਮਾਨ ਸਥਾਪਤ ਕਰਨ। ਸਭ ਦੀਆਂ ਆਸਾਂ ਨੂੰ ਬੂਰ ਪਵੇ ਅਤੇ ਉਨ੍ਹਾਂ ਦੀ ਮਿਹਨਤ ਦਾ ਮੁੜਕਾ, ਮਾਣਕ-ਮੋਤੀਆਂ ਦੀ ਜੂਨ ਹੰਢਾਵੇ।

ਬੂਹੇ ਦੀਆਂ ਪਲਕਾਂ 'ਤੇ ਨਿੰਮ, ਅੰਬ ਜਾਂ ਪਿੱਪਲ ਦੇ ਪੱਤੇ ਸੋਂਹਦੇ ਰਹਿਣ। ਇਸ ਦੀਆਂ ਮੁਹਾਠਾਂ ਸ਼ਗਨਾਂ ਦੇ ਤੇਲ ਨਾਲ ਗੜੁੱਚੀਆਂ ਰਹਿਣ। ਇਸ ਦੇ ਕਦਮਾਂ 'ਚ ਪਰਦੇਸ ਤੁਰ ਗਿਆਂ ਦੀਆਂ ਖੈਰਾਂ ਮੰਗਣ ਲਈ ਪਾਣੀ ਡੋਲ੍ਹਿਆ ਜਾਂਦਾ ਰਹੇ। ਇਸ ਦੇ ਖੁਲ੍ਹੇ ਦਰਾਂ 'ਚੋਂ ਮਹਿਕਾਂ ਭਰਪੂਰ ਵਰਤਾਰਿਆਂ ਦੀ ਨਿਰੰਤਰ ਆਵਾਜਾਈ ਬਣੀ ਰਹੇ। ਇਸ ਦੇ ਮੁੱਖ ਨੂੰ ਸੰਦਲੀ ਸਮਿਆਂ ਦੀ ਆਭਾ ਨਸੀਬ ਹੋਵੇ ਅਤੇ ਖੇੜਿਆਂ ਭਰਪੂਰ ਜੀਵਨ ਦਾ ਹਰ ਪਲ ਇਸ ਦਾ ਅਦੀਬ ਹੋਵੇ।

## ਪੰਜਾਬ ਟਾਈਮਜ਼ ਦੀ ਮਿਆਰੀ ਸੋਚ

**ਸਤਿਕਾਰਯੋਗ ਅਮੋਲਕ ਵੀਰ ਜੀ,**
**ਸਤਿ ਸ੍ਰੀ ਅਕਾਲ।**

ਤੁਹਾਡੀ ਸਿਹਤ ਲਈ ਦੁਆ, ਤੁਹਾਡੇ ਮਨ ਲਈ ਸ਼ਾਂਤੀ ਅਤੇ ਇਰਾਦੇ ਲਈ ਹੌਸਲਾ। ਤੁਹਾਡੀ ਰੂਹ ਭਰੀ ਅਖਬਾਰ ਦਾ ਮੈਂ ਮੁਰੀਦ ਹਾਂ। ਇਸ ਦਾ ਵਫਾਦਾਰ ਪਾਠਕ ਹਾਂ। ਲਾਲ, ਨੀਲੀ, ਕਾਲੀ ਸਿਹਾਈ ਦਾ ਵੀ ਥੋੜ੍ਹਾ ਗਿਆਨ ਹੈ। ਵਿਕਾਊ ਅਤੇ ਸੱਚੀ ਸੋਚ ਦੀ ਪਰਖ ਵੀ ਪਤਾ ਹੈ। ਇਸ ਕਰਕੇ ਬਹੁਤ ਢੇਰੀਆਂ ਵਿਚੋਂ ਪੰਜਾਬ ਟਾਈਮਜ਼ ਨੂੰ ਸਤਿਕਾਰ ਨਾਲ ਚੁੱਕਦਾ ਹਾਂ। ਹਫਤਾ ਭਰ ਪੜ੍ਹ ਕੇ ਅਗਲੇ ਅੰਕ ਦੀ ਉਡੀਕ ਕਰਦਾ ਹਾਂ। ਅੱਜ ਦੇ ਦੌਰ ਵਿਚ ਅਖਬਾਰ ਕੱਢਣਾ ਤੇ ਜਾਰੀ ਰੱਖਣਾ ਬਹੁਤ ਮੁਸ਼ਕਿਲ ਹੈ। ਇੰਟਰਨੈਟ ਨੇ ਸਾਨੂੰ ਬਹੁਤ ਕੁਝ ਦਿੱਤਾ ਪਰ ਨੁਕਸਾਨ ਵੀ ਬਥੇਰਾ ਕੀਤਾ ਹੈ। ਵੱਡੇ ਵੱਡੇ ਅਖਬਾਰ ਬੰਦ ਹੋ ਗਏ। ਬੁੱਕ ਸਟੋਰ ਜਿੰਦਾ ਲਾ ਗਏ ਕਿਉਂਕਿ ਸਭ ਕੁਝ ਇੰਟਰਨੈਟ 'ਤੇ ਬੜੀ ਹੀ ਆਸਾਨੀ ਨਾਲ ਮਿਲ ਜਾਂਦਾ ਹੈ। ਅਖਬਾਰਾਂ ਤੋਂ ਬਿਨਾ ਪ੍ਰਿੰਟਿੰਗ ਪ੍ਰੈਸ ਦਾ ਵਪਾਰ ਬੰਦ ਦੇ ਬਰਾਬਰ ਹੀ ਹੈ।

ਮੈਂ ਸੈਨ ਹੋਜ਼ੇ ਸ਼ਹਿਰ ਵਿਚ ਦਸ ਸਾਲ ਪਹਿਲਾਂ ਲਗਾਤਾਰ ਦਸ ਪ੍ਰਿੰਟਿੰਗ ਪ੍ਰੈਸਾਂ ਵਿਚ ਕੰਮ ਕੀਤਾ। ਜਰਮਨੀ ਦੀ ਹਾਈਡਲ ਬਰਗ ਮਸ਼ੀਨ ਨੂੰ ਦੁਨੀਆਂ ਦੀ ਸਭ ਤੋਂ ਵਧੀਆ ਅਤੇ ਮਹਿੰਗੀ ਪ੍ਰਿੰਟਿੰਗ ਮਸ਼ੀਨ ਮੰਨਿਆ ਜਾਂਦਾ ਸੀ। ਛੇ ਰੰਗ ਛਾਪਣ ਵਾਲੀ ਇਸ ਮਸ਼ੀਨ ਦੀ ਕੀਮਤ ਪੰਜ ਮਿਲੀਅਨ ਸੀ। ਇਹ 40" ਜਰਬ 28" ਸਾਈਜ਼ ਦਾ ਪੇਪਰ ਛਾਪਦੀ ਸੀ। ਇਸ ਤਰ੍ਹਾਂ ਦੀਆਂ ਛੋਟੀਆਂ ਅਤੇ ਵੱਡੀਆਂ ਵੀਹ ਮਸ਼ੀਨਾਂ ਸਨ। ਅੰਤ ਇਕ ਦਿਨ ਮੈਂ ਆਪਣੇ ਅੱਖੀਂ ਇਨ੍ਹਾਂ ਨੂੰ ਕਬਾੜ ਦੇ ਭਾਅ ਜਾਂਦੀਆਂ ਵੇਖਿਆ। ਮੇਰੇ ਵਰਗੇ ਕਾਮੇ ਰੁਜ਼ਗਾਰ ਤੋਂ ਬੇਰੁਜ਼ਗਾਰ ਹੋ ਗਏ। ਸੋ ਇਸ ਦਰਦ ਨੂੰ ਮੈਂ ਜਾਣਦਾ ਹਾਂ।

ਗੱਲ ਅਸਲੀ ਮੁੱਦੇ ਵੱਲ ਲੈ ਕੇ ਆਉਂਦਾ ਹਾਂ, ਜੋ ਜਰੂਰੀ ਹੈ। ਅੱਜ ਉਠਿਆ ਤਾਂ ਜ਼ਿੰਦਗੀ ਵਿਚ ਰਹਿ ਗਏ ਅਧੂਰੇ ਕੰਮਾਂ ਦੀ ਸੋਚ ਕੀਤੀ ਤਾਂ ਸਭ ਤੋਂ ਪਹਿਲਾ ਜਿਹੜਾ ਕੰਮ ਸੀ, ਉਸ ਸੀ ਤੁਹਾਡਾ ਧੰਨਵਾਦ। ਧੰਨਵਾਦੀ ਹਾਂ ਤੁਹਾਡੀ ਹਿੰਮਤ ਦਾ, ਪੰਜਾਬ ਟਾਈਮਜ਼ ਦੀ ਮਿਆਰੀ ਸੋਚ ਦਾ, ਇਸ ਦੇ ਉਚ ਕੋਟੀ ਦੇ ਲੇਖਕਾਂ ਦਾ, ਸਟਾਫ ਦਾ, ਤੁਹਾਡੇ ਪਰਿਵਾਰ ਦਾ ਜਿਨ੍ਹਾਂ ਸਦਕਾ ਇਹ ਅਖਬਾਰ ਉਚਾ ਸਿਰ ਕਰ ਕੇ ਮਹਿਕਦਾ ਹੈ। ਸੋ, ਮੇਰੇ ਇਸ ਧੰਨਵਾਦ ਨੂੰ ਸਵੀਕਾਰ ਕਰਨਾ। ਤੁਸੀਂ ਤਾਂ ਬੋਝ ਪਹਿਲਾਂ ਹੀ ਵਧੇਰਾ ਚੁੱਕੀ ਫਿਰਦੇ ਹੋ ਪਰ ਮੈਨੂੰ ਪਤਾ ਹੈ, ਅਮੋਲਕ ਆਦੀ ਜਿਹਾ ਹੋ ਗਿਆ।

***-ਪਰਦੀਪ ਸੈਨ ਹੋਜ਼ੇ***

## ਸੰਪਾਦਕ ਦੀ ਡਾਕ

### ਵਧੀਆ ਪੜ੍ਹਨ ਸਮੱਗਰੀ

ਇਹ ਪੰਜਾਬ ਟਾਈਮਜ਼ ਹੀ ਹੈ ਜਿਸ ਵਿਚ ਹਰ ਵਰਗ ਦੇ ਪਾਠਕ ਲਈ ਬਹੁਤ ਹੀ ਮਿਆਰੀ ਪੜ੍ਹਨ ਸਮੱਗਰੀ ਹੁੰਦੀ ਹੈ। ਗੁਰਬਾਣੀ ਦਾ ਗਿਆਨ ਹਾਸਲ ਕਰਨ ਵਾਲਿਆਂ ਲਈ ਡਾ. ਗੁਰਨਾਮ ਕੌਰ ਅਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦੇ ਲੇਖ ਹਨ। ਸਾਹਿਤ ਪੜ੍ਹਨ ਵਾਲਿਆਂ ਲਈ ਕਵਿਤਾਵਾਂ ਅਤੇ ਕਹਾਣੀਆਂ ਹੁੰਦੀਆਂ ਹਨ। ਡਾ. ਗੁਰਬਖਸ਼ ਸਿੰਘ ਭੰਡਾਲ ਦਾ ਆਪਣਾ ਹੀ ਇਕ ਅੰਦਾਜ਼ ਹੈ। ਬਹੁਤ ਗੰਭੀਰ ਪੜ੍ਹਨ ਵਾਲਿਆਂ ਲਈ ਕਿਸੇ ਨਾ ਕਿਸੇ ਵਿਸ਼ੇ ਉਤੇ ਬਹਿਸ ਹੁੰਦੀ ਹੈ। ਸੰਪਾਦਕੀ ਪੰਨੇ 'ਤੇ ਵੀ ਬਹੁਤ ਕੁਝ ਪੜ੍ਹਨ ਵਾਲਾ ਹੁੰਦਾ ਹੈ। ਰੱਬ ਕਰੇ ਪੰਜਾਬ ਟਾਈਮਜ਼ ਇਸੇ ਤਰ੍ਹਾਂ ਅੱਗੇ ਵਧਦਾ ਰਹੇ।

***-ਗੁਰਮੀਤ ਸਿੰਘ, ਨਿਊ ਯਾਰਕ***

# ਪਿਆਰ ਅਤੇ ਸਿਆਸਤ 'ਚ ਸਭ ਜਾਇਜ਼

ਵਿਅੰਗ

ਪੰਜਾਬ ਵਿਚ ਚੋਣਾਂ ਦਾ ਦੰਗਲ ਪੂਰਾ ਮਘ ਚੁਕਾ ਹੈ। ਚੋਣ ਕਮਿਸ਼ਨ ਨੇ ਚੋਣਾਂ ਦਾ ਐਲਾਨ ਕਰ ਕੇ ਅਖਾੜਾ ਪੁੱਟ ਦਿੱਤਾ ਹੈ। ਜ਼ਾਬਤੇ ਰੂਪੀ ਕਲੀ ਪਾ ਕੇ ਮੈਦਾਨ ਦਾ ਦਾਇਰਾ ਬਣਾ ਦਿੱਤਾ ਹੈ। ਫਿਜ਼ਾ 'ਚ ਵਾਅਦਿਆਂ ਦੀ ਗੂੰਜ ਹੈ, ਨਾਅਰਿਆਂ ਦਾ ਸ਼ੋਰ ਹੈ, ਮੁਜ਼ਾਹਰੇ, ਰੈਲੀਆਂ, ਨੁੱਕੜ ਸਭਾਵਾਂ ਅਤੇ ਦਰ-ਦਰ ਜਾਣ ਦਾ ਸਿਲਸਿਲਾ ਰਫਤਾਰ ਫੜ ਰਿਹਾ ਹੈ। ਰੁੱਸਿਆਂ ਨੂੰ ਮਨਾਉਣ ਲਈ ਨਰਾਇਣ ਕੀੜੀਆਂ ਦੇ ਘਰ ਤਸ਼ਰੀਫ ਲਿਆ ਰਹੇ ਹਨ। ਗਰੀਬ ਦੀ ਬੱਕਰੀ ਦੇ ਦੁੱਧ 'ਚ ਦੋਇਮ ਦਰਜੇ ਦੇ ਗੁੜ ਵਾਲੀ ਅਤੇ ਵੱਡੇ ਵੱਡੇ ਡੱਕਰਿਆਂ ਵਾਲੀ ਚਾਹ ਪੱਤੀ ਨੂੰ 'ਸਾਫੀ' ਸਮਝ ਕੇ ਨੇਤਾ ਲੋਕ ਸੜ੍ਹਾਕੇ ਮਾਰ-ਮਾਰ ਹਲਕੋਂ 'ਠਾਂਹ ਕਰ ਰਹੇ

**ਮਿੰਟੂ ਬਰਾੜ, ਆਸਟ੍ਰੇਲੀਆ**
mintubrar@gmail.com

ਹਨ। ਅੱਗੇ ਵਧਣ ਤੋਂ ਪਹਿਲਾਂ 'ਸਾਫੀ' ਸ਼ਬਦ ਦੀ ਵਰਤੋਂ ਬਾਰੇ ਜ਼ਰਾ ਪਰਤ ਖੋਲ੍ਹ ਦਿਆਂ, 'ਸਾਫੀ' ਆਯੁਰਵੈਦ ਵੱਲੋਂ ਬਣਾਈ ਗਈ ਉਹ ਦਵਾਈ ਹੈ ਜੋ ਬੰਦੇ ਦੇ ਖ਼ੂਨ ਨੂੰ ਸਾਫ ਕਰਦੀ ਹੈ। ਪਰ ਇੱਥੇ ਇਸ ਸ਼ਬਦ ਦੀ ਵਰਤੋਂ ਇਸ ਦਾ ਅਤਿ ਬੇਸੁਆਦਾ ਅਤੇ ਕੌੜਾ ਹੋਣਾ ਹੈ, ਜੋ ਪੀਣੀ ਬੜੀ ਔਖੀ ਹੈ ਪਰ ਇਸ ਦੇ ਨਤੀਜੇ ਸ਼ਾਨਦਾਰ ਹੁੰਦੇ ਹਨ। ਬੱਸ ਸ਼ਾਨਦਾਰ ਨਤੀਜਿਆਂ ਕਰਕੇ ਈ ਛੰਨਾਂ, ਢਾਰਿਆਂ, ਕੱਚੇ ਕੋਠੜਿਆਂ ਵਾਲਿਆਂ ਦੀ 'ਸਾਫੀ' ਨੇਤਾ ਲੋਕ ਪੀ ਰਹੇ ਨੇ ਅੱਜ-ਕੱਲ੍ਹ।

ਇਹ ਵੀ ਸੱਚ ਹੈ ਕਿ ਇਹੋ ਜਿਹੇ ਉਪਰਾਲੇ ਤਾਂ ਰਵਾਇਤ ਹਨ ਕਿਸੇ ਨੂੰ ਕੋਈ ਇਤਰਾਜ਼ ਨਹੀਂ। ਬੱਸ ਜੇ ਇਸ ਰਵਾਇਤ 'ਚ ਕੁਝ ਨਵਾਂ ਜੁੜਿਆ ਤਾਂ ਉਹ ਹੈ ਮੋਨੀ ਵੋਟਰ ਬਾਬਾ ਨੂੰ ਅੱਜ ਸਵਾਲਾਂ ਵਾਲੀ ਚੇਟਕ ਲੱਗ ਚੁੱਕੀ ਹੈ, ਜੋ ਇਸ ਰਵਾਇਤੀ ਦੰਗਲ ਦੇ ਮਾਹੌਲ ਨੂੰ ਹੋਰ ਦਿਲਚਸਪ ਬਣਾਉਣ 'ਚ ਸਹਾਈ ਹੋਣਗੇ। ਇਹ ਆਸ ਤਾਂ ਹੈ, ਪਰ ਜ਼ਮੀਨੀ ਸੱਚਾਈ ਕੁਝ ਹੋਰ ਵੀ ਕਹਿੰਦੀ ਹੈ।

ਆਪਾਂ 'ਦੰਗਲ' ਸ਼ਬਦ ਨੂੰ ਵੀ ਖੋਲ੍ਹ ਲਈਏ ਪਹਿਲਾਂ। ਦੰਗਲ ਦਾ ਅਸਲ 'ਚ ਅੱਖਰੀ ਅਰਥ, ਉਹ ਥਾਂ ਹੁੰਦੀ ਹੈ ਜਿੱਥੇ ਦੋ ਪਹਿਲਵਾਨ ਆਪਸ 'ਚ ਘੁਲਦੇ ਹਨ, ਜਿਸ ਦੇ ਆਪਣੇ ਕੁਝ ਨਿਯਮ ਹੁੰਦੇ ਹਨ। ਪਹਿਲਵਾਨ ਗੁੱਝੇ ਦਾਅ ਲਾ ਸਕਦੇ ਹਨ ਪਰ ਹੱਦਾਂ 'ਚ ਰਹਿ ਕੇ। ਭਾਵੇਂ ਦੰਗਲ ਦਾ ਮਾਹੌਲ ਜਿੰਨਾ ਮਰਜ਼ੀ ਭਖ ਜਾਵੇ ਪਰ ਕਦੇ ਕੋਈ ਪਹਿਲਵਾਨ ਦੂਜੇ ਪਹਿਲਵਾਨ ਦੇ ਸਿਰ 'ਚ ਡਲੇ ਜਾਂ ਛਿੱਤਰ ਨਹੀਂ ਮਾਰਦੇ।

ਅੱਗੇ ਵਧਣ ਤੋਂ ਪਹਿਲਾਂ ਛਿੱਤਰ ਸ਼ਬਦ ਨੂੰ ਵੀ ਖੋਲ੍ਹ ਲਈਏ। ਕਰੀਬ ਹਰ ਚੀਜ਼ ਦੇ ਕਈ ਨਾਂ ਹੁੰਦੇ ਹਨ ਜੋ ਸਮੇਂ ਅਤੇ ਵਾਰਤਾ ਅਨੁਸਾਰ ਹੀ ਵਰਤੇ ਜਾਣ ਤਾਂ ਚੰਗੇ ਲੱਗਦੇ ਹਨ। ਮਸਲਨ ਜੇ ਅਸੀਂ ਕਿਸੇ ਨੂੰ ਕਹੀਏ ਕਿ ਆਹ ਆਪਣੇ ਛਿੱਤਰ ਲਾਹ ਕੇ ਅੰਦਰ ਆਓ ਜੀ, ਤਾਂ ਹਜ਼ਮ ਨਹੀਂ ਹੁੰਦਾ। ਸੋ ਸਭਿਅਕ ਸ਼ਬਦ ਜੁੱਤੀ ਵਰਤਿਆ ਜਾਂਦਾ ਹੈ। ਸੋ ਜੇ ਜੁੱਤੀ ਸਭਿਅਕ ਜਾਂ ਸਤਿਕਾਰਤ ਸ਼ਬਦਾਂ ਹੈ ਤਾਂ ਕਿਸੇ ਦੇ ਮਾਰਨ ਲਈ ਇਸ ਦੀ ਵਰਤੋਂ ਜਾਇਜ਼ ਨਹੀਂ ਲੱਗਦੀ। ਜਦੋਂ ਲੜਾਈ ਝਗੜੇ 'ਚ ਇਸ ਦੀ ਵਰਤੋਂ ਹੁੰਦੀ ਹੈ ਤਾਂ ਉਥੇ ਇਹ ਨਹੀਂ ਕਿਹਾ ਜਾਣਾ ਚਾਹੀਦਾ ਕਿ ਫਲਾਂ ਬੰਦੇ ਦੇ ਜੁੱਤੀਆਂ ਮਾਰੀਆਂ। ਢੁਕਵੇਂ ਸਿਰਲੇਖ ਵਿਚ ਛਿੱਤਰ ਪਏ ਜਾਂ ਮਾਰੇ ਵਰਤਿਆ ਜਾਣਾ ਚਾਹੀਦਾ ਹੈ। ਉਂਜ ਇਹ ਤਾਂ ਐਵੇਂ ਗੱਲ 'ਚੋਂ ਗੱਲ ਨਿਕਲ ਆਈ, ਮੀਡੀਏ ਦੀਆਂ ਸੁਰਖੀਆਂ 'ਚੋਂ। ਮੀਡੀਆ ਅਕਸਰ ਮਾੜੀਆਂ ਖਬਰਾਂ ਦਿੰਦਿਆਂ ਡਰਦਾ ਮਾਰਾ ਸ਼ਬਦਾਂ ਦੀ ਚੋਣ ਕਰਦਿਆਂ ਭਾਸ਼ਾ ਦੇ ਦਾਇਰੇ ਤੋੜ ਦਿੰਦਾ ਹੈ।

ਹੁਣ ਦੰਗਲ ਦੀ ਗੱਲ ਕਰੀਏ ਤਾਂ ਜਦੋਂ ਦੰਗਲ 'ਚ ਕੁੱਦਣ ਵਾਲੇ ਬੰਦੇ ਨੂੰ ਉਸ ਦੇ ਕਾਇਦੇ ਕਾਨੂੰਨ ਮੰਨਣੇ ਪੈਂਦੇ ਹਨ ਤਾਂ ਚੋਣ ਦੰਗਲ ਵਿਚ ਡਲੇ-ਛਿੱਤਰ ਕਿੱਥੋਂ ਆ ਗਏ? ਇਸ ਦਾ ਜਵਾਬ ਵੀ ਹੈ, ਸਾਡੇ ਕੁਝ ਕੁ ਵਿਦਵਾਨਾਂ ਕੋਲ! ਕਹਿੰਦੇ ਹਨ, "ਪਿਆਰ ਅਤੇ ਸਿਆਸਤ 'ਚ ਸਭ ਜਾਇਜ਼ ਹੈ।"

ਪਰ ਹੁਣ ਇੱਕ ਸ਼ਬਦ ਹੀ ਨਹੀਂ ਇਸ ਸਾਰੀ ਸਤਰ ਨੂੰ ਹੀ ਖੋਲ੍ਹਣਾ ਪੈਣੈ। ਇਤਿਹਾਸ ਗਵਾਹ ਹੈ ਕਿ ਜੇ ਕੋਈ ਰਾਜ ਕਰਨਾ ਜਾਂ ਸੱਤਾ ਸਾਂਭਣੀ ਚਾਹੁੰਦਾ ਹੈ ਤਾਂ ਉਸ ਦਾ ਚੰਗਾ ਸਿਆਸਤਦਾਨ ਹੋਣਾ ਲਾਜ਼ਮੀ ਹੈ। ਸਿਆਸਤ ਦੇ ਅੱਖਰੀ ਅਰਥ ਭਾਵੇਂ 'ਕਾਲਾ ਸੱਚ' ਹਨ, ਪਰ ਮੇਰਾ ਖਿਆਲ ਹੈ ਕਿ ਸਿਆਸਤ ਤੋਂ ਮਤਲਬ ਉਹ ਸੱਚ ਹੈ ਜੋ ਵਾਪਰਨ ਪਿਛੋਂ ਸਮਝ ਆਵੇ ਤੇ ਮੂਹਰਲਾ ਆਪ ਮੁਹਾਰੇ ਕਹੇ, "ਜੀ, ਇਹ ਤਾਂ ਮੇਰੇ ਨਾਲ ਸਿਆਸਤ ਹੋ ਗਈ।" ਮਤਲਬ ਠੱਗੀ ਹੋ ਗਈ। ਇੱਕ ਅਜੀਬ ਇਤਫਾਕ ਸ਼ਬਦਾਂ ਦੇ ਜੋੜ-ਮੇਲ ਤੇ ਅਰਥਾਂ 'ਚ ਨਿਕਲ ਆਇਆ, ਸੋ ਸਿਆਸਤ ਦਾ ਮਤਲਬ 'ਠੱਗੀ' ਹੋ ਗਿਆ! ਫੇਰ ਤੁਸੀਂ ਹੁਣ ਅਗਲੇ ਅਰਥ ਆਪ ਹੀ ਕੱਢ ਲਵੋ ਕਿ ਠੱਗੀ ਮਰਨ ਵਾਲੇ ਬੰਦੇ ਨੂੰ ਕਿਹਾ ਕੀ ਜਾਂਦੈ? ਸੋ ਜੇ ਕਿਤੇ ਅਚਨਚੇਤ ਮੇਰੇ ਤੋਂ ਕਿਸੇ ਸਿਆਸੀ ਬੰਦੇ ਨੂੰ ਠੱਗ ਲਿਖ ਹੋ ਜਾਵੇ ਤਾਂ ਬੁਰਾ ਨਾ ਮਨਾਇਓ ਜੀ, ਮੈਂ ਤਾਂ ਸ਼ਬਦਾਂ ਦੀ ਸੁ-ਵਰਤੋਂ ਕਰਨ 'ਚ ਯਕੀਨ ਰੱਖਦਾਂ।

ਲੀਹ ਤੋਂ ਨਾ ਭਟਕਾਂ ਤੇ ਉਪਰੋਕਤ ਕਥਨ ਮਤਲਬ 'ਪਿਆਰ ਤੇ ਸਿਆਸਤ 'ਚ ਸਭ ਜਾਇਜ਼' ਨੂੰ ਖੋਲ੍ਹਾਂ। ਦੇਖੋ ਪਿਆਰ 'ਚ ਤਾਂ ਹੋ ਸਕਦਾ ਕਿ ਕਾਫੀ ਹੱਦ ਤੱਕ ਜਾਇਜ਼ ਹੋਵੇ, ਹੈ ਤਾਂ ਉਥੇ ਵੀ ਨਹੀਂ ਕਿਹਾ ਜਾ ਸਕਦਾ। ਪਰ ਇਸ ਕਥਨ ਦੀ ਆੜ ਲੈ ਕੇ ਜੋ ਕੁਝ ਸਿਆਸਤ 'ਚ ਅੱਜ ਕੱਲ੍ਹ ਵਾਪਰ ਰਿਹੈ, ਉਸ ਨੂੰ ਸੋਚ ਕੇ ਕਈ ਵਾਰ ਰੌਂਗਟੇ




ਖੜ੍ਹੇ ਹੋ ਜਾਂਦੇ ਹਨ। ਸਾਡੇ ਰੌਂਗਟੇ ਤਾਂ ਸਿਰਫ ਜੋ ਸਾਹਮਣੇ ਵਾਪਰ ਰਿਹਾ ਜਾਂ ਜਿੰਨੀ ਕੁ ਸਿਆਸਤ ਸਾਡੇ ਸਮਝ ਆ ਰਹੀ ਹੈ, ਉਸ ਨੂੰ ਦੇਖ ਕੇ ਹੀ ਖੜ੍ਹੇ ਹੋ ਜਾਂਦੇ ਹਨ। ਜਿਹੜੀਆਂ ਮੰਝੀਆਂ ਹੋਈਆਂ ਚਾਲਾਂ ਘਾਗ ਸਿਆਸਤਦਾਨ ਚੱਲ ਜਾਂਦੇ ਹਨ, ਉਨ੍ਹਾਂ ਬਾਰੇ ਤਾਂ ਸੋਚਣ ਨੂੰ ਵੀ ਜੀਅ ਨਹੀਂ ਕਰਦਾ। ਬਹੁਤੀ ਗਹਿਰਾਈ 'ਚ ਨਾ ਜਾਈਏ, ਸਿਰਫ ਇੱਕ ਮੁੱਦਾ ਹੀ ਵਿਚਾਰ ਕੇ ਗੱਲ ਖਤਮ ਕਰਦੇ ਹਾਂ। ਸਿਆਸਤ ਦੇ ਅੱਜ ਦੇ ਯੁੱਗ 'ਚ ਕਿਸੇ ਇੱਕ ਪਾਰਟੀ ਦੀ ਹੂੰਝਾ ਫੇਰੂ ਜਾਂ ਪਾਸਾ-ਪਲਟ ਜਿੱਤ ਦੇ ਸੰਜੋਗ ਬਹੁਤ ਘੱਟ ਦਿਸਦੇ ਹਨ। ਪਿਛਲੇ ਕੁਝ ਸਾਲਾਂ 'ਤੇ ਝਾਤ ਮਾਰੀ ਜਾਵੇ ਤਾਂ ਦਿੱਲੀ 'ਚ 'ਆਪ' ਦੀ ਜਿੱਤ ਨੂੰ ਛੱਡ ਬਾਕੀ ਥਾਂਵਾਂ 'ਤੇ ਕਿਸੇ ਇੱਕ ਪਾਰਟੀ ਨੂੰ ਉਹ ਜਿੱਤ ਨਹੀਂ ਮਿਲੀ। ਗਠਬੰਧਨ ਦੀ ਰਾਜਨੀਤੀ ਭਾਰੂ ਬਣੀ ਹੋਈ ਹੈ। ਇੱਕ ਤਰਫੀ ਜਾਂ ਪਾਸਾ-ਪਲਟ ਰਾਜਨੀਤੀ ਕਈ ਕਾਰਨਾਂ ਕਰਕੇ ਹੁੰਦੀ ਹੈ। ਬਾਕੀ ਛੱਡੀਏ, ਸਿਰਫ ਇੱਕ ਕਾਰਨ ਨੂੰ ਖੋਲ੍ਹਦੇ ਹਾਂ। ਉਹ ਹੈ ਹਮਦਰਦੀ 'ਚੋਂ ਨਿਕਲਿਆ ਵੋਟਰ ਦਾ ਜਜ਼ਬਾਤੀ ਉਲਾਰ। ਉਹ ਕਦੋਂ ਹੁੰਦਾ? ਜਦੋਂ ਲੋਕਾਂ ਦੇ ਧੁਰ ਅੰਦਰਲੇ ਜਜ਼ਬਾਤ ਤੱਕ ਪਹੁੰਚ ਕੀਤੀ ਜਾ ਸਕੇ। ਅਜਿਹਾ ਕੁਝ ਹੋ-ਵਾਪਰ ਜਾਵੇ ਕਿ ਲੋਕ ਸਭ ਗਿਲੇ ਭੁਲਾ ਕੇ ਹਮਦਰਦੀ ਵਾਲੇ ਸਾਰੇ ਨੱਕੇ ਤੋੜ ਦੇਣ ਤੇ ਜਜ਼ਬਾਤ ਦੇ ਵਹਿਣ 'ਚ ਵਹਿ ਜਾਣ। ਜਜ਼ਬਾਤ ਕਦੋਂ ਪ੍ਰਭਾਵਿਤ ਹੁੰਦੇ ਹਨ? ਜਦੋਂ ਧਰਮ ਦਾ ਪੱਤਾ ਚੱਲਿਆ ਜਾਵੇ। ਪਰ ਇਹ ਪੱਤਾ ਤਾਂ ਹੁਣ ਜੱਗ ਜ਼ਾਹਰ ਹੋ ਚੁਕਾ ਹੈ। ਸੋ ਕਿਸੇ ਨਵੀਂ ਚਾਲ ਬਾਰੇ ਸੋਚੋ। ਚਾਲ ਤਾਂ ਅਗਲੀ ਵੀ ਕੋਈ ਨਵੀਂ ਨਹੀਂ ਪਰ ਹਾਲੇ ਵੀ ਅਸਰਦਾਰ ਹੈ।

ਭਾਰਤ 'ਚ ਰਾਜੀਵ ਗਾਂਧੀ ਨੂੰ ਇਸ ਦਾ ਫਾਇਦਾ ਮਿਲ ਚੁੱਕਿਐ, ਪਾਕਿਸਤਾਨ 'ਚ ਆਸਿਫ ਅਲੀ ਜ਼ਰਦਾਰੀ ਵੀ ਲੈ ਚੁਕਾ ਹੈ ਜਾਂ ਉਸ ਨੂੰ ਵੀ ਮਿਲ ਚੁੱਕਿਐ। ਦੋਨਾਂ ਨੂੰ ਜਾਣਨ ਵਾਲੇ ਜਾਣਦੇ ਹਨ ਕਿ ਉਹ ਕਿੰਨੇ ਕੁ ਸੁਲਝੇ ਸਿਆਸਤਦਾਨ ਸਨ! ਸਿਆਸਤ ਦਾ ਤਾਂ ਉਨ੍ਹਾਂ ਨੂੰ ਹਾਲੇ ਊੜਾ-ਐੜਾ ਵੀ ਨਹੀਂ ਸੀ ਆਉਂਦਾ ਕਿ ਉਨ੍ਹਾਂ ਦੀ ਝੋਲੀ ਤਾਂ ਕੁਰਸੀ ਹਮਦਰਦੀ+ਜਜ਼ਬਾਤੀ ਵੋਟ ਨੇ ਪਾ ਦਿੱਤੀ ਸੀ। ਜੇ ਇੰਦਰਾ ਗਾਂਧੀ ਦਾ ਕਤਲ ਨਾ ਹੁੰਦਾ ਤਾਂ ਕੀ ਰਾਜੀਵ ਨੇ ਪ੍ਰਧਾਨ ਮੰਤਰੀ ਬਣਨਾ ਸੀ? ਕਾਂਗਰਸ ਦਾ ਜੋ ਹਾਲ ਹੁਣ ਹੋਇਆ, ਉਦੋਂ ਹੀ ਹੋ ਜਾਣਾ ਸੀ। ਜੇ ਬੇਨਜ਼ੀਰ ਨਾ ਮਾਰੀ ਜਾਂਦੀ ਤਾਂ ਆਸਿਫ ਅਲੀ ਜ਼ਰਦਾਰੀ ਰਾਸ਼ਟਰਪਤੀ ਤਾਂ ਕੀ ਦਰਬਾਨ ਲੱਗਣ ਦੇ ਕਾਬਲ ਵੀ ਨਹੀਂ ਸੀ।

ਸੋ ਹੁਣ ਤੱਕ ਤੁਸੀਂ ਸਮਝ ਹੀ ਚੁੱਕੇ ਹੋਵੋਗੇ ਕਿ ਮੈਨੂੰ ਕਿਹੜੀ ਸਿਆਸੀ ਚਾਲ ਦਾ ਡਰ ਆਉਣ ਵਾਲੀਆਂ ਵੋਟਾਂ 'ਚ ਸਤਾ ਰਿਹੈ? ਗੱਲ ਨੂੰ ਥੋੜ੍ਹਾ ਜਿਹਾ ਹੋਰ ਖੋਲ੍ਹ ਦਿਆਂ। ਇੱਥੇ ਧਿਆਨ ਰੱਖਣਯੋਗ ਗੱਲ ਇਹ ਹੈ ਕਿ ਹਮਦਰਦੀ+ਜਜ਼ਬਾਤੀ ਵੋਟ ਹਾਸਲ ਕਰਨ ਲਈ ਕੋਈ ਪਾਰਟੀ ਕਦੇ ਵੀ ਦੂਜੀ ਪਾਰਟੀ 'ਤੇ ਨਿਰਭਰ ਨਹੀਂ ਹੁੰਦੀ। ਇਹ ਤਾਂ ਪਾਰਟੀ ਦਾ ਅੰਦਰੂਨੀ ਮਸਲਾ ਹੁੰਦਾ ਹੈ ਕਿ ਕੁਰਬਾਨੀ ਕਿਸ ਦੀ ਦਿੱਤੀ ਜਾਵੇ। ਲੋਕਾਂ ਦੇ ਜਜ਼ਬਾਤ ਛੋਟੀ ਮੋਟੀ ਕੁਰਬਾਨੀ ਨਾਲ ਨਹੀਂ ਜਿੱਤੇ ਜਾ ਸਕਦੇ, ਸਗੋਂ ਲੋੜ ਹੁੰਦੀ ਹੈ ਵੱਡੀ ਕੁਰਬਾਨੀ ਦੀ।

ਹੋ ਸਕਦਾ ਹੈ, ਮੈਂ ਔਕਾਤ ਤੋਂ ਬਾਹਰ ਦੀ ਗੱਲ ਕਰ ਰਿਹਾ ਹੋਵਾਂ, ਹੋ ਸਕਦਾ ਕਿਸੇ ਦੇ ਗੱਲ ਹਜ਼ਮ ਨਾ ਆਵੇ। ਪਰ ਪੁਰਾਣੀ ਆਦਤ ਹੈ, ਮਸਲੇ ਦੇ ਹਰ ਪਹਿਲੂ ਨੂੰ ਫਰੋਲਣ ਦੀ। ਹੁਣ ਸੋਚਣ ਦਾ ਕੰਮ ਤੁਹਾਡੇ 'ਤੇ ਛੱਡਦਾ ਹਾਂ ਕਿ ਵਾਹਿਗੁਰੂ ਜੀ ਮਿਹਰ ਕਰਨ ਤੇ ਇਹੋ ਜਿਹਾ ਕੁਝ ਨਾ ਹੀ ਵਾਪਰੇ ਤਾਂ ਚੰਗਾ ਹੈ। ਜੇ ਸਿਆਸਤ 'ਚ ਸਭ ਜਾਇਜ਼ ਹੈ ਤਾਂ ਸੋਚੋ ਕਿਹੜੀ ਪਾਰਟੀ ਕਿਸ ਬੰਦੇ ਦੀ ਕੁਰਬਾਨੀ ਦੇ ਕੇ ਸਭ ਤੋਂ ਵੱਧ ਹਮਦਰਦੀ+ਜਜ਼ਬਾਤੀ ਵੋਟ ਹਾਸਿਲ ਕਰ ਸਕਦੀ ਹੈ? ਹੁਣ ਜਦੋਂ ਔਕਾਤ ਤੋਂ ਬਾਹਰ ਹੋ ਕੇ ਇਹ ਗੱਲਾਂ ਲਿਖ ਹੀ ਦਿੱਤੀਆਂ ਹਨ ਤਾਂ ਜਾਂਦੇ-ਜਾਂਦੇ ਉਨ੍ਹਾਂ ਨੇਤਾਵਾਂ ਨੂੰ ਵੀ ਨਸੀਹਤ ਦੇ ਹੀ ਦਿੰਦੇ ਹਾਂ ਜੋ ਅਕਸਰ ਕਹਿੰਦੇ ਹਨ ਕਿ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ, ਵਿਰੋਧੀ ਉਨ੍ਹਾਂ ਨੂੰ ਮਰਵਾ ਵੀ ਸਕਦੇ ਹਨ। ਪਰ ਪਿਆਰੇ ਨੇਤਾਗਣ ਵਿਰੋਧੀ ਇਹੋ ਜਿਹੇ ਵਕਤ 'ਤੇ ਤੁਹਾਡੀ ਹਿਫਾਜ਼ਤ ਕਰਦੇ ਹਨ, ਮਰਵਾ ਕੇ ਉਨ੍ਹਾਂ ਨੇ ਸਿਆਸੀ ਤੌਰ 'ਤੇ ਮਰਨਾ ਨਹੀਂ ਹੁੰਦਾ। ਸੋ ਜੇ ਮੰਨਣਾ ਤਾਂ ਖਤਰਾ ਆਪਣਿਆਂ ਤੋਂ ਮੰਨੋ। ਇਹ ਨਾ ਹੋਵੇ ਕਿ ਆਪ ਜੀ ਦੀ ਕੁਰਬਾਨੀ ਹਮਦਰਦੀ+ਜਜ਼ਬਾਤੀ ਵੋਟ ਜ਼ਰੀਏ ਕਿਸੇ ਦੇ ਸਿੰਘਾਸਣ ਦੇ ਰੂਪ 'ਚ ਬਦਲ ਜਾਵੇ।

ਮੇਰੀ ਬੇਨਤੀ ਹੈ ਕਿ ਗਿਲਾ ਨਾ ਕਰਿਓ ਮੇਰੇ ਇਨ੍ਹਾਂ ਸ਼ਬਦਾਂ 'ਤੇ, ਕਿਉਂਕਿ ਤੁਸੀਂ ਆਪ ਹੀ ਤਾਂ ਕਿਹਾ ਕਿ ਪਿਆਰ ਤੇ ਸਿਆਸਤ 'ਚ ਸਭ ਜਾਇਜ਼ ਹੈ। ਪਿਆਰ ਅਸੀਂ ਤੁਹਾਨੂੰ (ਵੋਟਰ) ਬਹੁਤ ਕਰਦੇ ਹਾਂ ਤੇ ਸਿਆਸਤ ਤੁਸੀਂ ਸਾਡੇ ਨਾਲ ਬਹੁਤ ਕਰਦੇ ਹੋ, ਫੇਰ ਹੋਏ ਨਾ ਆਪਾਂ ਦੋਨੋਂ ਹੀ ਜਾਇਜ਼!!!

---

# ਜੰਗਲ ਵਿਚ ਮੰਗਲ ਅਜੀਤ ਦਾ ਬਠਿੰਡਾ ਐਡੀਸ਼ਨ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮੇਰੀ ਛੋਟੀ ਨਾਨੀ ਨੂੰ ਮੁੱਹਲੇ ਵਾਲੇ ਜਾਂਗਲੋ ਕਹਿ ਕੇ ਬੁਲਾਉਂਦੇ ਸਨ। ਉਹ ਉਚੀ ਲੰਮੀ ਤੇ ਗੋਰੇ ਰੰਗ ਦੀ ਹੋਣ ਕਾਰਨ ਪਿੰਡ ਦੀਆਂ ਸਾਰੀਆਂ ਔਰਤਾਂ ਨਾਲੋਂ ਸੁਹਣੀ ਸੀ। ਉਸ ਨੂੰ ਇਹ ਨਾਂ




ਮਾਪਿਆਂ ਦਾ ਪਿੰਡ ਬਠਿੰਡਾ ਨੇੜੇ ਹੋਣ ਕਾਰਨ ਦਿੱਤਾ ਗਿਆ ਸੀ। ਉਸ ਖੇਤਰ ਨੂੰ ਮਾਝੇ, ਮਾਲਵੇ ਤੇ ਦੁਆਬੇ ਵਾਲੇ ਜੰਗਲ ਕਹਿੰਦੇ ਸਨ। ਉਹ ਜੰਗਲ ਦੀ ਜੰਮਪਲ ਹੋਣ ਕਾਰਨ ਜਾਂਗਲੋ ਸੱਦੀ ਜਾਂਦੀ ਸੀ।

ਹੁਣ ਅਜੀਤ ਸਮਾਚਾਰ ਸਮੂਹ ਨੇ ਬਠਿੰਡਾ ਦੇ ਜਾਂਗਲੇ ਇਲਾਕੇ ਤੋਂ ਬਠਿੰਡਾ ਐਡੀਸ਼ਨ ਕੱਢਣਾ ਸ਼ੁਰੂ ਕੀਤਾ ਹੈ। ਅੱਜ ਬਠਿੰਡਾ ਦੇ ਰੇਤਿਆਂ ਵਿਚ ਮੂੰਗਫਲੀ ਦੀ ਥਾਂ ਨਰਮਾ ਤੇ ਧਾਨ ਵਰਗੀਆਂ ਪਾਣੀ ਪੀਣੀਆਂ ਫਸਲਾਂ ਪੈਦਾ ਹੁੰਦੀਆਂ ਹਨ ਅਤੇ ਕਿੰਨੋ ਤੇ ਅੰਗੂਰਾਂ ਦੇ ਬਾਗ। ਕਿੰਨੋ ਦੇ ਬਾਗਾਂ ਦੀ ਲੜੀ ਤਾਂ ਮੁਕਤਸਰ ਨੂੰ ਜਾ ਲਗਦੀ ਹੈ ਜਿੱਥੋਂ ਦੇ ਭਾਈ ਘਰਾਣੇ ਵਲੋਂ ਮੈਨੂੰ ਮਿੱਠੇ ਤੇ ਰਸਦਾਇਕ ਕਿੰਨੋਆਂ ਦਾ ਗੱਫਾ ਮਿਲਦਾ ਰਹਿੰਦਾ ਹੈ। ਹੁਣ ਬਲਵੰਤ ਗਾਰਗੀ ਦਾ ਇਹ ਕੱਕਾ ਰੇਤਾ ਹਰਿਆ-ਭਰਿਆ ਖੇਤਰ ਹੈ। ਫੇਰ ਵੀ ਪਤਾ ਨਹੀਂ ਕਿਉ ਮੇਰਾ ਇਹ ਡਰ ਪਿੱਛਾ ਨਹੀਂ ਛੱਡ ਰਿਹਾ ਕਿ ਏਧਰ ਦੇ ਵਸਨੀਕ ਇਸ ਨੂੰ ਜਾਂਗਲੀ ਐਡੀਸ਼ਨ ਨਾ ਕਹਿਣ ਲੱਗ ਜਾਣ। ਜੇ ਮੇਰੀ ਛੋਟੀ ਨਾਨੀ ਵਾਂਗ ਇਹ ਬਾਕੀ ਐਡੀਸ਼ਨਾਂ ਨੂੰ ਮਾਤ ਪਾ ਗਿਆ ਤਾਂ ਸਾਨੂੰ ਨਵੀਂ ਸਥਿਤੀ ਦਾ ਨਾਂ 'ਜੰਗਲ ਵਿਚ ਮੰਗਲ' ਰੱਖਣਾ ਪਵੇਗਾ। ਅਜੀਤ ਪ੍ਰਕਾਸ਼ਨ ਸਮੂਹ ਨੂੰ ਨਵਾਂ ਐਡੀਸ਼ਨ ਮੁਬਾਰਕ।

**ਜਿਨਾਹ ਬਨਾਮ ਗਾਂਧੀ:** ਮੇਰੀ ਨਜ਼ਰ ਵਿਚੋਂ ਰੌਡਰਿਕ ਮੈਥਿਊਜ਼ ਰਚਿਤ ਪੁਸਤਕ ਜਿਨਾਹ ਬਨਾਮ ਗਾਂਧੀ (ਲੋਕਗੀਤ ਪ੍ਰਕਾਸ਼ਨ, ਮੋਹਾਲੀ) ਦਾ ਪੰਜਾਬੀ ਅਨੁਵਾਦ (ਅਨੁਵਾਦਕ ਗੁਰਨਾਮ ਕੰਵਰ) ਲੰਘਿਆ ਹੈ।

ਲੇਖਕ ਅਨੁਸਾਰ ਬਰਤਾਨਵੀ ਹਾਕਮ ਗਾਂਧੀ ਨੂੰ ਸਮਝਣ ਵਿਚ ਉਲਝ ਜਾਂਦੇ ਸਨ ਕਿਉਂਕਿ ਗਾਂਧੀ ਉਸ ਕਿਸਮ ਦਾ ਰਵਾਇਤੀ ਸਿਆਸਤਦਾਨ ਨਹੀਂ ਸੀ, ਜਿਹੋ ਜਿਹਿਆਂ ਨਾਲ ਉਨ੍ਹਾਂ ਦਾ ਪੱਛਮ ਵਿਚ ਵਾਹ ਪੈਂਦਾ ਸੀ ਜਾਂ ਜਿਹੋ ਜਿਹੇ ਉਹ ਆਪ ਸਨ। ਅੰਗਰੇਜ਼ ਉਸ ਨੂੰ 1919 ਵਿਚ ਬਾਲਸ਼ਵਿਕ ਕਹਿਣ ਤੱਕ ਚਲੇ ਗਏ ਸਨ, ਤੇ 1942 ਵਿਚ ਫਾਸਿਸਟ। ਦੂਜੇ ਪਾਸੇ ਉਨ੍ਹਾਂ ਨੂੰ ਜਿਨਾਹ ਨਾਲ ਨਿਪਟਣ ਵਿਚ ਬਹੁਤੀ ਸਮੱਸਿਆ ਨਹੀਂ ਆਉਂਦੀ ਸੀ, ਹਾਲਾਂਕਿ ਉਹ ਨਵੀਂ ਤੋਂ ਨਵੀਂ ਮੰਗ ਖੜ੍ਹੀ ਕਰ ਦਿੰਦਾ ਸੀ। ਜਿਨਾਹ ਵਾਰ-ਵਾਰ ਸਟੈਂਡ ਅਤੇ ਮੰਗਾਂ ਬਦਲਦਾ ਰਿਹਾ, ਪਰ ਅਸਲ ਵਿਚ 1909




ਤੋਂ ਹੀ ਉਹ ਮੁਸਲਿਮ ਘੱਟ ਗਿਣਤੀ ਦੇ ਹਿੱਤਾਂ ਲਈ ਮੰਗਾਂ ਉਠਾਉਂਦਾ ਆਇਆ ਸੀ। ਉਹਦਾ ਉਦੇਸ਼ ਮੁਸਲਿਮ ਘੱਟ ਗਿਣਤੀ ਦੀ ਹਿੰਦੂ ਬਹੁਗਿਣਤੀ ਤੋਂ ਰਾਖੀ ਕਰਨਾ ਸੀ। ਮੁੱਖ ਉਦੇਸ਼ ਉਹੋ ਰਿਹਾ, ਪਰ ਦਾਅ-ਪੇਚ ਬਦਲਦਾ ਰਿਹਾ। ਉਹ ਕਾਂਗਰਸ ਨੂੰ ਧਰਮ-ਨਿਰਪੱਖ ਨਹੀਂ, ਹਿੰਦੂ ਜਮਾਤ ਮੰਨਦਾ ਸੀ ਜਾਂ ਮੱਲੋਮੱਲੀ ਸਿੱਧ ਕਰਨਾ ਚਾਹੁੰਦਾ ਸੀ ਤਾਂ ਜੋ ਮੁਸਲਮਾਨ ਉਸ ਦੇ ਪਿੱਛੋਂ ਲਾਮਬੰਦ ਹੋ ਜਾਣ।

ਉਸ ਦੇ ਉਲਟ ਗਾਂਧੀ ਹਿੰਦੁਸਤਾਨ ਨੂੰ ਅਖੰਡ ਦੇਸ਼ ਰੱਖਣ ਚਾਹੁੰਦਾ ਸੀ। ਇਥੋਂ ਤੱਕ ਕਿ ਉਹ ਜਿਨਾਹ ਨੂੰ ਪ੍ਰਧਾਨ ਮੰਤਰੀ ਮੰਨਣ ਲਈ ਤਿਆਰ ਸੀ। ਇਨ੍ਹਾਂ ਕਾਰਨਾਂ ਕਰਕੇ ਅੰਤ ਵਿਚ ਉਸ ਨੂੰ ਗੋਡਸੇ ਦੀ ਗੋਲੀ ਦਾ ਸ਼ਿਕਾਰ ਬਣਨਾ ਪਿਆ।

ਜਿਨਾਹ ਨੂੰ ਸ਼ਾਇਦ ਭਰੋਸਾ ਸੀ ਕਿ ਅਖੰਡ ਹਿੰਦੁਸਤਾਨ ਨੇ ਸੁਤੰਤਰਤਾ ਤਾਂ ਗਾਂਧੀ ਦੇ ਮਾਰਗ 'ਤੇ ਚੱਲ ਕੇ ਪ੍ਰਾਪਤ ਕਰ ਲੈਣੀ ਹੈ, ਉਸ ਦੇ ਜਿਮੇ ਮੁਸਲਿਮ ਭਾਈਚਾਰੇ ਨੂੰ ਬਚਾਉਣਾ ਹੈ। ਦੇਸ਼ ਦੇ ਟੁਕੜੇ ਹੋ ਜਾਣ 'ਤੇ ਪਾਕਿਸਤਾਨ ਦੇ ਵਸਨੀਕਾਂ ਨੇ ਕੀ ਖੱਟਿਆ, ਉਹ ਤਾਂ ਉਹੀਓ ਜਾਣਨ ਪਰ ਸੰਤਾਲੀ ਦੀ ਵੰਡ ਸਮੇਂ ਅਖੰਡ ਹਿੰਦੁਸਤਾਨ ਦੇ ਵਸਨੀਕਾਂ ਨੇ ਕਤਲ-ਏ-ਆਮ ਦਾ ਸਾਹਮਣਾ ਕੀਤਾ। ਹਿੰਦੁਸਤਾਨ ਦੇ ਟੁਕੜੇ ਕਰਵਾਉਣ ਵਾਲਾ ਜਿਨਾਹ ਸੁਤੰਤਰਤਾ ਤੋਂ ਤੁਰੰਤ ਪਿੱਛੋਂ ਸਤੰਬਰ 1948 ਵਿਚ ਅੱਲ੍ਹਾ ਨੂੰ ਪਿਆਰਾ ਹੋ ਗਿਆ ਸੀ।

**ਪਿਆਰਾ ਸਿੰਘ ਐਮ.ਏ. ਦਾ ਚਲਾਣਾ:** ਜ਼ਿਲਾ ਹੁਸ਼ਿਆਰਪੁਰ ਦੇ ਮਾਹਿਲਪੁਰ ਬਡੋਂ ਖੇਤਰ ਦਾ ਜੰਮਪਲ ਪਿਆਰਾ ਸਿੰਘ 94 ਸਾਲ ਦਾ ਲੰਮਾ ਸਫਰ ਤੈਅ ਕਰਕੇ ਉਪਰ ਵਾਲਿਆਂ ਵਿਚ ਜਾ ਰਲਿਆ ਹੈ। ਉਸ ਨੇ ਬਹਿਬਲਪੁਰ ਦੇ ਗਿਆਨੀ ਹਰੀ ਸਿੰਘ ਦੀ ਅਗਵਾਈ ਥੱਲੇ 1943 ਵਿਚ ਦਿੱਲੀ ਵਿਖੇ ਪੰਜਾਬੀ ਸਾਹਿਤ ਸਭਾ ਸਥਾਪਤ ਕੀਤੀ ਸੀ। ਉਹ ਜਿੰਨਾ ਚਿਰ ਨਵੀਂ ਦਿੱਲੀ ਦੀ ਗੋਲ ਮਾਰਕਿਟ ਦੇ ਨੇੜੇ 13 ਵਿਲਸਨ ਸਕੁਏਅਰ ਵਿਚ ਰਹਿੰਦਾ ਰਿਹਾ, ਸਭਾ ਦੀਆਂ ਬੈਠਕਾਂ ਬਿਲਾਨਾਗਾ ਹਰ ਐਤਵਾਰ ਉਹਦੇ ਘਰ ਲਗਦੀਆਂ ਰਹੀਆਂ ਜਿਥੇ ਗਿਆਨੀ ਕੁਲਦੀਪ ਸਿੰਘ, ਵੇਦ ਪ੍ਰਕਾਸ਼ ਸ਼ਰਮਾ, ਕਰਤਾਰ ਸਿੰਘ ਕੰਵਲ ਆਦਿ ਸਦਾ ਹਾਜ਼ਰ ਹੁੰਦੇ। ਉਸ ਨੇ ਇੱਕੋ ਇੱਕ ਕਾਵਿ ਸੰਗ੍ਰਿਹ ਦਾ ਰੂਸੀ ਅਨੁਵਾਦ ਛਾਪਿਆ ਤੇ ਉਸ ਵਲੋਂ ਖੁਸ਼ਵੰਤ ਸਿੰਘ ਰਚਿਤ 'ਸਿੱਖ ਹਿਸਟਰੀ' ਦੇ ਪੰਜਾਬੀ ਅਨੁਵਾਦ ਨੂੰ 2005 ਵਿਚ ਭਾਰਤੀ ਸਾਹਿਤ ਅਕਾਡਮੀ ਨੇ ਅਨੁਵਾਦਤ ਸ਼੍ਰੇਣੀ ਦੀਆਂ ਪੁਸਤਕਾਂ ਵਾਲਾ ਐਵਾਰਡ ਦਿੱਤਾ। ਉਹ ਦੋ ਦਹਾਕੇ ਪੰਜਾਬੀ ਸਾਹਿਤ ਦੀ ਇਸ ਸਭਾ ਦਾ ਜਨਰਲ ਸਕੱਤਰ ਰਿਹਾ ਤੇ ਰਾਊਜ਼ ਐਵਨਿਊ ਵਿਚ ਇਸ ਦਾ ਪੱਕਾ ਟਿਕਾਣਾ ਬਣਨ ਉਪਰੰਤ ਕਈ ਵਰ੍ਹੇ ਕਰਤਾਰ ਸਿੰਘ ਦੁੱਗਲ ਦੇ ਪ੍ਰਧਾਨਗੀ ਕਾਲ ਵਿਚ ਇਸ ਦਾ ਹਰਮਨ ਪਿਆਰਾ ਸਕੱਤਰ। ਪੰਜਾਬੀ ਭਾਸ਼ਾ ਦਾ ਉਹ ਵਾਹਦ ਲੇਖਕ ਸੀ ਜਿਹੜਾ ਉਰਦੂ ਅਫਸਾਨਾਨਿਗਾਰ ਕ੍ਰਿਸ਼ਨ ਚੰਦਰ ਵਾਂਗ ਆਪਣੇ ਨਾਂ ਦੇ ਨਾਲ ਐਮ.ਏ. ਲਿਖਣਾ ਨਹੀਂ ਸੀ ਭੁਲਦਾ। ਮੈਨੂੰ ਜਾਪਦਾ ਹੈ ਕਿ ਉਹ ਆਪਣਾ ਇਹ ਤਖੱਲਸ ਨਾਲ ਹੀ ਲੈ ਕੇ ਤੁਰ ਗਿਆ ਹੈ। ਆਮੀਨ!

**ਅੰਤਿਕਾ:** ਰਘਵੀਰ ਸਿੰਘ ਟੇਕਰੀਆਨਾ

ਜੀਵਨ ਦੇ ਵਿਚ ਚੜ੍ਹ ਗਿਆ ਮਿੱਤਰੋ
ਵੀਹ ਸੌ ਸਤਾਰਾਂ ਸਾਲ।
ਚੜ੍ਹਦੇ ਸਾਲ ਹੀ ਵੱਜ ਗਿਆ
ਇਥੇ ਚੋਣਾਂ ਦਾ ਘੜਿਆਲ।
ਪਿਆਰ ਮੁਹੱਬਤ ਦੋਸਤੀਆਂ ਦੀ
ਕਰ ਲਿਓ ਯਾਰ ਸੰਭਾਲ।
ਨੈਤਿਕਤਾ ਨਾ ਛੱਡਿਓ ਮਿੱਤਰੋ
ਪਲ ਪਲ ਰੱਖਿਓ ਖਿਆਲ।

# ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਹੁਸੈਨਪੁਰ ਆਮ ਆਦਮੀ ਪਾਰਟੀ ਵਿਚ ਸ਼ਾਮਲ



(ਖੱਬਿਓਂ) ਹਲਕਾ ਨਵਾਂ ਸ਼ਹਿਰ ਤੋਂ 'ਆਪ' ਉਮੀਦਵਾਰ ਚਰਨਜੀਤ ਸਿੰਘ ਚੰਨੀ, ਕੌਂਸਲਰ ਹਰਪ੍ਰਭਮਹਿਲ ਸਿੰਘ, ਸੰਜੇ ਸਿੰਘ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ ਅਤੇ ਜੈ ਸਿੰਘ ਦਿਲਾਵਰਪੁਰ

**ਨਵਾਂ ਸ਼ਹਿਰ (ਬਿਊਰੋ):** ਜ਼ਿਲਾ ਨਵਾਂ ਸ਼ਹਿਰ ਵਿਚ ਅਕਾਲੀ ਦਲ (ਬਾਦਲ) ਨੂੰ ਉਦੋਂ ਝਟਕਾ ਲੱਗਾ ਜਦੋਂ ਹਲਕਾ ਬਲਾਚੌਰ ਤੋਂ ਚੁਣੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ ਸੈਂਕੜੇ ਸਾਥੀਆਂ ਸਣੇ ਆਮ ਆਦਮੀ ਪਾਰਟੀ (ਆਪ) 'ਚ ਸ਼ਾਮਲ ਹੋ ਗਏ। 'ਆਪ' ਦੇ ਪੰਜਾਬ ਵਿਚਲੇ ਇੰਚਾਰਜ ਸ੍ਰੀ ਸੰਜੇ ਸਿੰਘ ਨੇ ਜਥੇਦਾਰ ਹੁਸੈਨਪੁਰ, ਜਥੇਦਾਰ ਜੈ ਸਿੰਘ ਦਿਲਾਵਰਪੁਰ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਦਾ ਪਾਰਟੀ ਵਿਚ ਸ਼ਾਮਲ ਹੋਣ 'ਤੇ ਜੋਰਦਾਰ ਸਵਾਗਤ ਕੀਤਾ ਹੈ।

ਜਥੇਦਾਰ ਹੁਸੈਨਪੁਰ ਨੇ ਬੀਤੇ ਵਰ੍ਹੇ ਬਰਗਾੜੀ ਕਾਂਡ ਮੌਕੇ ਰੋਸ ਵਜੋਂ ਬਾਦਲ ਦਲ ਤੋਂ ਅਸਤੀਫਾ ਦੇ ਦਿੱਤਾ ਸੀ। ਕਈ ਦਹਾਕੇ ਬਾਦਲ ਦਲ ਦੇ ਜ਼ਿਲ੍ਹਾ ਪ੍ਰਧਾਨ ਰਹੇ ਜਥੇਦਾਰ ਹੁਸੈਨਪੁਰ ਸਿੱਖ ਸਿਆਸਤ ਵਿਚ ਇਕ ਟਕਸਾਲੀ ਆਗੂ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੇ 'ਆਪ' ਵਿਚ ਚਲੇ ਜਾਣ ਨਾਲ ਪਹਿਲਾਂ ਤੋਂ ਹੀ ਪੰਥਕ ਵੋਟਰਾਂ ਦੇ ਤਕੜੇ ਵਿਰੋਧ ਦਾ ਸਾਹਮਣਾ ਕਰ ਰਹੇ ਬਾਦਲ ਦਲ ਨੂੰ ਇਕ ਹੋਰ ਵੱਡਾ ਧੱਕਾ ਲੱਗਾ ਹੈ।

ਤਾਜ਼ਾ ਹਾਲਾਤ ਮੁਤਾਬਕ ਜ਼ਿਲ੍ਹਾ ਨਵਾਂ ਸ਼ਹਿਰ ਦਾ ਇਕ ਸ਼੍ਰੋਮਣੀ ਕਮੇਟੀ ਮੈਂਬਰ ਬਾਦਲ ਦਲ ਸਮਰਥਕ ਰਹਿ ਗਿਆ ਹੈ। ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸੁਖਦੇਵ ਸਿੰਘ ਭੌਰ ਵੀ ਬਰਗਾੜੀ ਕਾਂਡ ਮੌਕੇ ਬਾਦਲ ਦਲ ਨੂੰ ਅਲਵਿਦਾ ਕਹਿ ਚੁਕੇ ਹਨ। ਤੀਜੇ ਮੈਂਬਰ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਵੀ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਕਾਰਨ ਬਾਦਲ ਦਲ ਤੋਂ ਅਸਤੀਫਾ ਦੇ ਦਿੱਤਾ ਸੀ ਪਰ ਕੁਝ ਮਹੀਨਿਆਂ ਬਾਅਦ ਹੀ ਉਹ ਬਾਦਲ ਦਲ 'ਚ ਵਾਪਸ ਪਰਤ ਗਿਆ ਸੀ।

# ਫਿਲਮ 'ਭਾਈ ਜੈਤਾ ਜੀ' ਬਣਨ ਤੋਂ ਪਹਿਲਾਂ ਹੀ ਵਿਵਾਦਾਂ ਵਿਚ ਘਿਰੀ

**ਅੰਮ੍ਰਿਤਸਰ:** 'ਰੰਗਰੇਟੇ ਗੁਰੂ ਕੇ ਬੇਟੇ' ਭਾਈ ਜੈਤਾ ਜੀ ਦੇ ਜੀਵਨ ਉਤੇ ਬਣਨ ਵਾਲੀ ਪੰਜਾਬੀ ਫਿਲਮ 'ਭਾਈ ਜੈਤਾ ਜੀ' ਪਹਿਲਾਂ ਹੀ ਵਿਵਾਦ ਵਿਚ ਘਿਰ ਗਈ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਫਿਲਮ ਉਤੇ ਰੋਕ ਲਾਉਣ ਦੀ ਹਦਾਇਤ ਕੀਤੀ ਹੈ। ਉਂਜ ਫਿਲਮ ਦਾ ਪੋਸਟਰ ਬੀਤੇ ਦਿਨੀਂ ਗਿਆਨੀ ਗੁਰਬਚਨ ਸਿੰਘ ਨੇ ਹੀ ਰਿਲੀਜ਼ ਕੀਤਾ ਸੀ। ਪੋਸਟਰ ਵਿਚ ਭਾਈ ਜੈਤਾ ਨੂੰ ਪਤਿਤ ਸਿੱਖ ਵਜੋਂ ਦਿਖਾਉਣ 'ਤੇ ਸਿੱਖ ਜਥੇਬੰਦੀਆਂ ਨੇ ਇਸ ਦਾ ਵਿਰੋਧ ਕੀਤਾ ਸੀ।

ਫਿਲਮ ਦੇ ਪੋਸਟਰ ਸਬੰਧੀ ਸੰਗਤਾਂ ਵਿਚ ਰੋਸ ਦਾ ਹਵਾਲਾ ਦਿੰਦਿਆਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸੇ ਕਾਰਨ ਫਿਲਮ 'ਤੇ ਰੋਕ ਲਾਈ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕਮੇਟੀ ਬਣਾਈ ਗਈ ਹੈ, ਜੋ ਧਾਰਮਿਕ ਫਿਲਮਾਂ ਬਣਾਉਣ ਸਬੰਧੀ ਪੜਤਾਲ ਕਰ ਕੇ ਆਪਣਾ ਫੈਸਲਾ ਦਿੰਦੀ ਹੈ। ਇਸ ਤਹਿਤ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਸਬੰਧੀ ਸਿਰਫ ਐਨੀਮੇਸ਼ਨ ਫਿਲਮ ਹੀ ਬਣਾਈ ਜਾ ਸਕਦੀ ਹੈ। ਫਿਲਮ ਦੇ ਪ੍ਰਬੰਧਕਾਂ ਕੋਲ ਇਤਰਾਜ਼ ਕੀਤੇ ਜਾਣ 'ਤੇ ਉਨ੍ਹਾਂ ਅਕਾਲ ਤਖਤ ਨੂੰ ਸਮਰਪਤ ਹੁੰਦਿਆਂ ਕਿਹਾ ਹੈ ਕਿ ਉਹ ਜੋ ਵੀ ਹੁਕਮ ਦੇਣਗੇ, ਉਸ ਨੂੰ ਮੰਨਣਗੇ। ਫਿਲਮ ਦੇ ਨਿਰਦੇਸ਼ਕ ਸਿਮਰਜੀਤ ਸਿੰਘ ਨੇ ਕਿਹਾ ਕਿ ਇਤਰਾਜ਼ ਪ੍ਰਗਟਾਉਣ ਵਾਲਿਆਂ ਵਿਚੋਂ ਵਧੇਰੇ ਲੋਕਾਂ ਨੇ ਰਾਇ ਦਿੱਤੀ ਹੈ ਕਿ ਫਿਲਮ ਨੂੰ ਐਨੀਮੇਸ਼ਨ ਦੇ ਰੂਪ ਵਿਚ ਬਣਾਇਆ ਜਾਵੇ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਸਿੱਖ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਵੱਲੋਂ ਜਿਸ ਤਰ੍ਹਾਂ ਦੇ ਹੁਕਮ ਹੋਣਗੇ, ਉਸੇ ਤਰ੍ਹਾਂ ਦੀ ਫਿਲਮ ਬਣਾਈ ਜਾਵੇਗੀ।

# ਸਿਆਸੀ ਜੰਗ 'ਚ ਪੁੱਤ ਨੇ ਪਿਉ ਨੂੰ ਮਾਰਿਆ ਧੋਬੀ ਪਟਕਾ



**ਨਵੀਂ ਦਿੱਲੀ:** ਸਮਾਜਵਾਦੀ ਪਾਰਟੀ ਦਾ ਚੋਣ ਨਿਸ਼ਾਨ 'ਸਾਈਕਲ' ਅਖਿਲੇਸ਼ ਯਾਦਵ ਨੂੰ ਮਿਲਿਆ ਹੈ। ਇਸ ਦੇ ਨਾਲ ਹੀ ਪਿਉ-ਪੁੱਤ ਵਿਚ ਚੱਲ ਰਹੀ ਸਿਆਸੀ ਲੜਾਈ ਵਿਚ ਪੁੱਤਰ ਜੇਤੂ ਰਿਹਾ ਹੈ। ਚੋਣ ਕਮਿਸ਼ਨ ਨੇ ਸਮਾਜਵਾਦੀ ਪਾਰਟੀ ਤੇ ਚੋਣ ਨਿਸ਼ਾਨ 'ਸਾਈਕਲ' ਮੁੱਖ ਮੰਤਰੀ ਅਖਿਲੇਸ਼ ਯਾਦਵ ਨੂੰ ਦੇਣ ਦਾ ਫੈਸਲਾ ਕੀਤਾ ਹੈ। ਇਸ ਨਾਲ ਮੁਲਾਇਮ ਸਿੰਘ ਯਾਦਵ ਧੜੇ ਨੂੰ ਵੱਡਾ ਝਟਕਾ ਲੱਗਾ ਹੈ। ਪਾਰਟੀ ਵਿਚ ਪਾਟੋਧਾੜ ਹੋਣ ਮਗਰੋਂ ਚੋਣ ਨਿਸ਼ਾਨ ਸਾਈਕਲ ਲਈ ਖਿੱਚੋਤਾਣ ਚੱਲ ਰਹੀ ਸੀ। ਦਰਅਸਲ, ਮੁਲਾਇਮ ਸਿੰਘ ਯਾਦਵ ਨੇ ਆਪਣੇ ਪੁੱਤਰ ਅਖਿਲੇਸ਼ ਯਾਦਵ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਸੀ, ਪਰ ਜ਼ਿਆਦਾਤਰ ਵਿਧਾਇਕ ਅਖਿਲੇਸ਼ ਨਾਲ ਸਨ। ਇਸ ਲਈ ਉਨ੍ਹਾਂ ਨੇ ਅਖਿਲੇਸ਼ ਨੂੰ ਪਾਰਟੀ ਪ੍ਰਧਾਨ ਚੁਣ ਲਿਆ ਸੀ। ਇਸ ਮਗਰੋਂ ਪਾਰਟੀ ਦੇ ਅਸਲ ਹੱਕਦਾਰ ਦੀ ਲੜਾਈ ਚੋਣ ਕਮਿਸ਼ਨ ਕੋਲ ਪਹੁੰਚ ਗਈ ਸੀ। ਇਸ ਤੋਂ ਪਹਿਲਾਂ ਮੁਲਾਇਮ ਸਿੰਘ ਯਾਦਵ ਤੇ ਅਖਿਲੇਸ਼ ਯਾਦਵ ਚੋਣ ਕਮਿਸ਼ਨ ਦੇ ਅਧਿਕਾਰੀਆਂ ਅੱਗੇ ਪੇਸ਼ ਹੋਏ ਤੇ ਚੋਣ ਨਿਸ਼ਾਨ ਉਤੇ ਆਪੋ ਆਪਣਾ ਦਾਅਵਾ ਪੇਸ਼ ਕੀਤਾ। ਦੋਵਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਕਮਿਸ਼ਨ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ।

ਇਸ ਤੋਂ ਪਹਿਲਾਂ ਵੀ ਰਾਜਨੀਤਕ ਪਾਰਟੀ ਵਿਚ ਚੋਣ ਨਿਸ਼ਾਨ ਨੂੰ ਲੈ ਕੇ ਜੰਗ ਹੋ ਚੁੱਕੀ ਹੈ। 1969 ਵਿਚ ਕਾਂਗਰਸ ਦੇ ਚੋਣ ਨਿਸ਼ਾਨ 'ਦੋ ਬਲਦ ਦੀ ਜੋੜੀ' ਉਤੇ ਕਬਜ਼ੇ ਨੂੰ ਲੈ ਕੇ ਇੰਦਰਾ ਗਾਧੀ ਗੁੱਟ ਅਤੇ ਕਾਮਰਾਜ ਗੁੱਟ ਦੀ ਖੜਕੀ ਸੀ। ਇਸ ਤੋਂ ਬਾਅਦ ਕਮਿਸ਼ਨ ਨੇ ਚੋਣ ਨਿਸ਼ਾਨ ਹੀ ਜ਼ਬਤ ਕਰ ਲਿਆ ਸੀ। ਦੂਜੀ ਵਾਰੀ 1999 ਵਿਚ ਜਨਤਾ ਦਲ ਦੇ ਚੋਣ ਨਿਸ਼ਾਨ ਚੱਕਰ ਉਤੇ ਕਬਜ਼ੇ ਨੂੰ ਲੈ ਕੇ ਸ਼ਰਦ ਯਾਦਵ ਅਤੇ ਐਚ.ਡੀ. ਦੇਵਗੌੜਾ ਵਿਚਕਾਰ ਲੜਾਈ ਹੋਈ ਸੀ। ਜਿਸ ਨੂੰ ਵੀ ਕਮਿਸ਼ਨ ਨੇ ਜ਼ਬਤ ਕਰ ਲਿਆ ਸੀ। ਇਤਿਹਾਸ ਨੂੰ ਦੇਖਦੇ ਹੋਏ ਸਪਸ਼ਟ ਹੈ ਕਿ ਸਾਈਕਲ ਚੋਣ ਨਿਸ਼ਾਨ ਜ਼ਬਤ ਹੋ ਸਕਦਾ ਹੈ।

# ਵੱਸ ਤੋਂ ਬਾਹਰ ਹੋਈ ਠੰਢ, ਬਰਫ ਵਿਚ ਜੰਮ ਗਈ ਲੂੰਬੜੀ

**ਬਰਲਿਨ:** ਯੂਰਪੀ ਦੇਸ਼ਾਂ ਵਿਚ ਇੰਨੀ ਜ਼ਬਰਦਸਤ ਠੰਢ ਪੈ ਰਹੀ ਹੈ ਕਿ ਪੁੱਛੋ ਨਾ। ਇਨ੍ਹਾਂ ਦੇਸ਼ਾਂ ਵਿਚ ਤਾਪਮਾਨ ਕਿੰਨਾ ਹੇਠਾਂ ਜਾ ਸਕਦਾ ਹੈ ਜਾਂ ਕਿੰਨਾ ਜਾਨ ਲੇਵਾ ਹੋ ਸਕਦਾ ਹੈ, ਇਸ ਨੂੰ ਬਿਆਨ ਕਰਨ ਵਾਲੀ ਇਕ ਤਸਵੀਰ ਸਾਹਮਣੇ ਆਈ ਹੈ। ਇਹ ਤਸਵੀਰ ਇਕ ਲੂੰਬੜੀ ਦੀ ਹੈ, ਜਿਹੜੀ ਬਰਫ ਦੀ ਇਕ ਸਿਲ ਵਿਚ ਕੈਦ ਹੈ।



ਇਹ ਲੂੰਬੜੀ ਇਕ ਜੰਮੀ ਹੋਈ ਨਦੀ ਪਾਰ ਕਰ ਰਹੀ ਸੀ ਕਿ ਬਰਫ ਟੁੱਟ ਗਈ ਤੇ ਉਹ ਪਾਣੀ ਵਿਚ ਡਿੱਗ ਗਈ। ਉਸ ਤੋਂ ਬਾਅਦ ਘੱਟ ਤਾਪਮਾਨ ਕਾਰਨ ਉਸ ਉਪਰ ਬਰਫ ਦੀ ਚਾਦਰ ਜੰਮ ਗਈ ਤੇ ਉਸ ਦੀ ਲਾਸ਼ ਵੀ ਉਸ ਵਿਚ ਕੈਦ ਹੋ ਗਈ। ਇਸ ਤਸਵੀਰ ਨੂੰ ਕਾਫੀ ਅਨੋਖਾ ਦੱਸਿਆ ਜਾ ਰਿਹਾ ਹੈ, ਜਿਹੜੀ ਜ਼ਬਰਦਸਤ ਠੰਢ ਦਾ ਸਬੂਤ ਮੰਨੀ ਜਾ ਰਹੀ ਹੈ। ਰਿਪੋਰਟਾਂ ਮੁਤਾਬਕ ਇਹ ਲੂੰਬੜੀ 9 ਜਨਵਰੀ ਨੂੰ ਜਰਮਨ ਸ਼ਹਿਰ ਫ੍ਰਿਡਿਨਜੇਨ ਕੋਲ ਡੈਨਿਊਬ ਨਦੀ ਪਾਰ ਕਰ ਰਹੀ ਸੀ। ਇਸੇ ਦੌਰਾਨ ਉਹ ਉਸ 'ਚ ਡੁੱਬ ਗਈ। ਚਾਰ ਦਿਨਾਂ ਬਾਅਦ ਲਾਸ਼ ਬਰਾਮਦ ਕੀਤੀ ਗਈ ਜਿਹੜੀ ਬਰਫ ਦੀ ਚਾਦਰ 'ਚ ਕੈਦ ਸੀ। ਸਥਾਨਕ ਲੋਕਾਂ ਨੇ ਬਰਫ ਕੱਟ ਕੇ ਉਸ ਦੀ ਲਾਸ਼ ਬਾਹਰ ਕੱਢੀ।

# ਪਤਾ ਲੱਗਿਆ ਚੰਦਰਮਾ ਦੀ ਉਮਰ ਦਾ

**ਲਾਸ ਏਂਜਲਸ:** ਚੰਦਰਮਾ ਕਿੰਨੇ ਸਾਲ ਪੁਰਾਣਾ ਹੈ, ਇਸ ਸਵਾਲ ਨੂੰ ਲੈ ਕੇ ਲੰਬੇ ਸਮੇਂ ਤੋਂ ਵਿਵਾਦ ਰਿਹਾ ਹੈ। ਅਮਰੀਕਾ ਦੇ ਕੈਲੀਫੋਰਨੀਆ ਯੂਨੀਵਰਸਿਟੀ ਦੀ ਜਿਓਕੈਮਿਸਟ ਮੇਲਾਨੀ ਬਾਰਬੋਨੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਚੰਦਰਮਾ ਦੀ ਉਮਰ ਦਾ ਪਤਾ ਲਾ ਲਿਆ ਹੈ।

ਇਸ ਅਧਿਐਨ ਦਾ ਪ੍ਰਕਾਸ਼ਨ ਸਾਇੰਸ ਐਡਵਾਂਸ ਜਰਨਲ 'ਚ ਹੋਇਆ ਹੈ। ਚੰਦਰਮਾ ਬਾਰੇ ਪਹਿਲਾਂ ਦੇ ਅਨੁਮਾਨ ਦੀ ਤੁਲਨਾ 'ਚ ਤਕਰੀਬਨ 14 ਕਰੋੜ ਸਾਲ ਵਧ ਪੁਰਾਣਾ ਭਾਵ 4.51 ਅਰਬ ਸਾਲ ਪੁਰਾਣਾ ਹੈ। ਸਾਲ 1971 ਦੇ ਅਪੋਲੋ-14 ਮਿਸ਼ਨ ਤਹਿਤ ਚੰਦਰਮਾ ਤੋਂ ਲਿਆਂਦੇ ਗਏ ਖਣਿਜ ਤੱਤ ਜ਼ਿਕਰੋਨ ਦੇ ਵਿਸ਼ਲੇਸ਼ਣ ਪਿਛੋਂ ਇਹ ਗੱਲ ਸਾਹਮਣੇ ਆਈ। ਵਿਗਿਆਨੀ ਕਈ ਤਕਨੀਕਾਂ ਦੀ ਵਰਤੋਂ ਜ਼ਰੀਏ ਕਈ ਸਾਲਾਂ ਤੋਂ ਇਸ ਸਵਾਲ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ।

# ਨਿਊ ਜਰਸੀ 'ਚ ਪਹਿਲੇ ਸਿੱਖ ਗੁਰਬੀਰ ਸਿੰਘ ਗਰੇਵਾਲ ਨੇ ਸਹੁੰ ਚੁੱਕੀ

**ਨਿਊ ਜਰਸੀ (ਬਿਊਰੋ):** ਗਲੈਨ ਰਾਕ ਰਹਿੰਦੇ ਗੁਰਬੀਰ ਸਿੰਘ ਗਰੇਵਾਲ ਨਿਊ ਜਰਸੀ ਦੀ ਬਰਗਨ ਕਾਊਂਟੀ ਦੇ ਨਵੇਂ ਪ੍ਰਾਸੀਕਿਊਟਰ ਬਣਾਏ ਗਏ ਹਨ ਜਿਨ੍ਹਾਂ ਅਹੁਦੇ ਦੀ ਸਹੁੰ ਇਕ ਭਰਵੀਂ ਇੱਕਤਰਤਾ 'ਚ ਚੁੱਕੀ। ਉਹ ਪਹਿਲੇ ਸਿੱਖ ਅਤੇ ਸਾਊਥ ਏਸ਼ੀਅਨ ਹਨ, ਜੋ ਪ੍ਰਾਸੀਕਿਊਟਰ ਬਣੇ ਹਨ।



ਇਸ ਰਸਮ ਮੌਕੇ ਸ. ਗਰੇਵਾਲ ਦੀ ਪਤਨੀ ਅੰਮ੍ਰਿਤ ਗਰੇਵਾਲ ਅਤੇ ਉਨ੍ਹਾਂ ਦੀਆਂ ਤਿੰਨ ਬੇਟੀਆਂ ਤੋਂ ਇਲਾਵਾ ਪੁਲਿਸ ਚੀਫ, ਨਿਊ ਜਰਸੀ ਸਟੇਟ ਦੇ ਪ੍ਰਾਸੀਕਿਊਟਰ, ਸਟੇਟ ਅਟਾਰਨੀ ਜਨਰਲ, ਯੂ.ਐਸ. ਅਟਾਰਨੀ ਫਾਰ ਦੀ ਡ੍ਰਿਸਟਿਕ ਆਫ ਨਿਊ ਜਰਸੀ, ਸਟੇਟ ਸੈਨੇਟਰ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜਰ ਸਨ। ਜ਼ਿਕਰਯੋਗ ਹੈ ਕਿ ਨਿਊ ਜਰਸੀ ਦੇ ਗਵਰਨਰ ਕ੍ਰਿਸ ਕ੍ਰਿਸ਼ਟੀ ਨੇ ਸਾਲ 2013 ਵਿਚ ਬਰਗਨ ਕਾਊਂਟੀ ਦੇ ਪ੍ਰਾਸੀਕਿਊਟਰ ਵਜੋਂ ਸ. ਗਰੇਵਾਲ ਦਾ ਨਾਂ ਨਾਮਜ਼ਦ ਕੀਤਾ ਸੀ, ਪਰ ਸੈਨੇਟ ਨੇ ਇਸ ਨਿਯੁਕਤੀ ਦੀ ਮਨਜ਼ੂਰੀ ਨਹੀਂ ਸੀ ਦਿੱਤੀ। ਗਵਰਨਰ ਨੇ ਸਤੰਬਰ 2015 ਵਿਚ ਉਨ੍ਹਾਂ ਦੀ ਬਰਗਨ ਕਾਊਂਟੀ ਪ੍ਰਾਸੀਕਿਊਟਰ ਵਜੋਂ ਮੁੜ ਨਿਯੁਕਤੀ ਕੀਤੀ ਅਤੇ ਸੈਨੇਟ ਨੇ ਸਰਬਸੰਮਤੀ ਨਾਲ ਇਸ ਨਿਯੁਕਤੀ ਨੂੰ ਪ੍ਰਵਾਨਗੀ ਦਿੱਤੀ ਅਤੇ ਉਨ੍ਹਾਂ ਨਵੰਬਰ ਵਿਚ ਐਕਟਿੰਗ ਪ੍ਰਾਸੀਕਿਊਟਰ ਵਜੋਂ ਸਹੁ ਚੁੱਕੀ। ਹੁਣ ਇਕ ਸਾਲ ਬਾਅਦ ਉਨ੍ਹਾਂ ਅਹੁਦੇ ਦੀ ਬਾਕਾਇਦਾ ਸਹੁੰ ਚੁੱਕੀ।


47 Trans Inc.

7401 Brookville Rd., Indianapolis IN 46239



ਡਰਾਈਵਰਾਂ ਤੇ ਓਨਰ ਆਪਰੇਟਰਾਂ ਦੀ ਲੋੜ ਹੈ



■ਟੈਕਸਸ ਲਈ ਸਾਰਾ ਸਾਲ ਚਲਣ ਵਾਲੇ ਪੱਕੇ ਲੋਡ ■ਤਗੜੀ ਕਮਾਈ, ਤੁਰਤ ਅਦਾਇਗੀ

■ਸਸਤੇ ਭਾਅ ਟਰੱਕ ਤੇ ਟਰੇਲਰ ਲੈਣ ਲਈ ਲੀਜ਼ ਅਤੇ ਰੈਂਟ ਪ੍ਰੋਗਰਾਮ

■ਸਾਡੇ ਪਾਸ ਕਿਰਾਏ 'ਤੇ ਦੇਣ ਲਈ ਸੈਂਕੜੇ ਟਰੱਕ ਹਨ।

ਫੋਨ: 317-493-9010 ਤੇ 317-438-9542

Trucks and Trailers for lease on dedicated runs.

ਫੈਕਸ: 317 731 5280; Email: agmfleet@gmail.com; dispatch@agmtrucking.com

# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।



*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

## Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426



# ਸਨਰਾਈਜ਼ ਟਰੱਕ ਡਰਾਈਵਿੰਗ ਸਕੂਲ






*ਸਸਤੇ ਰੇਟਾਂ 'ਤੇ ਟਰੱਕ ਡਰਾਈਵਿੰਗ ਸਿੱਖੋ
*ਸਾਡੇ ਕੋਲ ਤਜਰਬੇਕਾਰ ਇੰਸਟ੍ਰਕਟਰ ਹਨ
*ਰਿਹਾਇਸ਼ ਦਾ ਪ੍ਰਬੰਧ ਵੀ ਕਰਦੇ ਹਾਂ

ਡਰਾਈਵਿੰਗ ਸਿੱਖਣ ਤੋਂ ਬਾਅਦ ਨੌਕਰੀ ਦਾ ਪ੍ਰਬੰਧ ਵੀ ਕਰਦੇ ਹਾਂ

Call us now to get rolling on your new career path.

ਏਅਰਪੋਰਟ ਤੋਂ ਲਿਆਉਣ ਅਤੇ ਲੈ ਜਾਣ ਦਾ ਪ੍ਰਬੰਧ ਵੀ ਕਰਦੇ ਹਾਂ

**Call: Jaswinder Singh 559-417-0877**

2301 W. Belmont Ave., Fresno, CA 93722



# Noblesville Trucks and Trailers Repair Shop

15203 Stony Creek Way, Noblesville, IN 46060

## ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ



## ਵਧੀਆ ਤੇ ਭਰੋਸੇਯੋਗ ਸਰਵਿਸ

*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ

24 ਘੰਟੇ ਰੋਡ ਸਰਵਿਸ
*(150 ਮੀਲ ਦੇ ਏਰੀਏ ਵਿਚ)*
ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ




ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976

ਫੈਕਸ: 317-774-9665

# ਗਾਰਡਰ ਦੇ ਸ਼ਾਹਕਾਰ 'ਸੋਫੀ ਦਾ ਸੰਸਾਰ' 'ਚੋਂ ਲੰਘਦਿਆਂ



'ਸੋਫੀ ਦਾ ਸੰਸਾਰ' ਪੜ੍ਹਦਿਆਂ ਜੋਸਟੀਨ ਗਾਰਡਰ।

1980 ਦੇ ਦਹਾਕੇ ਦੇ ਆਖਰੀ ਵਰ੍ਹਿਆਂ ਦਾ ਵਕਤ ਸੀ। ਜੋਸਟੀਨ ਗਾਰਡਰ ਓਸਲੋ (ਨਾਰਵੇ) ਵਿਚ ਇਕ ਜੂਨੀਅਰ ਕਾਲਜ ਵਿਚ ਫਲਸਫ਼ੇ ਦਾ ਅਧਿਆਪਕ ਸੀ। ਸੋਲ੍ਹਾਂ ਵਰ੍ਹਿਆਂ ਦੇ ਆਸ-ਪਾਸ ਦੀ ਉਮਰ ਦੇ ਆਪਣੇ ਵਿਦਿਆਰਥੀਆਂ ਵਿਚ ਫਸਲਫ਼ੇ ਦੇ ਸੁਆਲਾਂ ਬਾਰੇ ਗੁੰਮ ਹੁੰਦੀ ਰੁਚੀ ਅਤੇ ਉਦਾਸੀਨਤਾ ਜੋਸਟੀਨ ਗਾਰਡਰ ਲਈ ਫਿਕਰ ਵਾਲੀ ਗੱਲ ਸੀ। ਇਕ ਦਿਨ ਉਹਨੇ ਆਪਣੀ ਹਤਾਸ਼ਾ ਤੇ ਪ੍ਰੇਸ਼ਾਨੀ ਦੇ ਪਲਾਂ ਵਿਚ ਆਪਣੇ ਵਿਦਿਆਰਥੀਆਂ ਨੂੰ ਸਵਾਲ ਕੀਤਾ- ਉਹ ਕੀ ਪੜ੍ਹਨਾ ਪਸੰਦ ਕਰਦੇ ਹਨ? ਵਿਦਿਆਰਥੀਆਂ ਨੇ ਇਕੋ ਲੋਰ ਵਿਚ ਜਵਾਬ ਦਿੱਤਾ- ਉਨ੍ਹਾਂ ਦਾ ਮਨ ਰਹੱਸਮਈ ਨਾਵਲ ਪੜ੍ਹਨ ਵਿਚ ਲੱਗਦਾ ਹੈ। ਇਹ ਜਵਾਬ

**ਸਤਯਪਾਲ ਗੌਤਮ**

ਸੁਣ ਕੇ ਨਿਰਾਸ਼ ਹੋਣ ਦੀ ਥਾਂ ਜੋਸਟੀਨ ਨੇ ਫ਼ੈਸਲਾ ਕੀਤਾ ਕਿ ਉਹ ਰਹੱਸਮਈ ਨਾਵਲ ਲਿਖ ਕੇ ਆਪਣੇ ਵਿਦਿਆਰਥੀਆਂ ਵਿਚ ਇਨਸਾਨੀ ਜੀਵਨ ਸਬੰਧੀ ਜ਼ਰੂਰੀ ਅਤੇ ਡੂੰਘੇ ਸਵਾਲਾਂ ਵਿਚ ਦਿਲਚਸਪੀ ਪੈਦਾ ਕਰਨ ਦੀ ਕੋਸ਼ਿਸ਼ ਕਰੇਗਾ। ਉਹਨੂੰ ਯਕੀਨ ਸੀ ਕਿ ਅਜਿਹੇ ਗੁੰਝਲਦਾਰ ਤੇ ਸੂਖਮ ਦਾਰਸ਼ਨਿਕ ਪ੍ਰਸ਼ਨਾਂ ਦੀ ਮਹੱਤਤਾ ਨੂੰ ਨਕਾਰ ਕੇ ਜਾਂ ਇਨ੍ਹਾਂ ਤੋਂ ਦੌੜ ਪਿੱਛੇ ਛੁਡਾ ਕੇ ਅਸੀਂ ਆਪਣੀ ਸਮਰੱਥ ਇਨਸਾਨੀ ਵਿਰਾਸਤ ਵਿਚ ਆਪਣੀ ਹਿੱਸੇਦਾਰੀ ਦੇ ਦਾਅਵੇ ਦਾ ਹੱਕ ਗੁਆ ਦਿੰਦੇ ਹਾਂ।

ਇਉਂ ਜੋਸਟੀਨ ਗਾਰਡਰ ਨੇ ਰਹੱਸ ਨਾਵਲ 'ਸੋਫ਼ੀ ਦਾ ਸੰਸਾਰ' (Sophie's World) ਲਿਖ ਕੇ ਫਲਸਫ਼ੇ ਦੇ ਵਿਕਾਸ ਦਾ ਸਜੀਵ ਚਿਤਰਨ ਨਿਹਾਇਤ ਮੌਲਿਕ ਰੂਪ ਵਿਚ ਪੇਸ਼ ਕੀਤਾ। ਇਸ ਨਾਵਲ ਦੀ ਰਚਨਾ ਵਿਚ ਉਨ੍ਹਾਂ ਨੇ ਜਾਦੂਈ ਕਥਾ, ਸੰਰਚਨਾ, ਸਭਿਆਚਾਰਕ ਇਤਿਹਾਸ-ਲੇਖਨ ਤੇ ਦਾਰਸ਼ਨਿਕ ਚਿੰਤਨ ਦੀਆਂ ਵਿਧਾਵਾਂ ਦਾ ਸੁਮੇਲ ਕੀਤਾ ਹੈ। 'ਸੋਫ਼ੀ ਦਾ ਸੰਸਾਰ' ਲਿਖਦਿਆਂ ਉਹਨੇ ਪੱਛਮੀ ਦਰਸ਼ਨ ਦੇ ਇਤਿਹਾਸ ਦੇ ਮਹੱਤਵਪੂਰਨ ਪ੍ਰਸੰਗਾਂ ਅਤੇ ਵਿਸ਼ਵ ਜ਼ਿੰਦਗੀ, ਇਨਸਾਨੀ ਹੋਂਦ ਨਾਲ ਜੁੜੇ ਰਹੱਸਾਂ ਬਾਰੇ ਆਪਣੀ ਡੂੰਘੀ ਵਿਵੇਚਨਾ ਨੂੰ ਪਾਠਕਾਂ ਸਾਹਵੇਂ ਪੇਸ਼ ਕੀਤਾ।

ਨਾਵਲ ਦੀ ਸ਼ੁਰੂਆਤ ਸਕੂਲ ਤੋਂ ਘਰ ਪਰਤਣ 'ਤੇ 14 ਸਾਲਾਂ ਦੀ ਸੋਫ਼ੀ ਨੂੰ ਲੈਟਰ ਬਾਕਸ ਵਿਚ ਰਹੱਸਪੂਰਨ ਲਿਫ਼ਾਫ਼ਾ ਮਿਲਣ ਨਾਲ ਹੁੰਦੀ ਹੈ। ਇਸ ਵਿਚ ਛੋਟੀ ਪਰਚੀ ਹੈ ਤੇ ਨਿਰਾਲਾ ਸਵਾਲ ਹੈ- 'ਤੂੰ ਕੌਣ ਏਂ?' 'ਸੋਫ਼ੀ' ਜਾਂ ਸੋਫ਼ੀਆ ਯੂਨਾਨੀ ਭਾਸ਼ਾ ਦਾ ਉਹ ਸ਼ਬਦ ਹੈ ਜਿਸ ਦਾ ਇਸਤੇਮਾਲ ਪੱਛਮੀ ਦਰਸ਼ਨ ਬਾਰੇ ਜਾਣਕਾਰੀ ਦੇਣ ਵਾਲੀ ਹਰ ਪਾਠ ਪੁਸਤਕ ਵਿਚ ਦਰਸ਼ਨ ਦੀ ਆਰੰਭਕ ਪਰਿਭਾਸ਼ਾ ਜਾਂ ਜਾਣਕਾਰੀ ਦੇਣ ਲਈ ਕੀਤਾ ਜਾਂਦਾ ਹੈ। ਫਿਲਾਸਫ਼ੀ ਦੋ ਯੂਨਾਨੀ ਸ਼ਬਦਾਂ 'ਫ਼ੀਲੋਅ' ਅਤੇ 'ਸੋਫ਼ੀ' ਦੇ ਯੋਗ ਨਾਲ ਬਣਿਆ ਸ਼ਬਦ ਹੈ। ਸੋਫ਼ੀ ਦਾ ਅਰਥ ਹੈ 'ਬੁੱਧੀਮਤਾ' ਅਤੇ 'ਫ਼ੀਲੋਅ' ਦਾ ਅਰਥ ਹੈ 'ਪ੍ਰੇਮੀ'। ਸੋ, ਫਿਲਾਸਫ਼ੀ ਦਾ ਮਤਲਬ 'ਬੁੱਧੀਮਤਾ ਨਾਲ ਪਿਆਰ' ਹੈ। ਇਸ ਲਈ ਸੋਫ਼ੀ ਦਾ ਸੰਸਾਰ, ਬੁੱਧੀਮਤਾ ਦਾ ਸੰਸਾਰ ਹੈ। ਜਿਸ ਕਿਸੇ ਨੂੰ ਵੀ ਸੰਸਾਰ ਨਾਲ ਪਿਆਰ ਹੈ, ਉਹ ਫ਼ਿਲਾਸਫ਼ਰ ਹੈ।

'ਮੈਂ ਕੌਣ ਹਾਂ?' ਸਵਾਲ ਦਾ ਜਵਾਬ ਆਤਮ ਗਿਆਨ ਪ੍ਰਾਪਤ ਕੀਤੇ ਬਿਨਾ ਸੰਭਵ ਨਹੀਂ। ਸੋਫ਼ੀ ਲਈ ਇਸ ਸਵਾਲ ਦਾ ਜਵਾਬ ਲੱਭਣਾ ਸਰਲ ਤਾਂ ਨਹੀਂ, ਲੇਕਿਨ ਮਹੱਤਵਪੂਰਨ ਹੋ ਜਾਂਦਾ ਹੈ। ਉਸ ਨੂੰ ਇਹ ਬੜਾ ਵਿਲੱਖਣ ਲੱਗਦਾ ਹੈ ਕਿ ਉਹ ਇਹ ਵੀ ਨਹੀਂ ਜਾਣਦੀ ਕਿ ਉਹ ਕੌਣ ਹੈ? (ਬੁੱਲ੍ਹਿਆ ਕੀ ਜਾਣਾ ਮੈਂ ਕੌਣ...) ਇਸੇ ਉਧੇੜ-ਬੁਣ ਵਿਚ ਉਹ ਮੁੜ ਬਾਹਰ ਆ ਕੇ ਲੈਟਰ ਬਾਕਸ ਦੇਖਣ ਜਾਂਦੀ ਹੈ ਅਤੇ ਇਸ ਵਾਰ ਉਸ ਨੂੰ ਇਕ ਹੋਰ ਲਿਫ਼ਾਫ਼ਾ ਮਿਲਦਾ ਹੈ ਜਿਸ ਦੇ ਅੰਦਰ ਛੋਟੇ ਪੁਰਜ਼ੇ 'ਤੇ ਨਵਾਂ ਸਵਾਲ ਹੈ- 'ਇਹ ਸੰਸਾਰ ਕਿਥੋਂ ਆਇਆ...?' ਜ਼ਿੰਦਗੀ ਵਿਚ ਪਹਿਲੀ ਵਾਰ ਸੋਫ਼ੀ ਨੂੰ ਮਹਿਸੂਸ ਹੋਇਆ ਕਿ ਇਨ੍ਹਾਂ ਸਵਾਲਾਂ ਦੇ ਜਵਾਬ ਲੱਭੇ ਬਿਨਾ ਉਹਦੇ ਵਾਸਤੇ ਜੀਂਦੇ ਰਹਿਣਾ ਵਾਜਿਬ ਨਹੀਂ ਹੈ। ਇਹ ਦੋ ਅਜੀਬ ਖਤ ਜਾਂ ਸਵਾਲ ਸੋਫ਼ੀ ਵਾਸਤੇ, ਉਸ ਦੇ ਆਉਣ ਵਾਲੇ ਉਹਦੇ ਪੰਦਰਵੇਂ ਜਨਮ ਦਿਨ ਦੇ ਮੌਕੇ 'ਤੇ ਤੋਹਫ਼ੇ ਵਜੋਂ ਮਿਲਣ ਵਾਲੇ ਖਤਾਂ ਦੀ ਅਜਿਹੀ ਲੜੀ ਦੀ ਸ਼ੁਰੂਆਤ ਹੈ ਜਿਹੜੀ ਉਸ ਦੇ ਜਨਮ ਦਿਨ ਤੱਕ ਲਗਾਤਾਰ ਚੱਲਦੀ ਹੈ।







ਜੋਸਟੀਨ ਗਾਰਡਰ (ਉਪਰ) ਅਤੇ ਕਿਤਾਬ 'ਸੋਫ਼ੀ ਦਾ ਸੰਸਾਰ'।

ਆਪਣੀ ਵਿਚਾਰ-ਵਿਲਾਸ-ਕ੍ਰੀੜਾ ਵਿਚ 'ਸੋਫ਼ੀ ਦਾ ਸੰਸਾਰ' ਤਲਿੱਸਮੀ ਅੰਦਾਜ਼ ਵਿਚ ਫਿਲਾਸਫ਼ਰਾਂ ਵੱਲੋਂ ਘੜੀਆਂ ਜੁਗਤਾਂ ਤੇ ਪ੍ਰਤੀ-ਜੁਗਤਾਂ, ਸੰਵਾਦ ਤੇ ਪ੍ਰਤੀ-ਸੰਵਾਦ, ਤਰਕ ਤੇ ਕੁ-ਤਰਕ ਦੇ ਵਿਸ਼ਲੇਸ਼ਣ ਅਤੇ ਮੁਲੰਕਣ ਦੀ ਗਾਥਾ ਹੈ। ਇਸ ਪੁਸਤਕ ਵਿਚ ਤਿੰਨਾਂ ਖਾਸ ਇਨਸਾਨੀ ਸਮਰੱਥਾਵਾਂ- ਸਿਮਰਤੀ (ਇਤਿਹਾਸ), ਕਲਪਨਾ (ਗੱਪ) ਅਤੇ ਵਿਵੇਕ (ਫਲਸਫ਼ਾ) ਦਾ ਤਾਣਾ-ਬਾਣਾ ਬੜੇ ਅਨੂਠੇ ਢੰਗ ਨਾਲ ਬੁਣਿਆ ਗਿਆ ਹੈ। ਇਹ ਨਾਵਲ ਇਨਸਾਨੀ ਜ਼ਿੰਦਗੀ ਦੇ ਉਦੇਸ਼ ਅਤੇ ਸਾਰਥਿਕਤਾ ਸਬੰਧੀ ਸਵਾਲਾਂ 'ਤੇ ਵਿਚਾਰ ਕਰਨ ਦੀ ਝਲਕ ਨੂੰ ਹੁਲਾਰਾ ਦਿੰਦਾ ਹੈ। ਪੱਛਮੀ ਜਗਤ ਵਿਚ ਵਿਕਸਤ ਫਲਸਫ਼ੇ ਨੂੰ ਸਮੁੱਚੀਆਂ ਇਨਸਾਨੀ ਬੌਧਿਕ ਪਰੰਪਰਾਵਾਂ ਦਾ ਅੰਸ਼ ਸਵੀਕਾਰ ਕਰਦਿਆਂ ਜੋਸਟਿਨ ਗਾਰਡਰ ਯੂਰਪ ਕੇਂਦਰਤ (ਯੂਰੋ-ਸੈਂਟ੍ਰਿਕ) ਬਿਮਾਰੀ ਤੋਂ ਆਪਣੇ ਆਪ ਨੂੰ ਮੁਕਤ ਰੱਖਣ ਦੀ ਕੋਸ਼ਿਸ਼ ਵਿਚ ਕਾਫ਼ੀ ਹੱਦ ਤੱਕ ਸਫ਼ਲ ਰਿਹਾ ਹੈ।

ਨਾਵਲ 'ਸੋਫ਼ੀ ਦਾ ਸੰਸਾਰ' ਸਾਨੂੰ ਆਪਣੇ ਵਿਚਾਰ ਕਰਨ ਦੀ ਸਮਰੱਥਾ ਅਤੇ ਮਹੱਤਤਾ ਪ੍ਰਤੀ ਹੋਰ ਸਜਗ ਅਤੇ ਸੰਵੇਦਨਸ਼ੀਲ ਬਣਾਉਣ ਵਿਚ ਮਦਦਗਾਰ ਬਣਦਾ ਹੈ। ਗਿਆਨ, ਸਭਿਆਚਾਰ, ਨੈਤਿਕਤਾ, ਸੁਹਜ ਬੋਧ ਬਾਬਤ ਪੁਰਾਣੇ ਅਤੇ ਸਮਕਾਲੀ ਵਿਵਾਦਾਂ ਦੀ ਵਿਆਖਿਆ ਖਾਸ ਤੌਰ 'ਤੇ ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਪ੍ਰਸੰਗਿਕਤਾ ਅਤੇ ਸਾਰਥਿਕਤਾ ਨੂੰ ਬੜੇ ਰੋਚਕ ਤੇ ਸੌਖੇ ਸਮਝ ਆਉਣ ਵਾਲੇ ਸਪਸ਼ਟੀਕਰਨਾਂ ਰਾਹੀਂ ਪੇਸ਼ ਕੀਤਾ ਹੈ। ਇਸ ਨਾਵਲ ਵਿਚ ਰਹੱਸ ਦੀ ਖਾਸੀਅਤ ਇਸ ਦੀ ਕਥਾ ਦੀ ਅਜਿਹੀ ਅਦਭੁਤ ਸੰਰਚਨਾ ਵਿਚ ਹੈ ਜਿਸ ਦੇ ਨਤੀਜੇ ਵਜੋਂ ਪਾਠਕ ਲਈ ਕਲਪਿਤ ਅਤੇ ਹਕੀਕੀ ਕਿਰਦਾਰਾਂ ਵਿਚ ਭੇਦ ਕਰਨਾ, ਸਰਲ ਤੇ ਸੌਖਾ ਨਹੀਂ ਰਹਿੰਦਾ।

ਇਸ ਨਾਵਲ ਤੋਂ ਪਹਿਲਾਂ ਵਿਲ ਡੂਰਾਂ ਲਿਖਤ ਕਿਤਾਬ 'ਏ ਸਟੋਰੀ ਆਫ ਫਿਲਾਸਫ਼ੀ' (ਫਿਲਾਸਫ਼ੀ ਦੀ ਕਹਾਣੀ) ਪਾਠਕਾਂ ਵਿਚ ਬਹੁਤ ਹਰਮਨ-ਪਿਆਰੀ ਹੋਈ ਹੈ। ਇਸ ਕਿਤਾਬ ਵਿਚ ਵਿਲ ਡੂਰਾਂ ਨੇ ਕੁਝ ਚੋਣਵੇਂ ਫ਼ਿਲਾਸਫ਼ਰਾਂ ਦੀ ਜ਼ਿੰਦਗੀ ਵਿਚੋਂ ਹਵਾਲੇ ਲੈ ਕੇ ਫਿਲਾਸਫ਼ੀ ਦੀ ਕਹਾਣੀ ਲਿਖਣ 'ਤੇ ਜ਼ੋਰ ਦਿੱਤਾ ਸੀ। ਤੁਲਨਾ ਵਿਚ ਕਿਹਾ ਜਾ ਸਕਦਾ ਹੈ ਕਿ ਜੋਸਟੀਨ ਗਾਰਡਰ ਨੇ ਆਪਣੇ ਨਾਵਲ ਵਿਚ ਅਸਤਿਤਵ ਅਤੇ ਸੰਕਲਪ ਮੂਲਕ ਪੱਧਰ 'ਤੇ ਪੇਸ਼ ਆਉਂਦੀਆਂ ਜਟਿਲ ਉਲਝਣਾਂ ਦੇ ਮੂਲ ਸਰੋਤਾਂ ਅਤੇ ਦਾਰਸ਼ਨਿਕ ਜੁਗਤਾਂ ਦੀ ਤਾਰਕਿਕ ਸੰਰਚਨਾਵਾਂ ਨੂੰ ਸਪਸ਼ਟ ਕਰਦਿਆਂ ਸੁਕਰਾਤ ਤੋਂ ਲੈ ਕੇ ਸਾਰਤਰ ਤਾਈਂ ਪੱਛਮੀ ਫਸਲਫ਼ੇ ਦੀ ਲੰਬੀ ਯਾਤਰਾ ਦਾ ਬਿਰਤਾਂਤ ਪੇਸ਼ ਕੀਤਾ ਹੈ। ਇਸ ਬਿਰਤਾਂਤ ਤੋਂ ਸਪਸ਼ਟ ਹੁੰਦਾ ਹੈ ਕਿ ਇਨਸਾਨੀ ਹੋਂਦ ਦੇ ਅਰਥ ਸਮਝਣ ਲਈ ਦਾਰਸ਼ਨਿਕ ਚਿੰਤਨ ਵਿਚ ਹਿੱਸਾ ਲੈਣਾ ਜ਼ਰੂਰੀ ਕਰਮ ਹੈ। ਇਸ ਨਾਵਲ ਦੀ ਸਫਲਤਾ ਦਾ ਪ੍ਰਮਾਣ ਇਹ ਹੈ ਕਿ ਇਹ ਅੰਗਰੇਜ਼ੀ ਅਨੁਵਾਦ ਦੇ ਪ੍ਰਕਾਸ਼ਨ ਦੇ ਪਹਿਲੇ ਤਿੰਨ ਸਾਲਾਂ ਵਿਚ, ਦੁਨੀਆ ਭਰ ਵਿਚ ਬੈਸਟ ਸੈਲਰ ਰਿਹਾ ਅਤੇ ਇਸ ਦੀਆਂ ਇਕ ਕਰੋੜ ਤੋਂ ਵੱਧ ਕਾਪੀਆਂ ਵਿਕੀਆਂ। ਪਿਛਲੇ ਵੀਹ ਸਾਲਾਂ ਵਿਚ ਇਸ ਦਾ ਅਨੁਵਾਦ 60 ਤੋਂ ਵੀ ਵੱਧ ਭਾਸ਼ਾਵਾਂ ਵਿਚ ਹੋ ਚੁੱਕਿਆ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਜਨਵਰੀ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-257



*ਸ਼ਹਿਰੀ ਬੀਬੀਆਂ ਵਾਸਤੇ ਕਹਿਰ ਹੈ ਇਹ*
*ਪੰਡਾਂ ਚੁੱਕੀਆਂ ਭਾਰੀਆਂ ਨਾਰੀਆਂ ਨੇ।*
*ਕੁੱਛੜ ਬੱਚਾ ਵੀ ਚੁੱਕਣੋਂ ਡਰਦੀਆਂ ਜੋ*
*ਤੀਨ ਲੋਕ ਤੋਂ ਉਨ੍ਹਾਂ ਲਈ ਨਿਆਰੀਆਂ ਨੇ।*

## ਕੈਪਸ਼ਨ ਮੁਕਾਬਲਾ-255



ਦੇਖਣ ਨੂੰ ਭਾਵੇਂ ਵੱਡਾ ਗੁੱਛਾ
ਮੂਲੀਆਂ ਦਾ ਵਿਕਦਾ ਸਸਤੇ ਭਾਅ।
ਗੁਣਕਾਰੀ ਮੂਲੀ ਦੇਖ ਕੇ ਜੀਅ ਲਲਚਾਵੇ
ਚੜ੍ਹਦਾ ਪਰੌਂਠੇ ਖਾਣ ਦਾ ਚਾਅ।
ਗਹੁ ਨਾਲ ਵੇਖਣ 'ਤੇ ਪਤਾ ਲੱਗਦਾ
ਉਗੀਆਂ ਸਨ ਗੰਦੇ ਪਾਣੀ ਵਾਲੀ ਥਾਂ।
ਉਹੀ ਗੰਦੇ ਕੈਮੀਕਲਾਂ ਦਾ ਅਸਰ
ਸਰੀਰ ਨੂੰ ਕੈਂਸਰ ਨਾਲ ਜਾਂਦਾ ਖਾ।
**-ਅਮਰਜੀਤ ਸਿੰਘ ਤੂਰ**
**ਫੋਨ: 91-98784-69639**

---

ਵਿਚ ਖੇਤਾਂ ਦੇ ਉਗੇ ਮੂਲੀ
ਬੰਨ੍ਹ ਗੁੱਟੀਆਂ ਮੰਡੀ ਜਾਵੇ।
ਜੱਟ ਦੀ ਕੀਤੀ ਮਿਹਨਤ ਦਾ
ਪੂਰਾ ਮੁੱਲ ਕੋਈ ਨਾ ਪਾਵੇ।
ਤੋਹਫ਼ਾ ਬੜਾ ਕੀਮਤੀ ਹੈ ਇਹ
ਤਕੜੇ ਮਾੜੇ ਦੇ ਕੰਮ ਆਵੇ।
ਕਦਰ ਗੁਣਾਂ ਦੀ ਹੁੰਦੀ ਯਾਰੋ
ਮਹਿੰਗਿਆਂ ਦੇ ਤਾਂ ਨਿਰੇ ਦਿਖਾਵੇ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਖੇਤੋਂ ਪੁੱਟ ਕੇ ਬੰਨ ਲਏ ਗੁੱਠੇ
ਤਿਆਰ ਕਰੀ ਮੰਡੀ ਜਾਣ ਲਈ ਮੂਲੀ।
ਰਗੜ ਛੱਪੇ ਨਾਲ ਮਲ ਮਲ ਧੋਤੀ
ਹਰੇ ਪੱਤੇ ਖੂਬ ਚਮਕਾਈ ਮੂਲੀ।
ਹਰ ਸਲਾਦ ਦਾ ਸ਼ਿੰਗਾਰ ਹੈ ਬਣਦੀ
ਕੌੜੀ-ਮਿੱਠੀ ਮਜ਼ੇਦਾਰ ਹੈ ਮੂਲੀ।
ਚਿੱਥ ਕੇ ਖਾਈਏ ਤਾਂ ਦਵਾ ਹੈ ਬਣਦੀ
ਡੱਕਰੇ ਲੰਘ ਜਾਣ ਤਾਂ ਟੰਗਦੀ ਸੂਲੀ।

ਕੋਈ ਪਰੌਂਠੇ ਕੋਈ ਭੁਰਜੀ ਚਾਹੁੰਦਾ
ਵਰਤੇ ਕੋਈ ਧਮਕਾਣ ਲਈ ਮੂਲੀ।
ਆਖੇ, 'ਮੈਂ ਵੱਡੇ ਵੱਡੇ ਚਿੱਤ ਕਰ'ਤੇ
ਦੱਸ ਤੂੰ ਹੈਂ ਕਿਹੜੇ ਬਾਗ ਦੀ ਮੂਲੀ?'
**-ਸੇਵਾ ਸਿੰਘ ਨੂਰਪੁਰੀ**
**ਫੋਨ: 408-912-3438**

---

ਮੂਲੀਆਂ ਦੇ ਪਰੌਂਠੇ!
ਵਾਹ ਵਾਹ ਲੁਤਫ ਆ ਗਿਆ,
ਅੱਜ ਤਾਂ ਖਾਣ ਦਾ।
ਮੂਲੀ ਕੱਤਰ ਸੌ ਬੀਮਾਰੀਆਂ ਦਾ ਹੱਲ
ਨਹੀਂ ਲੋੜ ਕਿਸੇ ਹਕੀਮ ਦੀ।
ਜੋ ਖਾਊਗਾ, ਇਸ ਦੇ ਪਰੌਂਠੇ
ਉਹੀ ਜਾਣੂੰ ਰੋਜ ਇਸ ਦੇ ਫਾਇਦੇ।
ਥੋੜ੍ਹਾ ਤਾਤ ਦਿਓ ਸੇਕ ਨੂੰ
ਨਹੀਂ ਲਹੂਗਾ ਕਦੇ ਮੂੰਹ ਤੋਂ,
ਖਾ ਜਾਓਗੇ ਤੌਣ ਸਾਰੀ, ਫਿਰ ਵੀ ਕਹੋਗੇ
ਅੱਛਾ ਫਿਰ ਭੁੱਖੇ ਹੀ ਸੌਣਾ ਪੈਣਾ ਅੱਜ।
ਤਾਹੀਓਂ ਜਾਣੋਗੇ ਇਸ ਮੂਲੀ ਦੇ ਸੁਆਦ
ਪੰਜਾਬ ਦੀ ਸਰਦ ਰੁੱਤ ਦੀ ਸੌਗਾਤ।
**-ਦਰਸ਼ਨਪਾਲ ਦੋਸਾਂਝ**

---

ਫਲ ਹੋਵਣ ਜਾਂ ਹੋਵੇ ਸਬਜ਼ੀ
ਖਾ ਕੇ ਸਾਰੇ ਹਨ ਰਾਜ਼ੀ।
ਖਾਹ ਕੇ ਮੂਲੀ ਵਾਲੇ ਪਰੌਂਠੇ
ਕਈਆਂ ਦੀ ਚੁੱਕੀ ਜਾਂਦੀ ਬਾਦੀ।
ਹਾਜਮਾ ਜੇਕਰ ਹੋਵੇ ਖਰਾਬ
ਲਾ ਕੇ ਲੂਣ ਮੂਲੀ ਖਾ ਲਓ ਜਨਾਬ।
ਹਰ ਸਲਾਦ ਦੀ ਇਹ ਹੈ ਪਛਾਣ
ਸਰੀਰ ਲਈ ਹੈ ਇਹ ਰਾਮ-ਬਾਣ।
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

---

ਕੌਡੀਆਂ ਭਾਅ ਹੋ ਗਈ ਸਬਜ਼ੀ
ਮੂਲੀਆਂ ਨੂੰ ਕੌਣ ਪੁੱਛੇ।
ਵੱਟ-ਬੰਨਿਓਂ ਪੁੱਟ ਲਿਆਇਆ ਬਾਪੂ
ਬੰਨ੍ਹ ਬਣਾਉਣੇ ਗੁੱਛੇ।
ਸਬਜ਼ੀ, ਸਲਾਦ, ਪਰੌਂਠੇ ਭਾਈ
ਜੋ ਚਿਤ ਆਏ ਬਣਾਓ।
ਪਰ ਨਾ ਰੋਲੋ ਇਨ੍ਹਾਂ ਨੂੰ
ਗਲੀ ਗੁਆਂਢ ਵਰਤਾਓ।
**-ਦਵਿੰਦਰ ਕੌਰ**

# ਅਪਾਹਜ ਅਥਲੀਟ ਵਿਲਮਾ ਰੁਡੋਲਫ ਦੀ ਬਾਤ

## ਬਾਤਾਂ ਖੇਡ ਮੈਦਾਨ ਦੀਆਂ

ਮਨੁੱਖ ਦੀ ਸਭ ਤੋਂ ਵੱਡੀ ਤਾਕਤ ਹੈ, ਹਿੰਮਤ। ਕੁਝ ਕਰਨ ਦੀ ਚਾਹਤ ਤੇ ਹਿੰਮਤ। ਜਿਥੇ ਚਾਹਤ ਤੇ ਹਿੰਮਤ ਹੈ, ਉਥੇ ਬੰਜਰ ਖੇਤ ਵੀ ਬਾਗ ਬਣ ਜਾਂਦੇ ਹਨ ਤੇ ਵੀਰਾਨੀਆਂ, ਬਹਾਰਾਂ 'ਚ ਬਦਲ ਹੋ ਜਾਂਦੀਆਂ ਹਨ। ਗਰੀਬ, ਨਿਤਾਣੇ, ਅਪਾਹਜ ਤੇ ਅਣਗੌਲੇ ਬੱਚੇ ਵੀ ਜੇ ਹਿੰਮਤ ਧਾਰ ਲੈਣ ਤਾਂ ਉਹ ਵੀ ਜੋ ਨਹੀਂ ਸੋ ਕਰ ਸਕਦੇ ਹਨ। ਇਸੇ ਪ੍ਰਸੰਗ ਵਿਚ 'ਟਰੈਕ ਦੀ ਮੁਰਗਾਬੀ' ਵਿਲਮਾ ਰੁਡੋਲਫ ਦੀ ਬਾਤ ਪਾਉਣੀ ਵਾਜਬ ਹੋਵੇਗੀ।



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਵਿਲਮਾ ਰੁਡੋਲਫ ਦੀ ਬਾਤ ਪਾਉਂਦਿਆਂ ਮੁੜ-ਮੁੜ ਮਨ 'ਚ ਆਉਂਦੈ, "ਕੀ ਇੰਜ ਹੋ ਜਾਂਦੈ? ਕੀ ਕੋਈ ਸਤਮਾਹਾ ਬੱਚਾ ਵੀ ਖੇਡ ਅੰਬਰ ਦਾ ਤਾਰਾ ਬਣ ਸਕਦੈ?" ਫਿਰ ਆਪੇ ਮਨ ਆਖਦੈ, "ਕਿਉਂ ਨਹੀਂ? ਜੋ ਕੁਝ ਵਿਲਮਾ ਨੇ ਕਰ ਵਿਖਾਇਐ, ਉਹ ਹੋਰ ਬੱਚੇ ਵੀ ਕਰ ਸਕਦੇ ਹਨ। ਸ਼ਰਤ ਇਹ ਕਿ ਉਹ ਵਿਲਮਾ ਨੂੰ ਰੋਲ ਮਾਡਲ ਬਣਾ ਲੈਣ।"

ਕੁਝ ਸਾਲ ਪਹਿਲਾਂ ਅੰਗਰੇਜ਼ੀ ਵਿਚ ਇਕ ਪੁਸਤਕ ਛਪੀ ਸੀ 'ਸਦੀ ਦੇ 101 ਮਹਾਨ ਖਿਡਾਰੀ।' ਉਸ ਵਿਚ ਅਮਰੀਕਾ ਦੀ ਪ੍ਰਸਿਧ ਅਥਲੀਟ ਵਿਲਮਾ ਰੁਡੋਲਫ ਦਾ ਵੀ ਜ਼ਿਕਰ ਹੈ। ਉਹ ਇਕ ਗਰੀਬ ਕਾਲੇ ਪਰਿਵਾਰ ਦੀ ਲੜਕੀ ਸੀ। ਉਸ ਦਾ ਪਿਤਾ ਸਖਤ ਮਿਹਨਤ ਮਜ਼ਦੂਰੀ ਕਰ ਕੇ ਆਪਣਾ ਟੱਬਰ ਪਾਲਦਾ ਸੀ। ਉਸ ਦੇ ਬਾਈ ਬੱਚੇ ਸਨ ਜਿਨ੍ਹਾਂ 'ਚ ਵਿਲਮਾ ਵੀਹਵੇਂ ਥਾਂ ਜੰਮੀ ਸੀ। ਏਡੇ ਵੱਡੇ ਪਰਿਵਾਰ 'ਚ ਬੱਚਿਆਂ ਦੀ ਜਿਹੋ ਜਿਹੀ ਪਾਲਣਾ-ਪੋਸ਼ਣਾ ਹੁੰਦੀ ਹੋਵੇਗੀ, ਉਹਦਾ ਅੰਦਾਜ਼ਾ ਲਾਉਣਾ ਔਖਾ ਨਹੀਂ। ਵਿਲਮਾ ਸਤਮਾਹੀ ਬੱਚੀ ਸੀ। ਜੰਮਣ ਸਮੇਂ ਝੀਖ ਜਿਹੀ ਸੀ ਤੇ ਉਹਦੇ ਬਚਣ ਦੀ ਕੋਈ ਉਮੀਦ ਨਹੀਂ ਸੀ। ਪਰ ਕਾਦਰ ਦੀ ਕੁਦਰਤ ਦੇ ਰੰਗ ਨਿਆਰੇ ਹਨ। ਬਲਿਹਾਰ ਜਾਣਾ ਪੈਂਦਾ ਹੈ, ਬੰਦੇ ਅੰਦਰ ਸੁੱਤੀਆਂ ਸ਼ਕਤੀਆਂ ਦੇ। ਵਿਲਮਾ ਦੀ ਜੀਵਨੀ ਗਰੀਬ, ਕਮਜ਼ੋਰ ਤੇ ਅਪਾਹਜ ਬੱਚਿਆਂ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕਦੀ ਹੈ।

ਵਿਲਮਾ ਹਾਲੇ ਚਹੁੰ ਸਾਲਾਂ ਦੀ ਸੀ ਕਿ ਉਸ ਨੂੰ ਮੋਹਰਕੇ ਦਾ ਤਾਪ ਚੜ੍ਹਿਆ ਤੇ ਨਾਲ ਹੀ ਡਬਲ ਨਮੂਨੀਆ ਹੋ ਗਿਆ। ਉਤੋਂ ਪੋਲੀਓ ਦੇ ਹਮਲੇ ਨਾਲ ਉਹਦੀ ਖੱਬੀ ਲੱਤ ਗ੍ਰਹਿਣੀ ਗਈ। ਮੰਜੇ ਤੋਂ ਤਾਂ ਉਹ ਉਠ ਖੜ੍ਹੀ ਹੋਈ ਪਰ ਉਹਦਾ ਵਧੇਰੇ ਸਮਾਂ ਭੁੰਜੇ ਘਿਸਰਦਿਆਂ ਹੀ ਬੀਤਦਾ। ਬਿਮਾਰੀ ਨੇ ਉਸ ਨੂੰ ਅਪਾਹਜ ਤੇ ਆਲਸੀ ਬਣਾ ਦਿੱਤਾ ਪਰ ਇਸ ਵਿਚ ਉਹਦਾ ਆਪਣਾ ਕੋਈ ਕਸੂਰ ਨਹੀਂ ਸੀ। ਟੀ.ਵੀ. ਉਤੇ ਖਿਡਾਰੀਆਂ ਨੂੰ ਛਾਲਾਂ-ਦੁੜੰਗੇ ਲਾਉਂਦਿਆਂ ਵੇਖ ਉਹਦਾ ਮਨ ਵੀ ਮਚਲਦਾ ਪਰ ਕੋਈ ਵਾਹ ਨਾ ਜਾਂਦੀ।

ਇਕ ਦਿਨ ਇਕ ਮਾਲਸ਼ੀ ਨੇ ਉਹਦੇ ਪਰਿਵਾਰ ਨੂੰ ਦੱਸਿਆ ਕਿ ਜੇ ਵਿਲਮਾ ਦੀਆਂ ਲੱਤਾਂ ਦੀ ਬਾਕਾਇਦਾ ਮਾਲਸ਼ ਕੀਤੀ ਜਾਵੇ ਤਾਂ ਉਹ ਚੱਲ ਵੀ ਸਕਦੀਆਂ ਹਨ ਤੇ ਤਕੜੀਆਂ ਵੀ ਹੋ ਸਕਦੀਆਂ ਹਨ। ਉਸ ਦੀ ਸਲਾਹ ਮੰਨ ਕੇ ਵਿਲਮਾ ਦੀਆਂ ਦੱਸੇ ਗਏ ਤਰੀਕੇ ਅਨੁਸਾਰ ਮਾਲਸ਼ਾਂ ਕੀਤੀਆਂ ਜਾਣ ਲੱਗੀਆਂ ਤੇ ਉਹ ਤੁਰਨ ਫਿਰਨ ਲੱਗੀ ਅਤੇ ਬੱਚਿਆਂ ਨਾਲ ਖੇਡਣ ਮੱਲ੍ਹਣ ਲੱਗੀ। ਉਸ ਦੇ ਪੈਰਾਂ ਵਿਚ ਕਸਰਤੀ ਬੂਟ ਪੁਆ ਕੇ ਕਸਰਤਾਂ ਕਰਾਈਆਂ ਤਾਂ ਉਹਦੀਆਂ ਲੱਤਾਂ ਨਰੋਈਆਂ ਹੋ ਗਈਆਂ।

ਉਮਰ ਪੜ੍ਹਨਯੋਗ ਹੋਈ ਤਾਂ ਵਿਲਮਾ ਸਕੂਲੇ ਜਾਣ ਲੱਗੀ ਤੇ ਸਕੂਲ ਦੇ ਬੱਚਿਆਂ ਨੂੰ ਖੇਡਦਿਆਂ ਵੇਖ ਕੇ ਉਹਦਾ ਮਨ ਵੀ ਸਕੂਲ ਦੀ ਕਿਸੇ ਟੀਮ ਵਿਚ ਖੇਡਣ ਲਈ ਮਚਲਣ ਲੱਗਾ। ਪਰ ਉਹ ਕਿਸੇ ਵੀ ਟੀਮ ਵਿਚ ਖੇਡਣ ਦੇ ਕਾਬਲ ਨਹੀਂ ਸੀ। ਉਹ ਲੰਗੜਾਅ ਕੇ ਦੌੜਦੀ ਤੇ ਡਿੱਗ ਪੈਂਦੀ। ਪਰ ਹਿੰਮਤੀ ਬਹੁਤ ਸੀ। ਡਿੱਗਣ ਢਹਿਣ ਦੀ ਪਰਵਾਹ ਕੀਤੇ ਬਿਨਾ ਉਹ ਕਸਰਤਾਂ ਕਰੀ ਗਈ ਤੇ ਖੇਡ ਅਭਿਆਸ ਕਰਦਿਆਂ ਬਾਸਕਟਬਾਲ ਦੀ ਚੰਗੀ ਖਿਡਾਰਨ ਬਣ ਗਈ। ਅਸਲ ਵਿਚ ਉਸ ਦਾ ਕੱਦ ਕਾਫੀ ਲੰਮਾ ਹੋ ਗਿਆ ਸੀ ਤੇ ਲੰਮਾ ਕੱਦ ਬਾਸਕਟਬਾਲ ਖੇਡਣ ਦੇ ਵਧੇਰੇ ਯੋਗ ਸੀ। ਦੌੜਦਿਆਂ ਉਸ ਦੇ ਕਦਮ ਕਾਫੀ ਲੰਮੇ ਪੈਂਦੇ ਸਨ ਜਿਸ ਕਰ ਕੇ ਉਹ ਇਕ ਸਿਰੇ ਤੋਂ ਦੂਜੇ ਸਿਰੇ ਗਿਣਤੀ ਦੀਆਂ ਉਲਾਂਘਾਂ ਨਾਲ ਹੀ ਪੁੱਜ ਜਾਂਦੀ।

ਉਹ ਸੋਲਾਂ ਸਾਲ ਦੀ ਹੋਈ ਤਾਂ ਉਹਦਾ ਵਜ਼ਨ ਸਿਰਫ 89 ਪੌਂਡ ਸੀ ਪਰ ਕੱਦ 5 ਫੁੱਟ 11 ਇੰਚ ਲੰਮਾ ਹੋ ਗਿਆ। ਅਭਿਆਸ ਨਾਲ ਉਸ ਨੇ ਆਪਣੀ ਤੋਰ ਸੁਧਾਰ ਲਈ ਤੇ ਕਿਸੇ ਨੂੰ ਪਤਾ ਨਹੀਂ ਸੀ ਲੱਗਦਾ ਕਿ ਉਸ ਦੀ ਖੱਬੀ ਲੱਤ ਨੂੰ ਪੋਲੀਓ ਦੀ ਮਾਰ ਪਈ ਹੈ। ਉਹ ਉਸ ਲੱਤ 'ਤੇ ਜੁਰਾਬ ਚੜ੍ਹਾ ਕੇ ਰੱਖਦੀ ਜਦਕਿ ਦੂਜੀ ਲੱਤ ਬਿਨਾ ਜੁਰਾਬ ਦੇ ਹੁੰਦੀ। ਉਸ ਦੀਆਂ ਲੱਤਾਂ ਉਪਰਲੇ ਜੁੱਸੇ ਦੀ ਨਿਸਬਤ ਲੰਮੇਰੀਆਂ ਸਨ।

1956 ਵਿਚ ਮੈਲਬੌਰਨ ਦੀਆਂ ਓਲੰਪਿਕ ਖੇਡਾਂ ਆਈਆਂ ਤਾਂ ਵਿਲਮਾ ਰੁਡੋਲਫ ਅਮਰੀਕਾ ਦੀ ਟੀਮ ਵਿਚ ਚੁਣੀ ਗਈ। ਉਦੋਂ ਅਜੇ ਉਹ ਸਕੂਲ ਦੀ ਵਿਦਿਆਰਥਣ ਸੀ। ਸੋਲ੍ਹਵਾਂ ਜਨਮ ਦਿਨ ਉਸ ਨੇ ਮੈਲਬੌਰਨ ਵਿਚ ਮਨਾਇਆ। ਉਥੇ ਉਹ ਕੋਈ ਵਿਅਕਤੀਗਤ ਤਮਗਾ ਤਾਂ ਨਾ ਜਿੱਤ ਸਕੀ ਪਰ 4×100 ਮੀਟਰ ਰਿਲੇਅ ਦੌੜ 'ਚੋਂ ਅਮਰੀਕਾ ਦੀ ਟੀਮ ਨਾਲ ਤਾਂਬੇ ਦਾ ਤਮਗਾ ਜਿੱਤ ਗਈ। ਉਥੇ ਆਸਟ੍ਰੇਲੀਆ ਦੀ ਅਥਲੀਟ ਬੈਟੀ ਕਥਬਰਟ ਨੇ 100, 200 ਤੇ 400 ਮੀਟਰ ਦੌੜਾਂ 'ਚੋਂ ਸੋਨੇ ਦੇ ਤਮਗੇ ਜਿੱਤੇ ਤਾਂ ਵਿਲਮਾ ਨੇ ਮਨ ਵਿਚ ਆਖਿਆ ਕਿ ਉਹ ਕਿਹੜਾ ਕਿਸੇ ਨਾਲੋਂ ਘੱਟ ਆ? ਉਸ ਨੇ ਮਨ 'ਚ ਧਾਰ ਲਿਆ ਕਿ ਹੋਰ ਚਹੁੰ ਸਾਲਾਂ ਤਕ ਰੋਮ ਦੀਆਂ ਓਲੰਪਿਕ ਖੇਡਾਂ ਵਿਚ ਉਹ ਵੀ ਬੈਟੀ ਕਥਬਰਟ ਵਾਂਗ ਕੁਝ ਨਾ ਕੁਝ ਕਰ ਕੇ ਵਿਖਾਵੇਗੀ।

ਸਕੂਲ ਦੀ ਪੜ੍ਹਾਈ ਪੂਰੀ ਕਰ ਕੇ ਉਹ ਟੈਨੈਸੀ ਸਟੇਟ ਚਲੀ ਗਈ ਤੇ ਐਡ ਟੈਂਫ ਨੂੰ ਆਪਣਾ ਕੋਚ ਧਾਰ ਲਿਆ। ਤਦ ਤਕ ਉਸ ਦਾ ਵਜ਼ਨ 130 ਪੌਂਡ ਹੋ ਗਿਆ ਸੀ। ਕੋਚ ਦੀ ਕੋਚਿੰਗ ਤੇ ਵਿਲਮਾ ਦੀ ਲਗਨ, ਮਿਹਨਤ ਤੇ ਸਿਰੜ ਨੇ ਚੰਗੇ ਸਿੱਟੇ ਕੱਢਣੇ ਸ਼ੁਰੂ ਕੀਤੇ। ਵਿਲਮਾ ਜਿਸ ਮੁਕਾਬਲੇ ਵਿਚ ਵੀ ਜਾਂਦੀ, ਧੰਨ-ਧੰਨ ਕਰਾ ਦਿੰਦੀ। ਉਹ ਮੁਰਗਾਬੀ ਵਾਂਗ ਟਰੈਕ ਦੀਆਂ ਤਾਰੀਆਂ ਲਾਉਂਦੀ। ਉਹਦਾ ਰੰਗ ਪੱਕਾ ਸੀ ਜੋ ਧੁੱਪਾਂ 'ਚ ਤਪ ਕੇ ਤਾਂਬੇ ਰੰਗੀ ਭਾਅ ਮਾਰਨ ਲੱਗ ਪਿਆ ਸੀ। ਉਹਦੇ ਨੈਣ ਨਕਸ਼ ਭਾਵੇਂ ਬਹੁਤੇ ਦਿਲਖਿਚਵੇਂ ਨਹੀ ਸਨ ਪਰ ਚਾਲ ਢਾਲ ਵਿਚ ਬੜੀ ਖਿੱਚ ਸੀ। ਮਿਲਖਾ ਸਿੰਘ ਵੀ ਰੋਮ ਓਲੰਪਿਕ ਖੇਡਾਂ ਵਿਚ ਭਾਗ ਲੈਣ ਗਿਆ ਸੀ ਤੇ ਹਾਕੀ ਵਾਲੇ ਪ੍ਰਿਥੀਪਾਲ ਹੋਰੀਂ ਵੀ ਰੋਮ ਗਏ ਸਨ। ਉਹ ਵਿਲਮਾ ਨੂੰ ਵੇਖਦੇ ਤਾਂ ਉਹਦੇ ਕੱਦ ਕਾਠ ਦੀ ਉਸਤਤ ਕਰਦੇ, "ਆਹ ਤਾਂ ਯਾਰ ਆਪਣੇ ਨਾਲੋਂ ਵੀ ਉਚੀ ਐ!"

ਸਾਡੇ ਕਈ ਖਿਡਾਰੀਆਂ ਦੇ ਜੂੜਿਆਂ ਸਣੇ ਵੀ ਕੱਦ ਉਹਤੋਂ ਨੀਵੇਂ ਸਨ। ਉਥੇ ਉਹ ਪੂਰੀ ਤਿਆਰੀ ਵਿਚ ਸੀ ਪਰ ਸੋਨੇ ਦੇ ਤਿੰਨ ਤਮਗੇ ਜਿੱਤਣ ਦੀ ਚਿਣਗ ਉਸ ਨੂੰ ਟੇਕ ਨਹੀਂ ਸੀ ਲੈਣ ਦੇ ਰਹੀ। ਉਹ ਨੀਂਦ ਵਿਚੋਂ ਵੀ ਅਚਾਨਕ ਤ੍ਰਭਕ-ਤ੍ਰਭਕ ਉਠਦੀ।

ਦੌੜ ਮੁਕਾਬਲੇ ਸ਼ੁਰੂ ਹੋਏ ਤਾਂ ਵਿਲਮਾ ਦਾ ਇਕ ਪੈਰ ਟੇਢਾ ਪੈ ਗਿਆ ਜਿਸ ਨਾਲ ਮੋਚ ਆ ਗਈ। ਪਰ ਉਹ ਪੈਰ ਦੇ ਦਰਦ ਨਾਲ ਵੀ ਦੌੜਦੀ ਗਈ ਤੇ ਆਪਣੀ ਹੀਟ ਵਿਚ ਪ੍ਰਥਮ ਆਈ। ਹੀਟਾਂ ਦੌਰਾਨ ਉਸ ਦੀ ਮੋਚ ਠੀਕ ਹੋ ਗਈ ਤੇ ਉਹ 100 ਮੀਟਰ ਦੌੜ ਦੇ ਫਾਈਨਲ ਵਿਚ ਅੱਪੜ ਗਈ। ਹੁਣ ਸਭ ਦੀਆਂ ਨਜ਼ਰਾਂ ਇਸ ਲੰਮੀ ਝੰਮੀ ਅਫਰੀਕਨ ਕਾਲੀ ਕੁੜੀ ਉਤੇ ਸਨ। ਉਸ ਨੇ ਲੰਮੇ ਕਦਮਾਂ ਨਾਲ ਦੌੜ ਪੂਰੀ ਕੀਤੀ ਤੇ 11 ਸਕਿੰਟ ਦੇ ਰਿਕਾਰਡ ਸਮੇਂ ਨਾਲ ਸੋਨ-ਤਮਗਾ ਜਿੱਤਿਆ। ਉਹ 200 ਮੀਟਰ ਦੌੜ ਦਾ ਸੋਨ-ਤਮਗਾ ਵੀ ਜਿੱਤ ਗਈ ਤੇ 4+100 ਰੀਲੇਅ ਦੌੜ ਦਾ ਸੋਨ-ਤਮਗਾ ਵੀ। ਗੋਲਡਨ ਹੈਟ ਟ੍ਰਿਕ!

ਇਕੋ ਓਲੰਪਿਕਸ ਵਿਚੋਂ ਸੋਨੇ ਦੇ ਤਿੰਨ ਤਮਗੇ ਜਿੱਤ ਕੇ ਅਪਾਹਜ ਤੋਂ ਓਲੰਪਿਕ ਚੈਂਪੀਅਨ ਬਣੀ ਇਸ ਲੜਕੀ ਨੇ ਖੇਡ ਜਗਤ ਵਿਚ ਤਰਥੱਲੀ ਮਚਾ ਦਿੱਤੀ। ਉਹਦੀਆਂ ਜਿੱਤਾਂ ਨੇ ਦੁਨੀਆਂ ਨੂੰ ਸੰਦੇਸ਼ ਦਿੱਤਾ ਕਿ ਜਨਮੋਂ ਕੋਈ ਬੱਚਾ ਕਿੰਨਾ ਵੀ ਕਮਜ਼ੋਰ ਜਾਂ ਬਚਪਨ ਵਿਚ ਕਿੰਨਾ ਵੀ ਬਿਮਾਰ ਕਿਉਂ ਨਾ ਰਿਹਾ ਹੋਵੇ, ਜੇ ਉਹਦੇ ਵਿਚ ਕੁਝ ਕਰ ਵਿਖਾਉਣ ਦਾ ਜਜ਼ਬਾ ਹੈ ਤਾਂ ਉਹ ਜੋ ਚਾਹੇ ਕਰ ਸਕਦਾ ਹੈ। ਪੰਜਾਬੀ ਦੇ ਪ੍ਰਸਿਧ ਕਵੀ ਹਾਸ਼ਮ ਸ਼ਾਹ ਨੇ ਐਵੇਂ ਨਹੀਂ ਸੀ ਲਿਖਿਆ-ਹਾਸ਼ਮ ਫਤਿਹ ਨਸੀਬ ਤਿਨ੍ਹਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ।

ਧਨੀ ਰਾਮ ਚਾਤ੍ਰਿਕ ਵੀ ਕਹਿੰਦਾ ਹੈ-ਹਿੰਮਤ ਵਾਲੇ ਪਰਬਤਾਂ ਨੂੰ ਚੀਰ ਲਿਜਾਂਦੇ...।

ਨਿਸ਼ਾਨਾ ਲਾਉਣ ਤੋਂ ਪਹਿਲਾਂ ਅਰਜਨ ਦੀਆਂ ਅੱਖਾਂ ਸਿਰਫ ਮੱਛੀ ਦੀ ਅੱਖ ਵੇਖ ਰਹੀਆਂ ਸਨ, ਹੋਰ ਕੁਝ ਨਹੀਂ। ਮਿਲਖਾ ਸਿੰਘ ਆਪਣੀ ਹਿੰਮਤ ਤੇ ਸਿਰੜੀ ਅਭਿਆਸ ਨਾਲ ਪਹਿਲੇ ਓਲੰਪਿਕ ਰਿਕਾਰਡ ਨਾਲੋਂ ਬਿਹਤਰ ਸਮਾਂ ਕੱਢ ਗਿਆ। ਸਹੂਲਤਾਂ ਖਿਡਾਰੀਆਂ ਦੀ ਆਪਣੀ ਲਗਨ, ਮਿਹਨਤ ਤੇ ਜਿੱਤਾਂ ਜਿੱਤਣ ਦੇ ਸਿਰੜ ਨੂੰ ਹੀ ਸਾਣ ਚਾੜ੍ਹਦੀਆਂ ਹਨ। ਸਹੂਲਤਾਂ ਆਪਣੇ ਆਪ ਵਿਚ ਜਿੱਤਾਂ ਦੀਆਂ ਜ਼ਾਮਨ ਨਹੀਂ ਬਣ ਸਕਦੀਆਂ।



*1961 ਵਿਚ ਮੈਡੀਸਨ ਸਕੁਏਅਰ ਗਾਰਡਨ ਵਿਚ ਹੋਈ 50 ਗਜ ਦੀ ਦੌੜ ਵਿਚ ਬਾਜੀ ਮਾਰਦੀ ਹੋਈ ਵਿਲਮਾ ਰੁਡੋਲਫ*

ਤੰਗੀਆਂ ਤੁਰਸ਼ੀਆਂ ਵਾਲੇ ਘਰ ਦੀ ਜੰਮੀ ਵਿਲਮਾ ਅੰਬਰਾਂ 'ਚ ਬਿਜਲੀ ਵਾਂਗ ਲਿਸ਼ਕੀ ਤੇ ਵਾਵਰੋਲੇ ਵਾਂਗ ਚੜ੍ਹੀ। ਉਹਦੀ ਚਮਕ-ਦਮਕ ਨੇ ਸਾਧਨਾਂ ਵਾਲੇ ਤੇ ਸਾਧਨ ਵਿਹੂਣੇ, ਸਭਨਾਂ ਲੋਕਾਂ ਨੂੰ ਚੁੰਧਿਆ ਦਿੱਤਾ। ਉਸ ਆਖਿਆ ਕਿ ਉਹ ਗਰੀਬ ਜ਼ਰੂਰ ਸੀ ਪਰ ਆਜ਼ਾਦੀ ਮਾਣਨ ਅਤੇ ਮੌਕੇ ਸੰਭਾਲਣ ਪੱਖੋਂ ਉਹ ਪੂਰੀ ਅਮੀਰ ਸੀ।

ਬਹੁਤ ਸਾਰੇ ਖਿਡਾਰੀ ਹਨ ਜੋ ਆਪਣੀ ਅਸਫਤਾ ਦੇ ਰੋਣੇ ਉਂਜ ਹੀ ਰੋਈ ਜਾਂਦੇ ਹਨ ਤੇ ਭਾਂਡੇ ਹੋਰਨਾਂ ਸਿਰ ਭੰਨੀ ਜਾਂਦੇ ਹਨ। ਇਹ ਕੋਈ ਚੰਗੀ ਆਦਤ ਨਹੀਂ। ਵਿਲਮਾ ਰੁਡੋਲਫ ਨੇ ਜੋ ਕੁਝ ਕੀਤਾ, ਉਹ ਆਪਣੇ ਇਰਾਦੇ, ਮਿਹਨਤ ਤੇ ਸਾਹਸ ਨਾਲ ਕੀਤਾ। ਜੇ ਕਿਤੇ ਅਸਫਲ ਹੋਈ ਤਾਂ ਵੀ ਆਪਣੀ ਕਿਸੇ ਕਮੀ ਕਮਜ਼ੋਰੀ ਕਾਰਨ ਹੋਈ। ਉਸ ਨੇ ਆਪਣੇ ਨਾਲ ਪੜ੍ਹਦੇ ਰਹੇ ਇਕ ਸਾਥੀ ਸੰਗ ਵਿਆਹ ਕੀਤਾ। ਚਾਰ ਬੱਚੇ ਵੀ ਹੋਏ ਪਰ ਅਧੇੜ ਉਮਰ ਵਿਚ ਉਨ੍ਹਾਂ ਦੀ ਬਣ ਨਹੀਂ ਸਕੀ ਤੇ ਉਨ੍ਹਾਂ ਦਾ ਤਲਾਕ ਹੋ ਗਿਆ। ਇਸ ਤਲਾਕ ਵਿਚ ਨਾ ਪੂੰਜੀਵਾਦ ਦਾ ਦਖਲ ਸੀ ਤੇ ਨਾ ਸਮਾਜਵਾਦ ਦਾ।

ਜਿਹੜੇ ਮੀਂਹ ਪਏ ਤੋਂ ਤਿਲ੍ਹਕ ਜਾਣ ਦਾ ਦੋਸ਼ ਵੀ ਵਾਦਾਂ-ਵਿਵਾਦਾਂ, ਧਰਮਾਂ, ਸਰਕਾਰਾਂ, ਰਾਜਨੀਤੀ ਤੇ ਹੋਰ ਪਤਾ ਨਹੀਂ ਕੀਹਦੇ ਕੀਹਦੇ ਸਿਰ ਥੱਪੀ ਜਾਂਦੇ ਹਨ, ਉਨ੍ਹਾਂ ਨੂੰ ਤਿਲ੍ਹਕ ਜਾਣ ਤੋਂ ਆਪ ਵੀ ਬਚਣਾ ਬਣਦਾ ਹੈ। ਭਾਰਤ ਦੇ ਸਵਾ ਸੌ ਕਰੋੜ ਤੋਂ ਵੱਧ ਲੋਕ ਜੇ ਹਰ ਰੋਜ਼ ਮੰਜੇ-ਪੀੜ੍ਹੀ ਜਿੰਨਾ ਸਾਂਝਾ ਥਾਂ ਵੀ ਸਾਫ ਕਰ ਲਿਆ ਕਰਨ ਤਾਂ ਇਕ ਮਹੀਨੇ 'ਚ ਸਾਰਾ ਮੁਲਕ ਸਾਫ ਹੋ ਸਕਦਾ ਹੈ। ਪਰ ਜਿਥੇ ਜ਼ਿੰਮੇਵਾਰੀਆਂ ਇਕ ਦੂਜੇ ਉਤੇ ਸੁੱਟਿਆਂ ਹੀ ਗੁਜ਼ਾਰਾ ਹੋਈ ਜਾਂਦਾ ਹੋਵੇ, ਉਥੇ ਕੌਣ ਕਿਸੇ ਦੀ ਸੁਣਦਾ ਹੈ? ਭਾਰਤ ਦੇ ਖੇਡ ਖੇਤਰ ਵਿਚ 70 ਸਾਲਾਂ ਤੋਂ ਇਹੋ ਚਾਲਾ ਚੱਲ ਰਿਹੈ। ਭਾਰਤ ਦੇ ਖੇਡਾਂ ਵਿਚ ਪਛੜੇ ਰਹਿਣ ਦਾ ਮੁੱਖ ਕਾਰਨ ਆਪੋ ਆਪਣੀ ਜ਼ਿੰਮੇਵਾਰੀ ਤੋਂ ਭੱਜਣਾ ਵੀ ਹੈ।

ਗੱਲ ਤੋਰੀ ਸੀ ਵਿਲਮਾ ਰੁਡੋਲਫ ਦੀ। ਉਹ 23 ਜੂਨ 1940 ਨੂੰ ਜੰਮੀ ਸੀ ਤੇ ਕੈਂਸਰ ਦੀ ਨਾਮੁਰਾਦ ਬਿਮਾਰੀ ਕਾਰਨ ਕੇਵਲ 54 ਸਾਲ ਦੀ ਉਮਰੇ 12 ਨਵੰਬਰ 1994 ਨੂੰ ਪਰਲੋਕ ਸਿਧਾਰ ਗਈ। ਉਸ ਨੇ ਆਪਣੀ ਸਵੈ ਜੀਵਨੀ ਵੀ ਲਿਖੀ, ਜੀਹਦੇ ਆਧਾਰ 'ਤੇ ਹਾਲੀਵੁੱਡ ਨੇ 'ਵਿਲਮਾ' ਨਾਂ ਦੀ ਫਿਲਮ ਬਣਾਈ। ਵਿਲਮਾ ਨੇ ਆਪਣੇ ਕੈਰੀਅਰ ਵਿਚ ਕਈ ਕਿੱਤੇ ਅਪਨਾਏ। ਉਹ ਅਧਿਆਪਕ, ਲੈਕਚਰਾਰ, ਖੋਜਕਾਰ, ਕੁਮੈਂਟੇਟਰ, ਮਾਡਲ ਤੇ ਮਿਸ਼ਨਰੀ ਬਣੀ। ਤਲਾਕ ਪਿਛੋਂ ਉਸ ਨੇ ਵਿਲਮਾ ਰੁਡੋਲਫ ਫਾਊਂਡੇਸ਼ਨ ਬਣਾਈ ਜਿਸ ਲਈ ਲੱਖਾਂ ਡਾਲਰ 'ਕੱਠੇ ਕੀਤੇ। ਇਹ ਫਾਊਂਡੇਸ਼ਨ ਸਾਧਨਹੀਣ ਬੱਚਿਆਂ ਨੂੰ ਸਾਧਨ ਮੁਹੱਈਆ ਕਰਦੀ ਹੈ ਤਾਂ ਜੋ ਜੀਹਦੇ ਅੰਦਰ ਵੀ ਅੱਗ ਦੀ ਚਿਣਗ ਮਘਣਾ ਚਾਹੁੰਦੀ ਹੈ, ਉਹ ਮਘ ਸਕੇ, ਜਗ ਸਕੇ ਤੇ ਆਪਣਾ ਆਲਾ-ਦੁਆਲਾ ਰੁਸ਼ਨਾ ਸਕੇ।

# ਮੜ੍ਹਕ ਨਾਲ ਤੁਰਨ ਵਾਲਾ ਗੀਤਕਾਰ ਸੇਖੋਂ ਜੰਡਵਾਲੀਆ

## ਲੋਕ ਸੁਰਾਂ

ਪੰਜਾਬੀ ਗੀਤਕਾਰੀ ਵਿਚ ਸੇਖੋਂ ਜੰਡਵਾਲੀਆ ਕੋਈ ਨਵਾਂ ਹਸਤਾਖਰ ਨਹੀਂ ਹੈ। ਪਿਛਲੇ ਦੋ ਦਹਾਕਿਆਂ ਤੋਂ ਉਹ ਨਿਰੰਤਰ ਆਪਣੀ ਚੇਤੰਨ ਗੀਤਕਾਰੀ ਸਦਕਾ ਪੰਜਾਬੀ ਸੱਭਿਆਚਾਰ ਦੇ ਵਿਹੜੇ ਵਿਚ ਆਪਣੀ ਹਾਜਰੀ ਲਵਾ ਰਿਹਾ ਹੈ।



ਬੱਬੀ ਜਾਤੀਮਾਜਰਾ
ਫੋਨ: 91-90568-22270

ਕਈ ਸਾਲ ਪਹਿਲਾਂ ਗਾਇਕ ਤੇ ਗੀਤਕਾਰ ਰਾਜ ਬਰਾੜ ਅਤੇ ਸ਼ਾਇਰਾ ਖਾਨ ਦਾ ਗਾਇਆ ਗੀਤ 'ਅੱਜ 31 ਮਾਰਚ ਹੈ ਠੇਕੇ ਟੁੱਟਗੇ' ਸੇਖੋਂ ਜੰਡਵਾਲੀਏ ਦੀ ਗੀਤਕਾਰੀ ਦਾ ਉਹ ਨਮੂਨਾ ਹੈ ਜੋ ਅੱਜ ਵੀ ਉਸੇ ਤਰ੍ਹਾਂ ਹਰ ਸਾਲ 31 ਮਾਰਚ ਨੂੰ ਠੇਕਿਆਂ ਦੇ ਆਲੇ-ਦੁਆਲੇ ਬਹੁਤ ਧੂੰਮ ਨਾਲ ਵੱਜਦਾ ਹੈ।

ਸੇਖੋਂ ਜੰਡਵਾਲਾ ਦਾ ਅਸਲ ਨਾਮ ਹਰਪਾਲ ਸਿੰਘ ਸੇਖੋਂ ਹੈ। ਪਿੰਡ ਜੰਡਵਾਲਾ ਜਿਲ੍ਹਾ ਫਿਰੋਜਪੁਰ ਵਿਚ ਪਿਤਾ ਮੁਖਤਿਆਰ ਸਿੰਘ (ਸਵਰਗੀ) ਦੇ ਘਰ ਮਾਤਾ ਗੁਰਦੇਵ ਕੌਰ ਦੀ ਕੁੱਖੋਂ ਜਨਮੇ ਹਰਪਾਲ ਸੇਖੋਂ ਨੇ ਪਿੰਡ ਦਾ ਨਾਮ ਆਪਣੇ ਨਾਂ ਨਾਲ ਜੋੜ ਕੇ 'ਜੰਡਵਾਲਾ' ਨੂੰ ਦੁਨੀਆਂ 'ਚ ਮਸ਼ਹੂਰ ਕਰ ਦਿੱਤਾ। ਜੇ ਕਿਧਰੇ ਵੀ ਜੰਡਵਾਲਾ ਪਿੰਡ ਦੀ ਗੱਲ ਛਿੜਦੀ ਹੈ ਤਾਂ ਸੇਖੋਂ ਬਾਈ ਦਾ ਨਾਮ ਜਰੂਰ ਚੇਤੇ ਆਉਂਦਾ ਹੈ।

ਗੀਤਕਾਰੀ ਵਿਚ ਆਪਣੀ ਵੱਖਰੀ ਪਛਾਣ ਬਣਾਉਣ ਵਾਲੇ ਹਰਪਾਲ ਸੇਖੋਂ ਨੇ ਸਰਲ-ਸਪਸ਼ਟ, ਮੁਹਾਵਰੇਦਾਰ ਤੇ ਸਭਿਅਕ ਸ਼ਬਦਾਵਲੀ ਅਪਨਾ ਕੇ ਹਰ ਵਿਸ਼ੇ 'ਤੇ ਗੀਤਾਂ ਦੀ ਰਚਨਾ ਕੀਤੀ। ਘਟੀਆ ਸ਼ਬਦਾਵਲੀ ਵਾਲੇ ਗੀਤਾਂ ਤੋਂ ਕੋਹਾਂ ਦੂਰ ਰਹਿਣ ਵਾਲਾ ਸੇਖੋਂ ਬਹੁਤ ਹੀ ਨਿੱਘੇ ਸੁਭਾਅ ਦਾ ਹੈ। ਦੀਦਾਰ ਸੰਧੂ ਦੀ ਗੀਤਕਾਰੀ ਤੇ ਗਾਇਕੀ ਦਾ ਮੁਰੀਦ ਸੇਖੋਂ ਬਚਪਨ ਵਿਚ ਸਕੂਲ 'ਚ ਸਨਿਚਰਵਾਰ ਦੀਆਂ ਬਾਲ-ਸਭਾਵਾਂ 'ਚ ਤਾਂ ਭਾਵੇ ਗਾਉਣ ਦਾ ਹੀ ਸ਼ੌਕ ਰੱਖਦਾ ਸੀ ਪਰ ਅਧਿਆਪਕਾਂ ਪਾਸੋਂ ਮਿਲੀ ਹੱਲਾ-ਸ਼ੇਰੀ ਨਾਲ ਲਿਖਣ ਵੱਲ ਕੁੱਦ ਪਿਆ। ਘਰ ਵਿਚ ਉਸ ਦੇ ਦਾਦਾ ਸ. ਗੁਰਦਿਆਲ ਸਿੰਘ ਵੀ ਆਪਣੇ ਸਮੇਂ ਦੇ ਪ੍ਰਸਿੱਧ ਕਵੀਸ਼ਰ ਹਨ।

ਹਰਪਾਲ ਸੇਖੋਂ ਨੇ ਗੀਤਕਾਰੀ ਦੇ ਗੁਰ ਸਿੱਖਣ ਲਈ ਪ੍ਰਸਿੱਧ ਗੀਤਕਾਰ ਪ੍ਰੀਤ ਕਾਲਝਰਾਣੀ ਨੂੰ ਬਾਕਾਇਦਾ ਆਪਣਾ ਗੁਰੂ ਧਾਰਿਆ। ਸੇਖੋਂ ਦੇ ਲਿਖੇ ਹਿੱਟ ਗੀਤਾਂ ਦੀ ਗੱਲ ਕਰੀਏ ਤਾਂ 'ਅੱਜ 31 ਮਾਰਚ ਹੈ ਠੇਕੇ ਟੁੱਟਗੇ', 'ਦੁੱਧ ਵਰਗੇ ਦਰਸ਼ਨ ਹੋ'ਗੇ', 'ਬੰਨ ਬਿਸਤਰਾ ਮਾਹੀਆ ਤੁਰਜੇਂਗਾ ਲੇਹ-ਲਦਾਖ', 'ਚਾਂਦੀ ਦੀਆਂ ਝਾਂਜਰਾਂ', 'ਬੜੇ ਵਧੀਆ ਸ਼ੌਕੀਨਾਂ', 'ਢੋਡਾ ਕੋਟਕਪੂਰੇ ਦਾ', 'ਪਾਣੀ ਮਾੜੇ ਹੋ ਗਏ', 'ਮਿਲਣ ਗਈ ਨਾ ਪੇਕੇ', 'ਚਾਈਨਾ ਡੋਰ', 'ਨੱਚ ਮੁੰਡਿਆ', 'ਨਸ਼ੇ' ਆਦਿ ਅਨੇਕਾਂ ਗੀਤ ਅਜਿਹੇ ਹਨ, ਜੋ ਲੋਕਾਂ ਨੇ ਖਿੜੇ ਮੱਥੇ ਪ੍ਰਵਾਨ ਕੀਤੇ। ਸੇਖੋਂ ਦਾ ਲਿਖਿਆ ਤੇ ਗਾਇਕ ਨਿਰਮਲ ਸਿੱਧੂ ਦਾ ਗਾਇਆ ਗੀਤ 'ਨਸ਼ੇ' ਗੀਤ ਸਿੱਖ ਯੂਥ ਯੂ.ਕੇ. ਵੱਲੋਂ ਪੇਸ਼ ਕੀਤਾ ਗਿਆ ਸੀ ਜੋ ਕਿ ਆਈ ਟੋਨ 'ਤੇ ਵਿਸ਼ਵ ਵਿਚੋਂ ਚੌਥੇ ਸਥਾਨ 'ਤੇ ਰਿਹਾ ਹੈ, ਇਹ ਵੀ ਸੇਖੋਂ ਦੀ ਇੱਕ ਵੱਡੀ ਪ੍ਰਾਪਤੀ ਹੈ।



*ਸੇਖੋਂ ਜੰਡਵਾਲੀਆ*

ਜੇਕਰ ਉਨ੍ਹਾਂ ਗਾਇਕਾਂ ਦੀ ਗੱਲ ਕਰੀਏ ਜਿਨ੍ਹਾਂ ਸੇਖੋਂ ਦੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ ਹੈ ਤਾਂ ਨਿਰਮਲ ਸਿੱਧੂ, ਰਾਜ ਬਰਾੜ, ਸੁਰਜੀਤ ਭੁੱਲਰ, ਭਿੰਦੇ ਸ਼ਾਹ, ਕੁਲਵਿੰਦਰ ਕੰਵਲ, ਪ੍ਰਕਾਸ਼ ਸਰਾਂ, ਸੁਰਿੰਦਰ ਮਾਨ, ਰਾਜਾ ਮਰਖਈ, ਜੱਸ ਸਿੱਧੂ, ਮੋਹਦੀਪ ਮਾਨ, ਬਿੰਦੀ ਬਰਾੜ ਆਦਿ ਤੇ ਗਾਇਕਾਵਾਂ ਵਿਚ ਬਾਲੀਵੁੱਡ ਗਾਇਕਾ ਸ਼ਾਇਰਾ ਖਾਨ, ਅਨੀਤਾ ਸਮਾਣਾ, ਮਿਸ ਪੂਜਾ, ਸੁਮਨ ਭੱਟੀ, ਕਰਮਜੀਤ ਕੰਮੋ, ਬੀਬਾ ਦੀਪ ਕਿਰਨ, ਸਪਨਾ ਕਮਲ ਆਦਿ ਦੇ ਨਾਂ ਆਉਂਦੇ ਹਨ। ਦੇਬੀ ਮਖਸੂਸਪੁਰੀ ਤੇ ਗੁਰਦਾਸ ਮਾਨ ਦੀ ਗੀਤਕਾਰੀ ਨੂੰ ਪਿਆਰ ਕਰਨ ਵਾਲਾ ਸੇਖੋਂ ਪੇਸ਼ੇ ਵਜੋਂ ਇਲੈਕਟ੍ਰੀਸ਼ਨ ਹੈ। ਗਾਇਕ ਹਰਿੰਦਰ ਸੰਧੂ ਦੇ ਜਿਗਰੀ ਯਾਰ ਹਰਪਾਲ ਸੇਖੋਂ ਨੂੰ ਅਨੇਕਾਂ ਹੀ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁਕਾ ਹੈ।

ਗੀਤਕਾਰ ਹਰਪਾਲ ਸੇਖੋਂ ਨੇ ਹੁਣ ਤੱਕ 'ਇਹ ਮੇਰਾ ਪੰਜਾਬ', 'ਉਲਝੇ ਤੰਦ', 'ਭਾਈ ਭਗਤੂ ਦੀ ਮਹਿਮਾ' ਨਾਮੀ ਕਿਤਾਬਾਂ ਵੀ ਲਿਖੀਆਂ ਹਨ ਜੋ ਪਾਠਕਾਂ ਵਿਚ ਮਕਬੂਲ ਹੋਈਆਂ ਹਨ। ਕਬੱਡੀ ਬਾਰੇ ਉਸ ਦੇ ਲਿਖੇ ਸ਼ੇਅਰ ਅਕਸਰ ਹੀ ਖੇਡ-ਮੇਲਿਆਂ 'ਤੇ ਸੁਣੇ ਜਾਂਦੇ ਹਨ। ਹਰਪਾਲ ਸੇਖੋਂ ਇੱਕ ਬਹੁਤ ਹੀ ਵਧੀਆ ਮੰਚ ਸੰਚਾਲਕ ਵੀ ਹੈ। ਪਰਮਾਤਮਾ 'ਚ ਅਟੁੱਟ ਵਿਸ਼ਵਾਸ ਰੱਖਣ ਵਾਲਾ ਸੇਖੋਂ, ਗੁਰਮੀਤ ਗਿੱਲ (ਮੰਡਵਾਲਾ) ਕੈਨੇਡਾ, ਗੁਰਪ੍ਰੀਤ ਤੂਰ ਕੈਨੇਡਾ, ਇੰਦਰਜੀਤ ਗਰੇਵਾਲ ਕੈਨੇਡਾ, ਗੁਰਲਾਲ ਗਿੱਲ ਮਾਣੂਕੇ ਕੈਨੇਡਾ, ਜਗਜੀਤ ਸਿੰਘ (ਬੌਬੀ ਬਰਾੜ) ਨਿਊਜੀਲੈਂਡ, ਜਸਵਿੰਦਰ ਖੋਸਾ (ਟੋਰਾਂਟੋ) ਦਾ ਦਿਲੋਂ ਧੰਨਵਾਦੀ ਹੈ ਜਿਨ੍ਹਾਂ ਉਸ ਦਾ ਪੈਰ-ਪੈਰ 'ਤੇ ਸਾਥ ਦਿੱਤਾ। ਹਰਜਿੰਦਰ ਕੌਰ ਦਾ ਕੰਤ, ਸੇਖੋਂ ਤਿੰਨ ਧੀਆਂ-ਮਨਵੀਰ, ਸੁਮਿੰਦਰ, ਅਮਨਦੀਪ ਕੌਰ ਤੇ ਬੇਟੇ ਧਨਵੰਤ ਸੇਖੋਂ ਨਾਲ ਆਪਣੇ ਪਿੰਡ ਹੀ ਰਹਿ ਕੇ ਖੁਸ਼ੀਆਂ ਮਾਣ ਰਿਹਾ ਹੈ।

# ਡੋਨਲਡ ਟਰੰਪ, ਅਮਰੀਕਾ ਅਤੇ ਕੁੱਲ ਆਲਮ

ਡੋਨਲਡ ਟਰੰਪ ਦੇ 20 ਜਨਵਰੀ 2017 ਨੂੰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਵੇਲੇ ਦੁਨੀਆਂ ਵਿਚ ਅਮਰੀਕਾ ਦੀ ਚੜ੍ਹਤ ਨੂੰ ਖੋਰਾ ਲੱਗ ਰਿਹਾ ਹੈ। ਸੋਵੀਅਤ ਯੂਨੀਅਨ ਦੇ ਖਿੰਡਣ ਤੋਂ ਬਾਅਦ ਇਹ ਦੁਨੀਆ ਦੀ ਇੱਕੋ-ਇੱਕ ਮਹਾਂ-ਸ਼ਕਤੀ ਬਣ ਕੇ ਉਭਰਿਆ ਸੀ। ਉਸ ਨੇ ਰੂਸ ਨੂੰ ਘੇਰਨ ਲਈ ਨਾਟੋ ਦਾ ਵਿਸਤਾਰ ਰੂਸ ਦੀ ਸਰਹੱਦ ਯੂਕਰੇਨ ਤਕ ਕਰਨ ਦੀ ਕੋਸ਼ਿਸ਼ ਕੀਤੀ ਅਤੇ ਚੀਨ ਨੂੰ ਘੇਰਨ ਲਈ ਅਮਰੀਕਾ, ਜਾਪਾਨ, ਆਸਟਰੇਲੀਆ ਅਤੇ

**ਡਾ. ਮੋਹਨ ਸਿੰਘ**
ਫੋਨ: +91-94176-94562

ਭਾਰਤ ਦਾ ਸਾਂਝਾ ਚੁਪਾਇਆ ਗੁੱਟ ਬਣਾਉਣ ਦੇ ਯਤਨ ਕੀਤੇ। ਕਿਊਬਾ, ਲਿਬੀਆ, ਇਰਾਕ, ਇਰਾਨ, ਉਤਰੀ ਕੋਰੀਆ ਤੇ ਸੀਰੀਆ ਆਦਿ ਦੇਸ਼ਾਂ 'ਤੇ ਦੋਸ਼ ਲਾ ਕੇ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ। ਅਫ਼ਗਾਨਿਸਤਾਨ ਅਤੇ ਇਰਾਕ 'ਤੇ ਹਮਲੇ ਕਰ ਕੇ ਆਪਣੀਆਂ ਕਠਪੁਤਲੀ ਸਰਕਾਰਾਂ ਬਿਠਾਈਆਂ। ਮੱਧ-ਪੂਰਬ ਏਸ਼ੀਆ 'ਚ ਆਪਣੇ ਅਸਰ-ਰਸੂਖ ਦੇ ਖੇਤਰ ਕਾਇਮ ਕਰਨ ਅਤੇ ਤੇਲ ਦੇ ਸਰੋਤਾਂ ਉਤੇ ਸਰਦਾਰੀ ਲਈ ਫ਼ੌਜੀ ਅੱਡੇ ਬਣਾਏ।

ਇਸ ਦੇ ਬਾਵਜੂਦ ਇਨ੍ਹਾਂ ਦੇਸ਼ਾਂ ਵਿਚ ਅਮਰੀਕਾ ਨੂੰ ਲਗਾਤਾਰ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਮਰੀਕਾ ਵੱਲੋਂ ਸੱਦਾਮ ਹੁਸੈਨ ਤੇ ਓਸਾਮਾ ਬਿਨ-ਲਾਦਿਨ ਨੂੰ ਮਾਰਿਆ ਗਿਆ। ਮੁਸਲਮਾਨ ਦੇਸ਼ਾਂ ਉਤੇ ਡਰੋਨ ਹਮਲੇ ਕੀਤੇ ਗਏ। ਬੇਕਸੂਰੇ ਮੁਸਲਮਾਨਾਂ ਨੂੰ ਅਤਿਵਾਦੀ ਗਰਦਾਨ ਕੇ ਗੁਆਟੇਨਾਮਾ ਬੇਅ ਵਿਚ ਸਾਲਾਂ ਬੱਧੀ ਤਸੀਹੇ ਦਿੱਤੇ ਗਏ। ਪ੍ਰਤੀਕਰਮ ਵਜੋਂ ਜਹਾਦੀ ਜਥੇਬੰਦੀਆਂ ਪੈਦਾ ਹੋਈਆਂ। ਹੁਣ ਉਹ ਅਮਰੀਕਾ ਤੇ ਇਸ ਦੇ ਇਤਿਹਾਦੀਆਂ ਉਤੇ ਮਨੁੱਖੀ ਬੰਬ ਬਣ ਕੇ ਹਮਲੇ ਕਰ ਰਹੀਆਂ ਹਨ। ਅਮਰੀਕਾ ਦੀ ਫ਼ੌਜ ਦੀ ਮੌਜੂਦਗੀ ਦੇ ਬਾਵਜੂਦ ਇਸਲਾਮਿਕ ਸਟੇਟ ਨੇ ਇਰਾਕ ਅਤੇ ਸੀਰੀਆ ਦੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ ਹੈ। ਨਿਊ ਯਾਰਕ ਅਤੇ ਪੈਂਟਾਗਨ 'ਤੇ ਹੋਏ ਹਵਾਈ ਹਮਲਿਆਂ ਅਤੇ ਇਰਾਕ ਤੇ ਅਫ਼ਗਾਨਿਸਤਾਨ ਅੰਦਰ ਅਮਰੀਕੀ ਫ਼ੌਜ ਨੂੰ ਮਿਲੀਆਂ ਪਛਾੜਾਂ ਨੇ ਅਮਰੀਕੀ ਫ਼ੌਜ ਦੇ ਸਰਬਸ਼ਕਤੀਮਾਨ ਹੋਣ ਦੇ ਦਾਅਵਿਆਂ ਨੂੰ ਖੋਖਲੇ ਸਾਬਿਤ ਕਰ ਦਿੱਤਾ ਹੈ। ਅਮਰੀਕਾ ਅਤੇ ਨਾਟੋ ਦੇਸ਼ਾਂ ਵੱਲੋਂ ਰੂਸ ਨੂੰ ਚਿਤਾਵਨੀਆਂ, ਧਮਕੀਆਂ ਅਤੇ ਪਾਬੰਦੀਆਂ ਦੇ ਬਾਵਜੂਦ ਉਸ ਵੱਲੋਂ ਅਮਰੀਕਾ ਦੇ ਸੰਗੀ ਯੂਕਰੇਨ ਦੇ ਕਰੀਮੀਆ 'ਤੇ ਕਬਜ਼ੇ ਅਤੇ ਸੀਰੀਆ 'ਚ ਦਖ਼ਲਅੰਦਾਜ਼ੀ ਨੇ ਉਸ ਦੀ ਇੱਕੋ-ਇੱਕ ਮਹਾਂ-ਸ਼ਕਤੀ ਹੋਣ ਦੇ ਅਕਸ ਉਤੇ ਸੱਟ ਮਾਰੀ ਹੈ। ਰੂਸ ਨੇ ਇਰਾਨ ਅਤੇ ਤੁਰਕੀ ਨਾਲ ਸਬੰਧ ਬਣਾ ਕੇ ਅਮਰੀਕਾ ਤੋਂ ਬਿਨਾ ਹੀ ਸੀਰੀਆ ਵਿਚ ਜੰਗਬੰਦੀ ਕਰ ਕੇ ਮੱਧ ਪੂਰਬ ਏਸ਼ੀਆ ਵਿਚ ਦਖ਼ਲ ਬਣਾ ਕੇ ਇਸ ਖਿੱਤੇ ਵਿਚ ਅਮਰੀਕਾ ਦੀ ਸਰਦਾਰੀ ਨੂੰ ਵੰਗਾਰਿਆ ਹੈ। ਉਧਰ ਚੀਨ ਨੇ ਦੱਖਣੀ ਸ਼ਾਂਤ ਮਹਾਂ-ਸਾਗਰ 'ਤੇ ਅਧਿਕਾਰ ਜਮ੍ਹਾ ਕੇ ਆਪਣੀ ਫ਼ੌਜੀ ਸ਼ਕਤੀ ਤਾਇਨਾਤ ਕਰ ਲਈ ਹੈ।

2008 ਦੀ ਮੰਦੀ ਨੇ ਅਮਰੀਕਾ ਦੇ ਕਦੇ ਵੀ ਆਰਥਿਕ ਸੰਕਟ ਵਿਚ ਨਾ ਆਉਣ ਦੇ ਭਰਮ ਨੂੰ ਤੋੜ ਦਿੱਤਾ ਹੈ। ਨਿਊ ਯਾਰਕ ਤੇ ਪੈਂਟਾਗਨ 'ਤੇ ਹਮਲਿਆਂ ਅਤੇ ਇਸ ਮੰਦੀ ਨੇ ਅਮਰੀਕੀ ਲੋਕਾਂ ਨੂੰ ਆਪਣੇ ਭਵਿੱਖ ਬਾਰੇ ਚਿੰਤਤ ਕਰ ਦਿੱਤਾ ਹੈ। ਬੇਚੈਨ ਹੋਏ ਲੋਕਾਂ ਨੇ 'ਵਾਲ ਸਟਰੀਟ ਘੇਰੋ' ਅਤੇ '99 ਫ਼ੀਸਦੀ ਵੱਲੋਂ ਇਕ ਫ਼ੀਸਦੀ' ਵਿਰੁੱਧ ਸੰਘਰਸ਼ ਆਰੰਭ ਕਰ ਦਿੱਤੇ। ਪੂੰਜੀਵਾਦੀ ਦੇਸ਼ਾਂ ਨੇ ਭਾਵੇਂ ਆ ਰਹੇ ਸੰਕਟ ਨੂੰ ਭਾਂਪ ਕੇ ਨਵ-ਉਦਾਰਵਾਦੀ ਨੀਤੀਆਂ ਅਪਣਾ ਕੇ ਸੰਸਾਰ ਵਪਾਰ ਅਤੇ ਉਤਪਾਦਕਾਂ ਨੂੰ ਵਧਾਉਣ ਲਈ 1995 'ਚ ਵਿਸ਼ਵ ਵਪਾਰ ਸੰਸਥਾ ਬਣਾਈ ਸੀ, ਇਸ ਦੇ ਬਾਵਜੂਦ ਆਰਥਿਕ ਮੰਦੀ ਕਾਰਨ ਬੇਰੁਜ਼ਗਾਰੀ 'ਚ ਓੜਕਾਂ ਦਾ ਵਾਧਾ ਹੋਇਆ। ਲੋਕ ਬੇਘਰ ਹੋ ਗਏ, ਮਜ਼ਦੂਰਾਂ ਦੀਆਂ ਉਜ਼ਰਤਾਂ 'ਤੇ ਕੱਟ ਲਾਈ ਗਈ, ਆਰਥਿਕ ਨਾ-ਬਰਾਬਰੀ ਵਿਚ ਵਾਧਾ ਹੋਇਆ, ਸਿਹਤ ਤੇ ਸਿੱਖਿਆ ਸੇਵਾਵਾਂ ਮਹਿੰਗੀਆਂ ਹੋ ਗਈਆਂ, ਬੁਨਿਆਦੀ ਢਾਂਚਾ ਪਛੜਨ ਲੱਗਾ, ਟੈਕਸਾਂ ਨੇ ਲੋਕਾਂ ਦਾ ਨੱਕ ਵਿਚ ਦਮ ਕਰ ਦਿੱਤਾ, ਵਾਤਾਵਰਣ ਬਜਟ 'ਚ ਕਟੌਤੀ ਕੀਤੀ ਗਈ ਅਤੇ ਅਤਿਵਾਦ 'ਚ ਵਾਧਾ ਹੋਇਆ। ਇਸ ਨੂੰ ਕੁਚਲਣ ਦੇ ਨਾਂ 'ਤੇ ਅਮਰੀਕਾ ਅੰਦਰ ਵੱਡੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਦਾ ਹਨਨ ਹੋਇਆ, ਪਰ ਸੰਕਟ ਅਜੇ ਵੀ ਜਾਰੀ ਹੈ।

ਅਮਰੀਕਾ ਸਿਰ 198 ਖਰਬ ਡਾਲਰ ਦਾ ਕਰਜ਼ਾ ਹੈ ਜੋ ਉਸ ਦੀ ਕੁੱਲ ਘਰੇਲੂ ਪੈਦਾਵਾਰ ਦਾ 106 ਫ਼ੀਸਦੀ ਹੈ। ਵਪਾਰ ਘਾਟੇ 'ਚ ਹੈ। ਬੇਰੁਜ਼ਗਾਰੀ ਵੱਡੀ ਸਮੱਸਿਆ ਬਣ ਕੇ ਉਭਰ ਰਹੀ ਹੈ। ਇਹ ਸਰਕਾਰੀ ਤੌਰ 'ਤੇ 4.6 ਫ਼ੀਸਦੀ, ਪਰ ਗ਼ੈਰ-ਸਰਕਾਰੀ ਤੌਰ 'ਤੇ 23 ਫ਼ੀਸਦੀ ਹੈ। ਚੋਣਾਂ ਦੌਰਾਨ




ਹਿਲੇਰੀ ਕਲਿੰਟਨ ਨੇ ਬਰਾਕ ਓਬਾਮਾ ਦੀਆਂ ਨੀਤੀਆਂ ਨੂੰ ਜਾਰੀ ਰਖਦਿਆਂ ਉਪਰੋਕਤ ਮੁੱਦਿਆਂ ਨੂੰ ਆਧਾਰ ਬਣਾ ਕੇ ਮੰਗਾਂ ਪੂਰੀਆਂ ਕਰਨ ਦੇ ਵਾਅਦੇ ਕੀਤੇ ਸਨ, ਪਰ ਟਰੰਪ ਇਨ੍ਹਾਂ ਨੀਤੀਆਂ ਤੋਂ ਹਟ ਕੇ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਪਰਵਾਸੀਆਂ ਨੂੰ ਰੋਕਣ ਲਈ ਮੈਕਸੀਕੋ-ਅਮਰੀਕਾ ਸਰਹੱਦ 'ਤੇ ਕੰਧ ਬਣਾਉਣ, ਮੁਸਲਮਾਨਾਂ 'ਤੇ ਅਸਥਾਈ ਪਾਬੰਦੀ ਲਾਉਣ, ਡੇਢ ਕਰੋੜ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਵਿਚੋਂ ਕੱਢਣ, ਅਮਰੀਕਾ ਦੇ ਆਊਟਸੋਰਸਿੰਗ ਕਾਰੋਬਾਰ ਨੂੰ ਬੰਦ ਕਰਨ, ਆਪਣਾ ਖ਼ਰਚਾ ਘਟਾਉਣ ਲਈ ਦੂਜੇ ਨਾਟੋ ਦੇਸ਼ਾਂ ਉਪਰ ਫ਼ੌਜੀ ਬਜਟ ਵਧਾਉਣ ਲਈ ਦਬਾਅ ਪਾਉਣ, ਕੌਮਾਂਤਰੀ ਅਦਾਰਿਆਂ ਯੂ.ਐਨ.ਓ., ਨੈਫਟਾ, ਐਪਕ ਅਤੇ ਵਾਤਾਵਰਣ ਆਦਿ ਸਮਝੌਤਿਆਂ ਤੋਂ ਪੈਰ ਪਿਛਾਂਹ ਖਿੱਚਣ, ਰੂਸ ਅਤੇ 'ਓਪੇਕ' ਨਾਲ ਮਿਲ ਕੇ ਤੇਲ ਮੰਡੀ 'ਤੇ ਸਰਦਾਰੀ ਬਣਾ ਕਰ ਕੇ ਵੱਧ ਤੋਂ ਵੱਧ ਮੁਨਾਫ਼ੇ ਕਮਾਉਣ, ਚੀਨ ਦੇ ਵਾਧੂ ਵਪਾਰ ਕਾਰਨ ਉਸ ਦੇ ਮਾਲ 'ਤੇ 48 ਫ਼ੀਸਦੀ ਕਸਟਮ ਡਿਊਟੀ ਲਾਉਣ, ਉਸ ਉਪਰ ਕੂਟਨੀਤਕ ਦਬਾਅ ਪਾਉਣ ਲਈ ਚੀਨ ਨੀਤੀ ਤੋਂ ਉਲਟ ਤਾਇਵਾਨ ਨਾਲ ਸਬੰਧ ਬਣਾਉਣ, 100 ਦਿਨਾਂ ਵਿਚ ਚੀਨ ਦੀ ਕਰੰਸੀ ਨੂੰ ਮੈਨੂਪਲੇਟਰ ਐਲਾਨਣ, ਕੌਮਾਂਤਰੀ ਸਮਝੌਤੇ ਤੋੜ ਕੇ ਹੋਰ ਦੇਸ਼ਾਂ 'ਤੇ ਦਬਾਅ ਪਾਉਣ ਲਈ ਪਰਮਾਣੂ ਧਮਾਕੇ ਕਰਨ ਦੀ ਧਮਕੀ ਦੇਣ, ਗੋਰੇ ਅਤੇ ਗ਼ੈਰ-ਗੋਰੇ ਲੋਕਾਂ 'ਚ ਪਾੜਾ ਪਾਉਣ ਲਈ ਨਸਲਵਾਦੀ ਨਫ਼ਰਤ ਫੈਲਾਉਣ ਆਦਿ ਦਾ ਪ੍ਰਚਾਰ ਕੀਤਾ ਹੈ।

ਟਰੰਪ ਨੇ ਚੋਣਾਂ ਦੌਰਾਨ ਭਾਵੇਂ ਵਾਲ ਸਟਰੀਟ ਅਤੇ ਵੱਡੇ ਕਾਰੋਬਾਰੀਆਂ ਦੀ ਅਲੋਚਨਾ ਕੀਤੀ ਸੀ, ਪਰ ਚੋਣਾਂ ਜਿੱਤਣ ਤੋਂ ਬਾਅਦ ਉਸ ਨੇ ਕਾਰੋਬਾਰੀਆਂ ਨੂੰ ਵੱਡੇ ਅਹੁਦੇ ਦਿੱਤੇ ਹਨ। ਟਰੰਪ ਨੂੰ ਭਾਵੇਂ ਗ਼ੈਰ-ਸੰਜੀਦਾ ਅਤੇ ਬੜਬੋਲੇ ਵਿਅਕਤੀ ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ ਪਰ ਉਹ ਜੋ ਨੀਤੀਆਂ ਅਪਣਾ ਰਿਹਾ ਹੈ, ਇਹ ਅਮਰੀਕੀ ਪੂੰਜੀਵਾਦੀ ਵਿਵਸਥਾ ਦੇ ਸੰਕਟ ਦਾ ਹੁੰਗਾਰਾ ਹਨ।

ਯੂ.ਐਨ.ਓ. ਸਾਹਮਣੇ 2008 ਦੇ ਵਿਸ਼ਵ ਆਰਥਿਕ ਸੰਕਟ, ਸੀਰੀਆ ਸੰਕਟ, ਅਫ਼ਗਾਨ ਤੇ ਇਰਾਕ ਜੰਗਾਂ, ਦੱਖਣੀ ਸ਼ਾਂਤ-ਮਹਾਂਸਾਗਰ ਵਿਚ ਚੀਨ ਦਾ ਦਾਅਵਾ, ਉਤਰੀ ਕੋਰੀਆ ਦਾ ਪਰਮਾਣੂ ਪਸਾਰ ਆਦਿ ਮਸਲੇ ਦਰਪੇਸ਼ ਰਹੇ ਹਨ, ਪਰ ਸਾਮਰਾਜੀ ਦੇਸ਼ਾਂ ਦੀਆਂ ਆਪਸੀ ਵਿਰੋਧਤਾਈਆਂ ਕਾਰਨ ਇਹ ਇਨ੍ਹਾਂ ਦਾ ਕੋਈ ਹੱਲ ਨਹੀਂ ਕੱਢ ਸਕੀ। ਇਸਰਾਈਲ ਵੱਲੋਂ ਫਿਲਸਤੀਨ ਦੇ ਖੇਤਰ 'ਚ ਬਸਤੀਆਂ ਬਣਾਉਣ ਦੇ ਮਸਲੇ 'ਤੇ ਸੁਰੱਖਿਆ ਕੌਂਸਲ 'ਚ ਓਬਾਮਾ ਵੱਲੋਂ ਇਸਰਾਈਲ ਦੇ ਪੱਖ ਵਿਚ ਭੁਗਤਣ 'ਤੇ ਟਰੰਪ ਨੇ ਟਿੱਪਣੀ ਕਰਦਿਆਂ ਯੂ.ਐਨ.ਓ. ਬਾਰੇ ਕਿਹਾ ਕਿ ਇਹ ਇੱਕ 'ਇਕੱਠੇ ਬੈਠ ਕੇ ਸ਼ੁਗਲ-ਪਾਣੀ ਕਰਨ ਦੀ ਮਹਿਫ਼ਲ ਹੈ, 20 ਜਨਵਰੀ ਬਾਅਦ ਗੱਲ ਇਸ ਤਰ੍ਹਾਂ ਨਹੀਂ ਰਹੇਗੀ।'

ਰੂਸ ਅਤੇ ਅਮਰੀਕਾ ਦੇ ਰਿਸ਼ਤੇ ਠੰਢੀ ਜੰਗ ਵੇਲੇ ਵਰਗੇ ਬਣ ਗਏ ਹਨ। ਜਾਰਜੀਆ ਅਤੇ ਯੂਕਰੇਨ ਨੂੰ ਨਾਟੋ ਵਿਚ ਸ਼ਾਮਲ ਕਰਨ, ਰੂਸ 'ਤੇ ਪੱਛਮ ਵੱਲੋਂ ਪਾਬੰਦੀਆਂ, ਅਮਰੀਕਾ ਅਤੇ ਰੂਸ ਦਾ ਸਿੱਧੇ ਰੂਪ ਵਿਚ ਏਅਰ ਕਰਾਫਟਾਂ ਦਾ ਟਕਰਾਅ, ਨੇਵੀ ਅਤੇ ਸਾਈਬਰ ਜੰਗ, ਅਮਰੀਕਾ ਦੀਆਂ ਚੋਣਾਂ 'ਚ ਰੂਸ ਦਾ ਦਖ਼ਲ, ਅਮਰੀਕਾ-ਚੀਨ ਦਾ ਪੂਰਬੀ ਸਾਗਰ, ਦੱਖਣੀ ਸਾਗਰ, ਪੂਰਬੀ ਏਸ਼ੀਆ ਅਤੇ ਪੱਛਮੀ ਸ਼ਾਂਤ ਮਹਾਂਸਗਰ 'ਚ ਟਕਰਾਅ ਅਤੇ ਚੀਨ ਵੱਲੋਂ ਇਸ ਸਾਗਰ 'ਚ ਯੁੱਧਨੀਤਕ ਕਾਰਵਾਈਆਂ ਲਈ ਥਾਂ ਭਾਲਣੀ ਆਦਿ ਗੰਭੀਰ ਮੁੱਦੇ ਹਨ। ਅਮਰੀਕਾ ਸਮਝਦਾ ਹੈ ਕਿ ਚੀਨ ਉਸ ਦੇ ਆਰਥਿਕ ਨਿਘਾਰ ਦਾ ਕਾਰਨ ਹੈ। ਇਸ ਤਰ੍ਹਾਂ ਅਮਰੀਕਾ, ਰੂਸ ਅਤੇ ਚੀਨ ਵੱਡੀਆਂ ਤਾਕਤਾਂ ਵੱਡੇ ਵਿਰੋਧ ਵਿਚ ਫਸੀਆਂ ਹੋਈਆਂ ਹਨ। ਸੰਸਾਰ ਦੀ ਇਸ ਹਾਲਤ ਦੇ ਬਾਵਜੂਦ ਭਾਰਤ, ਬਰਾਜ਼ੀਲ, ਦੱਖਣੀ ਅਫਰੀਕਾ ਅਤੇ ਕੁਝ ਹੋਰ ਦੇਸ਼ ਯੂ.ਐਨ.ਓ. ਵਿਚ ਸੁਧਾਰ ਦੀ ਮੰਗ ਕਰ ਰਹੇ ਹਨ, ਪਰ ਯੂ.ਐਨ.ਓ. ਸਿਸਟਮ ਅਮਰੀਕਾ 'ਤੇ ਨਿਰਭਰ ਹੈ। ਅਮਰੀਕਾ ਦਾ ਇਸ ਦੇ ਬਜਟ 'ਚ 22 ਫ਼ੀਸਦੀ ਹਿੱਸਾ ਹੈ। 2016-17 ਦੇ ਦੋ ਸਾਲਾਂ 'ਚ ਅਮਰੀਕਾ ਨੇ ਯੂ.ਐਨ.ਓ. ਦੇ ਬਜਟ ਵਿਚ 6 ਅਰਬ ਡਾਲਰ ਹਿੱਸਾ ਪਾਇਆ ਹੈ ਅਤੇ ਸ਼ਾਂਤੀ ਕਾਰਜਾਂ ਲਈ ਇਸ ਦਾ 9 ਅਰਬ ਡਾਲਰ ਦਾ ਹਿੱਸਾ ਹੈ ਜੋ ਇਸ ਦੇ ਬਜਟ ਦਾ 28 ਫ਼ੀਸਦੀ ਹੈ। 'ਬਹੁ-ਧਿਰਾਂ ਲਈ ਕੌਮਾਂਤਰੀ ਕਮਿਸ਼ਨ' ਨੇ ਇਹ ਵੀ ਕਿਹਾ ਹੈ ਕਿ ਟਰੰਪ ਬਹੁ-ਧਿਰੀ ਸੰਸਥਾਵਾਂ ਦੀ ਬਜਾਏ ਦੋ-ਧਿਰੀ ਗੱਲਬਾਤ ਦਾ ਹਾਮੀ ਹੈ। ਉਹ ਕੌਮਵਾਦੀ, ਨਿਖੇੜਵਾਦੀ ਅਤੇ 'ਪਹਿਲਾਂ ਮੈਂ' ਦਾ ਧਾਰਨੀ ਹੈ। ਉਸ ਦੀਆਂ ਤਰਜੀਹਾਂ ਘਰੇਲੂ ਹਨ, ਉਹ ਘਰੇਲੂ ਅੱਖਾਂ ਨਾਲ ਸਾਰੀ ਦੁਨੀਆ ਨੂੰ ਦੇਖਦਾ ਹੈ। ਇਥੋਂ ਤਕ ਕਿ ਉਹ ਪੈਰਿਸ ਵਾਤਾਵਰਣ ਸੰਧੀ ਨੂੰ ਵੀ ਖ਼ਤਮ ਕਰਨਾ ਲੋਚਦਾ ਹੈ। ਉਸ ਦੇ ਸੁਤੰਤਰ ਵਪਾਰ ਬਾਰੇ ਵਿਚਾਰ ਵਿਸ਼ਵ ਵਪਾਰ ਸੰਸਥਾ ਨੂੰ ਖ਼ਤਮ ਕਰਨ ਵਾਲੇ ਹਨ। ਦਰਅਸਲ, ਕੌਮਾਂਤਰੀ ਸੰਸਥਾਵਾਂ ਯੂ.ਐਨ.ਓ. ਆਦਿ ਦਾ ਭੋਗ ਪਾਉਣ ਵਾਲਾ ਡੋਨਲਡ ਟਰੰਪ ਨਹੀਂ, ਸਗੋਂ ਸੰਸਾਰ ਪੂੰਜੀਵਾਦੀ ਪ੍ਰਬੰਧ ਦਾ ਸੰਕਟ ਹੈ।

# ਯੂ.ਪੀ. ਦੀ ਸਿਆਸਤ ਤੇ ਮੁਸਲਿਮ

ਲਗਦਾ ਹੈ ਕਿ ਸਮਾਜਵਾਦੀ ਪਾਰਟੀ ਦੇ ਅਖਿਲੇਸ਼ ਧੜੇ ਅਤੇ ਕਾਂਗਰਸ ਵਿਚ ਉਤਰ ਪ੍ਰਦੇਸ਼ (ਯੂ.ਪੀ.) ਵਿਧਾਨ ਸਭਾ ਚੋਣਾਂ ਲਈ ਗਠਜੋੜ ਹੋ ਜਾਏਗਾ। ਜਾਣਕਾਰੀ ਅਨੁਸਾਰ ਅਖਿਲੇਸ਼ ਧੜਾ ਕਾਂਗਰਸ ਲਈ 100 ਸੀਟਾਂ ਛੱਡਣ ਲਈ ਤਿਆਰ ਹੈ। ਚਰਚਾ ਹੈ ਕਿ ਹੁਣ ਇਕ ਹੀ ਮੰਚ ਤੋਂ ਅਖਿਲੇਸ਼ ਯਾਦਵ ਦੀ ਸੰਸਦ ਮੈਂਬਰ ਪਤਨੀ ਡਿੰਪਲ ਅਤੇ ਪ੍ਰਿਅੰਕਾ ਗਾਂਧੀ ਚੋਣ ਮੁਹਿੰਮ ਵਿਚ ਹਿੱਸਾ ਲੈਣਗੀਆਂ। ਇਸ ਗਠਜੋੜ ਪਿੱਛੇ ਮੁੱਖ ਤੌਰ 'ਤੇ ਅਖਿਲੇਸ਼ ਵੱਲੋਂ ਦੋ ਕਾਰਨ ਕੰਮ ਕਰ ਰਹੇ ਹਨ। ਪਹਿਲਾ, ਸੂਬੇ ਦੇ ਨੌਜਵਾਨ ਮੁੱਖ ਮੰਤਰੀ ਨੂੰ ਲਗਦਾ ਹੈ ਕਿ ਮੁਸਲਿਮ ਵੋਟਰ ਉਨ੍ਹਾਂ ਦੀ ਪਾਰਟੀ ਨਾਲ

**ਅਭੈ ਕੁਮਾਰ ਦੂਬੇ**

ਉਸ ਤਰ੍ਹਾਂ ਨਾਲ ਨਹੀਂ ਹਨ, ਜਿਵੇਂ ਪਿਛਲੇ 25 ਸਾਲਾਂ ਵਿਚ ਰਹੇ ਹਨ। ਇਸ ਲਈ ਜੇ ਕਾਂਗਰਸ ਆ ਜਾਏ ਤਾਂ ਮੁਸਲਿਮ ਵੋਟਰ ਇਕ ਵਾਰ ਫਿਰ ਉਨ੍ਹਾਂ ਨਾਲ ਜੁੜ ਸਕੇਗਾ। ਨਾਲ ਹੀ, ਉਸ ਹਾਲਤ ਵਿਚ ਮੁਸਲਿਮ ਵੋਟਰਾਂ ਨੂੰ ਬਹੁਜਨ ਸਮਾਜ ਪਾਰਟੀ ਵੱਲ ਜਾਣ ਤੋਂ ਰੋਕਿਆ ਜਾ ਸਕੇਗਾ।

ਦੂਜਾ, ਕਾਂਗਰਸ ਦੀ ਉਤਰ ਪ੍ਰਦੇਸ਼ ਵਿਚ ਜ਼ਿਆਦਾ ਹੈਸੀਅਤ ਤਾਂ ਨਹੀਂ ਹੈ, ਪਰ ਉਸ ਕੋਲ ਮੁਸਲਿਮ ਵੋਟਰ ਖਿੱਚਣ ਤੋਂ ਇਲਾਵਾ ਉਸ ਦਾ ਆਪਣਾ 6-7 ਫ਼ੀਸਦੀ ਸਥਾਈ ਸਮਰਥਨ ਆਧਾਰ ਵੀ ਹੈ। ਉਤਰਾਖੰਡ ਦੇ ਮੁੱਖ ਮੰਤਰੀ ਹਰੀਸ਼ ਰਾਵਤ ਵੱਲੋਂ ਇਹ ਕਹਿਣਾ ਕਿ ਉਹ ਤਾਂ ਆਪਣਾ ਵੋਟ ਅਖਿਲੇਸ਼ ਨੂੰ ਦੇਣਾ ਪਸੰਦ ਕਰਨਗੇ ਤਾਂ ਕਾਂਗਰਸ ਦੀ ਹੀ ਮੁੱਖ ਮੰਤਰੀ ਅਹੁਦੇ ਦੀ ਉਮੀਦਵਾਰ ਸ਼ੀਲਾ ਦੀਕਸ਼ਤ ਦਾ ਇਹ ਕਹਿਣਾ ਕਿ ਜੇ ਗਠਜੋੜ ਹੁੰਦਾ ਹੈ ਤਾਂ ਉਹ ਅਖਿਲੇਸ਼ ਲਈ ਮੈਦਾਨ ਖਾਲੀ ਕਰਨ ਲਈ ਤਿਆਰ ਹਨ, ਗਠਜੋੜ ਦੀ ਸੰਭਾਵਨਾ ਨੂੰ ਹੋਰ ਸਪਸ਼ਟ ਕਰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇ ਅਖਿਲੇਸ਼ ਨਾਲ ਕਾਂਗਰਸ ਜੁੜਦੀ ਹੈ ਅਤੇ ਉਹ ਆਪਣੇ ਪਿਤਾ ਮੁਲਾਇਮ ਸਿੰਘ ਯਾਦਵ ਨੂੰ ਆਪਣੇ ਵਿਰੁੱਧ ਜਾਣ ਤੋਂ ਰੋਕ ਲੈਂਦੇ ਹਨ ਤਾਂ ਯਾਦਵ, ਮੁਸਲਿਮ ਤੇ ਕਾਂਗਰਸ ਦੀ ਰਵਾਇਤੀ ਵੋਟ ਇਕ ਠੋਸ ਜਿੱਤਣ ਵਾਲਾ ਸਮੀਕਰਨ ਬਣਾ ਸਕਦੀ ਹੈ।

ਇਹ ਤਾਂ ਰਹੀ ਸਮਾਜਵਾਦੀ ਪਾਰਟੀ ਦੀ ਮਨਸ਼ਾ, ਪਰ ਸਵਾਲ ਇਹ ਹੈ ਕਿ ਕਾਂਗਰਸ ਕੋਲ ਵੀ ਇਸ ਗਠਜੋੜ ਵਿਚ ਜਾਣ ਦਾ ਕੀ ਕਾਰਨ ਹੈ? ਉਸ ਨੇ ਤਾਂ ਸ਼ੀਲਾ ਦੀਕਸ਼ਤ ਨੂੰ ਮੁੱਖ ਮੰਤਰੀ ਅਹੁਦੇ ਦੀ ਉਮੀਦਵਾਰ ਬਣਾ ਕੇ ਮੈਦਾਨ ਵਿਚ ਉਤਾਰਿਆ ਸੀ ਤਾਂ ਕਿ ਉਚ ਜਾਤੀਆਂ (ਖ਼ਾਸ ਕਰ ਕੇ ਬ੍ਰਾਹਮਣ ਵੋਟਾਂ) ਨੂੰ ਭਾਜਪਾ ਵਿਚ ਜਾਣ ਤੋਂ ਰੋਕਿਆ ਜਾ ਸਕੇ। ਕਾਂਗਰਸ ਦੀ ਇਹ ਰਣਨੀਤੀ ਪਹਿਲੀ ਨਜ਼ਰ ਵਿਚ ਬਿਹਤਰ ਦਿਖਾਈ ਦਿੱਤੀ ਸੀ ਅਤੇ ਉਸੇ ਮੁਤਾਬਕ ਰਾਹੁਲ ਗਾਂਧੀ ਨੇ ਸੂਬੇ ਦੇ ਬ੍ਰਾਹਮਣ ਬਹੁਗਿਣਤੀ ਵਾਲੇ ਚੋਣ ਖੇਤਰਾਂ ਵਿਚ ਖਾਟ ਰੈਲੀਆਂ ਕੀਤੀਆਂ, ਪਰ ਉਦੋਂ ਹੀ ਨਰੇਂਦਰ ਮੋਦੀ ਨੇ ਨੋਟਬੰਦੀ ਦਾ ਐਲਾਨ ਕਰ ਦਿੱਤਾ ਜਿਸ ਦਾ ਕਾਂਗਰਸ ਦੀ ਰਣਨੀਤੀ 'ਤੇ ਡੂੰਘਾ ਪ੍ਰਭਾਵ ਪਿਆ। ਦੂਸਰੇ, ਸ਼ੀਲਾ ਦੀਕਸ਼ਤ ਨੂੰ ਕੇਂਦਰ ਬਣਾ ਕੇ ਅਪਣਾਈ ਗਈ ਰਣਨੀਤੀ ਨਾਲ ਕਾਂਗਰਸ ਨੂੰ ਸ਼ੁਰੂਆਤੀ ਯਤਨਾਂ ਵਿਚ ਕੁਝ ਖ਼ਾਸ ਪ੍ਰਾਪਤੀ ਹਾਸਲ ਹੁੰਦੀ ਦਿਖਾਈ ਨਹੀਂ ਦਿੱਤੀ। ਉਸ ਦੇ ਚੋਣ ਮੈਨੇਜਰ ਪ੍ਰਸ਼ਾਂਤ ਕਿਸ਼ੋਰ ਨੇ ਹਾਈ ਕਮਾਨ ਦੇ ਇਸ਼ਾਰੇ 'ਤੇ ਅਖਿਲੇਸ਼ ਐਂਡ ਕੰਪਨੀ ਨਾਲ ਗੱਲਬਾਤ ਕਰਨ ਦੀ ਸ਼ੁਰੂਆਤ ਕੀਤੀ। ਕਾਂਗਰਸ ਵੀ ਜਾਣਦੀ ਹੈ ਕਿ ਉਤਰ ਪ੍ਰਦੇਸ਼ ਦੇ ਸਿਆਸੀ ਦ੍ਰਿਸ਼ ਵਿਚ ਪਛੜ ਜਾਣ ਦੇ ਬਾਵਜੂਦ ਅਜੇ ਵੀ ਉਸ ਪ੍ਰਤੀ ਮੁਸਲਿਮ ਵੋਟਾਂ ਦਾ ਪੁਰਾਣੀ ਖਿੱਚ ਮੌਜੂਦ ਹੈ। ਸਮਾਜਵਾਦੀ ਪਾਰਟੀ ਨੇ ਹੀ ਮੁਸਲਮਾਨਾਂ ਦਾ ਆਧਾਰ ਉਸ ਤੋਂ ਖੋਹਿਆ ਸੀ। ਇਸ ਲਈ ਜੇ ਦੋਵੇਂ ਮਿਲ ਜਾਂਦੇ ਹਨ ਤਾਂ ਮੁਸਲਿਮ ਵੋਟਾਂ ਦੇ ਧਰੁਵੀਕਰਨ ਨਾਲ ਭਾਜਪਾ ਤੋਂ ਬਾਜ਼ੀ ਖੋਹੀ ਜਾ ਸਕਦੀ ਹੈ ਅਤੇ ਬਸਪਾ ਨੂੰ ਲੜਾਈ ਤੋਂ ਬਾਹਰ ਕੀਤਾ ਜਾ ਸਕਦਾ ਹੈ।

ਦੇਖਣ ਵਾਲੀ ਗੱਲ ਇਹ ਵੀ ਹੈ ਕਿ ਭਾਜਪਾ ਦੇ ਰਣਨੀਤਕ ਭੱਥੇ ਵਿਚ ਕਿਹੜੇ-ਕਿਹੜੇ ਤੀਰ ਹਨ? ਲੋਕ ਸਭਾ ਚੋਣ ਮੁਹਿੰਮ ਦੌਰਾਨ ਭਾਜਪਾ ਆਗੂ ਮੁਖਤਾਰ ਅੱਬਾਸ ਨਕਵੀ ਨੇ ਇਕ ਟੀ.ਵੀ. ਚੈਨਲ 'ਤੇ ਮੇਰੇ ਨਾਲ ਬਹਿਸ ਕਰਦਿਆਂ ਕਿਹਾ ਸੀ ਕਿ ਭਾਜਪਾ ਪਹਿਲਾਂ ਵੀ ਮੁਸਲਿਮ ਵੋਟਾਂ ਦੇ ਬਿਨਾ ਸੱਤਾ ਵਿਚ ਆਈ ਸੀ ਅਤੇ ਇਸ ਵਾਰ ਵੀ ਉਨ੍ਹਾਂ ਦੇ ਬਿਨਾ ਹੀ ਸੱਤਾ ਵਿਚ ਆਏਗੀ। ਉਨ੍ਹਾਂ ਦਾ ਕਥਨ ਸਹੀ ਨਿਕਲਿਆ। ਭਾਜਪਾ ਨੂੰ ਹਮੇਸ਼ਾ ਵਾਂਗ ਮੁਸਲਿਮ ਵੋਟ ਨਾ ਦੇ ਬਰਾਬਰ ਹੀ ਮਿਲੇ,


ਅਖਿਲੇਸ਼ ਯਾਦਵ

ਪਰ ਵੱਡੀ ਜਿੱਤ ਹਾਸਲ ਕੀਤੀ; ਪਰ ਮੁਸਲਿਮ ਵੋਟ ਕਿਸ ਨੂੰ ਮਿਲੇ ਅਤੇ ਭਾਜਪਾ ਨੂੰ ਉਨ੍ਹਾਂ ਦੇ ਵਿਰੋਧ ਦਾ ਨੁਕਸਾਨ ਕਿਉਂ ਨਹੀਂ ਹੋਇਆ? ਜੇ ਸਿਰਫ ਉਤਰ ਪ੍ਰਦੇਸ਼ ਦੇ ਮੁਸਲਿਮ ਵੋਟਰਾਂ ਦੇ ਉਦੋਂ ਦੇ ਰਵੱਈਏ ਨੂੰ ਦੇਖੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਭਾਜਪਾ ਨੂੰ ਮੁਸਲਿਮ ਵੋਟਾਂ ਦੇ ਵਿਰੋਧ ਦਾ ਨੁਕਸਾਨ ਕਿਉਂ ਨਹੀਂ ਹੋਇਆ।

ਮੁਸਲਿਮ ਵੋਟ-ਰੁਝਾਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਚੋਣ ਵਿਚ ਉਹ ਚੋਣ ਖੇਤਰ ਪੱਧਰ 'ਤੇ ਦੂਜੇ ਸਮਾਜਿਕ ਵਰਗਾਂ ਨਾਲ ਭਾਜਪਾ ਵਿਰੋਧੀ ਗਠਜੋੜ ਬਣਾਉਣ ਵਿਚ ਅਸਫਲ ਰਹੇ। ਇਸ ਲਈ ਉਨ੍ਹਾਂ ਦਾ ਭਾਜਪਾ ਵਿਰੋਧੀ ਵੋਟ ਪ੍ਰਭਾਵੀ ਨਾ ਰਿਹਾ। ਰਾਹੁਲ ਵਰਮਾ ਅਤੇ ਪ੍ਰਣਬ ਗੁਪਤਾ ਦੇ ਅਧਿਐਨ ਤੋਂ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਜੇ ਚੋਣ ਖੇਤਰ ਪੱਧਰ 'ਤੇ ਅਜਿਹਾ ਗਠਜੋੜ ਨਹੀਂ ਬਣਦਾ ਤਾਂ ਮੁਸਲਮਾਨਾਂ ਦੇ ਭਾਜਪਾ ਵਿਰੋਧ ਦੇ ਬਾਵਜੂਦ ਉਹੀ ਹੁੰਦਾ ਹੈ ਜੋ ਨਕਵੀ ਨੇ ਕਿਹਾ ਸੀ। ਅਧਿਐਨ ਕਰਨ ਵਾਲੀ ਇਸ ਜੋੜੀ ਨੇ ਬਿਹਾਰ ਚੋਣਾਂ ਦਾ ਅਧਿਐਨ ਕਰ ਕੇ ਦੱਸਿਆ ਹੈ ਕਿ ਮਹਾਂਗਠਜੋੜ ਦੀਆਂ ਸਮਾਜਿਕ ਸ਼ਕਤੀਆਂ ਨਾਲ ਮੁਸਲਿਮ ਵੋਟਰਾਂ ਦੇ ਗਠਜੋੜ ਨੇ ਨਿਤਿਸ਼ ਕੁਮਾਰ ਦੀ ਸ਼ਾਨਦਾਰ ਜਿੱਤ ਯਕੀਨੀ ਬਣਾਈ। ਦਿੱਲੀ ਦੀਆਂ ਚੋਣਾਂ ਦਾ ਅਜਿਹਾ ਅਧਿਐਨ ਮੈਂ ਨਹੀਂ ਦੇਖਿਆ ਹੈ, ਪਰ ਉਤਰ ਪ੍ਰਦੇਸ਼ ਅਤੇ ਬਿਹਾਰ ਦੇ ਤੱਥਾਂ 'ਤੇ ਆਧਾਰਤ ਅਧਿਐਨ ਦੀ ਰੌਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ ਦਿੱਲੀ ਵਿਚ ਵੀ ਅਜਿਹਾ ਹੀ ਹੋਇਆ ਹੋਵੇਗਾ। ਆਮ ਆਦਮੀ ਪਾਰਟੀ ਦਾ ਸਮਰਥਨ ਕਰਨ ਵਾਲੇ ਗ਼ਰੀਬ ਵਰਗਾਂ (ਦਿੱਲੀ ਦੇ ਮੁਸਲਮਾਨ ਵੀ ਗ਼ਰੀਬ ਵਰਗਾਂ ਵਿਚ ਹੀ ਆਉਂਦੇ ਹਨ) ਨਾਲ ਜੁੜ ਕੇ ਮੁਸਲਮਾਨਾਂ ਨੇ ਸੰਕਲਪ ਦੇ ਨਾਲ ਭਾਜਪਾ ਵਿਰੋਧੀ ਵੋਟ ਦਿੱਤੇ ਅਤੇ ਨਤੀਜੇ ਵਜੋਂ ਭਾਜਪਾ ਤਿੰਨ ਸੀਟਾਂ 'ਤੇ ਸਿਮਟ ਗਈ। ਇਹੀ ਮੁਸਲਿਮ ਵੋਟਰ ਲੋਕ ਸਭਾ ਚੋਣਾਂ ਵਿਚ 'ਆਪ' ਅਤੇ ਕਾਂਗਰਸ ਵਿਚ ਵੰਡੇ ਗਏ ਸਨ, ਨਤੀਜੇ ਵਜੋਂ ਭਾਜਪਾ ਨੇ ਦਿੱਲੀ ਵਿਚ ਸਾਰੀਆਂ 7 ਸੀਟਾਂ ਜਿੱਤ ਲਈਆਂ ਸਨ।

ਕੀ ਉਤਰ ਪ੍ਰਦੇਸ਼ ਦੀਆਂ ਚੋਣਾਂ ਵਿਚ ਮੁਸਲਮਾਨ ਬਿਹਾਰ ਅਤੇ ਦਿੱਲੀ ਦੀ ਤਰਜ਼ 'ਤੇ ਕੋਈ ਭਾਜਪਾ ਵਿਰੋਧੀ ਸਮਾਜਿਕ ਗਠਜੋੜ ਬਣਾ ਸਕਣਗੇ? ਭਾਜਪਾ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣਾ ਚਾਹੁੰਦੀ ਹੈ। ਇਸ ਲਈ ਅਮਿਤ ਸ਼ਾਹ ਨੇ 6 ਮਹੀਨੇ ਪਹਿਲਾਂ ਹੀ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਉਨ੍ਹਾਂ ਦੀ ਮੁੱਖ ਟੱਕਰ ਸਮਾਜਵਾਦੀ ਪਾਰਟੀ ਨਾਲ ਹੈ। ਦਰਅਸਲ, ਉਨ੍ਹਾਂ ਨੂੰ ਡਰ ਸੀ ਕਿ ਕਿਤੇ ਮੁਸਲਮਾਨ ਬਹੁਜਨ ਸਮਾਜ ਪਾਰਟੀ ਵੱਲ ਨਾ ਚਲੇ ਜਾਣ। ਅਜਿਹਾ ਹੋਣ ਦੀ ਹਾਲਤ ਵਿਚ ਭਾਜਪਾ ਦਾ ਜਿੱਤਣਾ ਨਾਮੁਮਕਿਨ ਹੋ ਜਾਂਦਾ, ਕਿਉਂਕਿ 21 ਫ਼ੀਸਦੀ ਤੋਂ ਜ਼ਿਆਦਾ ਦਲਿਤ ਵੋਟ ਅਤੇ 18 ਫ਼ੀਸਦੀ ਤੋਂ ਜ਼ਿਆਦਾ ਮੁਸਲਿਮ ਵੋਟ ਮਿਲ ਕੇ ਜਿੱਤਣ ਵਾਲਾ ਗਠਜੋੜ ਬਣਾ ਸਕਦੇ ਹਨ। ਜੇ ਹਰ ਚੋਣ ਖੇਤਰ ਵਿਚ ਅਜਿਹਾ ਗਠਜੋੜ ਬਣਦਾ ਦਿਖਾਈ ਦਿੰਦਾ ਹੈ ਤਾਂ ਬਸਪਾ ਦੇ ਪੱਖ ਵਿਚ ਹਵਾ ਤਿਆਰ ਹੁੰਦੀ ਜਿਸ ਦੇ ਪ੍ਰਭਾਵ ਵਿਚ ਫਲੋਟਿੰਗ ਜਾਂ ਤਰਲ ਵੋਟ ਵੀ ਇਸ ਪਾਰਟੀ ਨੂੰ ਮਿਲ ਸਕਦੇ ਹਨ। ਅਮਿਤ ਸ਼ਾਹ ਜਾਣਦੇ ਹਨ ਕਿ ਸਮਾਜਵਾਦੀ ਪਾਰਟੀ ਨੇ ਜਿਸ ਤਰ੍ਹਾਂ ਨਾਲ ਸਰਕਾਰ ਚਲਾਈ ਹੈ, ਉਸ ਨਾਲ ਯਾਦਵਾਂ ਨੂੰ ਛੱਡ ਕੇ ਬਾਕੀ ਵਰਗ ਉਸ ਤੋਂ ਖੁਸ਼ ਨਹੀਂ ਹਨ, ਇਸ ਲਈ ਉਹ ਜਿੱਤ ਸਕਣ ਵਾਲਾ ਸਮੀਕਰਨ ਨਹੀਂ ਬਣਾ ਸਕੇਗੀ ਅਤੇ ਉਸ ਨਾਲ ਜੁੜੇ ਰਹਿ ਕੇ ਮੁਸਲਿਮ ਵੋਟ ਆਪਣੀ ਭਾਜਪਾ ਵਿਰੋਧੀ ਲਹਿਰ ਗੁਆ ਬੈਠਣਗੇ।

ਸਪਸ਼ਟ ਹੈ ਕਿ ਉਤਰ ਪ੍ਰਦੇਸ਼ ਵਿਚ ਭਾਜਪਾ ਦੀ ਕਿਸਮਤ ਮੁਸਲਿਮ ਵੋਟਾਂ ਦੇ ਵਖਰੇਵੇਂ 'ਤੇ ਨਿਰਭਰ ਹੈ। ਜੇ ਇਹ ਵੋਟ ਸਮਾਜਵਾਦੀ ਪਾਰਟੀ, ਬਸਪਾ ਅਤੇ ਕਾਂਗਰਸ ਵਿਚ ਵੰਡੀ ਜਾਂਦੀ ਹੈ ਤਾਂ ਭਾਜਪਾ ਆਸਾਨੀ ਨਾਲ ਜਿੱਤ ਜਾਏਗੀ। ਜੇ ਇਨ੍ਹਾਂ ਵੋਟਰਾਂ ਨੇ ਦਿੱਲੀ ਅਤੇ ਬਿਹਾਰ ਵਾਲਾ ਰਵੱਈਆ ਅਪਣਾਇਆ ਤਾਂ ਉਹ ਅਮਿਤ ਸ਼ਾਹ ਦਾ ਤਖ਼ਤਾ ਪਲਟ ਸਕਦੇ ਹਨ। ਮੁਸਲਿਮ ਵੋਟਰ ਅਤੇ ਉਨ੍ਹਾਂ ਦਾ ਮਾਰਗ-ਨਿਰਦੇਸ਼ਨ ਕਰਨ ਵਾਲੇ ਉਨ੍ਹਾਂ ਦੇ ਭਾਈਚਾਰਕ ਆਗੂ ਜਾਣਦੇ ਹਨ ਕਿ ਇਹ ਰਣਨੀਤੀ ਉਨ੍ਹਾਂ ਨੂੰ ਖਾਮੋਸ਼ੀ ਨਾਲ ਬਣਾਉਣੀ ਪਵਵੇਗੀ। ਇਸ ਬਾਰੇ ਕੋਈ ਵੀ ਤਿੱਖੀ ਚਰਚਾ ਭਾਜਪਾ ਨੂੰ ਹਿੰਦੂ ਪ੍ਰਤੀਕਿਰਿਆ ਸੰਗਠਿਤ ਕਰਨ ਦਾ ਮੌਕਾ ਦੇ ਦੇਵੇਗੀ। ਇਸ ਲਈ ਮੁਸਲਿਮ ਵੋਟ ਇਸ ਵਾਰ ਖਾਸੇ ਚੁੱਪ ਹਨ। ਉਨ੍ਹਾਂ ਦੀ ਇਹ ਚੁੱਪ ਨਿਸਚੇ ਹੀ ਕੋਈ ਰੰਗ ਲਿਆਏਗੀ।

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਪਟਿਆਲਾ

# ਪਾਣੀ ਜਿਉ ਹਰਿਹਟਿ ਸੁ ਖੇਤਿ ਉਮਾਹੀਐ

ਭਾਈ ਗੁਰਦਾਸ ਦੀ ਤੀਸਰੀ ਵਾਰ ਦੀਆਂ ਪਹਿਲੀਆਂ ਪੰਜ ਪਉੜੀਆਂ ਦਾ ਅਧਿਐਨ ਅਸੀਂ 17 ਦਸੰਬਰ ਦੇ ਅੰਕ 'ਚ ਕਰ ਚੁੱਕੇ ਹਾਂ। ਉਕਤ ਸਿਰਲੇਖ ਤੀਸਰੀ ਵਾਰ ਦੀ ਛੇਵੀਂ ਪਉੜੀ ਦੀ ਆਖਰੀ ਪੰਕਤੀ ਹੈ ਜਿਸ ਵਿਚ ਭਾਈ ਗੁਰਦਾਸ ਇਸ ਪਉੜੀ ਦਾ ਸਿੱਟਾ ਕੱਢਦਿਆਂ ਦੱਸਦੇ ਹਨ ਕਿ ਜਿਸ ਤਰ੍ਹਾਂ ਖੂਹ ਦਾ ਪਾਣੀ ਖੇਤਾਂ ਨੂੰ ਹਰਾ-ਭਰਾ ਰੱਖਦਾ ਹੈ; ਇਸੇ ਤਰ੍ਹਾਂ ਸ਼ਬਦ ਰਾਹੀਂ ਆਪਣੀ ਚੇਤਨਾ ਨੂੰ ਸਦਾ ਤਾਜ਼ਾ ਰੱਖਣਾ ਚਾਹੀਦਾ ਹੈ।

ਸਿੱਖ ਧਰਮ ਚਿੰਤਨ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਗਈਆਂ ਹਨ: ਗੁਰਮੁਖਿ ਅਤੇ ਮਨਮੁਖਿ। ਹੋਰ ਕਿਸੇ ਵੀ ਕਿਸਮ ਦੀ ਮਨੁੱਖ ਦੀ ਵੰਡ ਪ੍ਰਵਾਨ ਨਹੀਂ ਕੀਤੀ ਗਈ। ਗੁਰਮੁਖਿ, ਜੋ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਾ ਹੋਇਆ ਆਪਣਾ ਜੀਵਨ ਸੁਆਰਦਾ ਹੈ ਅਤੇ ਸਰਬੱਤ ਦੇ ਭਲੇ ਲਈ ਯਤਨਸ਼ੀਲ ਹੁੰਦਾ ਹੈ। ਮਨਮੁਖਿ, ਜੋ ਆਪਣੇ ਮਨ ਦੀਆਂ ਬਿਰਤੀਆਂ ਅਨੁਸਾਰ ਚੱਲਦਾ ਹੈ ਅਤੇ ਸਿਰਫ ਆਪਣੇ ਸਵਾਰਥ ਪ੍ਰਤੀ ਸੋਚਦਾ ਤੇ ਕਾਰਜਸ਼ੀਲ ਹੁੰਦਾ ਹੈ। ਸਿੱਖ ਲਈ ਪਹਿਲਾ ਅਦੇਸ਼ ਹੀ ਗੁਰਮੁਖਿ ਹੋਣਾ ਹੈ। ਉਹ ਕਿਹੋ ਜਿਹਾ ਸਿੱਖ ਹੈ, ਇਸ ਦੀ ਪਰਖ ਵੀ ਗੁਰਮੁਖਿ ਹੋਣ ਦੀ ਕਸਵੱਟੀ 'ਤੇ ਹੀ ਕੀਤੀ ਜਾਣੀ ਹੈ। ਪੰਜਵੀਂ ਪਉੜੀ ਵਿਚ ਭਾਈ ਗੁਰਦਾਸ ਇਸੇ ਤੱਥ ਨੂੰ ਸਪਸ਼ਟ ਕਰਨ ਦਾ ਯਤਨ ਕਰਦੇ ਹਨ ਕਿ ਗੁਰਮੁਖਿ ਪੰਥ ਕੀ ਹੈ ਅਤੇ ਇਸ ਰਸਤੇ ਦਾ ਪਾਂਧੀ ਅਰਥਾਤ ਗੁਰਮੁਖਿ ਪੰਥੀ ਕੌਣ ਹੈ। ਇਸ ਛੇਵੀਂ ਪਉੜੀ ਵਿਚ ਉਹ ਦੱਸਦੇ ਹਨ ਕਿ ਗੁਰਸਿੱਖੀ ਦਾ ਸੌਦਾ ਕੀ ਹੈ ਜੋ ਇੱਕ ਗੁਰਸਿੱਖ ਜਾਂ ਗੁਰਮੁਖਿ ਨੂੰ ਵਿਹਾਜਣਾ ਚਾਹੀਦਾ ਹੈ ਜਾਂ ਜਿਸ ਦੀ ਤਵੱਕੋ ਗੁਰੂ ਸਿੱਖ ਪਾਸੋਂ ਕਰਦਾ ਹੈ। ਕੋਈ ਵੀ ਵਣਜ ਕਰਨ ਲਈ ਸੌਦੇ ਦੀ, ਹੱਟ ਜਾਂ ਹੱਟੀ ਦੀ ਜ਼ਰੂਰਤ ਹੁੰਦੀ ਹੈ ਅਤੇ ਫਿਰ ਉਸ ਵਿਚ ਸੌਦਾ ਰੱਖਿਆ ਜਾਂਦਾ ਹੈ। ਉਸ ਦਾ ਵਣਜ ਤਾਂ ਹੀ ਹੋ ਸਕਦਾ ਹੈ ਜੇ ਉਸ ਦੀ ਖਰੀਦ ਕਰਨ ਵਾਲਾ ਕੋਈ ਗਾਹਕ ਹੋਵੇ। ਇਥੇ ਭਾਈ ਗੁਰਦਾਸ ਅਨੁਸਾਰ ਹੱਟ ਸਤਿਸੰਗਤ ਹੈ ਜਿਸ ਵਿਚ ਅਕਾਲ ਪੁਰਖ ਦੇ ਨਾਮ ਦਾ ਸੌਦਾ ਰੱਖਿਆ ਹੋਇਆ ਹੈ ਅਤੇ ਇਸ ਨੂੰ ਵਿਹਾਜਿਆ ਗੁਰੂ ਦੇ ਸ਼ਬਦ ਰਾਹੀਂ ਜਾਣਾ ਹੈ। ਭਾਵ ਅਕਾਲ ਪੁਰਖ ਦੇ ਨਾਮ ਦਾ ਸੌਦਾ ਸਤਿਸੰਗਤਿ ਵਿਚੋਂ ਮਿਲਦਾ ਹੈ ਅਤੇ ਇਸ ਦਾ ਵਣਜ ਗੁਰੁ ਦੀ ਸਿੱਖਿਆ 'ਤੇ ਚੱਲ ਕੇ ਹੀ ਕੀਤਾ ਜਾਣਾ ਹੈ। ਉਸ ਅਕਾਲ ਪੁਰਖ ਦੀ ਵਡਿਆਈ ਕਿਵੇਂ ਕਰਨੀ ਹੈ? ਉਸ ਦੀ ਵਡਿਆਈ ਇਹ ਕਹਿ ਕੇ ਕੀਤੀ ਜਾਂਦੀ ਹੈ, ਉਸ ਨੂੰ ਪਰਖਣ ਦੀ ਕਸਵੱਟੀ ਇਹ ਹੈ ਕਿ ਉਹ ਆਪ ਸੰਪੂਰਨ ਹੈ, ਪੂਰਾ ਹੈ ਅਤੇ ਉਸ ਦੀ ਕਸਵੱਟੀ ਵੀ ਪੂਰੀ ਹੈ। ਉਸ ਪੂਰੇ ਦਾ ਖਜ਼ਾਨਾ, ਉਸ ਦੀ ਹੱਟੀ ਕਦੇ ਵੀ ਘੱਟ ਸੌਦੇ ਵਾਲੀ ਨਹੀਂ ਹੁੰਦੀ, ਸਦਾ ਹੀ ਪੂਰੀ ਹੁੰਦੀ ਹੈ ਕਿਉਂਕਿ ਉਹ ਸੱਚਾ ਪਾਤਿਸ਼ਾਹ ਹੈ, ਸੱਚ ਕਦੇ ਵੀ ਊਣਾ ਨਹੀਂ ਹੁੰਦਾ। ਇਸ ਵਿਚ ਵਣਜ ਅਤੇ ਖੇਤੀ ਦਾ ਦ੍ਰਿਸ਼ਟਾਂਤ ਦਿੱਤਾ ਗਿਆ ਹੈ।

ਭਾਈ ਗੁਰਦਾਸ ਕਹਿੰਦੇ ਹਨ ਕਿ ਇਸ ਸੌਦੇ ਵਿਚੋਂ ਪੂਰੇ ਸਤਿਗੁਰੂ ਨੂੰ ਖੱਟ ਕੇ, ਉਸ ਨੂੰ ਕਮਾ ਕੇ ਹੀ ਫਿਰ ਉਸ 'ਅਖੁੱਟ' ਭੰਡਾਰ, ਕਦੇ ਵੀ ਨਾ ਮੁੱਕਣ ਵਾਲੇ ਅਕਾਲ ਪੁਰਖ ਵਿਚ ਸਮਾ ਜਾਈਦਾ ਹੈ। ਅਕਾਲ ਪੁਰਖ ਦਾ ਪਰਗਟ ਰੂਪ ਸਾਧਸੰਗਤਿ ਹੈ, ਇਸ ਲਈ ਸਦਾ ਹੀ ਗੁਰਮੁਖਿ ਸਾਧਸੰਗਤਿ ਵਿਚ ਜਾਂਦਾ ਹੈ ਤੇ ਸਾਧਸੰਗਤਿ ਨਾਲ ਰਹਿੰਦਾ ਹੈ। ਸਾਧਸੰਗਤਿ 'ਚ ਜੀਵਨ ਰੂਪੀ ਚਾਵਲ ਤੋਂ ਮਾਇਆ ਦੀ ਫੱਕ ਦੂਰ ਹੋ ਜਾਂਦੀ ਹੈ, ਜਿਸ ਨੂੰ ਦੂਸਰੀ ਸੱਟ ਦੀ ਜ਼ਰੂਰਤ ਨਹੀਂ ਪੈਂਦੀ। ਇਸ ਤਰ੍ਹਾਂ ਇਸੇ ਜੀਵਨ ਵਿਚ ਸੰਜਮ ਰੂਪੀ ਸੱਟਾਂ ਨਾਲ ਜਮਾਂ ਦੇ ਬੰਧਨ ਕੱਟ ਦਿੱਤੇ ਜਾਂਦੇ ਹਨ ਅਰਥਾਤ ਜਨਮ-ਮਰਨ ਦਾ ਚੱਕਰ ਮੁੱਕ ਜਾਂਦਾ ਹੈ ਅਤੇ ਇਲਾਹੀ ਬਖਸਿਸ਼, ਅਕਾਲ ਪੁਰਖ ਦੀ ਮਿਹਰ ਪ੍ਰਾਪਤ ਹੋ ਜਾਂਦੀ ਹੈ। ਇਸ ਤਰ੍ਹਾਂ ਪੰਜ ਦੂਤਾਂ-ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਇਕੱਠੇ ਕਰਕੇ ਮਾਰ ਦੇਣਾ ਚਾਹੀਦਾ ਹੈ। ਫਿਰ ਜਿਵੇਂ ਖੂਹ ਦਾ ਪਾਣੀ ਖੇਤਾਂ ਨੂੰ ਹਰਾ-ਭਰਾ ਰੱਖਦਾ ਹੈ, ਸ਼ਬਦ ਰਾਹੀਂ ਆਪਣੀ ਚੇਤਨਾ ਨੂੰ ਸਦਾ ਤਾਜ਼ਾ ਰੱਖਣਾ ਚਾਹੀਦਾ ਹੈ:

ਸਉਦਾ ਇਕਤੁ ਹਟਿ ਸਬਦਿ ਵਿਸਾਹੀਐ।  
ਪੂਰਾ ਪੂਰੇ ਵਟਿ ਕਿ ਆਖਿ ਸਲਾਹੀਐ।  
ਕਦੇ ਨ ਹੋਵੈ ਘਟਿ ਸਚੀ ਪਤਿਸਾਹੀਐ।  
ਪੂਰੇ ਸਤਿਗੁਰ ਖਟਿ ਅਖੁਟੁ ਸਮਾਹੀਐ।  
ਸਾਧਸੰਗਤਿ ਪਰਗਟਿ ਸਦਾ ਨਿਬਾਹੀਐ।  
ਚਾਵਲ ਇਕਤੇ ਸਟਿ ਨ ਦੂਜੀ ਵਾਹੀਐ।  
ਜਮ ਦੀ ਫਾਹੀ ਕਟਿ ਦਾਦਿ ਇਲਾਹੀਐ।  
ਪੰਜੇ ਦੂਤ ਸੰਘਟਿ ਸੁ ਢੇਰੀ ਢਾਹੀਐ।  
ਪਾਣੀ ਜਿਉ ਹਰਿਹਟਿ ਸੁ ਖੇਤਿ ਉਮਾਹੀਐ॥

ਇਥੇ ਆਮ ਵਿਅਕਤੀ ਨੂੰ ਇਹ ਭੁਲੇਖਾ ਲੱਗ ਸਕਦਾ ਹੈ ਕਿ ਭਾਈ ਗੁਰਦਾਸ ਜਿਸ ਸਾਧਸੰਗਤਿ ਦੀ ਗੱਲ ਕਰ ਰਹੇ ਹਨ, ਉਹ ਸ਼ਾਇਦ ਆਧੁਨਿਕ ਸਾਧਾਂ/ਸੰਤਾਂ ਜਾਂ ਡੇਰੇਦਾਰਾਂ ਦੀ ਸੰਗਤਿ ਵਰਗੀ ਕੋਈ ਗੱਲ ਹੋ ਰਹੀ ਹੈ ਜਿੱਥੇ ਕੰਨਾਂ ਵਿਚ ਨਾਮ-ਮੰਤਰ ਦਿੱਤਾ ਜਾਂਦਾ ਹੈ। ਅਜਿਹੀ ਗੱਲ ਬਿਲਕੁਲ ਨਹੀਂ ਹੈ। ਭਾਈ ਗੁਰਦਾਸ ਉਸੇ ਸਾਧਸੰਗਤਿ ਦੀ ਗੱਲ ਕਰ ਰਹੇ ਹਨ ਜਿਸ ਦੀ ਵਿਆਖਿਆ ਗੁਰੂ ਨਾਨਕ ਸਾਹਿਬ ਅਤੇ ਦੂਜੇ ਗੁਰੂਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕੀਤੀ ਹੈ; ਜਿਸ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦੀ, ਕਿਸੇ ਸੰਤ-ਬਾਬੇ ਦੀ ਵਡਿਆਈ ਨਹੀਂ ਕੀਤੀ ਜਾਂਦੀ ਬਲਕਿ ਉਸ ਅਕਾਲ ਪੁਰਖ ਦੀ ਹੀ ਉਸਤਤਿ ਕੀਤੀ ਜਾਂਦੀ ਹੈ ਅਤੇ ਉਸੇ ਦਾ ਨਾਮ ਸਿਮਰਨ ਕਰਨ ਦਾ ਉਪਦੇਸ਼ ਕੀਤਾ ਜਾਂਦਾ ਹੈ। ਗੁਰੂ ਨਾਨਕ ਪ੍ਰਸ਼ਨ ਕਰਦੇ ਹਨ ਕਿ ਕਿਸ ਕਿਸਮ ਦੇ ਇਕੱਠ ਨੂੰ ਸਤਿਸੰਗਤਿ ਕਹਿਣਾ ਚਾਹੀਦਾ ਹੈ? ਫਿਰ ਆਪ ਹੀ ਇਸ ਦੀ ਵਿਆਖਿਆ ਕਰਦੇ ਹਨ ਕਿ ਸਤਿਸੰਗਤ ਉਸ ਇਕੱਠ ਨੂੰ ਕਿਹਾ ਜਾਂਦਾ ਹੈ ਜਿੱਥੇ ਸਿਰਫ ਤੇ ਸਿਰਫ ਉਸ ਅਕਾਲ ਪੁਰਖ ਦੇ ਨਾਮ ਦੀ ਵਡਿਆਈ ਕੀਤੀ ਜਾਂਦੀ ਹੈ, ਉਸ ਦੇ ਨਾਮ ਦਾ ਸਿਮਰਨ ਕੀਤਾ ਜਾਂਦਾ ਹੈ, ਉਸ ਨੂੰ ਸਲਾਹਿਆ ਜਾਂਦਾ ਹੈ। ਇਹ ਗੱਲ ਸਤਿਗੁਰੂ ਨੇ ਸਮਝਾ ਦਿੱਤੀ ਹੈ ਕਿ ਸਤਿਸੰਗਤਿ ਵਿਚ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨਾ ਹੀ ਉਸ ਦਾ ਹੁਕਮ ਹੈ:

ਸਤਸੰਗਤਿ ਕੈਸੀ ਜਾਣੀਐ॥  
ਜਿਥੈ ਏਕੋ ਨਾਮੁ ਵਖਾਣੀਐ॥  
ਏਕੋ ਨਾਮੁ ਹੁਕਮੁ ਹੈ ਨਾਨਕ  
ਸਤਿਗੁਰਿ ਦੀਆ ਬੁਝਾਇ ਜੀਉ॥੫॥  
(ਪੰਨਾ ੭੨)

ਭਾਈ ਗੁਰਦਾਸ ਅਗਲੀ ਪਉੜੀ ਵਿਚ ਪੂਰੇ ਸਤਿਗੁਰੂ ਦੀ ਵਿਆਖਿਆ ਕਰਦੇ ਹਨ ਕਿ ਉਹ ਅਕਾਲ ਪੁਰਖ ਆਪ ਹੀ ਪੂਰਾ ਸਤਿਗੁਰੂ ਹੈ, ਸੱਚਾ ਗੁਰੂ ਹੈ ਜੋ ਅਪਰਤੱਖ ਹੈ, ਅਗੰਮ ਹੈ, ਅਗੋਚਰ ਹੈ। ਉਹ ਆਪਣੇ ਹੁਕਮ ਵਿਚ ਹੀ ਇਸ ਸੰਸਾਰ ਨੂੰ ਬਣਾਉਂਦਾ ਹੈ ਅਤੇ ਆਪਣੇ ਹੁਕਮ ਅਨੁਸਾਰ ਇਸ ਨੂੰ ਢਾਹ ਦਿੰਦਾ ਹੈ। ਪੈਦਾ ਕਰਨ ਅਤੇ ਨਸ਼ਟ ਕਰਨ ਦੇ ਪੁੰਨ ਤੇ ਪਾਪ ਦਾ, ਸੰਸਾਰ ਦੇ ਇਸ ਬਣਨ ਤੇ ਢਹਿਣ ਦਾ ਉਸ ਦੇ ਆਪਣੇ ਉਤੇ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਉਹ ਕੁਦਰਤ ਦੇ ਪ੍ਰਭਾਵਾਂ ਤੋਂ ਨਿਰਲੇਪ ਹੈ, ਉਹ ਆਪ ਆਪਣੀ ਇਸ ਕੁਦਰਤ ਨੂੰ ਬਣਾ ਕੇ ਇਸ ਵਿਚ ਸਮਾਇਆ ਵੀ ਹੋਇਆ ਹੈ ਪ੍ਰੰਤੂ ਇਸ ਤੋਂ ਅਪਰੰਪਰ ਹੈ। ਉਹ ਕਿਸੇ ਨੂੰ ਮਜਬੂਰ ਨਹੀਂ ਕਰਦਾ ਕਿ ਕੋਈ ਉਸ ਨੂੰ ਜਾਣੇ ਜਾਂ ਦੇਖੇ ਅਤੇ ਨਾ ਹੀ ਵਰ ਤੇ ਸਰਾਪ ਵਰਗੀਆਂ ਗੱਲਾਂ ਉਸ 'ਤੇ ਕੋਈ ਅਸਰ ਕਰਦੀਆਂ ਹਨ। ਉਹ ਇਨ੍ਹਾਂ ਸਭ ਬੰਧਨਾਂ ਤੋਂ ਉਪਰ ਹੈ, ਨਿਰਲੇਪ ਹੈ। ਸੱਚਾ ਗੁਰੂ ਉਸ ਅਕਾਲ ਪੁਰਖ ਦੇ ਸ਼ਬਦ ਨੂੰ ਗਾਉਂਦਾ ਹੈ, ਉਸ ਅਕਾਲ ਪੁਰਖ ਦੀ ਅਕੱਥ ਕਥਾ ਸੁਣਾਉਂਦਾ ਹੈ ਭਾਵ ਉਸ ਅਕਾਲ ਪੁਰਖ ਦੇ ਸ਼ਬਦ ਦੀ ਵਡਿਆਈ ਅਤੇ ਉਸ ਦਾ ਗਿਆਨ ਗੁਰੂ ਪਾਸੋਂ ਪਤਾ ਲੱਗਦਾ ਹੈ। ਉਸ ਅਕੱਥ ਦੀ ਕਥਾ ਕਰਦਿਆਂ, ਉਸ ਦਾ ਵਰਣਨ ਕਰਦਿਆਂ ਅਤੇ ਉਸ ਦਾ ਜਾਪ ਕਰਦਿਆਂ ਤੇ ਕਰਵਾਉਂਦਿਆਂ ਗੁਰੂ ਸੰਸਾਰਕ ਚਤੁਰਾਈਆਂ ਅਤੇ ਛਲਾਂ ਤੋਂ ਨਿਰਲੇਪ ਰਹਿੰਦਾ ਹੈ। ਇਹ ਪੂਰੇ ਗੁਰੂ ਦੀ ਮਿਹਰ ਸਦਕਾ ਹੀ ਹੁੰਦਾ ਹੈ ਕਿ ਗਿਆਨ ਦੇ ਜਗਿਆਸੂਆਂ ਅੰਦਰੋਂ ਹਉਮੈ ਖਤਮ ਹੋ ਜਾਂਦੀ ਹੈ। ਇਹ ਪੂਰੇ ਗੁਰੂ ਦੀ ਮਿਹਰ ਹੀ ਹੈ ਜਿਸ ਸਦਕਾ ਮਨੁੱਖਾਂ ਦੇ ਤਿੰਨੇ ਤਾਪ ਅਰਥਾਤ ਦੁੱਖ (ਅਕਾਲ ਪੁਰਖ ਵੱਲੋਂ ਮਿਲਿਆ ਕੁਦਰਤੀ ਦੁੱਖ, ਸਰੀਰਕ ਦੁੱਖ ਅਤੇ ਅਧਿਆਤਮਕ ਦੁੱਖ) ਦੂਰ ਹੋ ਜਾਂਦੇ ਹਨ। ਇਸ ਤਰ੍ਹਾਂ ਗੁਰਬਾਣੀ ਰਾਹੀਂ, ਗੁਰੂ ਦੇ ਸ਼ਬਦ ਰਾਹੀਂ ਮਨੁੱਖ ਸਹਿਜ ਵਿਚ ਆਉਂਦਾ ਹੈ ਅਤੇ ਆਪਣੇ ਸਵੈ ਦੀ ਅਸਲੀਅਤ ਨੂੰ ਅਨੁਭਵ ਕਰਦਾ ਹੈ:

ਪੂਰਾ ਸਤਿਗੁਰੁ ਆਪਿ ਨ ਅਲਖੁ ਲਖਾਵਈ।  
ਦੇਖੈ ਥਾਪਿ ਉਥਾਪਿ ਜਿਉ ਤਿਸੁ ਭਾਵਈ।  
ਲੇਪੁ ਨ ਪੁੰਨਿ ਨ ਪਾਪਿ ਉਪਾਇ ਸਮਾਵਈ।  
ਲਾਗੂ ਵਰੁ ਨ ਸਰਾਪ ਨ ਆਪ ਜਣਾਵਈ।  
ਗਾਵੈ ਸਬਦੁ ਅਲਾਪਿ ਅਕਥੁ ਸੁਣਾਵਈ।  
ਅਕਥ ਕਥਾ ਜਪੁ ਜਾਪਿ ਨ ਜਗਤੁ ਕਮਾਵਈ।  
ਪੂਰੇ ਗੁਰ ਪਰਤਾਪਿ ਆਪੁ ਗਵਾਵਈ।  
ਲਾਹੇ ਤਿੰਨੇ ਤਾਪਿ ਸੰਤਾਪ ਘਟਾਵਈ।  
ਗੁਰਬਾਣੀ ਮਨ ਧ੍ਰਾਪਿ ਨਿਜ ਘਰਿ ਆਵਈ।

ਅਗਲੀ ਪਉੜੀ ਵਿਚ ਭਾਈ ਗੁਰਦਾਸ ਗੁਰਸਿੱਖਾਂ ਲਈ ਸਾਧਨ, ਦਸ਼ਾ ਤੇ ਵਰਤਨ ਦੀ ਗੱਲ ਕਰਦੇ ਹਨ। ਭਾਵ ਗੁਰਸਿੱਖਾਂ ਲਈ ਅਦੇਸ਼ ਕੀ ਹਨ, ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਵਤੀਰਾ ਕਿਹੋ ਜਿਹਾ ਹੋਣਾ ਚਾਹੀਦਾ ਹੈ, ਆਦਿ। ਸਭ ਤੋਂ ਪਹਿਲੀ ਗੱਲ ਗੁਰਸਿੱਖ ਵਾਸਤੇ ਸਮਝਣ ਵਾਲੀ ਇਹ ਹੈ ਕਿ ਪੂਰੇ ਸਤਿਗੁਰ 'ਤੇ ਵਿਸ਼ਵਾਸ ਲਿਆਉਣਾ ਬਹੁਤ ਜ਼ਰੂਰੀ ਹੈ ਕਿਉਂਕਿ ਪੂਰਨ ਗੁਰੂ ਆਪ ਸਤਿ ਦਾ ਪਰਗਟ ਰੂਪ ਹੈ ਜਿਸ ਦਾ ਅਨੁਭਵ ਗੁਰਮੁਖਿ ਬਣ ਕੇ ਹੀ ਕੀਤਾ ਜਾ ਸਕਦਾ ਹੈ। ਅਨੁਭਵ ਕਰਨ ਲਈ ਗੁਰੂ ਦੇ ਦੱਸੇ ਰਸਤੇ 'ਤੇ ਚੱਲਣਾ ਪੈਂਦਾ ਹੈ। ਪੂਰੇ ਗੁਰੂ ਦੀ ਇੱਛਾ ਇਹੀ ਹੁੰਦੀ ਹੈ ਕਿ ਗੁਰਸਿੱਖ ਜਾਂ ਗੁਰਮੁਖਿ ਹਮੇਸ਼ਾ ਸ਼ਬਦ ਨੂੰ ਆਪਣੇ ਮਨ ਵਿਚ ਵਸਾ ਕੇ ਰੱਖੇ। ਦੂਸਰੀ ਗੱਲ, ਆਪਣੇ ਅੰਦਰੋਂ ਹਉਮੈ ਨੂੰ ਬਿਲਕੁਲ ਧੋ ਸੁੱਟਣਾ। ਹਉਮੈ ਨੂੰ ਮਨ ਵਿਚੋਂ ਪੂਰੀ ਤਰ੍ਹਾਂ ਕੱਢ ਦੇਣ ਨਾਲ ਮਨੁੱਖ ਨੂੰ ਅਕਾਲ ਪੁਰਖ ਦੀ ਦਰਗਾਹ ਵਿਚ ਮਨਜ਼ੂਰੀ ਮਿਲਦੀ ਹੈ, ਉਹ ਪਰਮਾਤਮਾ ਦੀ ਦਰਗਾਹ ਵਿਚ ਜਾਣਿਆ ਜਾਂਦਾ ਹੈ।

ਪੁਰਾਤਨ ਹਿੰਦੂ ਅਤੇ ਹੋਰ ਵੱਖ ਵੱਖ ਭਾਰਤੀ ਪਰੰਪਰਾਵਾਂ ਅਨੁਸਾਰ ਪਰਮਾਤਮਾ ਦਾ ਅਨੁਭਵ ਕਰਨ ਲਈ ਮਨੁੱਖ ਨੂੰ ਏਕਾਂਤ ਵਿਚ ਜਾ ਕੇ ਤਪੱਸਿਆ ਅਤੇ ਹੋਰ ਕਠਿਨ ਯੋਗਕ ਸਾਧਨਾ ਕਰਨ ਲਈ ਕਿਹਾ ਗਿਆ ਹੈ। ਪਰ ਗੁਰਮਤਿ ਅਨੁਸਾਰ ਇਕਾਂਤਵਾਸ ਹੋ ਕੇ ਕਠਿੱਨ ਤਪੱਸਿਆ ਕਰਨ ਨੂੰ ਨਕਾਰਿਆ ਗਿਆ ਹੈ। ਭਾਈ ਗੁਰਦਾਸ ਕਹਿੰਦੇ ਹਨ ਕਿ ਆਪਣੇ ਘਰ ਨੂੰ ਧਰਮ ਕਮਾਉਣ ਦਾ ਸਥਾਨ ਸਮਝ ਕੇ ਉਸ ਅੰਦਰ ਹੀ ਇਹ ਸਿੱਖਣਾ ਚਾਹੀਦਾ ਹੈ ਕਿ ਉਸ ਅਕਾਲ ਪੁਰਖ ਦਾ ਅਨੁਭਵ ਕਿਵੇਂ ਕਰਨਾ ਹੈ? ਭਾਵ ਗੁਰੂ ਦੇ ਸ਼ਬਦ ਦਾ ਅਨੁਸਾਰੀ ਹੋ ਕੇ ਘਰ-ਗ੍ਰਹਿਸਥੀ ਦੇ ਫਰਜ਼ ਪੂਰੇ ਕਰਦਿਆਂ ਹੀ ਆਪਣੀ ਸੁਰਤਿ ਨੂੰ ਪਰਮਾਤਮ-ਸੁਰਤਿ ਨਾਲ ਇੱਕਸੁਰ ਕਰਨ ਦੀ ਜਾਚ ਆਉਣੀ ਚਾਹੀਦੀ ਹੈ। ਜਿਹੜੇ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਆਪਣਾ ਜੀਵਨ ਉਸ ਅਨੁਸਾਰ ਗੁਜ਼ਾਰਦੇ ਹਨ, ਉਹ ਮੁਕਤੀ ਪ੍ਰਾਪਤ ਕਰ ਲੈਂਦੇ ਹਨ ਭਾਵ ਉਨ੍ਹਾਂ ਦੀ ਸੁਰਤਿ ਪਰਮਾਤਮ-ਸੁਰਤਿ ਨਾਲ ਇੱਕਸੁਰ ਹੋ ਜਾਂਦੀ ਹੈ, ਉਨ੍ਹਾਂ ਦਾ ਮਨ ਅਕਾਲ ਪੁਰਖ ਦੀ ਪ੍ਰੀਤ ਵਿਚ ਲੱਗ ਜਾਂਦਾ ਹੈ। ਉਹ ਆਪਣੇ ਅੰਤਰ-ਆਤਮੇ ਵਿਚ ਉਸ ਅਕਾਲ ਪੁਰਖ ਦੀ ਪ੍ਰੇਮਾ-ਭਗਤੀ ਦਾ ਅਨੁਭਵ ਕਰਕੇ ਸਦੀਵੀ ਅਨੰਦ ਪ੍ਰਾਪਤ ਕਰ ਲੈਂਦੇ ਹਨ ਅਤੇ ਅਕਾਲ ਪੁਰਖ ਦੀ ਮਿਹਰ ਸਦਕਾ ਉਹ ਨਿਹਾਲ ਹੋ ਜਾਂਦੇ ਹਨ। ਉਹ ਪਾਤਿਸ਼ਾਹੀਅਤ ਨੂੰ ਪ੍ਰਾਪਤ ਹੋ ਜਾਂਦੇ ਹਨ, ਸਦਾ ਸੁੱਖ ਭੋਗਦੇ ਹਨ। ਆਪਣੇ ਅੰਦਰੋਂ ਹਉਮੈ ਤੇ ਨਿਜੀ ਸਵਾਰਥ ਦੂਰ ਕਰਕੇ ਸਤਿ-ਸੰਗਤ ਦੀ ਸੇਵਾ ਵਿਚ ਮਸਰੂਫ ਹੋ ਜਾਂਦੇ ਹਨ ਜਿਵੇਂ ਸਤਿਸੰਗਤਿ ਲਈ ਪਾਣੀ ਢੋਣਾ, ਅਨਾਜ ਪੀਸਣਾ ਆਦਿ। ਉਨ੍ਹਾਂ ਦਾ ਜੀਵਨ ਹਲੀਮੀ ਅਤੇ ਅਨੰਦ ਕਾਰਨ ਅਨੋਖਾ ਹੋ ਜਾਂਦਾ ਹੈ ਕਿਉਂਕਿ ਉਹ ਬੇਹੱਦ ਹਲੀਮ ਅਤੇ ਅਨੰਦਮਈ ਹੁੰਦੇ ਹਨ, ਸਦਾ ਖਿੜਾਉ ਵਿਚ ਰਹਿੰਦੇ ਹਨ:

ਪੂਰਾ ਸਤਿਗੁਰ ਸਤਿ ਗੁਰਮੁਖਿ ਭਾਲੀਐ।  
ਪੂਰੀ ਸਤਿਗੁਰ ਮਤਿ ਸਬਦਿ ਸਮ੍ਹਾਲੀਐ।  
ਦਰਗਹ ਧੋਈਐ ਪਤਿ ਹਉਮੈ ਜਾਲੀਐ।  
ਘਰ ਹੀ ਜੋਗ ਜੁਗਤਿ ਬੈਸਣਿ ਧਰਮਸਾਲੀਐ।  
ਪਾਵਣ ਮੋਖ ਮੁਕਤਿ ਗੁਰ ਸਿਖਿ ਪਾਲੀਐ।  
ਅੰਤਰਿ ਪ੍ਰੇਮ ਭਗਤਿ ਨਦਰਿ ਨਿਹਾਲੀਐ।  
ਪਤਿਸਾਹੀ ਇਕ ਛਤਿ ਖਰੀ ਸੁਖਾਲੀਐ।  
ਪਾਣੀ ਪੀਹਣੁ ਘਤਿ ਸੇਵਾ ਘਾਲੀਐ।  
ਮਸਕੀਨੀ ਵਿਚਿ ਵਤਿ ਚਾਲੇ ਚਾਲੀਐ॥੮॥

ਗੁਰੂ ਨਾਨਕ ਦੇਵ ਗੁਰੂ ਦੇ ਦੱਸੇ ਰਸਤੇ ਦੀ ਗੱਲ ਕਰਦੇ ਹਨ ਕਿ ਗੁਰੂ ਦੀ ਸ਼ਰਨ ਪੈ ਕੇ ਆਪਣੇ ਮੂਲ-ਸ੍ਰੋਤ ਅਕਾਲ ਪੁਰਖ ਦੀ ਵਿਚਾਰ ਕਰ ਅਤੇ ਇਸ ਨਾਲ ਅਕਾਲ ਪੁਰਖ ਦੇ ਚਰਨ-ਕੰਵਲਾਂ ਦੀ ਪ੍ਰੀਤ ਪੈਦਾ ਕਰਨ ਵਾਲਾ ਨਾਮ ਰੂਪੀ ਧਨ ਮਿਲਦਾ ਹੈ। ਜਿਸ ਮਨੁੱਖ ਨੇ ਆਪਣੇ ਅੰਦਰੋਂ ਹਉਮੈ ਨੂੰ ਦੂਰ ਕਰਕੇ ਗੁਰੂ ਦੇ ਸ਼ਬਦ ਵਿਚ ਆਪਣੇ ਮਨ ਨੂੰ ਜੋੜ ਲਿਆ ਹੈ, ਉਸ ਨੇ ਗੁਰੂ ਦੀ ਬਖਸ਼ਿਸ਼ ਨਾਲ ਪ੍ਰਾਪਤ ਕੀਤੇ ਪ੍ਰੇਮ ਰਾਹੀਂ ਅਕਾਲ ਪੁਰਖ ਨੂੰ ਆਪਣੇ ਮਨ ਅੰਦਰ ਹੀ ਲੱਭ ਲਿਆ ਹੈ, ਉਸ ਦਾ ਅਨੁਭਵ ਕਰ ਲਿਆ ਹੈ। ਗੁਰੂ ਨਾਨਕ ਅੱਗੇ ਫੁਰਮਾਉਂਦੇ ਹਨ ਕਿ ਗੁਰੂ ਦੀ ਦੱਸੀ ਹੋਈ ਸੇਵਾ ਕੀਤਿਆਂ ਮਨੁੱਖ (ਗੁਰਮੁਖਿ) ਦਾ ਮਨ ਪਵਿੱਤਰ ਹੋ ਜਾਂਦਾ ਹੈ ਅਤੇ ਉਸ ਨੂੰ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ। ਜੋ ਮਨੁੱਖ ਆਪਣੇ ਅੰਦਰ ਗੁਰੂ ਦੇ ਸ਼ਬਦ ਨੂੰ ਵਸਾ ਲੈਂਦਾ ਹੈ ਅਤੇ ਸ਼ਬਦ ਰਾਹੀਂ ਆਪਣੇ ਅੰਦਰੋਂ ਹਉਮੈ ਦੂਰ ਕਰ ਲੈਂਦਾ ਹੈ, ਗੁਰੂ ਦੀ ਸ਼ਰਨ ਪੈ ਕੇ ਉਸ ਕੋਲੋਂ ਨਾਮ ਦੀ ਦਾਤ ਪ੍ਰਾਪਤ ਕਰ ਲਈ ਹੈ, ਉਹਦਾ ਮਨ ਸਦਾ ਲਾਭ 'ਚ ਰਹਿੰਦਾ ਹੈ ਤੇ ਉਸ ਅੰਦਰ ਸਦਗੁਣ ਪੈਦਾ ਹੋ ਜਾਂਦੇ ਹਨ:

ਪ੍ਰੇਮ ਪਦਾਰਥੁ ਪਾਈਐ  
ਗੁਰਮੁਖਿ ਤਤੁ ਵੀਚਾਰੁ॥  
ਸਾਧਨ ਆਪੁ ਗਵਾਇਆ  
ਗੁਰ ਕੈ ਸਬਦਿ ਸੀਗਾਰੁ॥  
ਘਰ ਹੀ ਸੋ ਪਿਰੁ ਪਾਇਆ  
ਗੁਰ ਕੇ ਹੇਤਿ ਅਪਾਰੁ॥੫॥  
ਗੁਰ ਕੀ ਸੇਵਾ ਚਾਕਰੀ  
ਮਨੁ ਨਿਰਮਲੁ ਸੁਖੁ ਹੋਇ॥  
ਗੁਰ ਕਾ ਸਬਦੁ ਮਨਿ ਵਸਿਆ  
ਹਉਮੈ ਵਿਚਹੁ ਖੋਇ॥  
ਨਾਮੁ ਪਦਾਰਥੁ ਪਾਇਆ  
ਲਾਭੁ ਸਦਾ ਮਨਿ ਹੋਇ॥੬॥ (ਪੰਨਾ ੬੧)

ਨੌਵੀਂ ਪਉੜੀ ਵਿਚ ਭਾਈ ਗੁਰਦਾਸ ਗੁਰਮੁਖਿ ਦੇ ਲੱਛਣ ਦੱਸਦੇ ਹਨ ਕਿ ਉਹ ਕਿਹੋ ਜਿਹੀ ਸ਼ਖਸੀਅਤ ਦਾ ਮਾਲਕ ਹੁੰਦਾ ਹੈ ਜਿਸ ਤੋਂ ਉਸ ਦੀ ਪਛਾਣ ਹੁੰਦੀ ਹੈ। ਉਨ੍ਹਾਂ ਅਨੁਸਾਰ ਗੁਰੂ ਸਿੱਖ ਨੂੰ, ਗੁਰਮੁਖਿ ਨੂੰ ਆਪਣੇ ਚਲਣ ਵਿਚ ਸੱਚਾ ਰਹਿਣ ਦਾ ਉਪਦੇਸ਼ ਦਿੰਦਾ ਹੈ ਅਤੇ ਗੁਰਮੁਖਿ ਸਤਿਸੰਗਤਿ ਵਿਚ ਜਾ ਕੇ ਸ਼ਬਦ ਵਿਚ ਲੀਨ ਰਹਿੰਦਾ ਹੈ। ਭਾਈ ਸਾਹਿਬ ਅੱਗੇ ਫੁੱਲਾਂ ਅਤੇ ਤਿਲਾਂ ਦੇ ਤੇਲ ਦਾ ਦ੍ਰਿਸ਼ਟਾਂਤ ਦਿੰਦੇ ਹਨ ਕਿ ਫੁੱਲਾਂ ਦੀ ਸੰਗਤਿ ਵਿਚ ਰਹਿ ਕੇ ਤਿਲਾਂ ਦੇ ਤੇਲ ਵਿਚੋਂ ਵੀ ਫੁੱਲਾਂ ਵਰਗੀ ਖੁਸ਼ਬੂ ਆਉਣ ਲੱਗ ਪੈਂਦੀ ਹੈ। ਭਾਵ ਚੰਗੀ ਸੰਗਤਿ ਦਾ ਅਸਰ ਵੀ ਚੰਗਾ ਹੁੰਦਾ ਹੈ। ਗੁਰੂ ਦਾ ਸਿੱਖ ਸਦਾ ਹੀ ਅਕਾਲ ਪੁਰਖ ਦੇ ਹੁਕਮ ਵਿਚ ਵਿਚਰਦਾ ਹੈ ਜਿਸ ਨੂੰ ਭਾਈ ਸਾਹਿਬ ਨੇ ਗੁਰਸਿੱਖ ਦੇ ਨੱਕ ਵਿਚ ਅਕਾਲ ਪੁਰਖ ਦੇ ਹੁਕਮ/ਭਾਣੇ ਦੀ ਨਕੇਲ ਕਿਹਾ ਹੈ, ਭਾਵ ਉਹ ਰੱਬੀ ਹੁਕਮ ਦੇ ਅਨੁਸਾਰ ਵਿਚਰਦਾ ਹੈ। ਉਹ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਅਕਾਲ ਪੁਰਖ ਦੇ ਸੌਰ-ਮੰਡਲ ਵਿਚ ਜੁੜਿਆ ਰਹਿੰਦਾ ਹੈ; ਉਸ ਦੀ ਸੁਰਤਿ ਰੱਬੀ-ਸੁਰਤਿ ਵਿਚ ਲੀਨ ਰਹਿੰਦੀ ਹੈ। ਉਹ ਆਪਣੇ ਮਨ ਵਿਚ ਗੁਰੂ ਨੂੰ ਯਾਦ ਕਰਦਾ ਹੋਇਆ ਗੁਰੂ ਨਾਲ ਇਕਮਿਕ ਹੋ ਜਾਂਦਾ ਹੈ ਅਤੇ ਸੁਖੀ ਰਹਿੰਦਾ ਹੈ। ਉਹ ਅਕਾਲ ਪੁਰਖ ਦੇ ਭਉ ਨੂੰ ਮਨ ਵਿਚ ਵਸਾਉਂਦਾ ਅਤੇ ਉਸ ਦੇ ਪ੍ਰੇਮ ਵਿਚ ਜੁੜਿਆ ਰਹਿੰਦਾ ਹੈ ਜਿਸ ਕਰਕੇ ਉਸ ਨੂੰ ਸ੍ਰੇਸ਼ਟ ਸਾਧੂ ਕਰਕੇ ਜਾਣਿਆ ਜਾਂਦਾ ਹੈ। ਗੁਰਮੁਖਿ ਉਤੇ ਅਕਾਲ ਪੁਰਖ ਦੇ ਪ੍ਰੇਮ ਦਾ ਪੱਕਾ ਰੰਗ ਨਿੱਤ ਦੂਣ-ਸਵਾਇਆ ਚੜ੍ਹਦਾ ਰਹਿੰਦਾ ਹੈ। ਗੁਰਮੁਖਿ ਸਦਾ ਹੀ ਉਸ ਅਕਾਲ ਪੁਰਖ ਨਾਲ ਜੁੜਿਆ ਰਹਿੰਦਾ ਹੈ ਜਿਹੜਾ ਮਹਾਂ ਅਨੰਦ ਅਤੇ ਨਿਰਭੈਤਾ ਬਖਸ਼ਿਸ਼ ਕਰਦਾ ਹੈ:

ਗੁਰਮੁਖਿ ਸਚਾ ਖੇਲੁ ਗੁਰ ਉਪਦੇਸਿਆ।  
ਸਾਧਸੰਗਤਿ ਦਾ ਮੇਲੁ ਸਬਦਿ ਅਵੇਸਿਆ।  
ਫੁਲੀਂ ਤਿਲੀਂ ਫੁਲੇਲ ਸੰਗਿ ਸਲੇਸਿਆ।  
ਗੁਰ ਸਿਖ ਨਕ ਨਕੇਲ ਮਿਟੈ ਅੰਦੇਸਿਆ।  
ਨ੍ਹਾਵਣੁ ਅੰਮ੍ਰਿਤ ਵੇਲ ਵਸਣ ਸੁਦੇਸਿਆ।  
ਗੁਰ ਜਪੁ ਰਿਦੈ ਸੁਹੇਲੁ ਗੁਰ ਪਰਵੇਸਿਆ।  
ਭਾਉ ਭਗਤਿ ਭਉ ਭੇਲੁ ਸਾਧ ਸਰੇਸਿਆ।  
ਨਿਤ ਨਿਤ ਨਵਲ ਨਵੇਲ ਗੁਰਮੁਖਿ ਭੇਸਿਆ।  
ਖੇਰ ਦਲਾਲ ਦਲੇਲ ਸਵ ਸਹੇਸਿਆ॥੯॥

## ਜਗੁ ਮੈਲਾ ਮੈਲੋ ਹੋਇ ਜਾਇ

ਗੁਰਬਾਣੀ ਗਿਆਨ

**ਧਨਾਸਰੀ ਮਹਲਾ ੩**

ਜਗੁ ਮੈਲਾ ਮੈਲੋ ਹੋਇ ਜਾਇ॥  
ਆਵੈ ਜਾਇ ਦੂਜੈ ਲੋਭਾਇ॥  
ਦੂਜੇ ਭਾਇ ਸਭ ਪਰਜ ਵਿਗੋਈ॥  
ਮਨਮੁਖਿ ਚੋਟਾ ਖਾਇ ਅਪੁਨੀ ਪਤਿ ਹੋਇ॥੧॥  
ਗੁਰੂ ਸੇਵਾ ਤੇ ਜਨੁ ਨਿਰਮਲੁ ਹੋਇ॥  
ਅੰਤਰਿ ਨਾਮੁ ਵਸੈ ਪਤਿ ਊਤਮ ਹੋਇ॥ ਰਹਾਉ॥  
ਗੁਰਮੁਖਿ ਉਬਰੇ ਹਰਿ ਸਰਣਾਈ॥  
ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ॥  
ਭਗਤਿ ਕਰੇ ਜਨੁ ਵਡਿਆਈ ਪਾਏ॥  
ਸਾਚਿ ਰਤੇ ਸੁਖ ਸਹਜਿ ਸਮਾਏ॥੨॥  
ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ॥  
ਗੁਰ ਕੈ ਸਬਦਿ ਆਪੁ ਪਛਾਣੁ॥  
ਸਾਚੀ ਰਾਸਿ ਸਾਚਾ ਵਾਪਾਰੁ॥  
ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ॥੩॥  
ਤਿਨਿ ਪ੍ਰਭਿ ਸਾਚੈ ਇਕਿ ਸਚਿ ਲਾਏ॥  
ਊਤਮ ਬਾਣੀ ਸਬਦੁ ਸੁਣਾਏ॥  
ਪ੍ਰਭੂ ਸਾਚੇ ਕੀ ਸਾਚੀ ਕਾਰ॥  
ਨਾਨਕ ਨਾਮਿ ਸਵਾਰਣਹਾਰ॥੪॥

ਗੁਰੂ ਅਮਰਦਾਸ ਆਖਦੇ ਹਨ, ਹੇ ਭਾਈ! ਮਾਇਆ ਦੇ ਮੋਹ 'ਚ ਫਸ ਕੇ ਇਹ ਜਗਤ ਮੈਲੇ ਜੀਵਨ ਵਾਲਾ ਹੋ ਜਾਂਦਾ ਹੈ ਤੇ ਵਧਦਾ-ਵਧਦਾ ਹੋਰ ਮੈਲਾ ਹੀ ਮੈਲਾ ਬਣਦਾ ਜਾਂਦਾ ਹੈ; ਆਉਣ-ਜਾਣ ਦੇ ਗੇੜ 'ਚ ਪਿਆ ਰਹਿੰਦਾ ਹੈ; ਮਾਇਆ ਦੇ ਮੋਹ ਵਿਚ ਫਸ ਕੇ ਸਾਰੀ ਲੁਕਾਈ ਖੁਆਰ ਹੁੰਦੀ ਹੈ। ਮਨਮੁਖ, ਮਨ ਦੇ ਪਿੱਛੇ ਤੁਰਨ ਵਾਲਾ ਮੋਹ ਦੀਆਂ ਸੱਟਾਂ ਖਾ ਇੱਜਤ ਗਵਾ ਲੈਂਦਾ ਹੈ।

ਗੁਰੂ ਸੇਵਾ ਤੇ ਜਨੁ ਨਿਰਮਲੁ ਹੋਇ॥  
ਅੰਤਰਿ ਨਾਮੁ ਵਸੈ ਪਤਿ ਊਤਮ ਹੋਇ॥ ਰਹਾਉ॥

'ਰਹਾਉ' ਵਾਲੀ ਪੰਕਤੀ ਵਿਚ ਗੁਰੂ ਅਮਰਦਾਸ ਜਗਤ ਦੇ ਜੀਵਾਂ ਨੂੰ ਉਪਦੇਸ਼ ਕਰਦੇ ਹਨ, ਹੇ ਭਾਈ! ਜਿਹੜਾ ਮਨੁੱਖ ਗੁਰੂ ਦੀ ਸ਼ਰਨ ਵਿਚ ਆ ਜਾਂਦਾ ਹੈ, ਗੁਰੂ ਦੀ ਮੱਤ ਲੈਂਦਾ ਹੈ, ਉਹ ਗੁਰੂ ਦੀ ਦੱਸੀ ਹੋਈ ਸੇਵਾ ਰਾਹੀਂ ਨਿਰਮਲ ਭਾਵ ਪਵਿੱਤਰ ਜੀਵਨ ਵਾਲਾ ਬਣ ਜਾਂਦਾ ਹੈ; ਉਸ ਮਨੁੱਖ ਦੇ ਅੰਦਰ ਮਿਹਰਬਾਨ ਪ੍ਰਭੂ ਦਾ ਨਾਮ ਆ ਵੱਸਦਾ ਹੈ, ਉਸ ਨੂੰ ਉਚੀ ਇੱਜਤ ਮਿਲਦੀ ਹੈ।

ਗੁਰਮੁਖਿ ਉਬਰੇ ਹਰਿ ਸਰਣਾਈ॥  
ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ॥  
ਭਗਤਿ ਕਰੇ ਜਨੁ ਵਡਿਆਈ ਪਾਏ॥  
ਸਾਚਿ ਰਤੇ ਸੁਖ ਸਹਜਿ ਸਮਾਏ॥੨॥

ਸਤਿਗੁਰੂ ਜੀ ਆਖਦੇ ਹਨ- ਹੇ ਭਾਈ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਪ੍ਰਭੂ ਪਰਮਾਤਮਾ ਦੀ ਸ਼ਰਨ ਪੈ ਕੇ ਮਾਇਆ ਦੇ ਬੰਧਨਾਂ ਤੋਂ ਬਚ ਨਿਕਲਦੇ ਹਨ। ਉਹ ਪਰਮੇਸ਼ਵਰ ਦੇ ਨਾਮ ਵਿਚ ਮਗਨ ਰਹਿੰਦੇ ਹਨ ਅਤੇ ਪ੍ਰਭੂ ਦੀ ਭਗਤੀ ਆਪਣੇ ਅੰਦਰ ਦ੍ਰਿੜ੍ਹ, ਭਾਵ ਪੱਕੀ ਟਿਕਾਈ ਰੱਖਦੇ ਹਨ। ਜਿਹੜਾ ਮਨੁੱਖ ਪ੍ਰਭੂ ਦੀ ਭਗਤੀ ਕਰਦਾ ਹੈ, ਉਹ ਲੋਕ-ਪਰਲੋਕ ਵਿਚ ਵਡਿਆਈ ਪਾਉਂਦਾ ਹੈ, ਜੋ ਮਨੁੱਖ ਪ੍ਰਭੂ ਦੇ ਪ੍ਰੇਮ ਰੰਗ 'ਚ ਰੰਗੇ ਰਹਿੰਦੇ ਹਨ, ਉਹ ਆਤਮਿਕ ਅਨੰਦ ਵਿਚ ਸਮਾਏ ਰਹਿੰਦੇ ਹਨ।

ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ॥  
ਗੁਰ ਕੈ ਸਬਦਿ ਆਪੁ ਪਛਾਣੁ॥  
ਸਾਚੀ ਰਾਸਿ ਸਾਚਾ ਵਾਪਾਰੁ॥  
ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ॥੩॥

ਹੇ ਭਾਈ! ਸਦਾ ਹੀ ਰਹਿਣ ਵਾਲੇ ਸੱਚੇ ਪ੍ਰਭੂ ਨਾਲ ਮਿਲਾਪ ਦਾ ਚਾਹਵਾਨ ਤਾਂ ਕੋਈ ਵਿਰਲਾ ਮਨੁੱਖ ਹੀ ਸਮਝੋ, ਜਿਹੜਾ ਮਨੁੱਖ ਪ੍ਰਭੂ ਮਿਲਾਪ ਦਾ ਚਾਹਵਾਨ ਹੁੰਦਾ ਹੈ, ਉਹ ਗੁਰੂ ਦੇ ਸ਼ਬਦ ਨਾਲ ਜੁੜ ਕੇ ਆਪਣੇ ਆਤਮਿਕ ਜੀਵਨ ਨੂੰ ਪਰਖਣ ਵਾਲਾ, ਆਪੇ ਨੂੰ ਪਛਾਣਨ ਵਾਲਾ ਬਣ ਜਾਂਦਾ ਹੈ, ਉਹ ਮਨੁੱਖ ਹਰੀ ਨਾਮ ਦੀ ਪੂੰਜੀ ਨੂੰ ਆਪਣੇ ਅੰਦਰ ਸਾਂਭ ਕੇ ਰੱਖਦਾ ਹੈ, ਸਿਮਰਨ ਦਾ ਹੀ ਵਪਾਰ ਕਰਦਾ ਹੈ, ਉਹ ਪੁਰਖ ਧੰਨ ਹੈ, ਜਿਸ ਦਾ ਪ੍ਰਭੂ ਨਾਲ ਪਿਆਰ ਹੈ।

ਤਿਨਿ ਪ੍ਰਭਿ ਸਾਚੈ ਇਕਿ ਸਚਿ ਲਾਏ॥  
ਊਤਮ ਬਾਣੀ ਸਬਦੁ ਸੁਣਾਏ॥  
ਪ੍ਰਭੂ ਸਾਚੇ ਕੀ ਸਾਚੀ ਕਾਰ॥  
ਨਾਨਕ ਨਾਮਿ ਸਵਾਰਣਹਾਰ॥੪॥

ਸਤਿਗੁਰੂ ਆਖਦੇ ਹਨ, ਹੇ ਭਾਈ! ਉਸ ਸਦਾ ਅਟੱਲ ਰਹਿਣ ਵਾਲੇ ਪ੍ਰਭੂ ਨੇ ਕਈ ਮਨੁੱਖਾਂ ਨੂੰ ਆਪਣੇ ਸਦਾ ਥਿਰ ਰਹਿਣ ਵਾਲੇ ਨਾਮ ਨਾਲ ਜੋੜਿਆ ਹੋਇਆ ਹੈ, ਉਨ੍ਹਾਂ ਨੂੰ ਗੁਰੂ ਦੀ ਬਾਣੀ, ਗੁਰੂ ਦਾ ਸ਼ਬਦ ਸੁਣਾ ਕੇ ਉਤਮ ਭਾਵ ਪਵਿੱਤਰ ਜੀਵਨ ਵਾਲੇ ਬਣਾ ਦਿੰਦਾ ਹੈ; ਹੇ ਨਾਨਕ! ਸਦਾ ਹੀ ਅਟੱਲ ਰਹਿਣ ਵਾਲੇ ਪ੍ਰਭੂ ਦੀ ਇਹ ਅਟੱਲ ਮਰਿਆਦਾ ਹੈ, ਜੀਵਾਂ ਨੂੰ ਆਪਣੇ ਨਾਮ ਵਿਚ ਜੋੜ ਕੇ ਸਵਾਰ ਦੇਣ ਵਾਲਾ ਪ੍ਰਭੂ ਹੀ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਅਜਮੇਰ ਸਿੰਘ ਦੇ ਖਿਆਲਾਂ ਦੀ ਹਕੀਕਤ

ਵਿਚਾਰ-ਚਰਚਾ

*ਕਮਿਊਨਿਸਟ (ਨਕਸਲੀ) ਆਗੂ ਤੋਂ ਸਿੱਖ ਵਿਦਵਾਨ ਬਣੇ ਸ. ਅਜਮੇਰ ਸਿੰਘ ਨੇ ਇਕ ਟੀ.ਵੀ. ਚੈਨਲ ਨੂੰ ਦਿਤੀ ਇੰਟਰਵਿਊ ਦੌਰਾਨ ਇਹ ਕਹਿ ਕੇ ਕਿ ਕਾਮਰੇਡ ਅਤੇ ਖਾਲਿਸਤਾਨੀ ਇਕੋ ਸਿੱਕੇ ਦੇ ਦੋ ਪਹਿਲੂ ਹਨ ਅਤੇ ਉਹ ਖਾਲਿਸਤਾਨੀਆਂ ਨਾਲ ਦੋ ਮਿੰਟ ਵੀ ਨਹੀਂ ਬੈਠ ਸਕਦੇ ਕਿਉਂਕਿ ਇਹ ਡਿਸਗਸਟਿੰਗ ਹੈ, ਸਿੱਖ ਹਲਕਿਆਂ ਵਿਚ ਤਰਥੱਲੀ ਮਚਾ ਦਿੱਤੀ। ਉਨ੍ਹਾਂ 'ਨੇਸ਼ਨ ਸਟੇਟ' ਦੇ ਮੁੱਦੇ ਉਤੇ ਸਮੁੱਚੇ ਖਾਲਿਸਤਾਨੀਆਂ ਬਾਰੇ ਅਜਿਹੀ ਰਾਏ ਪ੍ਰਗਟ ਕੀਤੀ ਜਿਸ ਤੋਂ ਕੁਝ ਧਿਰਾਂ ਨੂੰ ਵੱਡੀ ਮਾਯੂਸੀ ਹੋਈ। ਹੁਣ ਜਦੋਂ ਉਹ ਇਕ ਤਰ੍ਹਾਂ ਨਾਲ ਨੇਸ਼ਨ ਸਟੇਟ ਦੇ ਖਿਲਾਫ ਆਣ ਡਟੇ ਹਨ ਤਾਂ ਕੁਝ ਸਿੱਖ ਹਲਕਿਆਂ ਨੇ ਉਨ੍ਹਾਂ ਉਤੇ ਸਵਾਲਾਂ ਦੀ ਵਾਛੜ ਕਰ ਦਿੱਤੀ ਹੈ। ਇਸੇ ਪ੍ਰਸੰਗ ਵਿਚ ਪੰਜਾਬੀ ਟ੍ਰਿਬਿਊਨ (ਚੰਡੀਗੜ੍ਹ) ਦੇ ਸਾਬਕਾ ਅਸਿਸਟੈਂਟ ਐਡੀਟਰ ਅਤੇ ਸਿੱਖ ਵਿਦਵਾਨ ਸ. ਕਰਮਜੀਤ ਸਿੰਘ ਚੰਡੀਗੜ੍ਹ ਦਾ ਲੇਖ 'ਪੰਜਾਬ ਟਾਈਮਜ਼' ਦੇ 7 ਜਨਵਰੀ ਦੇ ਅੰਕ ਵਿਚ ਛਾਪਿਆ ਗਿਆ ਸੀ ਜਿਸ ਵਿਚ ਉਨ੍ਹਾਂ ਸ. ਅਜਮੇਰ ਸਿੰਘ ਦੇ ਸਿਆਸੀ ਪੈਂਤੜਿਆਂ ਨੂੰ ਖੁੱਲ੍ਹੀ ਚੁਣੌਤੀ ਦਿਤੀ ਸੀ। ਸਾਡਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ। ਸਾਡਾ ਮਨਸ਼ਾ ਇਸ ਮਸਲੇ ਬਾਰੇ ਸੰਜੀਦਾ ਬਹਿਸ ਚਲਾਉਣਾ ਹੈ। 'ਪੰਜਾਬ ਟਾਈਮਜ਼' ਪਹਿਲਾਂ ਵੀ ਅਜਿਹੇ ਗੰਭੀਰ ਮਸਲਿਆਂ ਬਾਰੇ ਵਿਚਾਰ-ਚਰਚਾ ਛੇੜਨ ਦੇ ਮਨੋਰਥ ਨਾਲ ਲਿਖਤਾਂ ਛਾਪਦਾ ਰਿਹਾ ਹੈ। ਇਸ ਤੋਂ ਪਹਿਲਾਂ ਸ. ਕਰਮਜੀਤ ਸਿੰਘ ਤੋਂ ਇਲਾਵਾ ਸ. ਹਜਾਰਾ ਸਿੰਘ ਮਿਸੀਸਾਗਾ ਅਤੇ ਸ. ਤਰਲੋਕ ਸਿੰਘ ਨਿਊ ਜਰਸੀ ਦੇ ਪ੍ਰਤੀਕਰਮ ਛਾਪ ਚੁਕੇ ਹਾਂ। ਇਸੇ ਲੜੀ ਹੇਠ ਸ. ਕਮਲਜੀਤ ਸਿੰਘ ਬਾਸੀ ਅਤੇ ਡਾ. ਸੰਦੀਪ ਸਿੰਘ ਦੇ ਵਿਚਾਰ ਛਾਪੇ ਜਾ ਰਹੇ ਹਨ। ਇਸ ਮਸਲੇ 'ਤੇ ਆਈਆਂ ਹੋਰ ਲਿਖਤਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। ਬੱਸ ਇਕ ਹੀ ਬੇਨਤੀ ਹੈ ਕਿ ਧੀਰਜ ਤੇ ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ। -ਸੰਪਾਦਕ*

ਮੈਂ ਅਜਮੇਰ ਸਿੰਘ ਦੀ ਯਾਦਵਿੰਦਰ ਸਿੰਘ ਨੂੰ ਦਿੱਤੀ ਇੰਟਰਵਿਊ ਸੁਣਨ ਤੋਂ ਬਾਅਦ ਕਰਮਜੀਤ ਸਿੰਘ ਦਾ ਉਹ ਲੇਖ ਵੀ ਪੜ੍ਹਿਆ ਹੈ ਜਿਸ ਵਿਚ ਉਹ ਦੱਸਦੇ ਹਨ ਕਿ ਅਜਮੇਰ ਸਿੰਘ ਦੇ ਮੂੰਹੋਂ ਅਜਿਹੇ ਬੋਲ ਨਿਕਲਣ ਦੇ ਮਨੋਵਿਗਿਆਨਕ ਕਾਰਨ ਕੀ ਹਨ? ਇਹ ਲੇਖ ਸੋਸ਼ਲ ਮੀਡੀਆ ਉਤੇ ਆਉਣ ਤੋਂ ਬਾਅਦ ਸਿੱਖ ਹਲਕਿਆਂ ਅੰਦਰ ਜੋ ਬਹਿਸ ਛਿੜੀ ਹੈ, ਉਸ ਵਿਚ ਬਹੁਤਾ ਤਾਂ ਇਕ-ਦੂਜੇ ਉਤੇ ਦੂਸ਼ਣਬਾਜ਼ੀ ਹੀ ਕੀਤੀ

ਡਾ. ਸੰਦੀਪ ਸਿੰਘ

ਜਾ ਰਹੀ ਹੈ, ਕੁਝ ਬੰਦੇ ਹੀ ਮੁੱਦੇ ਉਤੇ ਵਿਚਾਰ-ਚਰਚਾ ਕਰ ਰਹੇ ਹਨ। ਇਸ ਕਰ ਕੇ ਮਸਲੇ ਨੂੰ ਸਾਫ ਅਤੇ ਸਪਸ਼ਟ ਕਰ ਕੇ ਪੇਸ਼ ਕਰਨਾ ਜ਼ਰੂਰੀ ਹੈ, ਤਾਂ ਜੋ ਜਿਨ੍ਹਾਂ ਨੂੰ ਅਜੇ ਤੱਕ ਮਸਲੇ ਦੀ ਸਮਝ ਨਹੀਂ ਆਈ, ਉਹ ਇਸ ਨੂੰ ਸਮਝ ਸਕਣ। ਜੋ ਸਾਫ ਤੇ ਪ੍ਰਤੱਖ ਦੇਖਣ ਅਤੇ ਮੰਨਣ ਤੋਂ ਹੀ ਇਨਕਾਰੀ ਹਨ, ਉਨ੍ਹਾਂ ਨੂੰ ਵੀ ਹਕੀਕਤ ਦਾ ਸ਼ੀਸ਼ਾ ਦਿਖਾਇਆ ਜਾਵੇ।

ਅਜਮੇਰ ਸਿੰਘ ਦੀ ਇੰਟਰਵਿਊ ਤੋਂ ਇਹ ਗੱਲ ਸਾਫ ਹੈ ਕਿ ਉਹ ਖੁਦ ਭੰਬਲਭੂਸੇ ਵਿਚ ਫਸੇ ਹੋਏ ਹਨ ਅਤੇ ਉਨ੍ਹਾਂ ਨੂੰ ਖੁਦ ਸਮਝ ਨਹੀਂ ਆ ਰਹੀ ਕਿ ਸਿੱਖਾਂ ਨੂੰ ਇਸ ਔਖੀ ਸਥਿਤੀ ਵਿਚੋਂ ਬਾਹਰ ਕਿਵੇਂ ਕੱਢਿਆ ਜਾਵੇ? ਉਹ ਖੁਦ ਕਿਸੇ ਜਵਾਬ ਜਾਂ ਹੱਲ ਦੀ ਤਲਾਸ਼ ਵਿਚ ਪੱਛਮ ਵੱਲ ਦੇਖ ਰਹੇ ਹਨ। ਉਹ ਕਹਿੰਦੇ ਹਨ ਕਿ ਨਾ ਤਾਂ ਇਹ ਠੀਕ ਹੈ, ਤੇ ਨਾ ਹੀ ਉਹ ਠੀਕ ਹੈ, ਤੇ ਤੀਜਾ ਬਦਲ (ਜੋ ਉਹ ਸੋਚਦੇ ਹਨ) ਅਜੇ ਉਭਰਿਆ ਨਹੀਂ।

ਅਜਮੇਰ ਸਿੰਘ ਖਾਲਿਸਤਾਨੀਆਂ ਵਾਸਤੇ ਅੰਗਰੇਜ਼ੀ ਦਾ ਸ਼ਬਦ 'ਡਿਸਗਸਟਿੰਗ' ਇਸਤੇਮਾਲ ਕਰਦੇ ਹਨ। ਖਾਲਿਸਤਾਨੀ ਉਨ੍ਹਾਂ ਵਾਸਤੇ 'ਡਿਸਗਸਟਿੰਗ' ਉਸੇ ਤਰ੍ਹਾਂ ਹਨ ਜਿਵੇਂ ਬ੍ਰਾਹਮਣ ਵਾਸਤੇ ਸ਼ੂਦਰ ਡਿਸਗਸਟਿੰਗ ਹੈ। ਬ੍ਰਾਹਮਣ ਕਿਸੇ ਸ਼ੂਦਰ ਨਾਲ ਦੋ ਮਿੰਟ ਨਹੀਂ ਬਹਿ ਸਕਦਾ, ਇਸੇ ਤਰ੍ਹਾਂ ਅਜਮੇਰ ਸਿੰਘ ਵੀ ਖਾਲਿਸਤਾਨੀਆਂ ਨਾਲ ਦੋ ਮਿੰਟ ਨਹੀਂ ਬਹਿ ਸਕਦੇ। ਖਾਲਿਸਤਾਨੀ ਉਨ੍ਹਾਂ ਵਾਸਤੇ ਸ਼ੂਦਰਾਂ ਵਾਂਗ ਅਛੂਤ ਬਣ ਗਏ ਹਨ।

ਕੁਝ ਲੋਕਾਂ ਨੇ ਸੋਸ਼ਲ ਮੀਡੀਆ ਉਤੇ ਆਪਣੀਆਂ ਟਿੱਪਣੀਆਂ ਵਿਚ ਕਿਹਾ ਹੈ ਕਿ ਖਾਲਿਸਤਾਨੀਆਂ ਨੂੰ 'ਡਿਸਗਸਟਿੰਗ' ਕਹਿਣਾ ਠੀਕ ਹੈ, ਕੋਈ ਗਲਤ ਨਹੀਂ, ਕਿਉਂਕਿ ਉਹ ਖਾਲਿਸਤਾਨੀਆਂ ਨੂੰ 'ਡਿਸਗਸਟਿੰਗ' ਜਾਂ ਇਸ ਤੋਂ ਵੀ ਮਾੜਾ ਸਮਝਦੇ ਹਨ, ਤੇ ਕਿਸੇ ਨੇ ਤਾਂ ਆਪਣੇ ਆਪ ਨੂੰ 'ਡਿਸਗਸਟਿੰਗ' ਕਹਾਉਣਾ ਵੀ ਕਬੂਲ ਲਿਆ ਹੈ, ਇਹ ਸਵੈ-ਨਫਰਤ ਨਹੀਂ ਤਾਂ ਹੋਰ ਕੀ ਹੈ?

ਹੁਣ ਜੇ ਅਜਮੇਰ ਸਿੰਘ ਨੂੰ ਲਲਕਾਰ ਕੇ ਚੰਗੀ ਤਰ੍ਹਾਂ ਤਸੱਲੀਬਖਸ਼ ਤਰੀਕੇ ਨਾਲ ਨਾ ਹਰਾਇਆ ਗਿਆ ਤੇ ਲੋਕ ਉਨ੍ਹਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਮੰਨਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦ ਸਾਰੇ ਸਿੱਖ ਸਵੈ-ਨਫਰਤ ਦੀ ਮਾਨਸਿਕ ਬਿਮਾਰੀ ਦੀ ਸ਼ਿਕਾਰ ਹੋ ਜਾਣਗੇ। ਅਜਮੇਰ ਸਿੰਘ ਦੇ ਭਾਸ਼ਣ, ਵਾਰਤਾਲਾਪ ਅਤੇ ਕਿਤਾਬਾਂ ਦਾ ਅੰਤਿਮ ਪ੍ਰਭਾਵ ਲੋਕਾਂ ਉਤੇ ਇਹ ਪੈਂਦਾ ਹੈ ਕਿ ਇਹ ਲੋਕਾਂ ਵਿਚੋਂ ਉਨ੍ਹਾਂ ਦੀ ਰੂਹ/ਆਤਮਾ ਖਤਮ ਕਰ ਦਿੰਦਾ ਹੈ ਜਾਂ ਕੱਢ ਦਿੰਦਾ ਹੈ। ਜੋ ਵੀ ਉਸ ਨੂੰ ਸੁਣ ਜਾਂ ਪੜ੍ਹ ਕੇ ਉਸ ਦੇ ਪ੍ਰਭਾਵ ਥੱਲੇ ਆਉਂਦਾ ਹੈ, ਉਹ ਚੜ੍ਹਦੀ ਕਲਾ ਵਿਚ ਨਹੀਂ ਰਹਿੰਦਾ।

ਇੰਟਰਵਿਊ ਤੋਂ ਸਾਫ ਹੈ ਕਿ ਉਹ ਖਾਲਿਸਤਾਨ ਦੇ ਵਿਰੁਧ ਹਨ; ਜਦਕਿ ਉਨ੍ਹਾਂ ਦੇ ਮੁਰੀਦ ਦੋ ਭਾਗਾਂ ਵਿਚ ਵੰਡੇ ਹੋਏ ਪ੍ਰਤੀਤ ਹੁੰਦੇ ਹਨ- ਇਕ ਉਹ ਹਨ ਜੋ ਉਨ੍ਹਾਂ ਨੂੰ ਇਹ ਕਹਿ ਕੇ ਬਚਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਜੋ ਅਜਮੇਰ ਸਿੰਘ ਨੇ ਕਿਹਾ, ਉਹ ਕੁਝ ਹੋਰ ਕਹਿਣਾ ਚਾਹ ਰਹੇ ਸਨ, ਉਹ ਕੁਝ ਨਹੀਂ ਜੋ ਲਫਜ਼ਾਂ ਤੋਂ ਪ੍ਰਤੱਖ ਸਮਝ ਵਿਚ ਆਉਂਦਾ ਹੈ। ਦੂਜੇ ਉਹ ਹਨ, ਜਿਹੜੇ ਅਜਮੇਰ ਸਿੰਘ ਨੇ ਜੋ ਵੀ ਕਿਹਾ, ਉਸ ਨੂੰ ਸਹੀ ਠਹਿਰਾਉਂਦੇ ਹਨ ਅਤੇ ਇਹ ਵੀ ਕਹਿੰਦੇ ਹਨ ਕਿ ਜੋ ਵੀ ਉਨ੍ਹਾਂ ਕਿਹਾ ਹੈ, ਉਸ ਨੂੰ ਮੰਨਣ ਵਿਚ ਕੀ ਹਰਜ ਹੈ? ਅਜਮੇਰ ਸਿੰਘ ਨੂੰ ਮੰਨਣ ਵਾਲੇ ਬੇਸ਼ੱਕ ਦੋ ਭਾਗਾਂ ਵਿਚ ਵੰਡੇ ਹੋਏ ਜਾਪਦੇ ਹਨ, ਪਰ ਅਸਲ ਵਿਚ ਇਹ ਦੋਵੇਂ ਹੀ ਖਾਲਿਸਤਾਨ ਵਿਰੋਧੀ ਹਨ।

ਨੇਸ਼ਨ ਸਟੇਟ ਬਾਰੇ ਅਜਮੇਰ ਸਿੰਘ ਦੀ ਸਮਝ ਅਧੂਰੀ ਹੈ, ਉਹ ਗਹਿਰਾਈ ਤੱਕ ਨਹੀਂ ਗਏ ਅਤੇ ਉਨ੍ਹਾਂ ਨੂੰ ਮੰਨਣ ਵਾਲੇ ਵੀ ਉਨ੍ਹਾਂ ਦੇ ਪਰੋਸੇ ਹੋਏ ਨੂੰ ਹੀ ਪੂਰਾ ਸੱਚ ਮੰਨ ਰਹੇ ਹਨ। ਉਹ ਨੇਸ਼ਨ ਸਟੇਟ ਨੂੰ ਇਸ ਆਧਾਰ 'ਤੇ ਰੱਦ ਕਰ ਰਹੇ ਹਨ ਕਿ ਨੇਸ਼ਨ ਸਟੇਟ ਕਰ ਕੇ ਬਹੁਤ ਲੜਾਈਆਂ ਅਤੇ ਖੂਨ ਖਰਾਬਾ ਹੁੰਦਾ ਹੈ, ਜਿਵੇਂ ਸੰਸਾਰ ਜੰਗਾਂ ਵਿਚ ਹੋਇਆ।

ਹੁਣ ਤਾਂ (ਪੱਤਰਕਾਰ ਤੇ ਸਿੱਖ ਚਿੰਤਕ) ਜਸਪਾਲ ਸਿੰਘ ਸਿੱਧੂ ਵੀ ਆਪਣੇ ਲੇਖ ਨਾਲ ਅਜਮੇਰ ਸਿੰਘ ਦੀ ਹਮਾਇਤ ਵਿਚ ਆ ਗਏ ਹਨ। ਜਸਪਾਲ ਸਿੰਘ ਨੇਸ਼ਨ ਸਟੇਟ ਦਾ ਕਰੂਰ ਰੂਪ ਪੇਸ਼ ਕਰ ਰਹੇ ਹਨ ਅਤੇ ਹਿਟਲਰ, ਮੁਸੋਲੀਨੀ ਤੇ ਹਿੰਦੋਸਤਾਨ ਦੇ ਹਿੰਦੂਤਵੀ ਰਾਜ ਦੀ ਉਦਾਹਰਣ ਦੇ ਰਹੇ ਹਨ ਜਿਸ ਵਿਚ ਘੱਟ ਗਿਣਤੀ ਕੌਮਾਂ ਨੂੰ ਦਬਾਇਆ ਜਾਂਦਾ ਹੈ। ਉਹ ਇਹ ਵੀ ਕਹਿ ਰਹੇ ਹਨ ਕਿ ਨੇਸ਼ਨ ਸਟੇਟ ਸਿਰਫ ਉਥੇ ਹੀ ਆਦਰਸ਼ ਰਾਜ ਦੇ ਰੂਪ ਵਿਚ ਸੰਭਵ ਹੈ, ਜਿਥੇ ਇਕੋ ਕੌਮ ਦੇ ਹੀ ਲੋਕ ਰਹਿੰਦੇ ਹਨ। ਉਹ ਕਹਿਣਾ ਚਾਹੁੰਦੇ ਹਨ ਕਿ ਜਿਥੇ ਵੀ ਨੇਸ਼ਨ ਸਟੇਟ ਵਿਚ ਇਕ ਤੋਂ ਵੱਧ ਕੌਮਾਂ ਹੋਣਗੀਆਂ, ਉਥੇ ਦੂਜੀਆਂ ਕੌਮਾਂ ਨੂੰ ਦਬਾਇਆ ਜਾਵੇਗਾ। ਉਨ੍ਹਾਂ ਦਾ ਇਸ਼ਾਰਾ ਇਸ ਕਾਲਪਨਿਕ ਗੱਲ ਵੱਲ ਹੈ ਕਿ ਨੇਸ਼ਨ ਸਟੇਟ ਖਾਲਿਸਤਾਨ ਵਿਚ ਹਿੰਦੂਆਂ, ਮੁਸਲਮਾਨਾਂ ਅਤੇ ਇਸਾਈਆਂ ਨੂੰ ਦਬਾਇਆ ਜਾਵੇਗਾ। ਜਸਪਾਲ ਸਿੰਘ ਸਿੱਧੂ ਦੀ ਇਸ ਗੱਲ ਦਾ ਕੋਈ ਆਧਾਰ ਨਹੀਂ ਹੈ, ਕਿਉਂਕਿ ਸਿੱਖ ਜਦ ਵੀ ਰਾਜ ਕਰਨਗੇ, ਉਹ ਗੁਰੂ ਸਾਹਿਬਾਨ ਦੇ ਦੱਸੇ ਮੁਤਾਬਕ ਹਲੀਮੀ ਨੇਸ਼ਨ ਸਟੇਟ ਰਾਜ ਪ੍ਰਬੰਧ ਕਾਇਮ ਕਰਨਗੇ।

ਜਸਪਾਲ ਸਿੰਘ ਸਿੱਧੂ 1947 ਦੀ ਵੰਡ ਸਮੇਂ ਵਾਪਰੀ ਕਤਲੋਗਾਰਤ ਦਾ ਕਾਰਨ ਵੀ ਭਾਰਤ ਅਤੇ ਪਾਕਿਸਤਾਨ ਨੇਸ਼ਨ ਸਟੇਟਸ ਦੀ ਕਾਇਮੀ ਨੂੰ ਦੱਸ ਰਹੇ ਹਨ; ਜਦਕਿ ਉਸ ਕਤਲੋਗਾਰਤ ਦਾ ਕਾਰਨ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਸਦੀਆਂ ਤੋਂ ਦਬੀ ਹੋਈ ਨਫਰਤ ਦਾ ਖੁੱਲ੍ਹ ਕੇ ਬਾਹਰ ਆਉਣਾ ਸੀ। ਸ. ਸਿੱਧੂ ਇਹ ਮੰਨਣ ਨੂੰ ਵੀ ਤਿਆਰ ਨਹੀਂ ਹਨ ਕਿ ਇਹ ਕਤਲੋਗਾਰਤ ਧਾਰਮਿਕ ਦੁਸ਼ਮਣੀ ਕਾਰਨ ਵਾਪਰੀ, ਬਲਕਿ ਉਹ ਇਹ ਪ੍ਰਚਾਰ ਰਹੇ ਹਨ ਕਿ ਹਿੰਦੂ ਤੇ ਮੁਸਲਮਾਨ ਸਦੀਆਂ ਤੋਂ ਆਪਸ ਵਿਚ ਸ਼ਾਂਤੀ ਨਾਲ ਰਹਿ ਰਹੇ ਸਨ, ਜੋ ਸੱਚਾਈ ਤੋਂ ਬਹੁਤ ਪਰੇ ਦੀ ਗੱਲ ਹੈ। ਸ. ਸਿੱਧੂ ਨੇਸ਼ਨ ਸਟੇਟ ਦੇ ਖਿਆਲ ਨੂੰ ਸਿੱਖਾਂ ਵਾਸਤੇ ਬੇਗਾਨਾ ਅਤੇ ਸਰਾਪ ਕਹਿ ਰਹੇ ਸਨ ਜਿਸ ਤੋਂ ਸਿੱਖਾਂ ਨੂੰ ਦੂਰ ਹੀ ਰਹਿਣਾ ਚਾਹੀਦਾ ਹੈ।

ਗਿਆਨ ਦੀ ਕੋਈ ਵੀ ਗੱਲ ਕਿਸੇ ਖਿੱਤੇ ਨਾਲ ਸੀਮਤ ਨਹੀਂ ਰੱਖੀ ਜਾ ਸਕਦੀ ਅਤੇ ਨਾ ਹੀ



*ਅਜਮੇਰ ਸਿੰਘ*

ਰੱਖਣੀ ਚਾਹੀਦੀ ਹੈ। ਜੇ ਜਸਪਾਲ ਸਿੰਘ ਸਿੱਧੂ ਦੀ ਮੰਨੀਏ ਤਾਂ ਸਿੱਖ ਧਰਮ ਪੰਜਾਬ ਵਿਚ ਸ਼ੁਰੂ ਹੋਇਆ, ਇਹ ਪੱਛਮ ਵਾਸਤੇ ਬੇਗਾਨਾ ਹੈ ਅਤੇ ਇਸ ਨੂੰ ਪੱਛਮ ਵਿਚ ਫੈਲਣਾ ਨਹੀਂ ਚਾਹੀਦਾ। ਜਸਪਾਲ ਸਿੰਘ ਸਿੱਧੂ ਪਾਤਸ਼ਾਹੀ ਨੂੰ ਸੌਵਰੈਨਿਟੀ ਤੋਂ ਘੱਟ ਮੰਨ ਰਹੇ ਹਨ। ਉਹ ਸਿੱਖਾਂ ਨੂੰ ਸੌਵਰਨ ਜਾਂ ਆਜ਼ਾਦ ਨਹੀਂ ਦੇਖਣਾ ਚਾਹੁੰਦੇ।

ਨੇਸ਼ਨ ਸਟੇਟ ਤਾਂ ਐਬਸਟਰੈਕਟ ਕਨਸੈਪਟ ਹੈ ਜੋ ਦੋ ਕਨਸੈਪਟਸ ਨੇਸ਼ਨ ਅਤੇ ਸਟੇਟ ਦੇ ਮੇਲ ਨਾਲ ਬਣਿਆ ਹੈ। ਉਹ ਲੋਕ ਜਿਨ੍ਹਾਂ ਦਾ ਸਾਂਝਾ ਇਤਿਹਾਸ, ਸਭਿਅਤਾ, ਨਸਲ, ਭਾਸ਼ਾ ਜਾਂ ਧਰਮ ਹੁੰਦਾ ਹੈ, ਜੋ ਉਨ੍ਹਾਂ ਨੂੰ ਇਕ ਦੂਜੇ ਨਾਲ ਜੋੜਦਾ ਹੈ, ਉਹ ਨੇਸ਼ਨ/ਕੌਮ ਹਨ ਅਤੇ ਉਨ੍ਹਾਂ ਕੋਲ ਸਟੇਟ (ਜ਼ਮੀਨ ਅਤੇ ਸਰਕਾਰ ਜਿਸ 'ਤੇ ਉਨ੍ਹਾਂ ਦਾ ਖੁਦ ਦਾ ਅਖਤਿਆਰ ਹੋਵੇ) ਵੀ ਹੋਣੀ ਚਾਹੀਦੀ ਹੈ ਤਾਂ ਜੋ ਉਹ ਆਪਣੇ ਅੱਜ ਅਤੇ ਕੱਲ੍ਹ ਦੇ ਫੈਸਲੇ ਖੁਦ ਲੈ ਸਕਣ। ਜੰਗ ਅਤੇ ਖੂਨ ਖਰਾਬਾ ਗਲਤ ਲੋਕਾਂ ਦੇ ਸੱਤਾ ਵਿਚ ਆਉਣ ਨਾਲ ਹੋਇਆ ਅਤੇ ਹੁੰਦਾ ਹੈ। ਨੇਸ਼ਨ ਸਟੇਟ ਦੇ ਐਬਸਟਰੈਕਟ ਕਨਸੈਪਟ ਜਾਂ ਖਿਆਲ ਨੇ ਕੋਈ ਖੂਨ ਖਰਾਬਾ ਨਹੀਂ ਕੀਤਾ। ਖੂਨ ਖਰਾਬਾ ਹੋਣ ਦਾ ਖਦਸ਼ਾ ਪੈਦਾ ਕਰ ਕੇ ਖਾਲਿਸਤਾਨ ਦੀ ਕਾਇਮੀ ਖਿਲਾਫ ਵਿਚਾਰ ਖੜ੍ਹੇ ਕੀਤੇ ਜਾ ਰਹੇ ਹਨ ਅਤੇ ਇਹ ਪ੍ਰਚਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਖਾਲਿਸਤਾਨੀ ਖੂਨ ਖਰਾਬਾ ਚਾਹੁੰਦੇ ਹਨ ਜੋ ਸੱਚ ਨਹੀਂ। ਕੋਈ ਵੀ ਖਾਲਿਸਤਾਨੀ ਖੂਨ ਖਰਾਬਾ ਨਹੀਂ ਚਾਹੁੰਦਾ, ਪਰ ਹਿੰਦੋਸਤਾਨ ਦੀ ਸਰਕਾਰ ਸਿੱਖਾਂ ਨੂੰ ਜਬਰ ਅਤੇ ਜ਼ੁਲਮ ਨਾਲ ਦਬਾ ਰਹੀ ਹੈ।

ਸਵਾਲ ਹੈ ਕਿ ਕੀ ਹੁਣ ਸਿੱਖ ਖਾਲਿਸਤਾਨ ਲੈਣ ਲਈ ਸੰਘਰਸ਼ ਨਾ ਕਰਨ ਅਤੇ ਹਿੰਦੋਸਤਾਨ ਦੀ ਸਰਕਾਰ ਦਾ ਜ਼ੁਲਮ ਤੇ ਜਬਰ ਝੱਲੀ ਜਾਣ? ਨੇਸ਼ਨ ਸਟੇਟ ਦਾ ਐਬਸਟਰੈਕਟ ਕਨਸੈਪਟ ਅਤੇ ਨੇਸ਼ਨ ਸਟੇਟ ਦੀ ਹਕੀਕਤ ਦੋ ਵੱਖ-ਵੱਖ ਗੱਲਾਂ ਹਨ। ਇਕ ਖਿਆਲ ਹੈ ਤੇ ਦੂਜਾ ਫਿਨੋਮਿਨਾ ਹੈ। ਨੇਸ਼ਨ ਸਟੇਟ ਦੇ ਖਿਆਲ ਅਤੇ ਉਸ ਦੇ ਅਮਲ ਵਿਚ ਫਰਕ ਹੋ ਸਕਦਾ ਹੈ, ਤੇ ਜੇ ਅਮਲ ਸਹੀ ਨਹੀਂ ਕੀਤਾ ਤਾਂ ਉਸ ਪਿੱਛੇ ਖਿਆਲ ਨੂੰ ਗਲਤ ਨਹੀਂ ਠਹਿਰਾਇਆ ਜਾ ਸਕਦਾ। ਇਹ ਮਨੁੱਖ ਦੀ ਕਮਜ਼ੋਰੀ ਹੈ ਕਿ ਉਹ ਖਿਆਲ ਨੂੰ ਸਰਵਉਚ ਤਰੀਕੇ ਨਾਲ ਅਮਲ ਵਿਚ ਨਹੀਂ ਲਿਆ ਸਕੇ।

ਭਾਰਤ ਜਿਸ ਵਿਚ ਕਈ ਕੌਮਾਂ ਵੱਸਦੀਆਂ ਹਨ, ਨੂੰ ਨੇਸ਼ਨ ਸਟੇਟ ਨਹੀਂ ਕਿਹਾ ਜਾ ਸਕਦਾ, ਪਰ ਅਜਮੇਰ ਸਿੰਘ ਭਾਰਤ ਨੂੰ ਨੇਸ਼ਨ ਸਟੇਟ ਮੰਨਦੇ ਹਨ ਅਤੇ ਉਹ ਨੇਸ਼ਨ ਸਟੇਟ ਦਾ ਕਰੂਰ ਦੈਂਤ ਵਾਲਾ ਚਿਹਰਾ ਪੇਸ਼ ਕਰ ਕੇ ਖਾਲਿਸਤਾਨ ਦੇ ਖਿਆਲ ਵਿਰੁਧ ਖੜ੍ਹ ਰਹੇ ਹਨ। ਉਹ ਇਸ ਗੱਲ ਵੱਲ ਝਾਤ ਹੀ ਨਹੀਂ ਮਾਰ ਰਹੇ ਕਿ ਸਿੱਖ ਭਾਰਤ ਵਿਚ ਕਿੰਨਾ ਤਸ਼ੱਦਦ ਸਹਾਰ ਰਹੇ ਹਨ, ਉਹ ਸਿੱਖਾਂ ਉਤੇ ਹੋ ਰਹੇ ਜ਼ੁਲਮ ਨੂੰ ਬਿਲਕੁਲ ਅੱਖੋਂ ਪਰੋਖੇ ਕਰ ਰਹੇ ਹਨ। ਸਿੱਖਾਂ ਨੂੰ ਆਪਣੇ ਆਜ਼ਾਦ ਮੁਲਕ ਦੀ ਲੋੜ ਹੈ ਜਿਸ ਵਿਚ ਉਹ ਆਜ਼ਾਦੀ ਦਾ ਨਿੱਘ ਮਾਣ ਸਕਣ ਅਤੇ ਆਪਣੇ ਭਵਿੱਖ ਦੇ ਫੈਸਲੇ ਖੁਦ ਕਰ ਸਕਣ। ਅਜਮੇਰ ਸਿੰਘ ਖਾਲਿਸਤਾਨ ਖਿਲਾਫ ਇਸ ਕਰ ਕੇ ਖੜ੍ਹੇ ਹਨ ਕਿ ਉਹ ਨੇਸ਼ਨ ਸਟੇਟ ਦੇ ਖਿਆਲ ਨੂੰ ਨਫਰਤ ਕਰਦੇ ਹਨ। ਉਹ ਖਾਲਿਸਤਾਨ ਦੇ ਖਿਆਲ ਉਤੇ ਹਮਲਾ ਕਰ ਕੇ ਖਾਲਿਸਤਾਨ ਨੂੰ ਹੋਂਦ ਵਿਚ ਆਉਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ।

ਅਜਮੇਰ ਸਿੰਘ ਕਹਿੰਦੇ ਹਨ ਕਿ ਖਾਲਿਸਤਾਨੀ ਅਤੇ ਕਾਮਰੇਡ ਇਕੋ ਸਿੱਕੇ ਦੇ ਦੋ ਪਹਿਲੂ ਹਨ, ਕਿਉਂਕਿ ਉਨ੍ਹਾਂ ਵਾਸਤੇ ਇਹ ਦੋਵੇਂ ਹੀ 'ਡਿਸਗਸਟਿੰਗ' ਹਨ, ਮਤਲਬ ਉਹ ਆਪਣੇ ਆਪ ਨੂੰ ਇਨ੍ਹਾਂ ਤੋਂ ਕਿਤੇ ਉਚੀ ਥਾਂ 'ਤੇ ਮੰਨਦੇ ਹਨ। ਅਸਲ ਵਿਚ ਅਜਮੇਰ ਸਿੰਘ ਕਦੇ ਵੀ ਕਮਿਊਨਿਸਟ ਪ੍ਰਭਾਵ ਤੋਂ ਉਤੇ ਉਠ ਨਹੀਂ ਸਕੇ ਤੇ ਇਹੀ ਸੋਚ ਉਨ੍ਹਾਂ ਦੇ ਖਿਆਲਾਂ ਉਤੇ ਹੁਣ ਵੀ ਕਿਸੇ ਅਣਦਿਖ ਤਰੀਕੇ ਨਾਲ ਪ੍ਰਭਾਵ ਪਾ ਰਹੀ ਹੈ।

ਕਰਮਜੀਤ ਸਿੰਘ ਨੇ ਆਪਣੇ ਲੇਖ ਵਿਚ ਸੱਚ ਤੋਂ ਪਰਦਾ ਚੁੱਕਣ ਦਾ ਕੰਮ ਕੀਤਾ ਹੈ। ਉਨ੍ਹਾਂ ਨੇ ਅਜਮੇਰ ਸਿੰਘ ਦੇ ਮੂੰਹੋਂ ਖਾਲਿਸਤਾਨੀਆਂ ਖਿਲਾਫ ਭੜਾਸ ਨਿਕਲਣ ਦੇ ਮਨੋਵਿਗਿਆਨਕ ਕਾਰਨ ਵੀ ਦੱਸੇ ਹਨ ਤਾਂ ਜੋ ਲੋਕ ਅਜਮੇਰ ਸਿੰਘ ਦੇ ਸ਼ਬਦਾਂ ਨੂੰ ਅੰਤਿਮ ਸੱਚ ਮੰਨਣਾ ਬੰਦ ਕਰ ਦੇਣ ਅਤੇ ਉਨ੍ਹਾਂ ਦਾ ਪਰਸਨੈਲਿਟੀ ਕਲਟ ਡਿੱਗ ਜਾਵੇ। ਜਿਹੜੇ ਲੋਕ ਅਜੇ ਵੀ ਅਜਮੇਰ ਸਿੰਘ ਨੂੰ ਚਾਨਣ ਮੁਨਾਰਾ ਮੰਨਦੇ ਹਨ, ਉਨ੍ਹਾਂ ਨੂੰ ਇਹ ਗੱਲ ਜਾਣ ਤੇ ਸਮਝ ਲੈਣੀ ਚਾਹੀਦੀ ਹੈ ਕਿ ਜੇ ਤੁਸੀਂ ਕਿਸੇ ਨੂੰ ਆਪਣਾ ਆਈਡਲ ਮੰਨਦੇ ਹੋ ਤਾਂ ਤੁਸੀਂ ਉਸ ਤੋਂ ਪਰੇ ਨਹੀਂ ਸੋਚ ਸਕਦੇ। ਤੁਸੀਂ ਵਧ-ਫੁਲ ਨਹੀਂ ਸਕਦੇ ਤੇ ਤੁਹਾਡਾ ਖਿਆਲ ਤੁਹਾਡੇ ਆਈਡਲ ਤੋਂ ਪਰੇ ਨਹੀਂ ਜਾਵੇਗਾ।

ਅਜਮੇਰ ਸਿੰਘ ਆਪਣੀ ਇੰਟਰਵਿਊ ਵਿਚ ਖੁਦ ਇਹ ਗੱਲ ਸਾਫ ਕਰਦੇ ਹਨ ਕਿ ਉਨ੍ਹਾਂ ਕੋਲ ਸਾਰੇ ਸਵਾਲਾਂ ਦੇ ਜਵਾਬ ਨਹੀਂ ਹਨ ਅਤੇ ਉਹ ਖੁਦ ਪੱਛਮ ਵਿਚੋਂ ਕਿਸੇ ਜਵਾਬ ਜਾਂ ਬਦਲ ਦੇ ਉਭਰਨ ਦੀ ਉਮੀਦ ਰੱਖਦੇ ਹਨ। ਜਿਹੜੇ ਲੋਕ ਹੁਣ ਵੀ ਅਜਮੇਰ ਸਿੰਘ ਤੋਂ ਕਿਸੇ ਜਵਾਬ ਜਾਂ ਬਦਲ ਦੀ ਉਮੀਦ ਵਿਚ ਬੈਠੇ ਹਨ, ਉਨ੍ਹਾਂ ਨੂੰ ਇਹ ਗੱਲ ਜਾਣ ਤੇ ਮੰਨ ਲੈਣੀ ਚਾਹੀਦੀ ਹੈ ਕਿ ਉਸ ਕੋਲ ਕੋਈ ਜਵਾਬ ਨਹੀਂ ਹੈ ਅਤੇ ਉਨ੍ਹਾਂ ਨੂੰ ਕਿਤੇ ਹੋਰ ਜਵਾਬ ਤਲਾਸ਼ਣਾ ਚਾਹੀਦਾ ਹੈ, ਜਾਂ ਖੁਦ ਹੀ ਜਵਾਬ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕੋਈ ਉਨ੍ਹਾਂ ਨੂੰ ਜਵਾਬ ਪਰੋਸ ਕੇ ਦੇਵੇ, ਇਸ ਉਡੀਕ ਵਿਚ ਨਹੀਂ ਬੈਠੇ ਰਹਿਣਾ ਚਾਹੀਦਾ।

# ਕਰਮਜੀਤ ਸਿੰਘ ਚੰਡੀਗੜ੍ਹ ਦੇ ਤਰਕਾਂ ਦੀਆਂ ਕਮਜ਼ੋਰ ਤੰਦਾਂ

'ਪੰਜਾਬ ਟਾਈਮਜ਼' (7 ਜਨਵਰੀ 2017) ਵਿਚ 'ਖਿੜਕ ਗਏ ਹਨ ਅਜਮੇਰ ਸਿੰਘ ਆਪਣੀ ਮੰਜ਼ਿਲ ਤੋਂ' ਸਿਰਲੇਖ ਹੇਠ ਕਰਮਜੀਤ ਸਿੰਘ ਚੰਡੀਗੜ੍ਹ ਦਾ ਲੇਖ ਪੜ੍ਹਨ ਤੋਂ ਬਾਅਦ ਮਹਿਸੂਸ ਹੋਇਆ ਕਿ ਖਾਲਿਸਤਾਨ ਦੇ ਹਾਮੀ ਲੇਖਕ ਨੂੰ ਇਕ ਸਾਥੀ ਵੱਲੋਂ ਸਾਥ ਛੱਡ ਦੇਣ ਦੀ ਤਕਲੀਫ

ਕਮਲਜੀਤ ਸਿੰਘ ਬਾਸੀ
ਫਰੀਮਾਂਟ, ਕੈਲੀਫੋਰਨੀਆ

ਕਰਕੇ ਲੇਖ ਲਿਖਣਾ ਪਿਆ। ਕਰਮਜੀਤ ਸਿੰਘ ਨੂੰ ਇਸ ਗੱਲੋਂ ਬਹੁਤ ਤਕਲੀਫ ਹੋਈ ਹੈ ਕਿ ਅਜਮੇਰ ਸਿੰਘ ਨੇ ਆਪਣੇ ਖਾਲਿਸਤਾਨੀ ਮੁੱਦੇ ਉਤੇ ਦੂਜੀ ਨਜ਼ਰ ਮਾਰਨ ਦਾ ਹੱਕ ਵਰਤਿਆ ਹੈ, ਜਿਵੇਂ ਮੋਢੀ ਖਾਲਿਸਤਾਨੀ ਡਾ. ਜਗਜੀਤ ਸਿੰਘ ਚੌਹਾਨ ਜਾਂ ਡਾ. ਸੋਹਣ ਸਿੰਘ ਦੇ ਵਿਚਾਰਾਂ ਵਿਚ ਤਬਦੀਲੀ ਆਈ ਸੀ।

ਕਰਮਜੀਤ ਸਿੰਘ ਨੇ ਅਜਮੇਰ ਸਿੰਘ ਉਤੇ ਤਰਕ ਅਤੇ ਜਜ਼ਬਾਤ ਦਾ ਮੇਲ ਕਰ ਕੇ ਸੰਗਤਾਂ ਨੂੰ ਗੁੰਮਰਾਹ ਕਰਨ ਦਾ ਇਲਜ਼ਾਮ ਲਾਇਆ ਹੈ ਅਤੇ ਆਪ ਵੀ ਧਾਰਮਿਕ ਫਲਸਫਿਆਂ ਦੀ ਜਜ਼ਬਾਤੀ ਓਟ ਲੈ ਕੇ ਤਰਕ ਨੂੰ ਤਕੜਿਆਂ ਕਰਨ ਦਾ ਹੀਲਾ ਕੀਤਾ ਹੈ। ਕਰਮਜੀਤ ਸਿੰਘ ਲਿਖਦੇ ਹਨ, "ਖਾਲਿਸਤਾਨ ਲਈ ਹਜ਼ਾਰਾਂ ਵੀਰਾਂ-ਭੈਣਾਂ ਦੇ ਡੁੱਲ੍ਹੇ ਖੂਨ ਨੂੰ ਅਣਡਿਠ ਕਰ ਦਿੱਤਾ ਹੈ", ਪਰ ਇਸ ਪ੍ਰਸੰਗ ਵਿਚ ਉਹ ਖੁਦ ਵੀ ਸੜਕਾਂ ਉਤੇ ਸੁੱਤੇ ਪਏ ਪਰਵਾਸੀ ਮਜ਼ਦੂਰਾਂ ਦਾ ਖਾਲਿਸਤਾਨੀਆਂ ਵੱਲੋਂ ਖੂਨ ਵਹਾਉਣ ਜਾਂ ਖਾਲਿਸਤਾਨੀ 'ਵੀਰਾਂ-ਭੈਣਾਂ' ਵੱਲੋਂ ਬੇਕਸੂਰ ਲੋਕਾਂ ਦੇ ਬੰਬਾਂ ਨਾਲ ਡੋਲ੍ਹੇ ਖੂਨ ਦੀ ਬਦਬੋ ਤੋਂ ਨੱਕ ਵੱਟ ਲੈਂਦੇ ਹਨ। ਉਨ੍ਹਾਂ ਦਿੱਲੀ ਵਿਚ ਸਿੱਖਾਂ ਦੇ ਕਤਲਾਂ ਦੀ ਜੜ੍ਹ ਲੱਭਣ ਅਤੇ ਫਿਰੌਤੀਆਂ ਲੈ ਕੇ ਖਾਲਿਸਤਾਨ ਬਣਾਉਣ ਦੀ ਗੱਲ ਕਰਨ ਦਾ ਹੀਆ ਨਹੀਂ ਕੀਤਾ। ਨਾ ਹੀ ਉਨ੍ਹਾਂ ਇਸ ਸੰਘਰਸ਼ ਦਾ ਹਿੰਸਕ ਅਤੇ ਸੰਪਤੀ ਜਮ੍ਹਾਂ ਕਰਨ ਦਾ ਪੱਖ ਕਿਤੇ ਵੀ ਫਰੋਲਿਆ ਹੈ, ਜਿਸ ਦੀ ਮਿਸਾਲ ਵ੍ਹਾਈਟ ਹਾਊਸ, ਪਟਿਆਲਾ ਵਿਚ ਰਹਿੰਦੇ ਉਚ-ਕੋਟੀ ਦੇ ਖਾੜਕੂ ਦੀ ਰਿਹਾਇਸ਼ ਸੀ।

ਕਰਮਜੀਤ ਸਿੰਘ ਨੇ ਕਿਤੇ ਦੇਖਿਆ ਹੋਵੇਗਾ ਕਿ ਦਿੱਲੀ ਦੇ ਨਜਫ਼ਗੜ੍ਹ ਰੋਡ 'ਤੇ ਉਤਮਨਗਰ ਜਾਂ ਰਾਜਾ ਗਾਰਡਨ ਵਿਚ ਕਿੰਨੇ ਪੰਜਾਬੀਆਂ ਨੇ 1980-90ਵਿਆਂ ਵਿਚ ਜਾ ਕੇ ਆਪਣੀ ਜ਼ਿੰਦਗੀ ਮੁੜ ਸ਼ੁਰੂ ਕੀਤੀ ਸੀ ਜਿਨ੍ਹਾਂ ਨੂੰ ਜ਼ਿਲ੍ਹਾ ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿਚੋਂ ਖਾਲਿਸਤਾਨੀ 'ਵੀਰਾਂ-ਭੈਣਾਂ' ਨੇ ਕੱਢ ਕੇ ਇਸੇ ਜਨਮ ਵਿਚ ਦੂਸਰਾ 'ਸੰਤਾਲੀ' ਹੰਢਾਉਣ ਵਾਸਤੇ ਮਜਬੂਰ ਕਰ ਦਿੱਤਾ



*ਕਰਮਜੀਤ ਸਿੰਘ ਚੰਡੀਗੜ੍ਹ*

ਸੀ। ਕਰਮਜੀਤ ਸਿੰਘ ਆਪਣੀ ਅੰਤਰ-ਆਤਮਾ ਤੋਂ ਪੁੱਛਣ ਕਿ ਦਿੱਲੀ ਵਿਚ ਸਿੱਖਾਂ ਦੇ ਕਤਲੇਆਮ ਦੀ ਜੜ੍ਹ ਉਨ੍ਹਾਂ 'ਵੀਰਾਂ-ਭੈਣਾਂ' ਵੱਲੋਂ ਕੀਤੀ ਹਿੰਸਾ ਦਾ ਹੀ ਸਿੱਟਾ ਸੀ ਕਿ ਨਹੀਂ, ਜਿਨ੍ਹਾਂ ਵੀਰਾਂ-ਭੈਣਾਂ ਨੂੰ ਉਨ੍ਹਾਂ ਮੁਤਾਬਕ ਅਜਮੇਰ ਸਿੰਘ ਨੇ ਅਣਗੌਲਿਆ ਕਰ ਦਿੱਤਾ!

ਕੀ ਕਰਮਜੀਤ ਸਿੰਘ ਨੇ ਕਦੇ 'ਖਾਲਿਸਤਾਨੀ ਵੀਰਾਂ-ਭੈਣਾਂ' ਤੋਂ ਪੁੱਛਿਆ ਹੈ ਕਿ ਉਹ ਉਨ੍ਹਾਂ ਸਿੱਖਾਂ ਦੀ ਸੁਰੱਖਿਆ ਦਾ ਪ੍ਰਬੰਧ ਕਰਨਗੇ ਜੋ ਭਾਰਤ ਦੇ ਦੂਜੇ ਹਿੱਸਿਆਂ ਤੋਂ ਖਾਲਿਸਤਾਨ ਬਣਨ ਬਾਅਦ ਨਵੇਂ ਦੇਸ਼ ਵੱਲ ਆਉਣਗੇ? ਕੀ ਕਰਮਜੀਤ ਸਿੰਘ ਨੂੰ ਕਦੀ ਇਹ ਵਿਚਾਰ ਵੀ ਆਇਆ ਕਿ 1947 ਤੋਂ ਬਾਅਦ ਧਾਰਮਿਕ ਨੀਂਹਾਂ ਉਤੇ ਉਸਾਰਿਆ ਗਿਆ ਇਸਲਾਮ ਦਾ ਕਿਲ੍ਹਾ 25 ਸਾਲ ਵੀ ਸਾਬਤ ਨਹੀਂ ਰਹਿ ਸਕਿਆ? ਜਾਂ ਕਰਮਜੀਤ ਸਿੰਘ ਇਹ ਪੜਚੋਲ ਕਰਨਗੇ ਕਿ ਯੂਰਪ ਵਿਚ ਵੀ ਕਦੇ ਚਰਚ ਹੇਠ ਰਾਜ ਚੱਲ ਕੇ ਢਹਿ ਚੁੱਕੇ ਹਨ ਜਾਂ ਆਪਣੇ ਆਪ ਨੂੰ ਦਰਜਨਾਂ ਮੁਲਕ ਜੋ ਆਪਣੇ ਆਪ ਵਿਚ ਇਸਲਾਮਕ ਸਟੇਟ ਅਖਵਾਉਂਦੇ ਹਨ, ਦਾ ਇਕੋ ਹੀ ਮੁਲਕ ਕਿਉਂ ਨਹੀਂ ਬਣ ਸਕਿਆ? ਕੀ ਕਰਮਜੀਤ ਸਿੰਘ 1947 ਦੇ ਸੰਤਾਪ ਅਤੇ ਉਸ

(ਬਾਕੀ ਸਫਾ 24 ਉਤੇ)

# Confusion about 'Nation-State' is dangerous for Sikhs

ਖਬਰ ਏਜੰਸੀ ਯੂ.ਐਨ.ਆਈ. ਤੋਂ ਰਿਟਾਇਰ ਹੋਏ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ, ਜੋ ਕੁਝ ਸਮਾਂ ਪਹਿਲਾਂ ਆਪਣੀ ਪੁਸਤਕ 'ਸੰਤ ਭਿੰਡਰਾਂਵਾਲੇ ਦੇ ਰੂਬਰੂ:ਜੂਨ 84 ਦੀ ਪੱਤਰਕਾਰੀ' ਕਰਕੇ ਸਿੱਖ ਹਲਕਿਆਂ ਵਿਚ ਕਾਫੀ ਚਰਚਾ ਵਿਚ ਰਹੇ ਹਨ, ਦਾ ਇਹ ਲੇਖ ਵੀ ਅੱਜ ਕੱਲ੍ਹ ਚਰਚਾ ਵਿਚ ਹੈ। ਇਸੇ ਲੇਖ ਦਾ ਜ਼ਿਕਰ ਪਿਛਲੇ ਪੰਨੇ ਉਤੇ ਛਪੇ ਆਪਣੇ ਲੇਖ ਵਿਚ ਡਾ. ਸੰਦੀਪ ਸਿੰਘ ਨੇ ਕੀਤਾ ਹੈ। ਕਾਊਂਟਰ ਕਰੰਟਸ ਡਾਟ ਆਰਗ ਵੈਬ ਸਾਈਟ *(www.countercurrents.org/2017/01/12/confusion-about-nation-state-is-dangerous-for-sikhs/)* ਵਿਚ ਛਪਿਆ ਇਹ ਲੇਖ ਹੂਬਹੂ ਅੰਗਰੇਜ਼ੀ ਵਿਚ ਹੀ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। –ਸੰਪਾਦਕ

Of late, some thinkers of the Sikhs, a minority constituting less than two per cent of India's population, are praising and advocating for a separate 'Nation-State' as the best political solution for the emancipation of the besieged community. Such thinkers go to the extent of harrying and hounding those Sikh intellectuals who oppose the concept of 'Nation-State', a Western construct.

The latter category of intellectuals suggest that a lot of water has flowed down the rivers since Western educated and

**Jaspal Singh Sidhu**
Email: jaspal.sdh@gmail.com

influenced leaders of Indian independence struggle succeeded in setting up two 'Nation-States' in 1947-India and Pakistan,. Six decades old 'Nation-States' set-up in Indian sub-continent, have been the cause of untold miseries, internal-external conflicts, bloodshed and further fragmentation in form of Bangladesh, which the founding fathers could never fathom in their dreams even.

Critics of 'Nation-State' also argue that the unprecedented bloodshed and the forced migration of millions of people, witnessed during the Partition days was the direct consequence of Nehru and Jinnah's insistence on establishing their separate 'Nation-States'. The large scale humiliation of women folk, near one million communal killings and mayhem that flowed during Partition was NOT the outcome of RELIGIOUS ENIMITY amongst the population that had lived peacefully since times immemorial but was the outcome of the DIRTY POLITICS of whipping up communal and nationalistic frenzy, played up blatantly by Congress (read RSS) and Muslim League on the both sides of the Radcliffe Line, dividing these regions.

On other hand the proponents of 'Nation-State' amongst Sikhs are promoting a model of state which created India for Hindu-dominated Congress and Pakistan for the Muslims. They are fantasizing that Nation-State politics of 1940s is still the best suited political alternative for the Sikhs.

Contrary to them, the critics of Nation-State model argue that the Sikhs have their own concept of governance known as 'Halimee Raj' (ਹਲੀਮੀ ਰਾਜ), a benevolent state (not welfare state in modern parlance). Such governance vouchsafes for peaceful and honorable co-existence of distinct cultural and religious identities and corporate living of the citizens as against Nation-State set-up which eliminates or assimilates the distinct entities, diversities or minorities thus crushing the pluralistic society and manufacturing a homogenous society of mono-cultured citizens.

Some reflections of 'Halimee Raj' visible in regime of Maharaja Ranjit Singh, a native who succeeded in establishing a powerful sovereign State of Punjab, almost 800 years after the foreign Muslim invaders dethroned native rulers in eleventh century. His home-grown-rule 'Khalsa Raj' was not a 'nation state' in the modern sense as the Maharaja never gave predominance to the Sikhs over Muslims and Hindus and gave



ਲੇਖਕ ਜਸਪਾਲ ਸਿੰਘ ਸਿੱਧੂ

prominent positions in his 'Durbar' to eminent persons from non-Sikh communities, purely on basis of merit. The benevolent State governed by a Sikh ruler did not take even a single life in cold blood for any crime, what to say of political dissidents.

**Nation-State:** The 'Nation-State' concept was tailored and practiced by the imperial powers to impose the Western political and cultural ethos over native cultures and indigenous communities and to destroy their home-grown forms of governance. As a result of that, the world got transformed beyond recognition. Now, both the Western intelligentsia and their political class seem to be at loss in devising ways and means on 'how to extricate the globalized world from deepening financial and political crises being exacerbated day-by-day with accumulating nuclear arsenal threatening whole-sale destruction'.

The Nation-State model of governance, a progeny of the European 'Enlightenment had originated in the West with the dawn of rational thinking and reason. But the rise of rationalism questioned the God's existence and human beings' faith in the Absolute Providence or divine intervention.

'Rationalism' thus emerged, no doubt, furnished a base for scientific inventions and industrialization but it crucified the God at the altar of 'DOUBT' with slogans like 'doubt, doubt and doubt every development before scientifically proving it otherwise'. So FAITH, a central to every religion and religious person came into a direct conflict with rational thinking in public domain. The 'scientific thinking or rational thinking' rejected FAITH and religion as an unscientific abstraction and became the bedrock of 'materialism, modernism and Marxism'.

As a related historical development, the rapture was caused between the Church (Christianity) and the monarch (king), hitherto, functioning virtually in tandem in Europe and created a 'civic space' for the elite in affairs of the state. That 'civic space' paved way for the development of a non-monarchical 'modern state'.

The modern state, soon to take the shape of 'Modern Nation-State' practically began consolidating itself after the Westphalia treaty of 1648 in Europe and it symbolized a contract between the 'apparatus of power' (state establishment) and the general public.

And the 'French Revolution' of 1789 gave a boost to that by 'linking State or Statehood with Nationalism'.

Thus, godly charisma previously concentrated in the person of the king mediating between the sacred and the secular order was replaced by 'nationalism' which came handy for promoting the legitimacy of the non-monarchical states in Europe.

Since the beginning, the nationalism as an ideology of the 'Nation-State' frequently whipped up populism to secure stability for the state. The impersonal nationalism, generally touted as 'secularism' was used by the elite for raising a bogey of ultra-nationalism, not only for attaining stability of the state but also for creating an illusion of 'a pure or great nation'.

For acquiring stability, sustainability and legitimacy for the state, the European elite went for a wider participation of the general public and devised an electoral system which began its journey from limited suffrage to the universal. Thus, the extended people's participation came to be known as 'a democracy', later to be touted as the best system of governance. The democratic system though guaranteed upper-hand and security to the elite but it has never been free from internal conflicts and tends to throw up electoral dictatorship off and on.

The modern 'Nation-State' and its attendant democratic governance always necessitated the building of a 'Nation' at the first stage. To achieve that goal, the state kicked up the entry of 'nationalism' into the cultural domain of the general public and prepared a conducive ground for that by romanticizing the majority's culture and history. That process also homogenized distinct and diverse cultures within state's territory to achieve a 'uniform citizenry of the nation'. In that silent, sublime and secret operation, distinct cultures and minorities got demolished along with their identity, history, tradition and way of life.

The world has already witnessed such crusade on a larger scale when six million Jews were massacred and gas-chambered in Germany by the Nazis for 'purifying the Great German nation'. Ironically, the Nazis came to power




through election, thus, affirming their faith in democracy.

Most visible side of the Nation-State model of governance is that it helped European nations in colonizing the world. Colonization brought in its wake unfathomable massacres, subjugation of millions of helpless indigenous people and uprooting their home, hearth & culture. Before wrapping up their empires, the colonizers gifted this Frankenstein monster of 'Nation State' and democratic system to the regions they had once ruled.

Focusing on Indian sub-continent, it has acquired ultra-nationalism or Nation-States, a malaise just after the British Empire's exit from the region after the World War two. Nation-State was established by the power elite active in respective capitals in the sub-continent. The elite was comprised of political and corporate top rung, which was backed discreetly in India and blatantly in Pakistan by the security forces. They resorted to whipping up ultra-nationalism among masses to remain themselves in power and earning.

Now the Hindu right wing represented by the RSS has succeeded in capturing the power in New Delhi with their cadre's elevation to the office of Prime Minister Mr. Narendra Modi represents the rule of the majority, a pre-requisite to the establishment of 'Hindu Rashtra', a version of 'Nation-State'.

In fact, the foundation for 'Hindu Rashtra' was laid with Partition and with creation of Pakistan. Later it got concretized with systematic repression unleashed by New Delhi on the Sikh minority in Punjab, on Kashmiris, on Nagas and on other tribes in north east. And genocide of the Sikhs in November 1984 and massacre of the Muslims in Gujarat in 2002 with explicit complicity of the Indian state have further strengthened 'Hindutva' ideology as a political concept of 'Hindu ethnic majority'.

At global scale, the events of recent past confirm, that 'Nation-State' and its much acclaimed democratic system are being used as an instrument for killing, subjugation and repression of thousand millions and they are still carrying on mayhem against the humanity. Conservative estimates show that at least 60 millions more than number of killed in two world wars put together have been killed around the globe in name of 'Nation-State' and democracy.

Should such notorious concept be lapped up by the Sikhs whose faith advocates higher human values as equality, universalism and co-existence and abhors religious conversion and persecution?

So 'Nation-State' is ALIEN concept for the Sikhs and is an anathema (a curse) to them as their faith mandates pluralism and celebration of the diversity as found in nature.

The need of the hour is that the Sikh thinkers like political analyst Ajmer Singh should expose notoriety and havoc wreaked by the practice and percept of 'Nation-State'.

Moreover, the Sikh thinkers should not confuse the concept of 'sovereignty'. The Sikh concept of 'sovereignty' as embodied in the Sikh notion of 'Paatshaahi', is entirely different from the modern idea of sovereignty which has been derived from Western Nation-State practice. Instead of playing with jargon of Western political terms and thoughts, the Sikh intellectuals should fine-tune their own political concepts as propounded and practiced by the Sikh gurus over a period of 200 years.

# ਇੰਜ ਨਾ ਪੁੱਟੀਏ ਨਿਰੁਕਤੀ ਦੀ ਜੱਖਣਾ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਅੰਗਰੇਜ਼ੀ ਕੋਸ਼ਕਾਰ ਅਬਰਾਮ ਸਮਿਥ ਪਾਮਰ ਨੇ ਲਿਖਿਆ ਹੈ, "ਮਨੁੱਖ ਨਿਰੁਕਤਕਾਰੀ ਜੀਵ ਹੈ। ਉਹ ਕਿਸੇ ਬੇਮਾਅਨਾ ਸ਼ਬਦ ਦੇ ਖਿਲਾਅ ਨੂੰ ਪਸੰਦ ਨਹੀਂ ਕਰਦਾ। ਜੇ ਉਸ ਨੂੰ ਕੋਈ ਬੇਜਾਨ ਸ਼ਬਦ ਹਥਿਆ ਜਾਵੇ ਤਾਂ ਉਹ ਉਸ ਵਿਚ ਨਵੀਂ ਰੂਹ ਫੂਕਣ ਲਗਦਾ ਹੈ ਪਰ ਅਕਸਰ ਅਣਜਾਣ ਓਝੇ ਦੀ ਤਰ੍ਹਾਂ ਗਲਤ ਸਰੀਰ ਵਿਚ ਗਲਤ ਰੂਹ ਭਰ ਦਿੰਦਾ ਹੈ।"

ਅਜਿਹੇ ਕਾਰਜ ਨੂੰ ਅਸੀਂ ਮਨਘੜਤ ਵਿਉਤਪਤੀ ਕਹਿ ਸਕਦੇ ਹਾਂ ਜਦ ਕਿ ਅੰਗਰੇਜ਼ੀ ਵਿਚ ਇਸ ਲਈ ਢੁਕਵਾਂ ਪਦ ਹੈ, ਫੋਕ ਐਟੀਮਾਲੋਜੀ (Folk Etymology)। ਪਿਛਲੇ ਦਿਨੀਂ ਚੰਡੀਗੜ੍ਹ ਤੋਂ ਛਪਦੇ ਰੋਜ਼ਾਨਾ ਅਖਬਾਰ 'ਪੰਜਾਬੀ ਟ੍ਰਿਬਿਊਨ' ਵਿਚ ਪੰਜਾਬੀ ਆਲੋਚਕ ਜਲੌਰ ਸਿੰਘ ਖੀਵਾ ਦੇ ਪੰਜਾਬੀ ਸ਼ਬਦਾਂ ਬਾਰੇ ਲਿਖੇ ਦੋ ਲੇਖ ਪੜ੍ਹ ਕੇ ਅਜਿਹੀ ਮਨਘੜਤ ਵਿਉਤਪਤੀ ਦੇ ਖੁਲ੍ਹੇ ਦਰਸ਼ਨ ਹੋਏ। ਮੈਂ ਇਸ ਯਤਨ ਨੂੰ ਸ਼ਬਦਾਂ ਨਾਲ ਬਲਾਤਕਾਰ ਹੀ ਕਹਾਂਗਾ। ਜਿਸ ਵਿਸ਼ੇ ਬਾਰੇ ਬਹੁਤ ਘਟ ਗਿਆਨ ਹੋਵੇ, ਉਸ ਦੇ ਆਧਾਰ 'ਤੇ ਕੱਢਿਆ ਕੋਈ ਵੀ ਨਤੀਜਾ ਨਿਸਫਲ ਹੋਵੇਗਾ। ਦੋਵੇਂ ਲੇਖ ਪੜ੍ਹ ਕੇ ਮੇਰਾ ਪ੍ਰਭਾਵ ਬਣਿਆ ਹੈ ਕਿ ਖੀਵੇ ਨੂੰ ਨਿਰੁਕਤੀ ਦੇ ਵਿਸ਼ੇ ਬਾਰੇ ਕੋਈ ਜਾਣਕਾਰੀ ਨਹੀਂ ਪਰ ਗੱਲਾਂ ਵੱਡੀਆਂ ਵੱਡੀਆਂ ਕਰਨ ਲੱਗੇ ਹਨ। ਉਹ ਅੰਗਰੇਜ਼ੀ ਤੇ ਪੰਜਾਬੀ-ਦੋ ਭਾਸ਼ਾਵਾਂ ਦੇ ਕੁਝ ਇਕ ਸ਼ਬਦਾਂ ਵਿਚਕਾਰ ਸ਼ਬਦਾਂ ਦੀ ਧੁਨੀ ਅਤੇ ਅਰਥਾਂ ਦੀ ਨੇੜਤਾ ਦੇਖ ਕੇ ਉਨ੍ਹਾਂ ਨੂੰ ਇਕ ਦੂਜੇ ਨਾਲ ਸਬੰਧਤ ਦੱਸ ਰਹੇ ਹਨ। ਉਂਜ ਇਹ ਤੱਥ ਹੈ ਕਿ ਕਿਸੇ ਵੀ ਦੋ ਭਾਸ਼ਾਵਾਂ ਵਿਚ ਸੰਜੋਗਵਸ਼ ਅਨੇਕਾਂ ਸ਼ਬਦਾਂ ਦੀ ਅਰਥਾਂ ਤੇ ਧੁਨੀ ਪੱਖੋਂ ਸਮਾਨਤਾ ਹੁੰਦੀ ਹੈ। ਅੰਗਰੇਜ਼ੀ ਅਤੇ ਪੰਜਾਬੀ ਹਿੰਦ-ਯੂਰਪੀ ਪਰਿਵਾਰ ਦੀਆਂ ਭਾਸ਼ਾਵਾਂ ਹਨ, ਇਸ ਲਈ ਦੋਨਾਂ ਵਿਚ ਰਲਦੇ-ਮਿਲਦੇ ਸਮੂਲਕ ਸ਼ਬਦ ਹੋਣ ਦੀ ਵਜ੍ਹਾ ਕਦੀਮੀ ਸਾਕਾਦਾਰੀ ਹੈ, ਨਾ ਕਿ ਅੰਗਰੇਜ਼ਾਂ ਦਾ ਸ਼ਾਸਕ ਦੇ ਤੌਰ 'ਤੇ ਪੰਜਾਬੀਆਂ ਨਾਲ ਸੰਪਰਕ ਹੋਣਾ।

'ਪੰਜਾਬੀ-ਅੰਗਰੇਜ਼ੀ ਸ਼ਬਦਾਂ ਦੀ ਸੰਬਦਕਤਾ' ਵਾਲੇ ਲੇਖ ਵਿਚ ਉਨ੍ਹਾਂ ਅੰਗਰੇਜ਼ੀ ਰਾਜ ਦੇ ਪ੍ਰਸੰਗ ਵਿਚ ਧਾਰਨਾ ਪੇਸ਼ ਕੀਤੀ ਹੈ ਕਿ ਤਕੜੀ ਕੌਮ ਆਪਣੀ ਭਾਸ਼ਾ ਕਮਜ਼ੋਰ ਕੌਮ ਉਤੇ ਠੋਸਦੀ ਹੈ। ਲੇਖ ਵਿਚ ਉਨ੍ਹਾਂ ਦਾ ਹਰ ਬਿਆਨ ਆਪਣੇ ਆਪ ਨੂੰ ਕੱਟ ਰਿਹਾ ਹੈ। ਮਿਸਾਲ ਵਜੋਂ "ਤਕੜੀ ਕੌਮ ਆਪਣੇ 'ਮਨ-ਪਸੰਦ' ਸ਼ਬਦਾਂ ਨੂੰ ਦੂਸਰੀਆਂ ਭਾਸ਼ਾਵਾਂ ਵਿਚ ਘੁਸੇੜਦੀ ਹੈ।" ਪਹਿਲੀ ਗੱਲ ਇਹ ਕਿ ਇਥੇ ਮਨ-ਪਸੰਦ ਸ਼ਬਦਾਂ ਤੋਂ ਕੀ ਭਾਵ ਹੈ? ਫਿਰ ਇਹੀ ਸ਼ਬਦ ਦੂਜੀ ਭਾਸ਼ਾ ਵਿਚ ਰਚਮਿਚ ਜਾਂਦੇ ਹਨ ਤੇ ਨਿਰਣਾ ਕਰਨਾ ਔਖਾ ਹੋ ਜਾਂਦਾ ਹੈ ਕਿ ਸ਼ਬਦ ਮੌਲਿਕ ਹਨ ਜਾਂ ਉਧਾਰ ਲਏ ਹੋਏ। ਜੇ ਸ਼ਬਦ ਰਚਮਿਚ ਹੀ ਗਏ, ਫਿਰ ਇਤਰਾਜ਼ ਕਾਹਦਾ ਹੋਇਆ?

ਹੋਰ ਬਿਆਨ ਦੇਖੋ, "ਇਤਿਹਾਸਕ ਦ੍ਰਿਸ਼ਟੀ ਤੋਂ ਵਾਚਿਆਂ ਇਹ ਗੱਲ ਬੜੀ ਚੁੱਭਵੀਂ ਪਰ ਢੁੱਕਵੀਂ ਪ੍ਰਤੀਤ ਹੁੰਦੀ ਹੈ ਕਿ ਅੰਗਰੇਜ਼ੀ ਭਾਸ਼ਾ ਨੇ ਪੰਜਾਬੀ ਤੋਂ ਬਹੁਤ ਦੇਰ ਬਾਅਦ ਜਨਮ ਲੈ ਕੇ ਵੀ ਇਸ ਨੂੰ ਬੇ-ਹੱਦ ਪ੍ਰਭਾਵਿਤ ਕੀਤਾ ਹੈ।" ਗੱਲ ਇਕੋ ਵੇਲੇ ਚੁਭਵੀਂ ਅਤੇ ਢੁਕਵੀਂ ਹੈ! ਹੋਰ ਅੱਗੇ ਦੇਖੋ, "ਅੰਗਰੇਜ਼ ਤਕੜੀ ਧਿਰ ਹੋਣ ਦੇ ਨਾਤੇ ਪੰਜਾਬੀ ਦੇ ਬਹੁਤ ਸਾਰੇ ਸ਼ਬਦਾਂ ਨੂੰ ਆਪਣੀ ਲੋੜ ਤੇ ਸਹੂਲਤ ਲਈ ਬੇਝਿਜਕ ਹੋ ਕੇ ਅਪਨਾ ਲੈਂਦੇ ਹਨ ਅਤੇ ਬੜੀ ਸਿਆਣਪ (ਚਾਲਾਕੀ) ਨਾਲ ਆਪਣੀ ਭਾਸ਼ਾ ਨੂੰ ਪੰਜਾਬੀ ਭਾਸ਼ਾ ਉਤੇ ਠੋਸ ਦਿੰਦੇ ਹਨ।" ਇਸ ਵਿਚ ਕੀ ਮਾੜੀ ਗੱਲ ਹੋਈ, ਉਹ ਸਾਡੇ ਸ਼ਬਦ ਲੈ ਰਹੇ ਹਨ ਤੇ ਆਪਣੇ ਵੀ ਦੇ ਰਹੇ ਹਨ। ਫਿਰ ਇਹ ਕਹਿ ਦਿੱਤਾ ਕਿ ਪੰਜਾਬੀ ਵਿਚ ਵਿਗਿਆਨ ਦੀ ਸ਼ਬਦਾਵਲੀ ਦੀ ਘਾਟ ਹੋਣ ਕਾਰਨ ਅੰਗਰੇਜ਼ੀ ਤੋਂ ਇਹ ਸ਼ਬਦ ਲੈਣਾ ਸਾਡੀ ਮਜਬੂਰੀ ਹੈ! ਗੱਲ ਨੂੰ ਕਿਸੇ ਸਿਰੇ ਲੱਗਣ ਹੀ ਨਹੀਂ ਦਿੱਤਾ।

ਖੈਰ, ਮੈਂ ਬਹੁਤਾ ਲੇਖ ਦੇ ਵਿਸ਼ਾ ਵਸਤੂ ਬਾਰੇ ਨਹੀਂ ਬਲਕਿ ਲੇਖਕ ਦੁਆਰਾ ਪੇਸ਼ ਕੀਤੇ ਕਥਿਤ ਤੌਰ 'ਤੇ ਅੰਗਰੇਜ਼ਾਂ ਵਲੋਂ ਪੰਜਾਬੀ ਵਿਚ ਘੁਸੇੜੇ ਕੁਝ ਅੰਗਰੇਜ਼ੀ ਸ਼ਬਦ ਅਤੇ ਪੰਜਾਬੀ ਤੋਂ ਅੰਗਰੇਜ਼ੀ ਵਿਚ ਗਏ ਸ਼ਬਦਾਂ ਦੇ ਘਚੋਲੇ ਬਾਰੇ ਗੱਲ ਕਰਨੀ ਹੈ। ਲੇਖ ਦਾ ਇਹ ਹਿੱਸਾ ਪੜ੍ਹ ਕੇ ਰੋਣ ਹੀ ਆਉਂਦਾ ਹੈ ਕਿ ਲੇਖਕ ਨੇ ਆਪਣੀ ਸਮੱਗਰੀ ਦੇ ਸਹੀ ਹੋਣ ਬਾਰੇ ਜ਼ਰਾ ਵੀ ਪੜਤਾਲ ਨਹੀਂ ਕੀਤੀ। ਜੇ ਉਨ੍ਹਾਂ ਵਲੋਂ ਦਿੱਤੀ ਇਕ ਵੀ ਮਿਸਾਲ ਸਹੀ ਹੁੰਦੀ ਤਾਂ ਮੈਂ ਸਮਝਦਾ ਕਿ ਹਾਂ ਕੁਝ ਪ੍ਰਾਪਤੀ ਹੈ। ਅਸੀਂ ਉਸ ਦਾ ਇਕ ਇਕ ਸ਼ਬਦ ਘੋਖਾਂਗੇ। ਉਨ੍ਹਾਂ ਸ਼ੁਰੂ ਵਿਚ ਹੀ ਘਚੋਲੇ ਵਾਲੀ ਗੱਲ ਕਰ ਦਿੱਤੀ ਕਿ "ਇੱਥੇ ਅਸੀਂ ਇਸ ਚਰਚਾ ਤੋਂ ਗੁਰੇਜ਼ ਕਰਾਂਗੇ ਕਿ ਕਿਹੜਾ ਅੰਗਰੇਜ਼ੀ ਸ਼ਬਦ ਪੰਜਾਬੀ ਨੇ ਗ੍ਰਹਿਣ ਕੀਤਾ ਤੇ ਕਿਹੜਾ ਪੰਜਾਬੀ ਸ਼ਬਦ ਅੰਗਰੇਜ਼ੀ ਨੇ ਅਪਨਾਇਆ ਪਰ ਲੋੜ ਅਨੁਸਾਰ ਇਸ ਵੱਲ ਸੰਕੇਤ ਜ਼ਰੂਰ ਕਰਾਂਗੇ।" ਲੇਖਕ ਨੇ ਕੁਝ ਸ਼ਬਦਾਂ ਦੇ ਜੁੱਟ ਲਏ ਹਨ ਜਿਨ੍ਹਾਂ ਵਿਚੋਂ ਇਕ ਪੰਜਾਬੀ ਦਾ ਹੈ ਤੇ ਦੂਜਾ ਅੰਗਰੇਜ਼ੀ ਦਾ; ਅਤੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਹਰ ਇਕ ਜੁੱਟ ਵਿਚਲਾ ਇਕ ਸ਼ਬਦ ਦੂਜੇ ਸ਼ਬਦ ਦਾ ਬਦਲਿਆ ਰੂਪ ਹੈ। ਮੇਰਾ ਦਾਅਵਾ ਹੈ ਕਿ ਇਹ ਸੌ ਫੀਸਦੀ ਮਨ ਦੀ ਘਾੜਤ ਹੈ; ਹਰ ਜੁੱਟ ਵਿਚ ਪੇਸ਼ ਕੀਤਾ ਕੋਈ ਵੀ ਸ਼ਬਦ ਆਪਣੇ ਜੋਟੀਦਾਰ ਦਾ ਰੁਪਾਂਤਰ ਨਹੀਂ ਹੈ। ਮੈਂ ਖੁਦ ਸਾਰੇ ਸ਼ਬਦਾਂ ਦੀ ਨਿਸਚੇਪੂਰਬਕ ਵਿਉਤਪਤੀ ਨਹੀਂ ਜਾਣਦਾ ਤੇ ਨਾ ਹੀ ਵਿਸਥਾਰ ਵਿਚ ਜਾਵਾਂਗਾ ਪਰ ਹੋਰ ਤੱਥਾਂ ਨੂੰ ਵੀ ਨਾਲ ਲੈ ਕੇ ਆਪਣਾ ਨੁਕਤਾ ਸਾਬਤ ਕਰਨ ਦੀ ਕੋਸ਼ਿਸ਼ ਕਰਾਂਗਾ।

ਪਹਿਲਾ ਸ਼ਬਦ ਜੁੱਟ ਹੈ, ਅੰਗਰੇਜ਼ੀ Saint ਅਤੇ ਪੰਜਾਬੀ ਸੰਤ। ਧੁਨੀ ਅਤੇ ਅਰਥ ਪੱਖੋਂ ਮਿਲਦੇ ਹੋਣ ਕਾਰਨ ਸੰਕੇਤ ਹੈ ਕਿ ਇਥੇ ਲੈਣ-ਦੇਣ ਹੋਇਆ ਹੈ, ਕਿਹੜੇ ਪਾਸਿਓਂ ਲੈਣ ਹੋਇਆ ਤੇ ਕਿਹੜੇ ਪਾਸਿਓਂ ਦੇਣ, ਕੁਝ ਨਹੀਂ ਦੱਸਿਆ। ਸੇਂਟ ਸ਼ਬਦ ਤੇਰ੍ਹਵੀਂ ਸਦੀ ਤੋਂ ਅੰਗਰੇਜ਼ੀ ਵਿਚ ਚੱਲ ਰਿਹਾ ਹੈ ਤੇ ਇਹ ਲਾਤੀਨੀ 'ਚੋਂ ਫਰਾਂਸੀਸੀ ਵਿਚ ਹੁੰਦਾ ਹੋਇਆ ਅੰਗਰੇਜ਼ੀ ਵਿਚ ਗਿਆ। ਲਾਤੀਨੀ ਵਿਚ ਇਸ ਦਾ ਰੂਪ ਸੀ ਸੈਂਕਟਸ (Sanctus) ਜਿਸ ਦਾ ਅਰਥ ਸੀ ਪਵਿਤਰ। ਅੰਗਰੇਜ਼ੀ Sacred ਵੀ ਇਸ ਦੇ ਨਾਲ ਜੁੜਵਾਂ ਸ਼ਬਦ ਹੈ। ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ 'ਸੰਤ' ਸ਼ਬਦ ਚਿਰਾਂ ਤੋਂ ਪ੍ਰਚਲਿਤ ਹੈ। ਪੰਦਰਵੀਂ ਸਦੀ ਵਿਚ ਗੁਰੂ ਨਾਨਕ ਦੇਵ ਨੇ ਇਸ ਦੀ ਵਰਤੋਂ ਕੀਤੀ ਹੈ, 'ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ॥' ਇਸ ਦਾ ਮਤਲਬ ਅੰਗਰੇਜ਼ਾਂ ਦੇ ਪੰਜਾਬ ਆਉਣ ਤੋਂ ਪਹਿਲਾਂ ਹੀ ਪੰਜਾਬ ਵਿਚ ਸੰਤ ਮੌਜੂਦ ਸਨ।

ਅਗਲਾ ਸ਼ਬਦ ਜੁੱਟ ਹੈ, Approach (ਪਹੁੰਚ)। ਐਪਰੋਚ ਲਾਤੀਨੀ ਤੋਂ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਆਇਆ। ਅੰਗਰੇਜ਼ੀ ਵਿਚ ਇਹ ਚੌਧਵੀਂ ਸਦੀ ਦੇ ਸ਼ੁਰੂ ਵਿਚ ਹੀ ਰਿਕਾਰਡ ਹੋਇਆ ਮਿਲਦਾ ਹੈ। ਲਾਤੀਨੀ ਵਿਚ ਤਾਂ ਹੋਰ ਵੀ ਬਹੁਤ ਪਹਿਲਾਂ ਹੋਵੇਗਾ। ਦੂਜੇ ਪਾਸੇ ਪਹੁੰਚ ਸੰਸਕ੍ਰਿਤ 'ਪਰਭਵ' ਤੋਂ ਬਣਿਆ ਜਿਸ ਦਾ ਮੁਢਲਾ ਅਰਥ ਬਾਹਰ ਨਿਕਲਣਾ, ਦੇ ਕਾਬਲ ਹੋਣਾ ਆਦਿ ਹੈ। ਸੰਸਕ੍ਰਿਤ ਵਿਚ ਇਹ ਅੱਗੇ ਪਰਾ+ਭੂ (ਹੋਣਾ) ਤੋਂ ਬਣਿਆ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੇ ਅਨੇਕਾਂ ਰੂਪ ਮਿਲਦੇ ਹਨ। ਗੁਰੂ ਨਾਨਕ ਦਾ ਵਾਕ ਹੈ, 'ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ॥' ਗੁਰੂ ਨਾਨਕ ਵੇਲੇ ਅੰਗਰੇਜ਼ ਨਹੀਂ ਸੀ ਆਏ, ਫਿਰ Approach ਨੇ ਕਿਵੇਂ ਪਹੁੰਚਣਾ ਸੀ?

ਹੁਣ ਆਈਏ ਸ਼ਬਦ ਜੁੱਟ Heavy- ਹਾਵੀ ਵੱਲ। ਪੰਜਾਬੀ ਹਾਵੀ ਮੁਢਲੇ ਤੌਰ 'ਤੇ ਅਰਬੀ ਸ਼ਬਦ ਹੈ ਜੋ ਫਾਰਸੀ ਰਾਹੀਂ ਪੰਜਾਬੀ ਵਿਚ ਆਇਆ। ਅਰਬੀ ਵਿਚ ਇਸ ਸ਼ਬਦ ਦੇ ਅਰਥ ਹਨ-ਘੇਰਨਾ, ਪਕੜਨਾ, ਵੱਸ ਵਿਚ ਕਰਨਾ। ਇਸ ਦਾ ਅਰਬੀ ਧਾਤੂ ਹੈ 'ਹਵੀ' ਜਿਸ ਵਿਚ ਫੜ ਲੈਣ ਦੇ ਭਾਵ ਹੈ। ਅੰਗਰੇਜ਼ੀ 'ਹੈਵੀ' ਪੁਰਾਤਨ ਜਰਮੈਨਿਕ ਸ਼ਬਦ ਹੈ ਜਿਸ ਦੇ ਰੁਪਾਂਤਰ ਹੋਰ ਜਰਮੈਨਿਕ ਭਾਸ਼ਾਵਾਂ ਵਿਚ ਵੀ ਮਿਲਦੇ ਹਨ। ਇਸ ਦਾ ਭਾਰੋਪੀ ਮੂਲ 'Kap' ਨਿਰਧਾਰਤ ਕੀਤਾ ਗਿਆ ਹੈ ਜਿਸ ਦਾ ਮਤਲਬ ਹੈ, ਪਕੜਨਾ। ਇਸ ਤੋਂ ਅੰਗਰੇਜ਼ੀ Capable ਬਣਿਆ। ਇਸ ਤਰ੍ਹਾਂ ਅੰਗਰੇਜ਼ੀ 'ਹੈਵੀ' ਤੇ ਅਰਬੀ ਵਲੋਂ ਪੰਜਾਬੀ 'ਹਾਵੀ' ਦਾ ਵੀ ਕੋਈ ਜੋੜ ਨਹੀਂ ਬੈਠਦਾ।

Upper-ਉਪਰ ਦੇ ਸਬੰਧ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਦੋਵੇਂ ਭਾਰੋਪੀ ਅਰਥਾਤ ਆਰੀਆਈ ਹੋਣ ਕਰਕੇ ਇਕ-ਦੂਜੇ ਨਾਲ ਸਬੰਧਤ ਹਨ। ਉਂਜ ਅੰਗਰੇਜ਼ੀ Upper ਸ਼ਬਦ Up ਦਾ ਦੂਜੀ ਡਿਗਰੀ ਦਾ ਸ਼ਬਦ ਹੈ। ਜਰਮੈਨਿਕ ਭਾਸ਼ਾਵਾਂ ਵਿਚ ਇਸ ਦੇ ਸਕੇ ਸੋਹਦਰੇ ਮਿਲਦੇ ਹਨ। ਅੰਗਰੇਜ਼ੀ ਵਿਚ ਇਹ ਚੌਧਵੀਂ ਸਦੀ ਤੋਂ ਮੌਜੂਦ ਹੈ। ਗਰੀਕ ਹੇਪੋ ਲਾਤੀਨੀ ਸੁਬ ਅਤੇ ਸੰਸਕ੍ਰਿਤ ਉਪ ਇਸ ਦੇ ਸੁਜਾਤੀ ਸ਼ਬਦ ਹਨ। ਸੰਸਕ੍ਰਿਤ ਉਪ ਤੋਂ ਉਪਰ ਸ਼ਬਦ ਬਣਿਆ ਜੋ ਪੰਜਾਬੀ ਸਮੇਤ ਬਹੁਤ ਸਾਰੀਆਂ ਆਧੁਨਿਕ ਭਾਰਤੀ ਆਰੀਆਈ ਭਾਸ਼ਾਵਾਂ ਵਿਚ ਪ੍ਰਚਲਿਤ ਹੈ। ਉਪਰ ਵਾਂਗ ਹੀ ਇਕ ਹੋਰ ਪੰਜਾਬੀ ਸਬੰਧਕ/ਯੋਜਕ 'ਅੰਦਰ' ਹੈ ਜਿਸ ਦਾ ਸ. ਖੀਵਾ ਨੇ ਅੰਗਰੇਜ਼ੀ ਅੰਡਰ (Under) ਨਾਲ ਨਾਤਾ ਜੋੜ ਦਿੱਤਾ ਹੈ। ਇਸ ਦਾ ਮਤਲਬ ਹੇਠਾਂ ਹੁੰਦਾ ਹੈ ਜਦ ਕਿ ਪੰਜਾਬੀ ਅੰਦਰ ਦਾ ਮਤਲਬ 'ਵਿਚ ਨੂੰ' ਹੁੰਦਾ ਹੈ। ਇਹ ਚਿਰਕਾਲ ਤੋਂ ਅੰਗਰੇਜ਼ੀ ਦੇ ਅਧੀਨ ਹੈ। ਹੋਰ ਜਰਮੈਨਿਕ ਭਾਸ਼ਾਵਾਂ ਵਿਚ ਅੰਗਰੇਜ਼ੀ 'ਅੰਡਰ' ਦੇ ਰੁਪਾਂਤਰ ਮਿਲਦੇ ਹਨ। ਉਂਜ ਇਹ ਵੀ 'ਉਪਰ' ਦੀ ਤਰ੍ਹਾਂ ਭਾਰੋਪੀ ਖਾਸੇ ਵਾਲਾ ਸ਼ਬਦ ਹੈ। ਅਵੇਸਤਾ ਵਿਚ ਇਸ ਦਾ 'ਅਥਰ' ਜਿਹਾ ਰੂਪ ਮਿਲਦਾ ਹੈ ਜਦ ਕਿ ਸੰਸਕ੍ਰਿਤ ਵਿਚ ਇਸ ਦਾ ਸਮਾਨੰਤਰ ਸੁਜਾਤੀ ਸ਼ਬਦ ਹੈ, 'ਅਧਰ' ਜਿਸ ਦਾ ਅਰਥ ਹੇਠਾਂ ਹੁੰਦਾ ਹੈ। ਇਹ 'ਅਧ' ਦਾ ਦੂਜੀ ਡਿਗਰੀ ਦਾ ਸੂਚਕ ਹੈ। ਇਸ ਦਾ ਅਰਥ ਪਾਤਾਲ, ਹੇਠਲਾ ਭਾਗ ਹੁੰਦਾ ਹੈ, 'ਅਧਰੰ ਧਰੰ ਧਰਾਵਹ' (ਗੁਰੂ ਅਰਜਨ ਦੇਵ)। ਪੰਜਾਬੀ ਅਧ (ਹੇਠਾਂ), ਅਧਮ ਅਤੇ ਅਧੋਗਤੀ ਜਾਣੇ-ਪਛਾਣੇ ਸ਼ਬਦ ਹਨ। Infernal (ਨਾਰਕੀ) ਅਤੇ Infra (ਹੇਠਾਂ) ਲਾਤੀਨੀ ਵਲੋਂ, ਇਸ ਦੇ ਸੁਜਾਤੀ ਹਨ। ਸੰਖੇਪ ਵਿਚ ਏਨਾ ਦੱਸ ਦੇਈਏ ਕਿ ਪੰਜਾਬੀ 'ਅੰਦਰ' ਦਾ ਅੰਗਰੇਜ਼ੀ Inter ਨਾਲ ਜ਼ਰੂਰ ਖੂਨੀ ਰਿਸ਼ਤਾ ਹੈ।

ਕਿਆ ਸਿਤਮ ਹੈ, 'ਅੰਗਰੇਜ਼ੀ ਸ਼ਾਸਕ ਪੰਜਾਬੀਆਂ ਨੂੰ ਡਾਂਟਦੇ ਰਹਿੰਦੇ ਸਨ' ਇਸ ਲਈ ਡਰਾਉਣਾ ਧਮਕਾਉਣਾ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Daunt ਪੰਜਾਬੀ ਵਿਚ 'ਡਾਂਟਣਾ' ਦੇ ਰੂਪ ਵਿਚ ਆ ਗਿਆ ਦੱਸਿਆ ਗਿਆ ਹੈ। ਅੰਗਰੇਜ਼ੀ ਦਾ ਇਹ ਸ਼ਬਦ ਵੀ ਚੌਧਵੀਂ ਸਦੀ ਤੋਂ ਅੰਗਰੇਜ਼ੀ ਵਿਚ ਡਟਿਆ ਹੋਇਆ ਹੈ ਜੋ ਲਾਤੀਨੀ 'ਚੋਂ ਆਇਆ ਹੈ। ਲਾਤੀਨੀ ਵਿਚ ਇਸ ਦਾ ਰੂਪ ਸੀ, Domare ਅਤੇ ਅਰਥ ਸੀ, ਵੱਸ ਵਿਚ ਕਰਨਾ। ਅੰਗਰੇਜ਼ੀ Tame ਤੇ Dominate ਇਸੇ ਤੋਂ ਬਣੇ ਹਨ। ਇਹ ਭਾਰੋਪੀ ਸ਼ਬਦ ਹੈ ਤੇ ਇਸ ਦਾ ਮੂਲ ਹੈ, Deme ਜਿਸ ਵਿਚ ਕਾਬੂ ਕਰਨਾ, ਵੱਸ ਵਿਚ ਕਰਨਾ ਆਦਿ ਦੇ ਭਾਵ ਹਨ। ਬਹੁਤ ਸਾਰੀਆਂ ਹਿੰਦ-ਆਰੀਆਈ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਸੰਸਕ੍ਰਿਤ 'ਦਮਯਤੀ' ਇਸ ਦਾ ਸਕਾ ਹੈ। ਪੰਜਾਬੀ ਦਮਨ, ਦਮਯੰਤੀ, ਦਬਾਉਣਾ ਇਸੇ ਤੋਂ ਬਣੇ ਹਨ। ਸੰਭਵ ਹੈ, ਪੰਜਾਬੀ-ਹਿੰਦੀ ਡਾਂਟ ਵੀ ਇਸੇ ਤੋਂ ਬਣਿਆ ਹੋਵੇ। ਸ਼ਾਇਦ ਇਸ ਦਾ ਸਬੰਧ ਦੰਡ ਨਾਲ ਹੋਵੇ।

ਗਿਰੀ ਦੇ ਅਰਥਾਂ ਵਾਲਾ ਅੰਗਰੇਜ਼ੀ Core ਸ਼ਬਦ ਪੰਦਰਵੀਂ ਸਦੀ ਤੋਂ ਅੰਗਰੇਜ਼ੀ ਵਿਚ ਹੈ। ਸਰੋਤਾਂ ਮੁਤਾਬਕ ਸੰਭਵ ਤੌਰ 'ਤੇ ਇਹ ਫਰਾਂਸੀਸੀ ਵਲੋਂ ਆਇਆ ਹੈ। ਉਂਜ ਇਹ ਅੰਗਰੇਜ਼ੀ Heart ਅਤੇ ਪੰਜਾਬੀ ਹਿਰਦੇ ਦਾ ਸੁਜਾਤੀ ਹੈ। ਪਰ ਕਿਨਾਰੇ, ਹਾਸ਼ੀਏ ਦੇ ਅਰਥਾਂ ਵਾਲੇ ਪੰਜਾਬੀ 'ਕੋਰ' ਨਾਲ ਇਸ ਦਾ ਕੋਈ ਸਬੰਧ ਨਹੀਂ। ਹੋਰ ਭਾਰਤੀ ਭਾਸ਼ਾਵਾਂ ਜਿਵੇਂ ਗੁਜਰਾਤੀ, ਮਰਾਠੀ, ਸਿੰਧੀ ਵਿਚ ਵੀ ਇਹ ਸ਼ਬਦ ਮਿਲਦਾ ਹੈ।

ਪਾਉਣਾ, ਡੋਲ੍ਹਣਾ ਦੇ ਅਰਥਾਂ ਵਾਲਾ Pour ਸ਼ਬਦ ਅੰਗਰੇਜ਼ੀ ਵਿਚ ਚੌਧਵੀਂ ਸਦੀ ਤੋਂ ਹੈ ਤੇ ਖਿਆਲ ਕੀਤਾ ਜਾਂਦਾ ਹੈ ਕਿ ਇਹ ਵੀ ਲਾਤੀਨੀ 'ਚੋਂ ਆਇਆ ਹੈ। ਹਲ ਵਾਲਾ ਪੰਜਾਬੀ ਪੋਰ ਦਾ ਮੁਢਲਾ ਅਰਥ ਗੰਢ ਹੈ ਜਿਸ ਤੋਂ ਇਸ ਦੇ ਹੋਰ ਅਰਥ ਵਿਕਸਿਤ ਹੁੰਦੇ ਹਨ ਜਿਵੇਂ ਗੰਨੇ ਦੀ ਪੋਰੀ ਤੇ ਬਾਂਸ ਦਾ ਡੰਡਾ। ਬਾਂਸ ਦੇ ਅਰਥਾਂ ਵਾਲਾ ਪੋਰ ਵਿਚੋਂ ਪੋਲਾ ਹੋਣ ਕਰਕੇ ਪਹਿਲਾਂ ਪਹਿਲਾਂ ਬੀਜ ਕੇਰਨ ਲਈ ਵਰਤਿਆ ਜਾਂਦਾ ਸੀ।

ਹੋਰ ਅਟਕਲ ਲਾਇਆ ਹੈ ਕਿ ਅੰਗਰੇਜ਼ੀ Clash ਪੰਜਾਬੀ ਕਲੇਸ਼ ਦਾ ਹੀ ਰੁਪਾਂਤਰ ਹੈ। ਅੰਗਰੇਜ਼ੀ 'ਕਲੈਸ਼' ਵਿਚ ਟਕਰਾਉਣ ਦਾ ਭਾਵ ਹੈ ਤੇ ਖਿਆਲ ਹੈ ਕਿ ਇਹ ਦੋ ਚੀਜ਼ਾਂ ਦੇ ਟਕਰਾਉਣ ਦੀ ਆਵਾਜ਼ ਤੋਂ ਬਣਿਆ ਧੁਨੀ-ਅਨੁਕਰਣਕ ਸ਼ਬਦ ਹੈ ਜਦਕਿ ਪੰਜਾਬੀ ਕਲੇਸ਼ ਸੰਸਕ੍ਰਿਤ ਦੀ ਕਲਿ ਧਾਤੂ ਤੋਂ ਬਣਿਆ ਹੈ ਜਿਸ ਵਿਚ ਦੁਖੀ ਕਰਨ, ਸਤਾਉਣ ਦਾ ਭਾਵ ਹੈ। ਦੋ ਲੇਖਾਂ ਵਿਚ ਅਜੇ ਹੋਰ ਵੀ ਬਹੁਤ ਅਨਮੋਲ ਰਤਨ ਹਨ, ਜਿਨ੍ਹਾਂ ਦਾ ਲੇਖਾ ਫਿਰ ਕਰਾਂਗੇ।

#

# ਕਰਮਜੀਤ ਸਿੰਘ ਚੰਡੀਗੜ੍ਹ ਦੇ ਤਰਕਾਂ ਦੀਆਂ ਕਮਜ਼ੋਰ ਤੰਦਾਂ

*(ਸਫਾ 22 ਦੀ ਬਾਕੀ)*

ਤੋਂ ਬਾਅਦ ਦੇ ਦੋ ਤੇ ਫਿਰ ਤਿੰਨ ਮੁਲਕਾਂ ਦੀ ਧਾਰਮਿਕ ਹਾਲਤ ਬਾਰੇ ਸੋਚਣਗੇ? ਕੀ ਉਹ ਜਾਣਦੇ ਹਨ ਕਿ 'ਇਸਲਾਮ ਦੇ ਕਿਲ੍ਹੇ' ਯਾਨਿ ਅਜੋਕੇ ਪਾਕਿਸਤਾਨ ਵਿਚ ਧਾਰਮਿਕ ਕਤਲ ਜ਼ਿਆਦਾ ਹੁੰਦੇ ਹਨ, ਜਿਥੇ 99 ਫੀਸਦੀ ਆਬਾਦੀ ਮੁਸਲਮਾਨਾਂ ਦੀ ਹੈ?

ਜੇ ਕਰਮਜੀਤ ਸਿੰਘ ਇਸ ਨੂੰ ਡੂੰਘਾਈ ਨਾਲ ਵਿਚਾਰਨ ਤਾਂ ਸ਼ਾਇਦ ਉਨ੍ਹਾਂ ਨੂੰ ਇਸ ਸਾਰੀ ਧਾਰਮਿਕ ਹਿੰਸਾ ਦੀ ਜੜ੍ਹ ਧਰਮ ਅਤੇ ਸਿਆਸਤ ਦੀ ਜ਼ਹਿਰੀਲੀ ਕੌਕਟੇਲ ਵਿਚੋਂ ਮਿਲ ਜਾਵੇ। ਜਦੋਂ ਸਿਆਸਤ ਵਿਚ ਕਿਸੇ ਵੀ ਹੋਰ ਵਿਚਾਰਧਾਰਾ ਦਾ ਯੋਗ ਹੋ ਜਾਵੇ ਤਾਂ ਉਸ ਦਾ ਨਤੀਜਾ ਵਹਿਸ਼ਤ ਹੀ ਹੁੰਦਾ ਹੈ; ਚਾਹੇ ਸਿਆਸਤ ਦੀ ਰੋਸ਼ਨੀ ਵਿਚ ਯੂਨੀਵਰਸਿਟੀਆਂ ਖੋਲ੍ਹਣੀਆਂ ਹੋਣ, ਕਾਲਜ ਖੋਲ੍ਹਣੇ ਹੋਣ ਜਾਂ ਠੇਕੇ ਦੇਣੇ ਹੋਣ ਜਾਂ ਰੇਤ ਬਜਰੀ ਦਾ ਵਪਾਰ ਚਲਾਉਣਾ ਹੋਵੇ, ਸਭ ਕੁਝ ਬੇਈਮਾਨੀਆਂ ਨਾਲ ਭਰ ਜਾਂਦਾ ਹੈ।

ਕਰਮਜੀਤ ਸਿੰਘ ਨੇ ਆਪਣੇ ਲੇਖ ਵਿਚ ਸਿੱਖ ਨੇਸ਼ਨ ਸਟੇਟ ਦੀ ਹਾਮੀ ਭਰਦਿਆਂ ਮਹਾਰਾਜਾ ਰਣਜੀਤ ਸਿੰਘ ਅਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਜ਼ਿਕਰ ਕੀਤਾ ਹੈ। ਸਵਾਲ ਹੈ ਕਿ ਕੀ ਰਣਜੀਤ ਸਿੰਘ ਜਾਂ ਬੰਦਾ ਸਿੰਘ ਬਹਾਦਰ ਖਾਲਿਸਤਾਨ ਨਹੀਂ ਸੀ ਬਣਾ ਸਕਦੇ? ਜੇ ਬਣਾ ਸਕਦੇ ਸਨ ਤਾਂ ਉਨ੍ਹਾਂ ਨੂੰ ਕੀ ਸਿੱਖ ਧਰਮ ਬਾਰੇ ਪਤਾ ਨਹੀਂ ਸੀ? ਇਹ ਸਵਾਲ ਕਰਮਜੀਤ ਸਿੰਘ ਲਈ ਖੁੱਲ੍ਹੇ ਛੱਡ ਦਿੱਤੇ ਹਨ। ਇਕ ਗੱਲ ਬੜੇ ਗਹੁ ਨਾਲ ਸੋਚਣੀ ਬਣਦੀ ਹੈ ਕਿ ਕਰਮਜੀਤ ਸਿੰਘ ਆਪਣੇ ਆਪ ਨੂੰ ਤਾਂ 'ਸਾਨੂੰ' ਲਿਖਦੇ ਹਨ ਅਤੇ ਅਜਮੇਰ ਸਿੰਘ ਨੂੰ ਕਿਤੇ ਕਿਤੇ 'ਤੂੰ' ਵਿਚ ਲਪੇਟ ਲੈਂਦੇ ਹਨ। ਇਥੇ ਕਰਮਜੀਤ ਸਿੰਘ ਵੱਲੋਂ ਧਰਮ ਦੀ ਗੱਡੀ 'ਤੇ ਸਵਾਰ ਹੋ ਕੇ ਸਿਆਸਤ ਦੀ ਮੰਜ਼ਿਲ ਤੱਕ ਅੱਪੜਨ ਦਾ ਹੀਲਾ ਕੀਤਾ ਗਿਆ ਹੈ। ਧਰਮ ਦੀ ਗੱਡੀ ਤਾਂ ਹਮੇਸ਼ਾ ਹੀ ਤਰਕ ਤੇ ਸਹਿ-ਭਾਵਨਾ ਦੇ ਤੇਲ ਨਾਲ ਚੱਲਦੀ ਹੈ ਅਤੇ ਸਿਆਸਤ ਨੂੰ ਇਸ ਦੇ ਉਲਟ ਜ਼ੋਰ, ਜਬਰ ਅਤੇ ਅਸਹਿਣਸ਼ੀਲਤਾ ਦਾ ਬਾਲਣ ਚਾਹੀਦਾ ਹੈ। ਫਿਰ ਕਿਵੇਂ ਵਿਦਵਾਨ ਕਰਮਜੀਤ ਸਿੰਘ ਇਨ੍ਹਾਂ ਦਾ ਸੁਮੇਲ ਕਰਨਗੇ? ਉਹ ਲਿਖਦੇ ਹਨ ਕਿ ਸਿੱਖ ਸਮਾਜ ਨੇ ਅਜੋਕੇ ਯੁਗ ਦੇ ਠੀਕ ਗਲਤ ਰੁਝਾਨ ਅਪਨਾਏ ਨਹੀਂ, ਬਲਕਿ ਆਪਣੀ ਤਰਜ਼ ਦੇ ਮੱਤ, ਬੁੱਧ ਅਤੇ ਮੌਲਿਕ ਪਰਿਭਾਸ਼ਾ ਨੂੰ ਨਹੀਂ ਛੱਡਿਆ। ਇਥੇ ਉਨ੍ਹਾਂ ਨੂੰ ਸਵਾਲ ਕਰਨਾ ਬਣਦਾ ਹੈ ਕਿ ਕਦੇ ਤਰਕ ਜਾਂ ਮੱਤ ਜਾਂ ਮੌਲਿਕ ਨਿਯਮ ਦੀਆਂ ਇਕ ਤੋਂ ਜ਼ਿਆਦਾ ਤਰਜ਼ਾਂ ਹੋ ਸਕਦੀਆਂ ਹਨ? ਤਰਕ ਜਾਂ ਮੌਲਿਕਤਾ ਤਾਂ ਇਕ ਹੀ ਹੋ ਸਕਦੀ ਹੈ। ਇਸ ਦੀਆਂ ਕਿਸਮਾਂ, ਤਰਕ ਨਹੀਂ ਹੋ ਸਕਦੀਆਂ। ਤਰਕ ਜਾਂ ਇਖਲਾਕ ਤਾਂ ਅੰਤਰ-ਆਤਮਾ ਦੀਆਂ ਆਵਾਜ਼ਾਂ ਹੁੰਦੇ ਹਨ ਅਤੇ ਅੰਤਰ-ਆਤਮਾ ਸਭ ਵਿਚ ਇਕ ਹੀ ਹੈ। ਜੋ ਇਸ ਨੂੰ ਦਬਾ ਦਿੰਦਾ ਹੈ, ਉਹ 'ਸਿਆਸੀ' ਹੋ ਜਾਂਦਾ ਹੈ। ਤਰਕ ਜਾਂ ਦਲੀਲ ਜਾਂ ਮੱਤ, ਬੁੱਧ ਨੂੰ ਦਬਾ ਕੇ ਜੋ ਵੀ ਹਾਸਲ ਹੋਵੇਗਾ, ਉਹ ਸਿਆਸਤ ਦੀ ਨਸ਼ੀਲੀ ਬੋਤਲ ਵਿਚੋਂ ਹੀ ਮਿਲੇਗਾ।

ਕਰਮਜੀਤ ਸਿੰਘ ਨੇ ਗੁਰਬਾਣੀ ਦੀਆਂ ਤੁਕਾਂ ਪੇਸ਼ ਕਰ ਕੇ ਖਾਲਿਸਤਾਨ ਦਾ ਪੱਖ ਪੂਰਦਿਆਂ ਲਿਖਿਆ ਹੈ ਕਿ ਸਿੱਖ ਸਮਾਜ ਬਾਹਰਲੀ ਪਰਿਭਾਸ਼ਾ ਤੋਂ ਨਿਵੇਕਲਾ ਰਿਹਾ ਹੈ। ਹੁਣ ਉਹ ਦੱਸਣ ਕਿ ਜੇ ਉਨ੍ਹਾਂ ਮੁਤਾਬਕ, ਸਿੱਖ ਸਮਾਜ ਬਾਹਰਲੀ ਤਰਜ਼ੇ-ਜ਼ਿੰਦਗੀ ਤੋਂ ਅਣਲੱਗ ਰਿਹਾ ਹੈ ਤਾਂ ਫਿਰ ਸਿੱਖ ਸਮਾਜ 'ਚ ਜਾਤ-ਪਾਤ ਕਿਥੋਂ ਆ ਵੜੀ? ਕਿੰਨੇ ਕੁ ਸਿੱਖ ਆਪਣੀ ਸਮਾਜੀ ਜਾਂ ਜਾਤੀ ਜ਼ਿੰਦਗੀ ਵਿਚ ਜਾਤ-ਪਾਤ ਤੋਂ ਉਪਰ ਉਠ ਕੇ ਵਰਤਦੇ ਹਨ। ਨੁਕਤੇ ਹੋਰ ਵੀ ਹਨ, ਬੱਸ ਇਥੇ ਇਸ ਵਿਦਵਾਨ ਲਈ ਇਹੋ ਸਵਾਲ ਹੀ ਬਹੁਤ ਹੈ।

ਅੱਗੇ ਜਾ ਕੇ ਉਨ੍ਹਾਂ ਲਿਖਿਆ ਹੈ ਕਿ ਅਜਮੇਰ ਸਿੰਘ ਸੰਗਤਾਂ ਨੂੰ ਗੁੰਮਰਾਹ ਕਰਨ ਵਿਚ ਕਾਮਯਾਬ ਹੋ ਗਏ ਹਨ, ਕਿਉਂਕਿ ਉਨ੍ਹਾਂ ਮੁਤਾਬਕ ਸੰਗਤਾਂ ਲਾਪਰਵਾਹ ਹਨ। ਇਥੇ ਕਰਮਜੀਤ ਸਿੰਘ ਦੀ ਵਿਦਵਤਾ ਦੇਖਣ ਵਾਲੀ ਹੈ। ਇਕ ਪਾਸੇ ਤਾਂ ਉਹ ਲਿਖਦੇ ਹਨ ਕਿ ਸਿੱਖ ਸਮਾਜ ਨੇ ਬਾਹਰਲੇ ਪ੍ਰਭਾਵ ਨੂੰ ਲਾਗੇ ਨਹੀਂ ਲੱਗਣ ਦਿੱਤਾ, ਪਰ ਕੁਝ ਹੀ ਫਿਕਰਿਆਂ ਬਾਅਦ ਸਿੱਖ ਸੰਗਤ ਨੂੰ ਲਾਪਰਵਾਹ ਤੇ ਬੇਵਕੂਫ ਗਰਦਾਨ ਦਿੱਤਾ। ਮੈਂ ਇਥੇ ਨਾ ਤਾਂ ਅਜਮੇਰ ਸਿੰਘ ਦੀ ਪੈਰਵੀ ਕਰ ਰਿਹਾ ਹਾਂ ਅਤੇ ਨਾ ਹੀ ਕਰਮਜੀਤ ਸਿੰਘ ਦਾ ਵਿਰੋਧ; ਪਰ ਕਰਮਜੀਤ ਸਿੰਘ ਆਪ ਹੀ ਦੋਗਲੇਪਣ ਦਾ ਸ਼ਿਕਾਰ ਹੋ ਗਏ ਹਨ। ਇਸ ਦੀ ਇਕੋ-ਇਕ ਵਜ੍ਹਾ ਉਨ੍ਹਾਂ ਦਾ ਇਕ ਸਾਥੀ, ਉਨ੍ਹਾਂ ਦਾ ਸਾਥ ਛੱਡ ਕੇ ਉਨ੍ਹਾਂ ਨੂੰ ਅਨਾਥ ਬਣਾ ਗਿਆ ਜਾਪਦਾ ਹੈ।

ਲੇਖਕ ਨੇ ਪੱਛਮੀ ਪੂੰਜੀਵਾਦ ਦਾ ਪ੍ਰਭਾਵ ਸਿੱਖ ਸਮਾਜ ਉਪਰ ਮੰਨਣ ਤੋਂ ਇਨਕਾਰ ਕੀਤਾ ਹੈ, ਪਰ ਉਹ ਭੁੱਲ ਜਾਂਦੇ ਹਨ ਕਿ ਜਿਨ੍ਹਾਂ ਨੇ ਅਮਰੀਕਾ, ਕੈਨੇਡਾ ਵਰਗੇ ਮੁਲਕਾਂ ਵਿਚ ਖਾਲਿਸਤਾਨ ਦੇ ਨਾਮ ਉਤੇ ਗਰੀਨ ਕਾਰਡ ਲਏ ਹਨ, ਉਹ ਜਾਂ ਉਨ੍ਹਾਂ ਦੇ ਬੱਚੇ ਗੁਰਦੁਆਰਿਆਂ ਵਿਚ ਪਹਿਲੀ ਜਨਵਰੀ ਅਤੇ ਕ੍ਰਿਸਮਸ ਟਰੀ ਲਗਾ ਕੇ ਕ੍ਰਿਸਮਸ ਵੀ ਮਨਾਉਂਦੇ ਹਨ।

ਕਰਮਜੀਤ ਸਿੰਘ ਖਾਲਿਸਤਾਨ ਦੀ ਲਹਿਰ ਨੂੰ ਰੂਹਾਨੀਅਤ 'ਤੇ ਸਿਰਜੀ ਮੰਨਦੇ ਹਨ। ਕੀ ਰੂਹਾਨੀਅਤ ਜ਼ੋਰ ਦਾ ਇਸਤੇਮਾਲ ਦਰਸਾਉਂਦੀ ਹੈ? ਕੀ ਬਾਬੇ ਨਾਨਕ ਨੇ ਰੂਹਾਨੀਅਤ ਦਾ ਚਾਨਣ ਤਲਵਾਰ ਦੀ ਨੋਕ 'ਤੇ ਜਗਾਇਆ ਸੀ? ਕੀ ਔਰੰਗਜ਼ੇਬ ਦੀ ਤਲਵਾਰ ਦੇ ਜ਼ੋਰ ਨਾਲ ਰੂਹਾਨੀਅਤ ਫੈਲਾਉਣ ਦੀ ਕੋਸ਼ਿਸ਼ ਹੀ ਖਾਲਸੇ ਦਾ ਜਨਮ ਦਾਤਾ ਸਿੱਧ ਨਹੀਂ ਹੋਈ?

ਲੇਖਕ ਨੇ ਕੁਝ ਨਾਂ ਦਿੱਤੇ ਹਨ ਜਿਨ੍ਹਾਂ ਹੱਸ ਕੇ ਫਾਂਸੀ ਦੇ ਰੱਸੇ ਚੁੰਮੇ। ਇਹ ਵਰਤਾਰਾ ਸਿਰਫ ਖਾਲਿਸਤਾਨੀ ਕਾਰਕੁਨਾਂ ਵਿਚ ਹੀ ਨਹੀਂ, ਸਗੋਂ ਜਿਥੇ-ਜਿਥੇ ਵੀ ਹਿੰਸਾ ਨਾਲ ਸਿਆਸਤ 'ਤੇ ਕਬਜ਼ਾ ਕੀਤਾ ਜਾ ਰਿਹਾ ਹੋਵੇ, ਉਥੇ ਇਹ ਵਰਤਾਰਾ ਮਿਲੇਗਾ। ਇਸਲਾਮਕ ਸਟੇਟ ਪਾਕਿਸਤਾਨ ਵਿਚ ਸੁੰਨੀ/ਸ਼ੀਆ ਬੰਬ ਧਮਾਕੇ, ਸਰੀਰਾਂ 'ਤੇ ਬੰਬ ਬੰਨ੍ਹ ਕੇ ਦੂਸਰੇ ਫਿਰਕੇ ਦੀਆਂ ਮਸਜਿਦਾਂ ਵਿਚ ਮਰਨਾ, ਜਾਂ ਸ੍ਰੀਲੰਕਾ ਦੀ ਕੁੜੀ ਵੱਲੋਂ ਪੇਟ ਨਾਲ ਬੰਬ ਬੰਨ੍ਹ ਕੇ ਮਰਨਾ-ਮਾਰਨਾ, ਜਾਂ ਆਈ.ਐਸ. ਵੱਲੋਂ ਨਾਬਾਲਗ ਬੱਚਿਆਂ ਨੂੰ ਸਵਰਗ ਦੇ ਸੁਪਨੇ ਵੇਚ ਕੇ ਫਾਂਸੀ ਉਤੇ ਚਾੜ੍ਹਨਾ, ਸਭ ਇਕੋ ਹੀ ਫਲਸਫੇ ਉਤੇ ਖੜ੍ਹੇ ਹਨ।

ਕਰਮਜੀਤ ਸਿੰਘ ਨੇ ਵਿਚਾਰ ਨੂੰ ਨੁਹਾਰਨਾ, ਨਵਿਆਉਣਾ ਜਾਂ ਬਦਲਣਾ ਰੱਦ ਕਰ ਕੇ ਅਜਮੇਰ ਸਿੰਘ ਨੂੰ ਤਾਅਨੇ-ਮਿਹਣੇ ਮਾਰਦਿਆਂ ਲਿਖਿਆ ਹੈ ਕਿ ਅਮਰੀਕਾ ਨੇ ਖਾਲਿਸਤਾਨ ਲਹਿਰ ਦੇ ਹਾਮੀਆਂ ਨੂੰ ਸ਼ਰਨ ਦਿੱਤੀ ਹੈ, ਪਰ ਉਹ ਭੁੱਲ ਜਾਂਦੇ ਹਨ ਕਿ ਜਿਥੇ ਇਨ੍ਹਾਂ ਵੀਰਾਂ ਨੇ ਸਿੱਖ ਸਟੇਟ ਬਣਾਉਣੀ ਸੀ, ਉਥੇ ਰਹਿਣ ਵਾਲੇ ਸਿੱਖਾਂ ਨੇ ਕਦੀ ਵੀ ਇਨ੍ਹਾਂ ਨੂੰ ਚੋਣਾਂ ਲੜਨ ਦਾ ਸੱਦਾ ਦਿੱਤਾ ਹੋਵੇ ਜਾਂ ਫਿਰ ਇਹ ਲੋਕ ਪੱਛਮੀ ਐਸ਼ੋ-ਅਰਾਮ ਨੂੰ ਛੱਡਣ ਲਈ ਤਿਆਰ ਹੋਣ ਜਿਵੇਂ ਗਦਰੀ ਯੋਧਿਆਂ ਨੇ ਕੀਤਾ ਸੀ। ਕੀ ਉਹ ਗਦਰੀ ਯੋਧੇ ਰੂਹਾਨੀ ਤੌਰ 'ਤੇ ਘੱਟ ਸਨ?

ਕਰਮਜੀਤ ਸਿੰਘ ਆਪਣੇ ਆਪ ਨੂੰ ਵਾਰ-ਵਾਰ 'ਅਸੀਂ', 'ਸਾਨੂੰ' ਸੰਗਿਆ ਦੇ ਕੇ ਸਵੈ-ਉਚਤਾ ਦਰਸਾਉਂਦੇ ਨਜ਼ਰ ਆਉਂਦੇ ਹਨ। ਇਕ ਪਾਸੇ ਉਹ ਗੁਰਬਾਣੀ ਤੇ ਪੱਛਮੀ ਲੇਖਕਾਂ ਦਾ ਜ਼ਿਕਰ ਕਰਦੇ ਪਾਠਕਾਂ ਨੂੰ ਤਰਕ ਦੇ ਪਰਦੇ ਤੋਂ ਅੱਖਾਂ ਮੀਟਣ ਲਈ ਪਲੋਸਦੇ ਸਨ, ਦੂਜੇ ਪਾਸੇ ਤਰਕ ਅਤੇ ਦਲੀਲ ਦੇ ਦੰਗਲ ਵਿਚੋਂ ਭੱਜ ਕੇ ਅਜਮੇਰ ਸਿੰਘ ਨਾਲ ਜਾਤੀ ਲੁਕਣ ਮੀਟੀ ਖੇਡਣ ਲੱਗ ਪਏ ਜਾਪਦੇ ਹਨ; ਜਾਂ ਦੂਜੇ ਲਫਜ਼ਾਂ ਵਿਚ ਉਨ੍ਹਾਂ ਤੋਂ ਅਜਮੇਰ ਸਿੰਘ ਵੱਲੋਂ ਆਪਣੇ ਖਾਲਿਸਤਾਨੀ ਵਿਚਾਰਧਾਰਾ ਉਤੇ ਦੂਜੀ ਨਜ਼ਰ ਮਾਰਨ ਦਾ ਹੱਕ ਹਾਸਲ ਕਰਨ ਨਾਲ ਗੰਭੀਰ ਸਦਮਾ ਪਹੁੰਚਿਆ ਜਾਪਦਾ ਹੈ।

#

# ਕੋਹਿਨੂਰ, ਦਲੀਪ ਸਿੰਘ ਤੇ ਅੰਗਰੇਜ਼ ਸ਼ਾਸਕ

***ਅਨਿਤਾ ਆਨੰਦ ਅਤੇ ਵਿਲੀਅਮ ਡੈਲਰਿੰਪਲ ਨੇ ਕੋਹਿਨੂਰ ਬਾਰੇ ਅੰਗਰੇਜ਼ੀ ਵਿਚ ਖੋਜ ਭਰਪੂਰ ਪੁਸਤਕ 'ਕੋਹਿਨੂਰ' ਲਿਖੀ ਹੈ। ਇਸ ਵਿਚ ਪੰਜਾਬ ਤੇ ਸਿੱਖਾਂ ਬਾਰੇ ਅੰਗਰੇਜ਼ਾਂ ਦੀ ਅਸਲ ਪਹੁੰਚ ਦੇ ਦਰਸ਼ਨ ਹੁੰਦੇ ਹਨ। ਇਸ ਪੁਸਤਕ ਵਿਚੋਂ ਇਕ ਚੈਪਟਰ ਦਾ ਤਰਜਮਾ ਇਥੇ ਛਾਪਿਆ ਜਾ ਰਿਹਾ ਹੈ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਦਲੀਪ ਸਿੰਘ ਨੂੰ ਇੰਗਲੈਂਡ ਲਿਜਾਣ ਤੋਂ ਪਹਿਲਾਂ ਦੇ ਹਾਲਾਤ ਦਾ ਵਰਨਣ ਕੀਤਾ ਗਿਆ ਹੈ। ਇਸ ਵਿਚ ਕੋਹਿਨੂਰ ਦੀ ਰਾਖੀ ਅਤੇ ਸੰਭਾਲ ਦੀ ਜ਼ਿੰਮੇਵਾਰੀ ਸਾਂਭਣ ਵਾਲੇ ਜੌਹਨ ਸਪੈਂਸਰ ਲੌਗਿਨ ਬਾਰੇ ਚਰਚਾ ਵੀ ਹੈ। ਇਹ ਲੌਗਿਨ ਉਹੀ ਹੈ ਜਿਸ ਨੇ ਪਿਛੋਂ ਦਲੀਪ ਸਿੰਘ ਦੀ ਸੰਭਾਲ ਕੀਤੀ ਸੀ। -ਸੰਪਾਦਕ***



*ਅਨਿਤਾ ਆਨੰਦ ਅਤੇ ਵਿਲੀਅਮ ਡੈਲਰਿੰਪਲ ਆਪਣੀ ਖੋਜ ਪੁਸਤਕ 'ਕੋਹਿਨੂਰ' ਨਾਲ।*

ਕੋਹਿਨੂਰ ਦੀ ਰਾਖੀ ਤੇ ਸੰਭਾਲ ਦੀ ਜ਼ਿੰਮੇਵਾਰੀ ਨੂੰ ਭਾਵੇਂ ਜੌਹਨ ਸਪੈਂਸਰ ਲੌਗਿਨ ਵੱਡਾ ਮਾਣ ਸਮਝਦਾ ਸੀ, ਪਰ ਅੰਤਰਮਨ ਤੋਂ ਉਸ ਨੂੰ ਇਸ ਕਾਰਜ ਤੋਂ ਕੋਈ ਤਸੱਲੀ ਨਹੀਂ ਸੀ ਮਿਲ ਰਹੀ। ਉਸ ਤੋਂ ਪਹਿਲਾਂ ਕੋਹਿਨੂਰ ਦੀ ਜ਼ਿੰਮੇਵਾਰੀ ਨਾਲ ਜੁੜੇ ਮਿਸਰ ਬੇਲੀ ਰਾਮ ਤੇ ਉਸ ਦੇ ਸਹਾਇਕ ਮਿਸਰ ਮਕਰਾਜ ਨੇ ਇਸ ਬੇਸ਼ਕੀਮਤੀ ਹੀਰੇ ਨਾਲ ਜੁੜੀਆਂ ਤ੍ਰਾਸਦੀਆਂ ਤੇ ਬਦਕਿਸਮਤੀਆਂ ਦਾ ਜ਼ਿਕਰ ਕਈ ਵਾਰ ਦਬੀ ਜ਼ੁਬਾਨ ਨਾਲ ਕੀਤਾ ਸੀ। ਮਿਸਰ ਮਕਰਾਜ ਜੋ ਕੁਝ ਸਮਾਂ ਲੌਗਿਨ ਦੀ ਵੀ ਮਦਦ ਕਰਦਾ ਰਿਹਾ, ਨੇ ਤਾਂ 'ਇਸ ਹੀਰੇ ਦੀ ਜ਼ਿੰਮੇਵਾਰੀ ਤੋਂ ਮੁਕਤ ਹੋਣ 'ਤੇ ਮਾਨਸਿਕ ਤਸੱਲੀ'

**ਅਨਿਤਾ ਆਨੰਦ**
**ਵਿਲੀਅਮ ਡੈਲਰਿੰਪਲ**

ਵੀ ਪ੍ਰਗਟਾਈ ਸੀ। ਉਸ ਨੇ ਲੌਗਿਨ ਨੂੰ ਹੀਰਾ ਸੌਂਪਦੇ ਸਮੇਂ ਕਿਹਾ ਸੀ, "ਇਹ ਮੇਰੇ ਪਰਿਵਾਰ ਦੇ ਕਈ ਜੀਆਂ ਲਈ ਘਾਤਕ ਸਾਬਤ ਹੋਇਆ ਹੈ। ਮੈਨੂੰ ਤਾਂ ਜਾਪਣ ਲੱਗਾ ਸੀ ਕਿ ਇਹ ਮੇਰੀ ਵੀ ਜਾਨ ਲੈ ਲਵੇਗਾ।"

ਨਿੱਜੀ ਤੌਰ 'ਤੇ ਲੌਗਿਨ ਨੂੰ ਇਹੋ ਮਹਿਸੂਸ ਹੁੰਦਾ ਸੀ ਕਿ ਕੋਹਿਨੂਰ ਦੀ ਜ਼ਿੰਮੇਵਾਰੀ ਤੋਂ ਉਸ ਨੂੰ ਛੇਤੀ ਤੋਂ ਛੇਤੀ ਮੁਕਤ ਕਰ ਦਿੱਤਾ ਜਾਵੇ। ਇਹ ਹੀਰਾ ਇੰਗਲੈਂਡ ਲਿਜਾਇਆ ਜਾਵੇ, ਉਥੇ ਸਭ ਤੋਂ ਉਚੇ ਬੋਲੀਕਾਰ ਨੂੰ ਵੇਚ ਦਿੱਤਾ ਜਾਵੇ। ਅਜਿਹਾ ਕਰਨ ਨਾਲ ਇੰਗਲੈਂਡ ਨੂੰ ਜਿਥੇ ਪੰਜਾਬ ਨਾਲ ਜੁੜੀ ਜੰਗ ਉਤੇ ਹੋਇਆ ਖ਼ਰਚ ਪੂਰਾ ਕਰਨ ਲਈ ਲੋੜੀਂਦੀ ਰਕਮ ਮਿਲਣ ਤੋਂ ਇਲਾਵਾ ਹੋਰ ਵੀ ਇੰਨਾ ਕੁ ਪੈਸਾ ਮਿਲ ਜਾਵੇਗਾ 'ਜਿਸ ਨਾਲ ਉਸ ਦੇਸ਼ (ਪੰਜਾਬ) ਵਿਚ ਸੁਧਾਰ ਲਿਆਉਣਾ ਸੰਭਵ ਹੋ ਸਕੇਗਾ ਜਿਥੋਂ ਇਹ ਹੀਰਾ ਮਿਲਿਆ ਹੈ।'

ਜਦੋਂ ਲਾਰਡ ਡਲਹੌਜ਼ੀ ਨੇ ਇਹ ਸਪਸ਼ਟ ਕੀਤਾ ਕਿ ਲਾਹੌਰ ਦੇ ਤੋਸ਼ੇਖ਼ਾਨੇ ਵਿਚੋਂ ਮਿਲਿਆ ਹਰ ਸਿੱਕਾ ਤੇ ਹਰ ਗਹਿਣਾ ਇੰਗਲੈਂਡ ਭੇਜਿਆ ਜਾਵੇਗਾ ਅਤੇ ਇੱਕ ਵੀ ਧੇਲਾ ਸਥਾਨਕ ਲੋਕਾਂ ਉਤੇ ਖ਼ਰਚ ਨਹੀਂ ਹੋਵੇਗਾ ਤਾਂ ਲੌਗਿਨ ਨੂੰ ਬੇਚੈਨੀ ਹੋਈ। ਉਹ ਸੱਚੇ ਦਿਲੋਂ ਇਸਾਈ ਸੀ ਅਤੇ ਇਸਾਈ ਮੱਤ ਨਾਲ ਜੁੜੇ ਧਰਮਾਰਥ ਕਾਰਜ ਕਰਨ ਦੀ ਭਾਵਨਾ ਤੇ ਤਿਆਗ ਵਰਗੇ ਸੰਕਲਪਾਂ ਕਾਰਨ ਉਹ ਮਹਿਸੂਸ ਕਰਦਾ ਸੀ ਜੋ ਕੁਝ ਵਾਪਰ ਰਿਹਾ ਹੈ, ਉਹ ਸਹੀ ਨਹੀਂ। ਉਸ ਨੂੰ ਪੂਰਾ ਯਕੀਨ ਸੀ ਕਿ ਡਲਹੌਜ਼ੀ ਨੂੰ ਅਜਿਹਾ ਕਰਨ ਦਾ ਕੋਈ ਵੀ ਕਾਨੂੰਨੀ ਜਾਂ ਇਖ਼ਲਾਕੀ ਹੱਕ ਨਹੀਂ ਅਤੇ ਗਵਰਨਰ ਜਨਰਲ ਦੀ ਇਹ ਕਾਰਵਾਈ ਉਨੀ ਹੀ ਗ਼ੈਰਕਾਨੂੰਨੀ ਤੇ ਗ਼ੈਰ-ਇਖ਼ਲਾਕੀ ਸੀ ਜਿੰਨਾ ਦੂਜੀ ਅੰਗਰੇਜ਼-ਸਿੱਖ ਜੰਗ ਆਰੰਭ ਕਰਨੀ।

---

ਲੌਗਿਨ ਨੂੰ ਆਪਣੇ ਇਨ੍ਹਾਂ ਖਿਆਲਾਤ ਨਾਲ ਜੂਝਣ ਲਈ ਬਹੁਤਾ ਸਮਾਂ ਨਹੀਂ ਦਿੱਤਾ ਗਿਆ। ਤੋਸ਼ੇਖ਼ਾਨੇ ਦੀ ਜ਼ਿੰਮੇਵਾਰੀ ਤੋਂ ਇਲਾਵਾ ਉਸ ਨੂੰ ਨਵੀਂ ਜ਼ਿੰਮੇਵਾਰੀ ਦਲੀਪ ਸਿੰਘ ਦੀ ਸੰਭਾਲ ਦੀ ਸੌਂਪ ਦਿੱਤੀ। ਹੁਣ ਉਸ ਨੇ ਉਹ ਸਾਰੇ ਇੰਤਜ਼ਾਮਾਤ ਕਰਨੇ ਸਨ ਜਿਨ੍ਹਾਂ ਰਾਹੀਂ ਇਸ 'ਨਿੱਕੇ ਮੁੰਡੇ' ਦਾ ਦਿਲ ਜਿੱਤਿਆ ਜਾ ਸਕੇ। ਉਸ ਨੇ ਸੰਕਲਪ ਲਿਆ ਕਿ ਉਹ ਇਸ ਬੱਚੇ ਨਾਲ ਪੂਰੀ ਦਿਆਲਤਾ ਨਾਲ ਪੇਸ਼ ਆਵੇਗਾ। ਉਸ ਨੂੰ ਇਹੋ ਅਹਿਸਾਸ ਸਤਾਉਂਦਾ ਰਹਿੰਦਾ ਸੀ ਕਿ ਇਸ ਨਿਰਦੋਸ਼ ਬੱਚੇ ਨੂੰ ਹੋਰਾਂ ਦੇ ਗੁਨਾਹਾਂ ਦੀ ਸਜ਼ਾ ਦਿੱਤੀ ਜਾ ਰਹੀ ਹੈ। ਉਂਜ, ਅਜਿਹੀ ਸੋਚ ਇਕੱਲੀ ਲੌਗਿਨ ਦੀ ਹੀ ਨਹੀਂ ਸੀ।

ਸਰ ਹੈਨਰੀ ਲਾਰੈਂਸ ਜੋ ਲਾਹੌਰ ਦਾ ਰੈਜ਼ੀਡੈਂਟ ਸੀ ਤੇ ਜਿਸ ਨੂੰ ਮਜਬੂਰ ਕੀਤਾ ਗਿਆ ਸੀ ਕਿ ਉਹ ਰਾਣੀ ਜਿੰਦਾਂ ਦੀਆਂ ਜੋਦੜੀਆਂ ਭਰੀਆਂ ਚਿੱਠੀਆਂ ਨਜ਼ਰਅੰਦਾਜ਼ ਕਰ ਦੇਵੇ, ਵੀ ਦਲੀਪ ਸਿੰਘ ਦੇ ਦੁਖੜਿਆਂ ਤੋਂ ਜਾਣੂੰ ਸੀ। ਉਹ ਪੰਜਾਬ ਨੂੰ ਬਰਤਾਨਵੀ ਸਾਮਰਾਜ ਵਿਚ ਰਲਾਉਣ ਦੇ ਮੁੱਢ ਤੋਂ ਹੀ ਖ਼ਿਲਾਫ਼ ਸੀ ਅਤੇ ਚਾਹੁੰਦਾ ਸੀ ਕਿ ਦਲੀਪ ਸਿੰਘ ਨੂੰ ਰਾਜ ਗੱਦੀ 'ਤੇ ਬਰਕਰਾਰ ਰੱਖਿਆ ਜਾਵੇ, ਅਤੇ ਲਾਹੌਰ ਦਰਬਾਰ ਅਤੇ ਈਸਟ ਇੰਡੀਆ ਕੰਪਨੀ ਦੇ ਰਾਜ ਦਰਮਿਆਨ ਲਾਹੇਵੰਦਾ ਗੱਠਜੋੜ ਕਾਇਮ ਕੀਤਾ ਜਾਵੇ। ਜੌਹਨ ਲੌਗਿਨ ਦੀ ਪਤਨੀ ਲੇਨਾ ਲੌਗਿਨ ਨੇ ਬਾਅਦ ਵਿਚ ਲਿਖਿਆ- "ਗਵਰਨਰ ਜਨਰਲ (ਡਲਹੌਜ਼ੀ ਦੇ ਸਿੱਖ ਰਾਜ ਨੂੰ ਬਰਤਾਨਵੀ ਸਾਮਰਾਜ ਦਾ ਹਿੱਸਾ ਬਣਾਉਣ) ਦੇ ਫ਼ੈਸਲੇ ਨੇ ਫਰਾਖ਼ਦਿਲ ਰੈਜ਼ੀਡੈਂਟ ਦੇ ਹਿਰਦੇ ਨੂੰ ਬੜੀ ਠੇਸ ਪਹੁੰਚਾਈ ਅਤੇ ਨਾਲ ਹੀ ਉਸ ਦੀਆਂ ਕਈ ਉਮੀਦਾਂ ਤੇ ਇਨ੍ਹਾਂ ਨਾਲ ਜੁੜੇ ਪ੍ਰੋਜੈਕਟਾਂ ਉਤੇ ਪਾਣੀ ਫੇਰ ਦਿੱਤਾ।"

ਉਂਜ ਬਹੁਤਿਆਂ ਨੂੰ ਇਸ ਫ਼ੈਸਲੇ ਬਾਰੇ ਕੋਈ ਭਰਮ ਨਹੀਂ ਸੀ। ਬਰਤਾਨਵੀ ਪ੍ਰੈਸ ਨੇ ਤਾਂ ਇਸ 'ਕਬਜ਼ੇ' ਉਪਰ ਖ਼ੁਸ਼ੀਆਂ ਮਨਾਈਆਂ ਅਤੇ ਬਾਲ-ਮਹਾਰਾਜੇ ਦਲੀਪ ਨੂੰ ਆਪਣੀ ਬਦਕਿਸਮਤੀ ਲਈ ਜ਼ਿੰਮੇਵਾਰ ਦੱਸਿਆ। 'ਦਿੱਲੀ ਗਜ਼ਟ' ਅਖ਼ਬਾਰ ਨੇ ਲਿਖਿਆ- "ਦੁਨੀਆ ਦਾ ਸਭ ਤੋਂ ਵੱਡਾ ਤੇ ਸਭ ਤੋਂ ਕੀਮਤੀ ਹੀਰਾ, ਲਾਹੌਰ ਦੇ ਮਹਾਰਾਜੇ ਦੀ ਦਗ਼ੇਬਾਜ਼ੀ ਕਾਰਨ ਜ਼ਬਤ ਕੀਤਾ ਗਿਆ ਹੈ ਅਤੇ ਇਹ ਹੁਣ ਗੋਇੰਦਗੜ੍ਹ (ਗੋਬਿੰਦਗੜ੍ਹ) ਕਿਲ੍ਹੇ ਵਿਚ ਬਰਤਾਨਵੀ ਫ਼ੌਜੀ ਸੁਰੱਖਿਆ ਹੇਠ ਹੈ।"

ਦਲੀਪ ਸਿੰਘ ਵੀ ਓਨਾ ਹੀ 'ਬਰਤਾਨਵੀ ਖੁਖਰੀਆਂ' ਦੇ ਪਹਿਰੇ ਹੇਠ ਸੀ ਜਿੰਨਾ ਕੋਹਿਨੂਰ, ਤੇ ਡਲਹੌਜ਼ੀ ਨੂੰ ਉਸ ਨਾਲ ਰਤਾ ਵੀ ਹਮਦਰਦੀ ਨਹੀਂ ਸੀ। ਉਸ ਨੇ ਮਹਾਰਾਜੇ ਬਾਰੇ ਇਹ ਲਿਖਿਆ- "ਬੜਾ ਚਾਲਬਾਜ਼ ਹੈ ਇਹ ਮੁੰਡਾ। ਭਿਸ਼ਤੀ ਦਾ ਖ਼ੂਨ ਹੈ ਇਹ, ਉਸ ਬੁੱਢੇ ਰਣਜੀਤ ਦਾ ਨਹੀਂ...।" ਇਸ ਬੱਚੇ ਨੂੰ ਇੰਜ ਨਿੰਦਣ ਤੇ ਤਿਰਸਕਾਰਨ ਦੇ ਯਤਨਾਂ ਦੇ ਬਾਵਜੂਦ ਡਲਹੌਜ਼ੀ ਨੂੰ ਦਲੀਪ ਸਿੰਘ ਨਾਲ ਸਲੂਕ ਪ੍ਰਤੀ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਸਵਾਲਾਂ ਦਾ ਜਵਾਬ ਉਸ ਨੇ ਤ੍ਰਿਸਕਾਰ ਦੀ ਭਾਵਨਾ ਨਾਲ ਹੀ ਦਿੱਤਾ, "ਉਸ ਦਾ ਇਲਾਕਾ ਬੜਾ ਵੱਡਾ ਹੈ, ਪਰ ਉਹ ਹੈ ਤਾਂ ਬੱਚਾ ਹੀ... ਮੈਨੂੰ ਉਸ 'ਤੇ ਅਫ਼ਸੋਸ ਆਉਂਦਾ ਹੈ, ਵਿਚਾਰਾ ਬਦਕਿਸਮਤ ਮੁੰਡਾ, ਪਰ ਇਸ ਕਿਸਮ ਦੀ ਦਿਆਲਤਾ ਵੀ ਬੇਲੋੜੀ ਹੈ।" ਜ਼ਾਹਿਰ ਹੈ, ਦਲੀਪ ਸਿੰਘ ਅਤੇ ਕੋਹਿਨੂਰ, ਦੋਵੇਂ ਹੀ ਹੁਣ ਬ੍ਰਿਟਿਸ਼ ਸ਼ਾਸਕਾਂ ਦੇ ਰਹਿਮ 'ਤੇ ਸਨ।

---

ਦਲੀਪ ਸਿੰਘ ਦੀ ਨਵੀਂ ਜ਼ਿੰਦਗੀ 6 ਅਪਰੈਲ 1849 ਤੋਂ ਸ਼ੁਰੂ ਹੋਈ ਜਦੋਂ ਉਸ ਨੂੰ ਲਾਹੌਰ ਵਿਚ ਉਸ ਦੇ ਨਵੇਂ ਨਿਗ੍ਹਾਬਾਨ ਨਾਲ ਮਿਲਾਇਆ ਗਿਆ। ਇਸ ਪਹਿਲੀ ਮੁਲਾਕਾਤ ਵੇਲੇ ਜੌਹਨ ਲੌਗਿਨ, ਦਲੀਪ ਸਿੰਘ ਨਾਲੋਂ ਵੱਧ ਘਬਰਾਇਆ ਹੋਇਆ ਸੀ। ਉਸ ਨੂੰ ਇਸ ਗੱਲ 'ਤੇ ਤਸੱਲੀ ਹੋਈ ਕਿ ਮੁਲਾਕਾਤ ਉਸ ਦੀਆਂ ਉਮੀਦਾਂ ਨਾਲੋਂ ਵੱਧ ਖੁਸ਼ਗਵਾਰ ਰਹੀ। ਉਸ ਨੇ ਇਸ ਬਾਰੇ ਲਿਖਿਆ: "ਇਹ ਨਿੱਕਾ ਮੁੰਡਾ ਮੈਨੂੰ ਮਿਲ ਕੇ ਖ਼ੁਸ਼ ਜਾਪਿਆ... ਉਸ ਦਾ ਸੁਭਾਅ ਚੰਗਾ ਹੈ, ਉਹ ਹੁਸ਼ਿਆਰ ਹੈ ਅਤੇ ਸੁਨੱਖਾ ਵੀ ਹੈ।"

ਬਾਅਦ ਵਿਚ ਆਪਣੀ ਪਤਨੀ ਲੇਨਾ ਨੂੰ ਲਿਖੇ ਹੋਰ ਪੱਤਰਾਂ ਵਿਚ ਲੌਗਿਨ ਨੇ ਦਲੀਪ ਨੂੰ 'ਬੜਾ ਪਿਆਰਾ' ਬੱਚਾ ਦੱਸਿਆ ਜਿਸ ਦੇ ਨੈਣ ਨਕਸ਼ ਆਪਣੀ ਮਾਂ ਵਰਗੇ ਸੁਨੱਖੇ ਸਨ, ਅੱਖਾਂ ਕਾਲੀਆਂ ਤੇ ਚਮਕੀਲੀਆਂ ਸਨ। ਦਲੀਪ ਸਿੰਘ ਨੂੰ ਚਿੱਤਰਕਲਾ ਤੇ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ, ਪਰ ਨਾਲ ਹੀ ਫਾਰਸੀ ਸ਼ਾਇਰੀ ਅਤੇ ਬਾਜ਼ਾਂ ਦੀ ਮਦਦ ਨਾਲ ਸ਼ਿਕਾਰ ਕਰਨ ਦਾ ਵੀ ਉਹ ਪੂਰਾ ਸ਼ੌਕੀਨ ਸੀ। ਇਹ ਸ਼ੌਕ ਉਸ ਦੇ ਸ਼ਾਹੀ ਖ਼ਾਨਦਾਨ ਦਾ ਚਿਰਾਗ਼ ਹੋਣ ਦਾ ਸਬੂਤ ਸਨ, ਪਰ ਹੋਰ ਬੱਚਿਆਂ ਤੋਂ ਉਲਟ ਦਲੀਪ ਸਿੰਘ ਕਈ ਵਾਰ ਅਚਾਨਕ ਖ਼ਾਮੋਸ਼ ਹੋ ਜਾਂਦਾ ਸੀ। ਉਦੋਂ ਉਸ ਦੀ ਇੱਕੋ ਇੱਛਾ ਹੁੰਦੀ ਸੀ ਕਿ ਉਸ ਨੂੰ ਇਕੱਲਿਆਂ ਛੱਡ ਦਿੱਤਾ ਜਾਵੇ। ਲੌਗਿਨ ਦਾ ਪ੍ਰਭਾਵ ਸੀ ਕਿ ਅਜਿਹੇ ਮੂਡ, ਕਿਸੇ ਉਦਾਸੀ ਦੀ ਥਾਂ ਵੱਖ ਵੱਖ ਮਾਮਲਿਆਂ ਬਾਰੇ ਖ਼ੁਦ ਸੋਚਣ ਦੀ ਰੁਚੀ ਦਾ ਨਤੀਜਾ ਸਨ। ਦਲੀਪ ਛੇਤੀ ਹੀ ਲੌਗਿਨ ਨਾਲ ਪੂਰਾ ਖੁੱਲ੍ਹ ਗਿਆ, ਪਰ ਦੋਵੇਂ ਦੋ ਵਿਸ਼ਿਆਂ (ਰਾਣੀ ਜਿੰਦਾਂ ਤੇ ਕੋਹਿਨੂਰ) ਬਾਰੇ ਆਪਸ ਵਿਚ ਗੱਲਬਾਤ ਕਰਨ ਤੋਂ ਹਮੇਸ਼ਾ ਕਤਰਾਉਂਦੇ ਰਹੇ।

ਦਲੀਪ ਸਿੰਘ ਦੇ ਗਿਆਰ੍ਹਵੇਂ ਜਨਮ ਦਿਨ


*ਸ਼ਾਹੀ ਪਰਿਵਾਰ ਦੇ ਟਿਕਾਣੇ ਓਸਬਰਨ ਵਿਚ ਲੋਅਰ ਟੈਰੇਸ 'ਤੇ ਖੜ੍ਹਾ ਦਲੀਪ ਸਿੰਘ।*

ਮੌਕੇ ਲੌਗਿਨ ਨੇ ਵੱਡੀ ਤੇ ਮਨੋਰੰਜਕ ਦਾਅਵਤ ਦੀ ਯੋਜਨਾ ਬਣਾਈ। ਆਪਣਾ ਰਾਜ-ਭਾਗ ਖੁੱਸਣ ਤੋਂ ਬਾਅਦ ਇਹ ਦਲੀਪ ਸਿੰਘ ਦਾ ਪਹਿਲਾ ਜਨਮ ਦਿਨ ਸੀ। ਲੌਗਿਨ ਚਾਹੁੰਦਾ ਸੀ ਕਿ ਇਸ ਮੌਕੇ ਉਹ ਜਿੰਨੇ ਵੀ ਬੱਚੇ ਬੁਲਾ ਸਕਦਾ ਹੋਵੇ, ਬੁਲਾਵੇ ਤਾਂ ਜੋ ਨਿੱਕੇ ਜਿਹੇ ਮਹਾਰਾਜੇ ਨੂੰ ਇਹ ਨਾ ਮਹਿਸੂਸ ਹੋਵੇ ਕਿ ਉਹ ਹੁਣ ਤਖ਼ਤ ਤੇ ਤਾਜ ਦਾ ਮਾਲਕ ਨਹੀਂ। ਇਸ ਦਿਨ ਨੂੰ ਯਾਦਗਾਰੀ ਬਣਾਉਣ ਲਈ ਉਸ ਨੂੰ ਦਲੀਪ ਸਿੰਘ ਨੂੰ 'ਉਸ ਦੇ ਆਪਣੇ ਹੀ ਖ਼ਜ਼ਾਨੇ ਵਿਚੋਂ ਲੱਖ ਰੁਪਏ ਦੇ ਹੀਰੇ ਜਵਾਹਰਾਤ ਤੋਹਫ਼ੇ ਵਜੋਂ ਭੇਟ ਕਰਨ' ਦੀ ਇਜਾਜ਼ਤ ਵੀ ਬ੍ਰਿਟਿਸ਼ ਸਰਕਾਰ ਪਾਸੋਂ ਮੰਗ ਲਈ। ਜੇ ਦਲੀਪ ਸਿੰਘ ਕੋਲ ਆਪਣਾ ਰਾਜ-ਭਾਗ ਹੁੰਦਾ ਤਾਂ ਇਸ ਜਨਮ ਦਿਨ ਮੌਕੇ ਉਸ ਦੀ ਪਰਜਾ ਨੇ ਸ਼ਾਨਦਾਰ ਹੀਰਿਆਂ, ਜਵਾਹਰਾਤ, ਜੜਾਊ ਗਹਿਣਿਆਂ ਤੇ ਹੋਰ ਨਜ਼ਰਾਨਿਆਂ ਦਾ ਹੜ੍ਹ ਲਿਆ ਦੇਣਾ ਸੀ। ਲੌਗਿਨ ਦੀ ਇੱਛਾ ਸੀ ਕਿ ਦਲੀਪ ਸਿੰਘ ਨੂੰ ਇਹੋ ਪ੍ਰਭਾਵ ਮਿਲੇ ਕਿ ਹੁਣ ਵੀ ਉਸ ਨੂੰ ਉਸੇ ਤਰ੍ਹਾਂ ਤੋਹਫ਼ੇ ਮਿਲ ਰਹੇ ਹਨ। ਇਸ ਦੇ ਨਾਲ ਹੀ ਇਹ ਅਵਸਰ ਉਸ ਨੂੰ ਉਸ ਦੇ ਖ਼ਜ਼ਾਨੇ ਦਾ ਕੁਝ ਹਿੱਸਾ ਮੋੜਨ ਦਾ ਮੌਕਾ ਵੀ ਬਣ ਜਾਣਾ ਸੀ।

ਲਾਰਡ ਡਲਹੌਜ਼ੀ ਦਾ ਭਾਵੇਂ ਇੱਕੋ ਹੀ ਹਠ ਸੀ ਕਿ ਦਲੀਪ ਸਿੰਘ ਦੇ ਸਾਰੇ ਹੀਰੇ ਜਵਾਹਰਾਤ, ਜੰਗੀ ਤਾਵਾਨ ਦਾ ਹਿੱਸਾ ਸਨ, ਫਿਰ ਵੀ ਇਹ ਖ਼ਜ਼ਾਨਾ ਹੈ ਹੀ ਇੰਨਾ ਜ਼ਿਆਦਾ ਸੀ ਕਿ ਗਵਰਨਰ ਜਨਰਲ ਕੁਝ ਫਰਾਖ਼ਦਿਲੀ ਦਿਖਾ ਸਕਦਾ ਸੀ।... ਲੌਗਿਨ ਦੀ ਗੁਜ਼ਾਰਿਸ਼ ਪ੍ਰਵਾਨ ਹੋ ਗਈ ਅਤੇ ਮਹਾਰਾਜੇ ਨੂੰ ਕਈ ਸਾਰੇ ਹੀਰੇ-ਜਵਾਹਰਾਤ ਭੇਟ ਕਰ ਦਿੱਤੇ ਗਏ। ਉਹ ਭਾਵੇਂ ਬਿਨਾ ਰਾਜ-ਭਾਗ ਤੋਂ ਮਹਾਰਾਜਾ ਸੀ, ਫਿਰ ਵੀ ਉਹ ਜਨਮ ਦਿਨ ਮੌਕੇ ਦਿੱਖ ਪੱਖੋਂ ਪੂਰਾ ਮਹਾਰਾਜਾ ਜਾਪਿਆ। ਜੇ ਲੌਗਿਨ ਦਾ ਮਕਸਦ ਦਲੀਪ ਸਿੰਘ ਦਾ ਧਿਆਨ ਉਸ ਨਾਲ ਹੋਈਆਂ ਜ਼ਿਆਦਤੀਆਂ ਤੋਂ ਹਟਾਉਣਾ ਸੀ ਤਾਂ ਇਸ ਮਕਸਦ ਦੀ ਪੂਰੀ ਤਰ੍ਹਾਂ ਪੂਰਤੀ ਨਹੀਂ ਹੋ ਸਕੀ। ਉਸ ਨੇ ਆਪਣੀ ਪਤਨੀ ਨੂੰ ਲਿਖੇ ਖ਼ਤ ਵਿਚ ਕਿਹਾ, "ਦਲੀਪ ਨੇ ਅਚਾਨਕ ਪੁੱਛਿਆ- ਕੋਹਿਨੂਰ ਕਿਥੇ ਹੈ, ਪਿਛਲੇ ਜਨਮ ਦਿਨ ਵੇਲੇ ਤਾਂ ਮੈਂ ਇਹ ਬਾਂਹ 'ਤੇ ਪਹਿਨਿਆ ਸੀ!" ਲੌਗਿਨ ਨੇ ਇਸ ਸਵਾਲ ਨੂੰ ਅਣਸੁਣਿਆ ਕਰ ਦਿੱਤਾ। ਉਹ ਕਿਹੜੇ ਮੂੰਹ ਨਾਲ ਜਵਾਬ ਦਿੰਦਾ!

ਦਰਅਸਲ, ਲੌਗਿਨ ਕੋਹਿਨੂਰ ਬਾਰੇ ਕਿਸੇ ਵੀ ਜ਼ਿਕਰ ਤੋਂ ਘਬਰਾਉਂਦਾ ਸੀ। ਜਿਸ ਢੰਗ ਨਾਲ ਇਹ ਬੇਸ਼ਕੀਮਤੀ ਹੀਰਾ ਹਥਿਆਇਆ ਗਿਆ, ਉਸ ਤੋਂ ਅੰਦਰੋ-ਅੰਦਰੀ ਉਹ ਬਹੁਤ ਨਾਖੁਸ਼ ਸੀ। ਇਸ ਦੰਦ-ਕਥਾਈ ਜਵਾਹਰ ਦਾ ਖੁੱਸਣਾ ਹੀ ਦਲੀਪ ਸਿੰਘ ਦੇ ਪਤਨ ਦੀ ਸਭ ਤੋਂ ਵੱਡੀ ਤਰਜਮਾਨੀ ਸੀ। ਲੌਗਿਨ ਨਿਹਾਇਤ ਸੰਵੇਦਨਸ਼ੀਲ ਸੀ; ਉਹ ਇਸ ਮੁੰਡੇ ਨੂੰ ਉਸ ਦਾ ਰਾਜ-ਭਾਗ ਖੁੱਸਣ ਦੀ ਨਮੋਸ਼ੀ ਤੋਂ ਦੂਰ ਹੀ ਰੱਖਣਾ ਚਾਹੁੰਦਾ ਸੀ। ਜਨਮ ਦਿਨ ਵਾਲੀ ਦਾਅਵਤ ਤੋਂ ਕੁਝ ਹਫ਼ਤੇ ਬਾਅਦ ਉਸ ਨੂੰ ਚੰਗੀ ਖ਼ਬਰ ਮਿਲੀ ਕਿ ਇੰਗਲੈਂਡ ਦੀ ਮਹਾਰਾਣੀ ਨੇ ਕੋਹਿਨੂਰ ਸਵੀਕਾਰਨ ਤੋਂ ਨਾਂਹ ਕਰ ਦਿੱਤੀ ਹੈ ਕਿਉਂਕਿ 'ਜਿਨ੍ਹਾਂ ਹਾਲਾਤ ਵਿਚ ਇਹ ਹੀਰਾ ਹਥਿਆਇਆ ਗਿਆ ਹੈ, ਉਹ ਬਰਤਾਨਵੀ ਹਕੂਮਤ ਦਾ ਅਕਸ ਉਚਾ ਕਰਨ ਵਾਲੇ ਨਹੀਂ।' ਇਹ ਖ਼ਬਰ ਮਹਿਜ਼ ਅਫ਼ਵਾਹ ਨਿਕਲੀ। ਮਹਾਰਾਣੀ ਨੇ ਆਪਣੇ ਪਰਿਵਾਰਕ ਹਲਕਿਆਂ ਵਿਚ ਦਲੀਪ ਸਿੰਘ ਨਾਲ ਹੋਏ ਸਲੂਕ ਉਤੇ ਨਾਖੁਸ਼ੀ ਪ੍ਰਗਟਾਈ ਸੀ, ਪਰ ਕੋਹਿਨੂਰ ਪ੍ਰਵਾਨ ਕਰਨ ਵਿਚ ਉਸ ਨੂੰ ਕੋਈ ਝਿਜਕ ਨਹੀਂ ਸੀ ਅਤੇ ਨਾ ਹੀ ਉਸ ਨੇ ਲੌਗਿਨ ਦੰਪਤੀ ਵੱਲੋਂ ਦਲੀਪ ਸਿੰਘ ਨੂੰ 'ਗੋਦ ਲਏ ਜਾਣ' ਦੀ ਲਾਰਡ ਡਲਹੌਜ਼ੀ ਦੀ ਯੋਜਨਾ ਵਿਚ ਕੋਈ ਦਖ਼ਲ ਦਿੱਤਾ। ਦਲੀਪ ਸਿੰਘ ਨੂੰ ਉਸ ਦੀ ਮਾਂ ਦੇ ਹਵਾਲੇ ਕੀਤੇ ਜਾਣ ਦਾ ਤਾਂ ਸਵਾਲ ਹੀ ਨਹੀਂ ਉਭਰਿਆ। ਇਨ੍ਹਾਂ ਸਾਰੇ ਮਹੀਨਿਆਂ ਦੌਰਾਨ ਲਾਰਡ ਡਲਹੌਜ਼ੀ ਨੇ ਰਾਣੀ ਜਿੰਦਾਂ ਦਾ ਅਕਸ ਤਾਰ-ਤਾਰ ਕਰਨ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡੀ। ਮਹਾਰਾਣੀ ਵਿਕਟੋਰੀਆ ਤੇ ਹੋਰਾਂ ਨੂੰ ਲਿਖੇ ਪੱਤਰਾਂ ਵਿਚ ਜਿੰਦਾਂ ਨੂੰ ਅਜਿਹੀ ਬਦਚਲਨ ਔਰਤ ਦਰਸਾਇਆ ਗਿਆ ਜੋ ਆਪਣੀਆਂ ਕਾਮ-ਇੱਛਾਵਾਂ ਦੀ ਪੂਰਤੀ ਲਈ ਕਿਸੇ ਵੀ ਹੱਦ ਤਕ ਜਾ ਸਕਦੀ ਸੀ। ਉਸ ਦੀ ਤੁਲਨਾ ਪ੍ਰਾਚੀਨ ਰੋਮਨ ਬਾਦਸ਼ਾਹ ਕਲਾਡੀਅਸ ਦੀ ਕਾਮਖ਼ੋਰ ਪਤਨੀ ਮੈਸਾਲੀਨਾ ਨਾਲ ਕੀਤੀ ਗਈ। ਇਹ ਵੀ ਸੁਝਾਇਆ ਗਿਆ ਕਿ ਉਹ ਆਪਣੀ ਖ਼ੂਬਸੂਰਤੀ ਦੀ ਵਰਤੋਂ ਮਰਦਾਂ ਨੂੰ ਲੁਭਾ ਕੇ 'ਵਿਦਰੋਹ ਖੜ੍ਹਾ ਕਰਨ ਲਈ ਕਰ ਸਕਦੀ ਹੈ।' ਜਿੰਦਾਂ ਦਾ ਅਕਸ ਇਹੋ ਜਿਹੀ 'ਬਦਜ਼ਾਤ' ਔਰਤ ਵਜੋਂ ਸਥਾਪਿਤ ਕਰਨ ਮਗਰੋਂ ਡਲਹੌਜ਼ੀ ਨੇ ਉਸ ਵੱਲੋਂ ਬੱਚੇ ਦੇ ਪਾਲਣ-ਪੋਸ਼ਣ ਲਈ ਅਪਣਾਏ ਢੰਗ-ਤਰੀਕਿਆਂ ਨੂੰ ਵੀ ਇਸੇ ਰੌਸ਼ਨੀ ਵਿਚ ਦਰਸਾਇਆ। ਉਸ ਨੇ ਮਹਾਰਾਣੀ ਨੂੰ ਲਿਖਿਆ ਕਿ ਜਿੰਦਾਂ ਬੜੇ ਜ਼ਾਲਿਮ ਸੁਭਾਅ ਦੀ ਔਰਤ ਸੀ ਜਿਹੜੀ ਆਪਣੇ ਬੱਚੇ ਦੀ ਵੀ ਮਾਰ-ਕੁੱਟ ਕਰਦੀ ਸੀ। ਬਰਤਾਨਵੀ ਦਖ਼ਲ ਨੇ ਤਾਂ 'ਇਸ ਬੱਚੇ ਨੂੰ ਅਜਿਹੀ ਬਦਸਲੂਕੀ ਤੋਂ ਬਚਾ ਲਿਆ ਹੈ, ਤੇ ਇਸੇ ਲਈ ਇਹ ਮੁੰਡਾ ਹੁਣ ਆਪਣੀ ਮਾਂ ਦੇ ਨੇੜੇ ਨਹੀਂ ਜਾਣਾ ਚਾਹੁੰਦਾ।'

ਮਹਾਰਾਣੀ ਵਿਕਟੋਰੀਆ ਨੇ ਡਲਹੌਜ਼ੀ ਦੇ ਇਸ ਪੱਖ ਨੂੰ ਸਵੀਕਾਰ ਕਰ ਲਿਆ, ਪਰ ਨਾਲ ਹੀ ਸਪਸ਼ਟ ਕੀਤਾ ਕਿ ਮਹਾਰਾਜੇ ਦੀ ਪ੍ਰਗਤੀ ਤੇ ਭਲਾਈ ਬਾਰੇ ਜਾਣਕਾਰੀ ਉਸ ਨੂੰ ਨਿਯਮਿਤ ਤੌਰ 'ਤੇ ਮਿਲਦੀ ਰਹੇ। ਇਹ ਹਦਾਇਤ ਵੀ ਕੀਤੀ ਗਈ ਕਿ ਉਸ ਦੇ ਪ੍ਰਤੀਨਿਧ, ਦਲੀਪ ਸਿੰਘ ਨਾਲ ਪੂਰੀ ਦਿਆਲਤਾ ਵਰਤਣ। ਦਲੀਪ ਸਿੰਘ ਦੀ ਉਸ ਵੇਲੇ ਉਮਰ ਮਹਾਰਾਣੀ ਦੇ ਆਪਣੇ ਸਭ ਤੋਂ ਵੱਡੇ ਬੇਟੇ ਤੇ ਵਲੀ ਅਹਿਦ, ਬਰਟੀ ਜਿੰਨੀ ਸੀ। ਉਹ ਦਲੀਪ ਸਿੰਘ ਨਾਲ ਵਰਤੇ ਭਾਣੇ ਦਾ ਦਰਦ ਸਮਝਦੀ ਸੀ ਅਤੇ ਇਸ ਨੂੰ ਘਟਾਉਣਾ ਲੋਚਦੀ ਸੀ।

---

ਜਦੋਂ ਰਾਣੀ ਜਿੰਦਾਂ ਨੇਪਾਲ ਵਿਚ ਜਲਾਵਤਨੀ ਦੌਰਾਨ ਤਿਲ ਤਿਲ ਕਰ ਕੇ ਮਰ ਰਹੀ ਸੀ, ਉਦੋਂ ਫਰਵਰੀ 1850 ਦੇ ਮੁਢਲੇ ਦਿਨਾਂ ਵਿਚ ਉਸ ਦੀ ਪੁਰਾਣੀ ਰਾਜਧਾਨੀ, ਲਾਹੌਰ ਦੇ ਵਸਨੀਕ ਹੰਝੂਆਂ ਭਰੀਆਂ ਅੱਖਾਂ ਨਾਲ ਆਪਣੇ ਆਖ਼ਰੀ ਮਹਾਰਾਜਾ ਨੂੰ ਵਿਦਾਈ ਦੇਣ ਲਈ ਵੱਖ ਵੱਖ ਗਲੀਆਂ ਬਾਜ਼ਾਰਾਂ ਵਿਚ ਕਤਾਰਾਂ ਬੰਨ੍ਹ ਕੇ ਖੜ੍ਹੇ ਸਨ। ਉਹ ਆਪਣੇ ਨਾਲ ਮਰਹੂਮ ਰਣਜੀਤ ਸਿੰਘ ਦੀ ਵਿਰਾਸਤ ਵੀ ਲਿਜਾ ਰਿਹਾ ਸੀ ਅਤੇ ਇਹ ਕੁਝ ਬਰਦਾਸ਼ਤ ਕਰਨਾ ਬਹੁਤ ਸਾਰੇ ਪੁਰਾਣੇ ਸਰਦਾਰਾਂ ਦੇ ਵੱਸੋਂ ਬਾਹਰਾ ਸੀ। ਉਹ ਫੁੱਟ ਫੁੱਟ ਕੇ ਰੋ ਰਹੇ ਸਨ। ਜੌਹਨ ਲੌਗਿਨ ਨੇ ਦਲੀਪ ਸਿੰਘ ਲਈ ਇਹ ਸਫ਼ਰ ਖੁਸ਼ਨੁਮਾ ਮੁਹਿੰਮ ਵਰਗਾ ਦਰਸਾਉਣ ਲਈ ਪੂਰੀ ਵਾਹ ਲਾਈ। ਉਸ ਨੂੰ ਦੱਸਿਆ ਕਿ ਉਸ ਦਾ ਨਵਾਂ ਘਰ ਕਈ ਸੌ ਮੀਲ ਦੂਰ ਫਤਹਿਗੜ੍ਹ (ਹੁਣ ਯੂ.ਪੀ.) ਵਿਚ ਹੋਵੇਗਾ। ਉਸ ਨਾਲ ਵਾਅਦਾ ਕੀਤਾ ਗਿਆ ਕਿ ਉਥੇ ਸ਼ਿਕਾਰ ਲਈ ਨਵੇਂ ਨਵੇਂ ਜਾਨਵਰ ਹੋਣਗੇ, ਨਿੱਤ ਕੁਝ ਨਵਾਂ ਦੇਖਣ, 'ਨਾਰਮਲ' ਪਰਿਵਾਰ ਨਾਲ ਰਹਿਣ ਦਾ ਮੌਕਾ ਮਿਲੇਗਾ।

ਜਿਸ ਪਰਿਵਾਰ ਦੀ ਲੌਗਿਨ ਗੱਲ ਕਰ ਰਿਹਾ ਸੀ, ਉਹ ਉਸ ਦਾ ਆਪਣਾ ਸੀ। ਉਸ ਦੀ ਪਤਨੀ ਅਤੇ ਬੱਚੇ ਫਤਹਿਗੜ੍ਹ ਆ ਰਹੇ ਸਨ। ਇਹ ਬੱਚੇ ਹੀ ਮਹਾਰਾਜੇ ਦੇ ਸਾਥੀ ਹੋਣੇ ਸਨ। ਕਈ ਵਰ੍ਹਿਆਂ ਤਕ ਦਲੀਪ ਸਿੰਘ ਗ਼ੈਰਯਕੀਨੀ ਤੇ ਸਹਿਮ ਨਾਲ ਜੂਝਦਾ ਰਿਹਾ ਸੀ। ਹੁਣ ਲੌਗਿਨ ਉਸ ਲਈ ਘਰ ਵਰਗੀ ਸੁਰੱਖਿਆ, ਖੁੱਲ੍ਹ ਕੇ ਸਾਹ ਲੈਣ ਲਈ ਪਰਿਵਾਰਕ ਫਿਜ਼ਾ ਅਤੇ ਬੱਚੇ ਵਾਂਗ ਵਿਚਰਨ ਲਈ ਲੋੜੀਂਦਾ ਮਾਹੌਲ ਸੰਭਵ ਬਣਾ ਰਿਹਾ ਸੀ।

ਲੌਗਿਨ ਦੀ ਇਹ ਆਸਵੰਦੀ ਜਾਇਜ਼ ਸੀ। ਉਹਦਾ ਯਕੀਨ ਸੀ ਕਿ ਦਲੀਪ ਸਿੰਘ ਦੇ ਪੁਰਾਣੇ ਤੇ ਨਵੇਂ ਜੀਵਨ ਦਰਮਿਆਨ ਜਿੰਨੇ ਵੱਧ ਮੀਲਾਂ ਦਾ ਫ਼ਾਸਲਾ ਹੋਵੇਗਾ, ਉਨਾ ਹੀ ਇਸ ਬਾਲ ਲਈ ਫ਼ਾਇਦੇਮੰਦ ਹੋਵੇਗਾ। ਦਰਅਸਲ, ਪਿਛਲੇ ਕੁਝ ਦਿਨਾਂ ਤੋਂ ਦਲੀਪ ਨਾਲ ਉਹਦੀਆਂ ਗੱਲਾਂ-ਬਾਤਾਂ ਨੇ ਉਸ ਨੂੰ ਦਲੀਪ ਬਾਰੇ ਕੋਈ ਵੱਡਾ ਫ਼ੈਸਲਾ ਲੈਣ ਦੀ ਚਾਹਤ ਪੈਦਾ ਕਰ ਦਿੱਤੀ ਸੀ। ਇਹ ਫ਼ੈਸਲਾ ਦਲੀਪ ਨੂੰ ਭਾਰਤ ਤੋਂ ਹੀ ਦੂਰ ਲਿਜਾਣ ਵਾਲਾ ਸੀ। ਲੌਗਿਨ ਨੂੰ ਇਸ ਗੱਲ ਦੀ ਖ਼ੁਸ਼ੀ ਸੀ ਕਿ ਮਹਾਰਾਜਾ ਇੰਗਲੈਂਡ ਪ੍ਰਤੀ ਆਕਰਸ਼ਣ ਜਤਾਉਣ ਲੱਗਾ ਸੀ। ਉਹ ਅਕਸਰ ਹੀ ਉਥੋਂ ਦੇ ਲੋਕਾਂ, ਸਭਿਆਚਾਰ ਅਤੇ ਮਹਾਰਾਣੀ ਬਾਰੇ ਸਵਾਲ ਪੁੱਛਣ ਲੱਗ ਪਿਆ ਸੀ।



*ਲੌਗਿਨ ਕੋਹਿਨੂਰ ਬਾਰੇ ਕਿਸੇ ਵੀ ਜ਼ਿਕਰ ਤੋਂ ਘਬਰਾਉਂਦਾ ਸੀ। ਜਿਸ ਢੰਗ ਨਾਲ ਇਹ ਬੇਸ਼ਕੀਮਤੀ ਹੀਰਾ ਹਥਿਆਇਆ ਗਿਆ, ਉਸ ਤੋਂ ਅੰਦਰੋ-ਅੰਦਰੀ ਉਹ ਬਹੁਤ ਨਾਖੁਸ਼ ਸੀ। ਇਸ ਦੰਦ-ਕਥਾਈ ਜਵਾਹਰ ਦਾ ਖੁੱਸਣਾ ਹੀ ਦਲੀਪ ਸਿੰਘ ਦੇ ਪਤਨ ਦੀ ਸਭ ਤੋਂ ਵੱਡੀ ਤਰਜਮਾਨੀ ਸੀ। ਲੌਗਿਨ ਨਿਹਾਇਤ ਸੰਵੇਦਨਸ਼ੀਲ ਸੀ; ਉਹ ਇਸ ਮੁੰਡੇ ਨੂੰ ਉਸ ਦਾ ਰਾਜ-ਭਾਗ ਖੁੱਸਣ ਦੀ ਨਮੋਸ਼ੀ ਤੋਂ ਦੂਰ ਹੀ ਰੱਖਣਾ ਚਾਹੁੰਦਾ ਸੀ। ਜਨਮ ਦਿਨ ਵਾਲੀ ਦਾਅਵਤ ਤੋਂ ਕੁਝ ਹਫ਼ਤੇ ਬਾਅਦ ਉਸ ਨੂੰ ਚੰਗੀ ਖ਼ਬਰ ਮਿਲੀ ਕਿ ਇੰਗਲੈਂਡ ਦੀ ਮਹਾਰਾਣੀ ਨੇ ਕੋਹਿਨੂਰ ਸਵੀਕਾਰਨ ਤੋਂ ਨਾਂਹ ਕਰ ਦਿੱਤੀ ਹੈ ਕਿਉਂਕਿ 'ਜਿਨ੍ਹਾਂ ਹਾਲਾਤ ਵਿਚ ਇਹ ਹੀਰਾ ਹਥਿਆਇਆ ਗਿਆ ਹੈ, ਉਹ ਬਰਤਾਨਵੀ ਹਕੂਮਤ ਦਾ ਅਕਸ ਉਚਾ ਕਰਨ ਵਾਲੇ ਨਹੀਂ।' ਇਹ ਖ਼ਬਰ ਮਹਿਜ਼ ਅਫ਼ਵਾਹ ਨਿਕਲੀ।*

# ਗੁਜਰਾਤ ਫਾਈਲਾਂ



## ਪਰਦਾਪੋਸ਼ੀ ਦੀ ਚੀਰਫਾੜ

*'ਗੁਜਰਾਤ ਫਾਈਲਾਂ' ਕਿਤਾਬ ਦਲੇਰ ਪੱਤਰਕਾਰ ਰਾਣਾ ਅਯੂਬ ਦੀ ਅਜਿਹੀ ਮਿਸਾਲੀ ਲਿਖਤ ਹੈ ਜਿਸ 'ਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਖੁਲਾਸਾ ਹੋਇਆ ਹੈ। ਜਦੋਂ ਇਹ ਕਿਤਾਬ ਛਾਪਣ ਲਈ ਕਿਸੇ ਪ੍ਰਕਾਸ਼ਕ ਨੇ ਹਾਮੀ ਨਹੀਂ ਭਰੀ, ਉਹਨੇ ਇਹ ਕਿਤਾਬ ਆਪੇ ਛਾਪ ਲਈ। ਇਸ ਕਿਤਾਬ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਉਨ੍ਹਾਂ ਨੇ ਵੀ ਇਹ ਕਿਤਾਬ ਖੁਦ ਹੀ ਛਪਵਾਈ ਹੈ। -ਸੰਪਾਦਕ*



# ਖੁਲਾਸਿਆਂ ਪਿਛੋਂ ਕਿਰਦਾਰਕੁਸ਼ੀ ਦਾ ਵਾਰ...

**ਕਾਂਡ ਚੌਥਾ**

**ਭਾਗ ਦੂਜਾ**

### ਤੁਸੀਂ ਪੜ੍ਹ ਚੁੱਕੇ ਹੋ...

*ਹਫਤਾਵਾਰੀ 'ਤਹਿਲਕਾ' ਲਈ ਪੱਤਰਕਾਰੀ ਕਰਦਿਆਂ ਰਾਣਾ ਅਯੂਬ ਨੇ ਸਿਸਟਮ ਦਾ ਸੱਚ ਦੇਖਿਆ ਅਤੇ ਬੇਵੱਸ ਹੋਏ ਲੋਕਾਂ ਦੀ ਖਾਮੋਸ਼ੀ ਵਿਚੋਂ ਬੁਲੰਦ ਆਵਾਜ਼ ਲੱਭਦਿਆਂ-ਲੱਭਦਿਆਂ ਉਹ ਖੁਦ ਡਿਪਰੈਸ਼ਨ ਦੇ ਗੇੜ ਵਿਚ ਜਾ ਧਸੀ। ਇਕ ਦਿਨ ਅਚਾਨਕ ਮੁੰਬਈ ਦੇ ਡਾਕਟਰ ਚਿਟਨਿਸ ਦੇ ਮਸ਼ਵਰੇ ਨੇ ਉਸ ਅੰਦਰ ਫਿਰ ਚਿਣਗ ਬਾਲੀ। ਫਿਰ ਜਦੋਂ ਅੰਮਜ਼ੀ ਵਲੋਂ ਅਖਬਾਰ ਪੜ੍ਹਦਿਆਂ ਸੋਹਰਾਬੂਦੀਨ ਦਾ ਜ਼ਿਕਰ ਆਇਆ ਤਾਂ ਰਾਣਾ ਦੇ ਜ਼ਿਹਨ ਅੰਦਰ ਉਹ ਨਰੇਂਦਰ ਮੋਦੀ ਘੁੰਮ ਗਿਆ ਜਿਹੜਾ ਸਵਾਲ ਪੁੱਛਣ 'ਤੇ ਉਸ ਵੱਲ ਬਿਨਾ ਅੱਖ ਝਪਕਾਏ ਅਤੇ ਬਿਨਾ ਕੁਝ ਬੋਲੇ ਲਗਾਤਾਰ ਤਿੱਖਾ ਝਾਕਦਾ ਰਿਹਾ ਸੀ। ਇਸੇ ਮੋਦੀ ਦੇ ਬਖੀਏ ਉਧੇੜਨ ਲਈ ਫਿਰ ਰਾਣਾ ਨੇ ਲੱਕ ਬੰਨ੍ਹ ਲਿਆ ਅਤੇ ਅਮਰੀਕੀ ਫਿਲਮਸਾਜ਼ ਮੈਥਿਲੀ ਤਿਆਗੀ ਦਾ ਭੇਸ ਵਟਾ ਕੇ ਸਬੂਤ ਜੁਟਾਉਣ ਲੱਗੀ। ਉਸ ਨੇ ਐਂਟੀ-ਟੈਰਰਿਸਟ ਸਕੁਐਡ ਦੇ ਮੁਖੀ ਜੀ.ਐਲ. ਸਿੰਘਲ ਤੋਂ ਅੰਦਰ ਦੀਆਂ ਗੱਲਾਂ ਕਢਵਾਈਆਂ। ਫਿਰ ਸਿੰਘਲ ਵੱਲੋਂ ਸੁਝਾਏ ਸਾਬਕਾ ਪੁਲਿਸ ਅਫਸਰ ਰਾਜਨ ਪ੍ਰਿਯਾਦਰਸ਼ੀ ਵੱਲ ਰੁਖ ਕੀਤਾ। ਹੁਣ ਪੜ੍ਹੋ ਅੱਗੇ...*

**ਰਾਣਾ ਅਯੂਬ:** ਤੁਹਾਡੇ ਮੁੱਖ ਮੰਤਰੀ ਨਰੇਂਦਰ ਮੋਦੀ ਲੋਕਾਂ ਨੂੰ ਕਾਫ਼ੀ ਪਿਆਰੇ ਹਨ?

**ਰਾਜਨ ਪ੍ਰਿਯਾਦਰਸ਼ੀ:** ਹਾਂ, ਉਹ ਸਾਰਿਆਂ ਨੂੰ ਬੁੱਧੂ ਬਣਾਉਂਦੇ ਹਨ ਅਤੇ ਲੋਕ ਬੁੱਧੂ ਬਣ ਜਾਂਦੇ ਹਨ।

**ਸਵਾਲ:** ਐਸੇ ਹਾਲਾਤ ਵਿਚ ਬਤੌਰ ਵਧੀਕ ਡੀ.ਜੀ., ਤੁਹਾਨੂੰ ਉਨ੍ਹਾਂ ਦੇ ਮਤਹਿਤ ਕੰਮ ਕਰਨ ਵਿਚ ਬਹੁਤ ਦਿੱਕਤ ਆਈ ਹੋਵੇਗੀ?

**ਜਵਾਬ:** ਇਨ੍ਹਾਂ ਦੀ ਕਦੇ ਏਨੀ ਹਿੰਮਤ ਨਹੀਂ ਰਹੀ ਕਿ ਇਹ ਮੈਥੋਂ ਕੋਈ ਗ਼ੈਰ-ਕਾਨੂੰਨੀ ਕੰਮ ਕਰਵਾ ਸਕਣ।

**ਸਵਾਲ:** ਇਥੇ ਤਾਂ ਕਾਨੂੰਨ ਦੀ ਬਹੁਤ ਉਲੰਘਣਾ ਹੁੰਦੀ ਹੈ। ਸ਼ਾਇਦ ਹੀ ਕੋਈ ਇਮਾਨਦਾਰ ਅਫ਼ਸਰ ਬਚਿਆ ਹੋਵੇਗਾ?

**ਜਵਾਬ:** ਐਸੇ ਲੋਕ ਬਹੁਤ ਥੋੜ੍ਹੇ ਹਨ। ਇਹ ਮੋਦੀ ਹਰ ਥਾਂ (ਪੂਰੇ ਸੂਬੇ 'ਚ) ਮੁਸਲਮਾਨਾਂ ਨੂੰ ਕਤਲ ਕਰਾਉਣ ਲਈ ਜ਼ਿੰਮੇਵਾਰ ਹੈ।

**ਸਵਾਲ:** ਅੱਛਾ, ਮੈਂ ਸੁਣਿਆ ਹੈ ਕਿ ਪੁਲਿਸ ਅਫਸਰ ਵੀ ਸਰਕਾਰ ਦੀ ਹੀ ਲਕੀਰ ਦੇ ਫ਼ਕੀਰ ਨੇ?

**ਜਵਾਬ:** ਸਾਰੇ ਦੇ ਸਾਰੇ... ਇਹ ਪੀ.ਸੀ. ਪਾਂਡੇ, ਸਾਰਾ ਕੁਝ ਇਨ੍ਹਾਂ ਲੋਕਾਂ ਦੀ ਹਾਜ਼ਰੀ ਵਿਚ ਹੀ ਹੋਇਆ ਸੀ।

**ਸਵਾਲ:** ਜ਼ਿਆਦਾਤਰ ਅਫ਼ਸਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਗ਼ਲਤ ਤਰੀਕੇ ਨਾਲ ਫਸਾਇਆ ਗਿਆ ਹੈ?

**ਜਵਾਬ:** ਗਲਤ ਤਰੀਕੇ ਨਾਲ ਕੀ, ਉਨ੍ਹਾਂ ਨੇ ਜੋ ਕੀਤਾ, ਉਸੇ ਲਈ ਉਹ ਜੇਲ੍ਹ ਵਿਚ ਸਜ਼ਾ ਭੁਗਤ ਰਹੇ ਨੇ। ਇਨ੍ਹਾਂ ਲੋਕਾਂ ਨੇ ਮੁਟਿਆਰ ਕੁੜੀ ਨੂੰ ਮੁਕਾਬਲੇ ਵਿਚ ਮਾਰਿਆ।

**ਸਵਾਲ:** ਸੱਚੀਂ?

**ਜਵਾਬ:** ਹਾਂ, ਉਨ੍ਹਾਂ ਨੇ ਉਸ ਨੂੰ ਲਸ਼ਕਰ ਦੀ ਦਹਿਸ਼ਤਗਰਦ ਦੱਸਿਆ ਸੀ। ਉਹ ਮੁੰਬਰਾ ਦੀ ਰਹਿਣ ਵਾਲੀ ਸੀ। ਕਹਾਣੀ ਘੜੀ ਗਈ ਕਿ ਉਹ ਦਹਿਸ਼ਤਗਰਦ ਸੀ ਜੋ ਮੋਦੀ ਦੀ ਹੱਤਿਆ ਕਰਨ ਗੁਜਰਾਤ ਆਈ ਸੀ।

**ਸਵਾਲ:** ਤਾਂ ਫਿਰ ਇਹ ਗ਼ਲਤ ਸੀ?

**ਜਵਾਬ:** ਹਾਂ, ਬਿਲਕੁਲ ਝੂਠਾ।

**ਸਵਾਲ:** ਮੈਂ ਜਦੋਂ ਤੋਂ ਇਥੇ ਆਈ ਹਾਂ, ਹਰ ਕੋਈ ਸੋਹਰਾਬੂਦੀਨ ਮੁਕਾਬਲੇ ਦੀ ਚਰਚਾ ਕਰ ਰਿਹਾ ਹੈ?

**ਜਵਾਬ:** ਪੂਰਾ ਮੁਲਕ ਉਸ ਮੁਕਾਬਲੇ ਦੀ ਗੱਲ ਕਰ ਰਿਹੈ। ਇਨ੍ਹਾਂ ਨੇ ਇਕ ਮੰਤਰੀ ਦੀ ਸ਼ਹਿ 'ਤੇ ਸੋਹਰਾਬੂਦੀਨ ਅਤੇ ਤੁਲਸੀ ਪ੍ਰਜਾਪਤੀ ਨੂੰ ਉਡਾ ਦਿਤਾ... ਇਸ ਮੰਤਰੀ ਅਮਿਤ ਸ਼ਾਹ ਦਾ ਮਨੁੱਖੀ ਅਧਿਕਾਰਾਂ ਵਿਚ ਕੋਈ ਵਿਸ਼ਵਾਸ ਨਹੀਂ। ਉਹ ਸਾਨੂੰ ਕਹਿੰਦਾ ਹੁੰਦਾ ਸੀ ਕਿ ਉਸ ਦਾ ਮਨੁੱਖੀ ਅਧਿਕਾਰ ਕਮਿਸ਼ਨਾਂ ਵਿਚ ਕੋਈ ਭਰੋਸਾ ਨਹੀਂ। ਹੁਣ ਦੇਖੋ, ਅਦਾਲਤ ਨੇ ਵੀ ਉਸ ਨੂੰ ਜ਼ਮਾਨਤ ਦੇ ਦਿਤੀ ਹੈ।

**ਸਵਾਲ:** ਤੁਸੀਂ ਕਦੇ ਉਸ ਦੇ ਮਤਹਿਤ ਕੰਮ ਨਹੀਂ ਕੀਤਾ?

**ਜਵਾਬ:** ਕੀਤਾ ਹੈ, ਜਦੋਂ ਮੈਂ ਏ.ਟੀ.ਐਸ. ਦਾ ਮੁਖੀ ਸੀ। ਉਨ੍ਹਾਂ ਨੇ ਵਨਜਾਰਾ ਦਾ ਤਬਾਦਲਾ ਕਰ ਕੇ ਮੈਨੂੰ ਨਿਯੁਕਤ ਕੀਤਾ ਸੀ। ਮੈਂ ਤਾਂ ਮਨੁੱਖੀ ਅਧਿਕਾਰਾਂ ਵਿਚ ਭਰੋਸਾ ਰੱਖਦਾ ਹਾਂ। ਇਸ ਨੇ ਮੈਨੂੰ ਇਕ ਵਾਰ ਆਪਣੇ ਬੰਗਲੇ 'ਤੇ ਸੱਦ ਲਿਆ। ਮੈਂ ਤਾਂ ਅੱਜ ਤਕ ਨਾ ਕਿਸੇ ਦੇ ਬੰਗਲੇ ਉਪਰ ਗਿਆ ਹਾਂ, ਤੇ ਨਾ ਹੀ ਕਿਸੇ ਦੇ ਘਰ ਜਾਂ ਦਫ਼ਤਰ ਵਿਚ। ਮੈਂ ਉਸ ਨੂੰ ਕਿਹਾ ਕਿ ਸਰ, ਮੈਂ ਤਾਂ ਤੁਹਾਡਾ ਬੰਗਲਾ ਹੀ ਨਹੀਂ ਦੇਖਿਆ। ਉਹ ਖਿਝ ਗਿਆ। ਉਸ ਨੇ ਪੁੱਛਿਆ ਕਿ ਮੈਂ ਉਸ ਦਾ ਬੰਗਲਾ ਕਿਉਂ ਨਹੀਂ ਦੇਖਿਆ। ਫਿਰ ਉਸ ਨੇ ਕਿਹਾ- ਠੀਕ ਹੈ, ਤੁਹਾਨੂੰ ਲਿਆਉਣ ਲਈ ਮੈਂ ਆਪਣਾ ਨਿਜੀ ਵਾਹਨ ਭੇਜ ਦਿੰਦਾ ਹਾਂ। ਮੈਂ ਕਿਹਾ- ਠੀਕ ਹੈ, ਭੇਜ ਦਿਓ। ਮੇਰੇ ਪਹੁੰਚਦੇ ਹੀ ਉਹ ਬੋਲਿਆ- 'ਅੱਛਾ, ਆਪਨੇ ਏਕ ਬੰਦੇ ਕੋ ਗ੍ਰਿਫ਼ਤਾਰ ਕੀਆ ਹੈ ਨਾ, ਜੋ ਅਭੀ ਆਇਆ ਹੈ ਏ.ਟੀ.ਐਸ. ਮੇਂ, ਉਸ ਕੋ ਮਾਰ ਡਾਲਨਾ ਹੈ।' ਮੈਂ ਕੋਈ ਪ੍ਰਤੀਕਰਮ ਨਹੀਂ ਦਿਤਾ। ਫਿਰ ਉਹ ਬੋਲਿਆ- 'ਦੇਖੋ ਮਾਰ ਡਾਲੋ, ਐਸੇ ਬੰਦੇ ਕੋ ਜੀਨੇ ਕਾ ਕੋਈ ਹੱਕ ਨਹੀਂ।'

ਮੈਂ ਤੁਰੰਤ ਆਪਣੇ ਦਫ਼ਤਰ ਮੁੜ ਆਇਆ ਅਤੇ ਆਪਣੇ ਜੂਨੀਅਰਾਂ ਦੀ ਮੀਟਿੰਗ ਸੱਦ ਲਈ। ਮੈਨੂੰ ਖਦਸ਼ਾ ਸੀ ਕਿ ਅਮਿਤ ਸ਼ਾਹ ਉਨ੍ਹਾਂ ਨੂੰ ਸਿੱਧੇ ਨਿਰਦੇਸ਼ ਦੇ ਕੇ ਉਸ ਨੂੰ ਮਰਵਾ ਸਕਦਾ ਹੈ। ਮੈਂ ਉਨ੍ਹਾਂ ਨੂੰ ਕਿਹਾ- ਦੇਖੋ, ਮੈਨੂੰ ਉਸ ਨੂੰ ਮਾਰਨ ਦਾ ਆਦੇਸ਼ ਮਿਲਿਆ ਹੈ, ਪਰ ਕੋਈ ਉਸ ਨੂੰ ਹੱਥ ਵੀ ਨਹੀਂ ਲਗਾਏਗਾ, ਸਿਰਫ਼ ਤਫ਼ਤੀਸ਼ ਕਰਨੀ ਹੈ। ਮੈਨੂੰ ਕਿਹਾ ਗਿਆ ਹੈ ਅਤੇ ਮੈਂ ਕਿਉਂਕਿ ਇੰਵ ਨਹੀਂ ਕਰ ਰਿਹਾ ਹਾਂ, ਇਸ ਲਈ ਕੋਈ ਵੀ ਇੰਵ ਨਹੀਂ ਕਰੇਗਾ।

**ਸਵਾਲ:** ਇਹ ਤਾਂ ਬਹੁਤ ਹੌਸਲੇ ਵਾਲੀ ਗੱਲ ਸੀ।

**ਜਵਾਬ:** ਇਸ ਨਰੇਂਦਰ ਮੋਦੀ ਨੇ ਮੈਨੂੰ ਉਸ ਦਿਨ ਬੁਲਾਇਆ ਜਿਸ ਦਿਨ ਮੈਂ ਰਿਟਾਇਰ ਹੋ ਰਿਹਾ ਸੀ। ਉਸ ਨੇ ਕਿਹਾ, "ਹੁਣ ਤੁਹਾਡੀ ਕੀ ਯੋਜਨਾ ਹੈ?" ਇਸ ਤਰ੍ਹਾਂ ਦੇ ਕਈ ਸਵਾਲ ਪੁੱਛਦਾ ਰਿਹਾ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਕਿੰਨਾ ਦਬਾਅ ਮਹਿਸੂਸ ਕਰ ਰਿਹਾ ਸੀ। ਫਿਰ ਉਹ ਬੋਲੇ, 'ਅੱਛਾ ਯੇ ਬਤਾਓ, ਸਰਕਾਰ ਕੇ ਖ਼ਿਲਾਫ਼ ਕੌਨ-ਕੌਨ ਲੋਗ ਹੈਂ, ਮਤਲਬ ਕਿਤਨੇ ਅਫਸਰ ਸਰਕਾਰ ਕੇ ਖ਼ਿਲਾਫ਼ ਹੈਂ।' ਮੈਂ ਕਿਹਾ- "ਮੈਂ ਤੁਹਾਨੂੰ ਕੁਝ ਪੁੱਛ ਸਕਦਾ ਹਾਂ?" ਉਸ ਨੇ ਕਿਹਾ- ਹਾਂ, ਪੁੱਛੋ।

ਮੈਂ ਕਿਹਾ- 'ਪਿਛਲੇ ਦੋ ਦਹਾਕਿਆਂ ਦੌਰਾਨ ਮੈਂ ਵੱਖੋ-ਵੱਖਰੇ ਅਹੁਦਿਆਂ ਉਪਰ ਸੇਵਾ ਨਿਭਾਈ ਹੈ। ਤੁਹਾਨੂੰ ਮੇਰੇ ਖ਼ਿਲਾਫ਼ ਕੁਝ ਸੁਣਨ ਨੂੰ ਮਿਲਿਆ ਹੈ?' ਉਨ੍ਹਾਂ ਦਾ ਜਵਾਬ ਇਹ ਸੀ ਕਿ ਮੈਂ ਬਹੁਤ ਵਧੀਆ ਕੰਮ ਕਰ ਰਿਹਾ ਸੀ। ਫਿਰ ਮੈਂ ਉਨ੍ਹਾਂ ਨੂੰ ਕਿਹਾ- 'ਸਰ, ਪਿਛਲੇ ਚਾਰ ਸਾਲ ਦੌਰਾਨ ਮੇਰੇ ਤਤਕਾਲੀ ਸੀਨੀਅਰਾਂ ਅਤੇ ਗ੍ਰਹਿ ਸਕੱਤਰਾਂ ਨੇ ਮੇਰੀਆਂ ਸਾਲਾਨਾ ਖੁਫ਼ੀਆ ਰਿਪੋਰਟਾਂ (ਏ.ਸੀ.ਆਰ.) ਨੂੰ ਐਕਸੀਲੈਂਟ ਅਤੇ ਆਊਟ-ਸਟੈਂਡਿੰਗ ਕਰਾਰ ਦਿਤਾ ਹੈ, ਫਿਰ ਤੁਸੀਂ ਕਿਉਂ ਉਨ੍ਹਾਂ ਨੂੰ ਨੀਵਾਂ ਦਿਖਾਉਂਦੇ ਹੋ? ਮੇਰੀ ਕਾਰਗੁਜ਼ਾਰੀ ਨੂੰ ਤੁਸੀਂ ਖ਼ਰਾਬ ਕਿਉਂ ਕੀਤਾ?' ਮੈਂ ਉਨ੍ਹਾਂ ਨੂੰ ਦੱਸਿਆ ਕਿ ਸੂਚਨਾ ਦੇ ਅਧਿਕਾਰ ਤਹਿਤ ਮੈਂ ਸਭ ਕੁਝ ਪਤਾ ਕਰ ਲਿਆ ਹੈ।... ਉਹ ਠੱਗੇ ਜਿਹੇ ਮਹਿਸੂਸ ਕਰ ਰਹੇ ਸਨ। ਉਹ ਬੋਲੇ, 'ਮੈਂ ਆਪਣੇ ਅਫ਼ਸਰਾਂ ਅਤੇ ਗ੍ਰਹਿ ਸਕੱਤਰਾਂ ਨਾਲ ਗੱਲ ਨਹੀਂ ਕਰਦਾ?' ਮੈਂ ਉਨ੍ਹਾਂ ਨੂੰ ਕਿਹਾ, 'ਸਰ, ਤੁਹਾਨੂੰ ਗ੍ਰਹਿ ਸਕੱਤਰ ਨੂੰ ਕਾਲ ਕਰਨ ਦੀ ਜ਼ਰੂਰਤ ਹੀ ਨਹੀਂ ਸੀ, ਕਿਉਂਕਿ ਫਾਈਲ ਪਹਿਲਾਂ ਹੀ ਤੁਹਾਡੇ ਕੋਲ ਪਹੁੰਚ ਚੁੱਕੀ ਸੀ ਅਤੇ ਤੁਸੀਂ ਸਭ ਕੁਝ ਜਾਣਦੇ ਸੀ।'... ਮੈਂ ਡੀ.ਜੀ. ਬਣ ਸਕਦਾ ਸੀ, ਪਰ ਉਨ੍ਹਾਂ ਨੇ ਐਸਾ ਨਹੀਂ ਹੋਣ ਦਿਤਾ।

**ਸਵਾਲ:** ਤੁਹਾਡੇ ਸੂਬੇ ਵਿਚ ਕੋਈ ਡੀ.ਜੀ. ਕਿਉਂ ਨਹੀਂ ਹੈ?

**ਜਵਾਬ:** ਕਿਉਂਕਿ ਮੋਦੀ ਨੇ ਕੁਲਦੀਪ ਸ਼ਰਮਾ ਨਾਂ ਦੇ ਇਕ ਅਫ਼ਸਰ ਤੋਂ ਬਦਲਾ ਲੈਣਾ ਹੈ।

**ਸਵਾਲ:** ਮੈਨੂੰ ਪਤਾ ਲੱਗਿਐ, ਉਨ੍ਹਾਂ ਦੀ ਅਫਸਰਾਂ ਦੀ ਆਪਣੀ ਟੀਮ ਵੀ ਹੈ?

**ਜਵਾਬ:** ਮੈਂ ਜਦੋਂ ਰਾਜਕੋਟ ਦਾ ਆਈ.ਜੀ. ਸੀ, ਉਦੋਂ ਜੂਨਾਗੜ੍ਹ ਕੋਲ ਫਿਰਕੂ ਫ਼ਸਾਦ ਹੋਇਆ ਸੀ। ਮੈਂ ਕੁਝ ਲੋਕਾਂ ਖ਼ਿਲਾਫ਼ ਐਫ਼.ਆਈ.ਆਰ. ਦਰਜ ਕੀਤੀ ਸੀ। ਗ੍ਰਹਿ ਮੰਤਰੀ ਨੇ ਮੈਨੂੰ ਫ਼ੋਨ ਕਰ ਕੇ ਪੁੱਛਿਆ, 'ਰਾਜਨ ਜੀ, ਕਿਥੇ ਹੋ ਤੁਸੀਂ?' ਮੈਂ ਜਵਾਬ ਦਿਤਾ, 'ਸਰ, ਮੈਂ ਜੂਨਾਗੜ੍ਹ ਵਿਚ ਹਾਂ।' ਫਿਰ ਉਨ੍ਹਾਂ ਨੇ ਕਿਹਾ, 'ਚੰਗਾ, ਤਿੰਨ ਨਾਂ ਲਿਖੋ, ਤੁਸੀਂ ਇਨ੍ਹਾਂ ਤਿੰਨਾਂ ਨੂੰ ਗ੍ਰਿਫ਼ਤਾਰ ਕਰਨਾ ਹੈ।' ਮੈਂ ਕਿਹਾ, 'ਸਰ, ਇਹ ਤਿੰਨੇ ਇਸ ਵਕਤ ਮੇਰੇ ਕੋਲ ਬੈਠੇ ਹਨ ਅਤੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਤਿੰਨੇ ਮੁਸਲਮਾਨ ਹਨ ਅਤੇ ਇਨ੍ਹਾਂ ਕਰ ਕੇ ਹੀ ਹਾਲਾਤ ਸੁਧਰੇ ਹਨ। ਇਨ੍ਹਾਂ ਲੋਕਾਂ ਨੇ ਆਪਣੇ ਯਤਨਾਂ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਕਜੁਟ ਕੀਤਾ ਹੈ ਅਤੇ ਫ਼ਸਾਦ ਖ਼ਤਮ ਕਰਵਾਇਆ ਹੈ।' ਉਹ ਬੋਲੇ, 'ਦੇਖੋ, ਸੀ.ਐਮ. ਸਾਹਿਬ ਨੇ ਕਹਾ ਹੈ।' ਉਸ ਵਕਤ ਇਹ ਸ਼ਖ਼ਸ ਨਰੇਂਦਰ ਮੋਦੀ ਹੀ ਮੁੱਖ ਮੰਤਰੀ ਸੀ। ਉਨ੍ਹਾਂ ਨੇ ਮੈਨੂੰ ਕਿਹਾ ਕਿ ਇਹ ਸੀ.ਐਮ. ਦੇ ਆਦੇਸ਼ ਹਨ। ਮੈਂ ਜਵਾਬ ਦਿਤਾ, 'ਸਰ, ਮੁੱਖ ਮੰਤਰੀ ਦੇ ਆਦੇਸ਼ ਦੇ ਬਾਵਜੂਦ ਮੈਂ ਇੰਵ ਨਹੀਂ ਕਰ ਸਕਦਾ, ਕਿਉਂਕਿ ਇਹ ਤਿੰਨੇ ਬੇਕਸੂਰ ਹਨ।'

**ਸਵਾਲ:** ਅਗਿਉਂ ਫ਼ੋਨ ਉਪਰ ਕੌਣ ਸੀ?

**ਜਵਾਬ:** ਗ੍ਰਹਿ ਮੰਤਰੀ ਗੋਰਧਨ ਜ਼ੜਫ਼ੀਆ।

**ਸਵਾਲ:** ਕਦੋਂ ਦੀ ਗੱਲ ਹੈ?

**ਜਵਾਬ:** ਜੁਲਾਈ 2002 ਦੇ ਨੇੜੇ-ਤੇੜੇ ਦੀ, ਫਿਰ ਜ਼ੜਫ਼ੀਆ ਨੇ ਕਿਹਾ ਸੀ ਕਿ ਉਹ ਆਪ ਉਥੇ ਆਵੇਗਾ।

**ਸਵਾਲ:** ਤੇ ਇਹ ਲੋਕ ਕੌਣ ਸਨ?

**ਜਵਾਬ:** ਅਰੇ, ਇਹ ਨੇਕ ਲੋਕ ਸਨ, ਮੁਸਲਮਾਨ ਸਨ ਜੋ ਫ਼ਸਾਦਾਂ ਨੂੰ ਖ਼ਤਮ ਕਰਾਉਣ ਵਿਚ ਹੱਥ ਵਟਾ ਰਹੇ ਸਨ। ਮੇਰੀ ਥਾਂ ਕੋਈ ਹੋਰ ਹੁੰਦਾ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲੈਂਦਾ।

**ਸਵਾਲ:** ਸਿੰਘਲ ਦਾ ਕੀ ਮਾਮਲਾ ਹੈ? ਉਨ੍ਹਾਂ ਨੇ ਹੀ ਮੈਨੂੰ ਤੁਹਾਡੇ ਨਾਲ ਗੱਲ ਕਰਨ ਨੂੰ ਕਿਹਾ ਸੀ।

**ਜਵਾਬ:** ਮੈਂ ਉਸ ਦਾ ਬੌਸ ਸੀ, ਹੁਣ ਉਹ ਏ.ਟੀ.ਐਸ. ਵਿਚ ਹੈ। ਉਹ ਮੇਰੇ ਮਤਹਿਤ ਡਿਪਟੀ ਐਸ.ਪੀ. ਸੀ ਜੋ ਪ੍ਰੋਬੇਸ਼ਨ ਉਪਰ ਸੀ।

**ਸਵਾਲ:** ਉਨ੍ਹਾਂ ਦੇ ਮਤਹਿਤ ਕੌਣ-ਕੌਣ ਕੰਮ ਕਰਦਾ ਸੀ?

**ਜਵਾਬ:** ਜੋ ਲੋਕ ਜੇਲ੍ਹ ਵਿਚ ਹਨ, ਵਨਜਾਰਾ ਵਗੈਰਾ। ਮੈਂ ਬਾਰਡਰ ਰੇਂਜ ਦਾ ਆਈ.ਜੀ. ਸੀ। ਉਹ ਵਨਜਾਰਾ ਨੂੰ ਲਿਆਉਣਾ ਚਾਹੁੰਦੇ ਸਨ ਤਾਂ ਉਨ੍ਹਾਂ ਨੇ ਮੇਰਾ ਤਬਾਦਲਾ ਕਰ ਦਿਤਾ। ਉਸ ਨੂੰ ਲਗਾਉਣ ਲਈ ਉਸ ਦਾ ਅਹੁਦਾ ਘਟਾ ਦਿਤਾ।

**ਸਵਾਲ:** ਇਥੇ ਦੀ ਪੁਲਿਸ ਮੁਸਲਮਾਨ ਵਿਰੋਧੀ ਹੈ?

**ਜਵਾਬ:** ਨਹੀਂ, ਦਰਅਸਲ ਆਗੂ ਹੀ ਐਸੇ ਹਨ। ਜੇ ਕੋਈ ਅਫ਼ਸਰ ਉਨ੍ਹਾਂ ਦੀ ਨਹੀਂ ਮੰਨਦਾ ਤਾਂ ਉਹ ਉਸ ਨੂੰ ਖੂੰਜੇ ਲਗਾ ਦਿੰਦੇ ਨੇ, ਇਨ੍ਹਾਂ ਹਾਲਾਤ ਵਿਚ ਉਹ ਕੀ ਕਰੇਗਾ।

**ਸਵਾਲ:** ਅਮਿਤ ਸ਼ਾਹ ਨੇ ਜਿਸ ਸ਼ਖ਼ਸ ਨੂੰ ਮਾਰਨ ਲਈ ਕਿਹਾ ਸੀ, ਉਹ ਮੁਸਲਮਾਨ ਸੀ?

**ਜਵਾਬ:** ਨਹੀਂ, ਉਹ ਉਸ ਨੂੰ ਇਸ ਲਈ ਰਾਹ ਵਿਚੋਂ ਹਟਾਉਣਾ ਚਾਹੁੰਦੇ ਸਨ, ਕਿਉਂਕਿ ਬਿਜ਼ਨੈਸ ਲਾਬੀ ਵੱਲੋਂ ਕੋਈ ਦਬਾਅ ਸੀ।

**ਸਵਾਲ:** ਮੈਨੂੰ ਪਤਾ ਲੱਗਿਆ ਹੈ ਕਿ ਕੁਝ ਅਫ਼ਸਰਾਂ ਕੋਲੋਂ ਇਸ਼ਰਤ ਜਹਾਂ ਦਾ ਮੁਕਾਬਲਾ ਜਬਰੀ ਬਣਵਾਇਆ ਗਿਆ ਸੀ?

**ਜਵਾਬ:** ਦੇਖੋ, ਇਹ ਗੱਲ ਮੇਰੇ ਅਤੇ ਤੁਹਾਡੇ ਦਰਮਿਆਨ ਹੀ ਏ। ਇਨ੍ਹਾਂ ਲੋਕਾਂ ਨੇ ਵਨਜਾਰਾ ਅਤੇ ਉਸ ਦੇ ਗੈਂਗ ਨੇ ਪੰਜ ਸਰਦਾਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ, ਉਨ੍ਹਾਂ ਵਿਚ ਇਕ ਕਾਂਸਟੇਬਲ ਵੀ ਸੀ। ਵਨਜਾਰਾ ਦਾ ਕਹਿਣਾ ਸੀ ਕਿ ਇਹ ਸਾਰੇ ਦਹਿਸ਼ਤਗਰਦ ਹਨ ਅਤੇ ਇਨ੍ਹਾਂ ਦਾ ਐਨਕਾਊਂਟਰ ਬਣਾ ਦਿਤਾ ਜਾਣਾ ਚਾਹੀਦਾ ਹੈ। ਸਬੱਬ ਨਾਲ ਪਾਂਡਿਆਨ ਉਸ ਵਕਤ ਐਸ.ਪੀ. ਸੀ। ਉਸ ਨੇ ਇਨਕਾਰ ਕਰ ਦਿਤਾ ਅਤੇ ਪੰਜੇ ਬਚ ਗਏ।

**ਸਵਾਲ:** ਯਾਨੀ ਅਫ਼ਸਰ ਸੱਚਮੁੱਚ ਮੁਸਲਮਾਨ ਵਿਰੋਧੀ ਨਹੀਂ ਹਨ?

**ਜਵਾਬ:** ਬਿਲਕੁਲ ਨਹੀਂ। ਨੇਤਾ ਉਨ੍ਹਾਂ ਤੋਂ



*ਅਮਿਤ ਸ਼ਾਹ ਨੇ ਮੈਨੂੰ (ਰਾਜਨ ਪ੍ਰਿਯਾਦਰਸ਼ੀ) ਇਕ ਵਾਰ ਆਪਣੇ ਬੰਗਲੇ 'ਤੇ ਸੱਦ ਲਿਆ। ਮੈਂ ਤਾਂ ਅੱਜ ਤਕ ਨਾ ਕਿਸੇ ਦੇ ਬੰਗਲੇ ਉਪਰ ਗਿਆ ਹਾਂ, ਤੇ ਨਾ ਹੀ ਕਿਸੇ ਦੇ ਘਰ ਜਾਂ ਦਫ਼ਤਰ ਵਿਚ। ਮੈਂ ਕਿਹਾ ਕਿ ਸਰ, ਮੈਂ ਤਾਂ ਤੁਹਾਡਾ ਬੰਗਲਾ ਹੀ ਨਹੀਂ ਦੇਖਿਆ। ਉਹ ਖਿਝ ਗਿਆ। ਉਸ ਨੇ ਪੁੱਛਿਆ ਕਿ ਮੈਂ ਉਸ ਦਾ ਬੰਗਲਾ ਕਿਉਂ ਨਹੀਂ ਦੇਖਿਆ। ਫਿਰ ਉਸ ਨੇ ਕਿਹਾ- ਠੀਕ ਹੈ, ਤੁਹਾਨੂੰ ਲਿਆਉਣ ਲਈ ਮੈਂ ਆਪਣਾ ਨਿਜੀ ਵਾਹਨ ਭੇਜ ਦਿੰਦਾ ਹਾਂ। ਮੈਂ ਕਿਹਾ- ਠੀਕ ਹੈ, ਭੇਜ ਦਿਓ। ਮੇਰੇ ਪਹੁੰਚਦੇ ਹੀ ਉਹ ਬੋਲਿਆ- 'ਅੱਛਾ, ਆਪਨੇ ਏਕ ਬੰਦੇ ਕੋ ਗ੍ਰਿਫ਼ਤਾਰ ਕੀਆ ਹੈ ਨਾ, ਜੋ ਅਭੀ ਆਇਆ ਹੈ ਏ.ਟੀ.ਐਸ. ਮੇਂ, ਉਸ ਕੋ ਮਾਰ ਡਾਲਨਾ ਹੈ।' ਮੈਂ ਕੋਈ ਪ੍ਰਤੀਕਰਮ ਨਹੀਂ ਦਿਤਾ। ਫਿਰ ਉਹ ਬੋਲਿਆ- 'ਦੇਖੋ ਮਾਰ ਡਾਲੋ, ਐਸੇ ਬੰਦੇ ਕੋ ਜੀਨੇ ਕਾ ਕੋਈ ਹੱਕ ਨਹੀਂ।'*

*ਪਰਦਾਫਾਸ਼ ਸੁਰਖ਼ੀਆਂ ਵਿਚ ਆਉਣ ਨਾਲ ਗ੍ਰਹਿ ਮੰਤਰਾਲਾ ਕਸੂਤਾ ਫਸ ਗਿਆ ਅਤੇ ਸੀ.ਬੀ.ਆਈ. ਇੰਟੈਲੀਜੈਂਸ ਬਿਊਰੋ ਅਫਸਰ, ਖ਼ਾਸ ਕਰ ਕੇ ਰਾਜਿੰਦਰ ਕੁਮਾਰ ਨੂੰ ਸਵਾਲ ਕਰਨ ਲਈ ਮਜਬੂਰ ਹੋ ਗਈ, ਆਈ.ਬੀ. ਦਾ ਸਪੈਸ਼ਲ ਡਾਇਰੈਕਟਰ ਰਾਜਿੰਦਰ ਕੁਮਾਰ ਜਿਸ ਦੀ ਇਸ਼ਰਤ ਜਹਾਂ ਮਾਮਲੇ ਵਿਚ ਭੂਮਿਕਾ ਸਾਫ਼ ਹੋ ਗਈ ਸੀ, ਪਿੱਛੇ ਜਿਹੇ ਗ੍ਰਹਿ ਸਕੱਤਰ ਜੀ.ਕੇ. ਪਿੱਲੇ ਦੇ ਬਿਆਨ ਨਾਲ ਰਾਜਿੰਦਰ ਕੁਮਾਰ ਇਕ ਵਾਰ ਫਿਰ ਸੁਰਖ਼ੀਆਂ ਵਿਚ ਆਇਆ ਸੀ। ਉਸ ਨੇ ਆਪਣੇ ਕਾਰਜਕਾਲ ਵਿਚ ਇਹ ਬਿਆਨ ਦਿਤਾ ਸੀ ਕਿ ਇਸ਼ਰਤ ਨੂੰ ਸ਼ੱਕ ਦਾ ਲਾਭ ਦਿਤਾ ਜਾਣਾ ਚਾਹੀਦਾ ਸੀ, ਉਸ ਨੇ 2016 ਦੇ ਸ਼ੁਰੂ ਵਿਚ ਮੀਡੀਆ ਨੂੰ ਦੱਸਿਆ ਕਿ ਉਸ ਨੇ ਸੱਤਾਧਾਰੀ ਕਾਂਗਰਸ ਹਕੂਮਤ ਦੇ ਕਹਿਣ 'ਤੇ ਹਲਫ਼ਨਾਮੇ ਬਦਲੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਰਾਜਿੰਦਰ ਕੁਮਾਰ ਨੇ ਬਹੁਤ ਸਾਰੇ ਟੀ.ਵੀ. ਚੈਨਲਾਂ ਨੂੰ ਦਿੱਤੀਆਂ ਇੰਟਰਵਿਊ ਵਿਚ ਕਿਹਾ ਕਿ ਉਸ ਨੂੰ ਇਸ ਮਾਮਲੇ ਵਿਚ ਫਸਾਇਆ ਜਾ ਰਿਹਾ ਸੀ।*

ਐਸਾ ਕਰਵਾਉਂਦੇ ਹਨ। ਜੇ ਤੁਸੀਂ ਇਮਾਨਦਾਰ ਹੋ ਤਾਂ ਉਹ ਤੁਹਾਨੂੰ ਕਿਸੇ ਅਹੁਦੇ ਉਪਰ ਨਹੀਂ ਰਹਿਣ ਦੇਣਗੇ। ਦੇਖੋ, ਇਨ੍ਹਾਂ ਨੇ ਰਜਨੀਸ਼ ਰਾਏ ਅਤੇ ਰਾਹੁਲ ਸ਼ਰਮਾ ਨਾਲ ਕੀ ਕੀਤਾ ਹੈ।... ਇਹ ਸਰਕਾਰ ਫਿਰਕਾਪ੍ਰਸਤ ਅਤੇ ਭ੍ਰਿਸ਼ਟ ਹੈ। ਇਹੋ ਅਮਿਤ ਸ਼ਾਹ ਮੇਰੇ ਕੋਲ ਆ ਕੇ ਦਮਗਜੇ ਮਾਰਦਾ ਸੀ ਕਿ ਉਸ ਨੇ 1985 ਵਿਚ ਫ਼ਸਾਦ ਭੜਕਾਉਣ ਲਈ ਕੀ ਕੁਝ ਕੀਤਾ ਸੀ। ਉਹ ਹਰ ਕਿਸੇ ਨੂੰ ਮੀਟਿੰਗ ਲਈ ਆਪਣੇ ਕੋਲ ਸੱਦ ਲੈਂਦਾ ਸੀ। ਇਕ ਮੀਟਿੰਗ ਵਿਚ ਉਸ ਨੇ ਗ੍ਰਹਿ ਸਕੱਤਰ, ਮੁੱਖ ਸਕੱਤਰ, ਇਕ ਸੰਸਦ ਮੈਂਬਰ ਅਤੇ ਮੈਨੂੰ ਵੀ ਸੱਦਿਆ ਸੀ। ਉਸ ਵਕਤ ਮੈਂ ਆਈ.ਜੀ. ਸੀ। ਸੰਸਦ ਮੈਂਬਰ ਨੇ ਅਮਿਤ ਸ਼ਾਹ ਨੂੰ ਕਿਹਾ ਕਿ ਤੂੰ ਕਿਸੇ ਸਿਪਾਹੀ ਦਾ ਵੀ ਤਬਾਦਲਾ ਨਹੀਂ ਕਰਵਾ ਸਕਦਾ। ਅਮਿਤ ਸ਼ਾਹ ਨੇ ਮੇਰੇ ਵੱਲ ਮੂੰਹ ਕਰ ਕੇ ਕਿਹਾ, 'ਇਹ ਕੰਮ ਹੁਣ ਤਕ ਕਿਉਂ ਨਹੀਂ ਹੋਇਆ?' ਮੈਂ ਦੱਸਿਆ ਕਿ ਉਸ ਸਿਪਾਹੀ ਨੇ ਕੁਝ ਵੀ ਗ਼ਲਤ ਨਹੀਂ ਕੀਤਾ ਹੈ। ਉਹ ਤਾਂ ਬਸ ਭਾਜਪਾ ਐਮ.ਪੀ. ਦੇ ਮੁੰਡੇ ਨੂੰ ਵਰਜ ਹੀ ਰਿਹਾ ਸੀ।

**ਸਵਾਲ:** ਮੈਨੂੰ ਹੈਰਾਨੀ ਹੈ ਕਿ ਉਨ੍ਹਾਂ ਨੇ ਤੁਹਾਨੂੰ ਇੰਞ ਕਿਹਾ?

**ਜਵਾਬ:** ਉਨ੍ਹਾਂ ਨੂੰ ਮੇਰੇ ਉਪਰ ਭਰੋਸਾ ਸੀ। ਦਰਅਸਲ ਉਹ ਹੀ ਸਨ ਜਿਨ੍ਹਾਂ ਨੇ ਮੈਨੂੰ ਇਸ਼ਰਤ ਦੇ ਮਾਮਲੇ ਤੋਂ ਜਾਣੂ ਕਰਾਇਆ ਸੀ। ਉਨ੍ਹਾਂ ਨੇ ਦੱਸਿਆ ਸੀ ਕਿ ਇਸ਼ਰਤ ਨੂੰ ਮਾਰਨ ਤੋਂ ਪਹਿਲਾਂ ਉਨ੍ਹਾਂ ਨੇ ਉਸ ਨੂੰ ਆਪਣੇ ਕੋਲ ਹਿਰਾਸਤ ਵਿਚ ਰੱਖਿਆ ਸੀ ਅਤੇ ਇਨ੍ਹਾਂ ਪੰਜਾਂ ਦੀ ਹੱਤਿਆ ਕੀਤੀ ਗਈ ਸੀ, ਕੋਈ ਮੁਕਾਬਲਾ ਨਹੀਂ ਹੋਇਆ ਸੀ। ਉਨ੍ਹਾਂ ਨੇ ਮੈਨੂੰ ਦੱਸਿਆ ਸੀ ਕਿ ਉਹ ਕੋਈ ਦਹਿਸ਼ਤਗਰਦ ਨਹੀਂ ਸੀ।

**ਸਵਾਲ:** ਮੈਨੂੰ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਨੇ ਤੁਹਾਨੂੰ ਏ.ਟੀ.ਐਸ. ਵਰਗੀ ਐਨੀ ਅਹਿਮ ਪੁਜੀਸ਼ਨ ਉਪਰ ਆਉਣ ਦਿਤਾ?

**ਜਵਾਬ:** ਹਾਂ, ਉਹ ਸੋਚਦੇ ਸਨ ਕਿ ਮੈਂ ਉਨ੍ਹਾਂ ਦਾ ਬੰਦਾ ਹਾਂ ਅਤੇ ਉਹੀ ਕਰਾਂਗਾ ਜੋ ਕਿਹਾ ਜਾਵੇਗਾ। ਸ਼ਾਹ ਨੇ ਮੈਨੂੰ ਕਿਹਾ, 'ਦੇਖੋ, ਦੋ ਅਹਿਮ ਥਾਵਾਂ ਖਾਲੀ ਹਨ, ਏ.ਟੀ.ਐਸ. ਦੀ ਅਤੇ ਪੁਲਿਸ ਕਮਿਸ਼ਨਰ ਦੀ। ਸਾਨੂੰ ਇਨ੍ਹਾਂ ਦੋਨਾਂ ਥਾਵਾਂ ਉਪਰ ਆਪਣੇ ਬੰਦੇ ਚਾਹੀਦੇ ਹਨ। ਅਸੀਂ ਆਸ਼ੀਸ਼ ਭਾਟੀਆ ਨੂੰ ਕਮਿਸ਼ਨਰ ਬਣਾ ਰਹੇ ਹਾਂ ਅਤੇ ਤੁਹਾਨੂੰ ਏ.ਟੀ.ਐਸ. ਮੁਖੀ।' ਉਨ੍ਹਾਂ ਨੇ ਕਿਹਾ ਕਿ ਮੇਰੇ ਵਿਚ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਅਤੇ ਮੈਂ ਉਹੀ ਕਰਾਂਗਾ ਜੋ ਮੈਨੂੰ ਸਰਕਾਰ ਕਹੇਗੀ। ਤਦ ਮੈਂ ਉਨ੍ਹਾਂ ਨੂੰ ਕਿਹਾ ਕਿ ਜੇ ਤੁਹਾਨੂੰ ਸੱਚਮੁੱਚ ਏਨਾ ਭਰੋਸਾ ਸੀ ਤਾਂ ਤੁਸੀਂ ਮੈਨੂੰ ਪੁਲਿਸ ਕਮਿਸ਼ਨਰ ਕਿਉਂ ਨਹੀਂ ਬਣਾਇਆ।

ਪੀ.ਸੀ.ਪਾਂਡੇ ਨੂੰ ਵੇਖੋ, ਉਨ੍ਹਾਂ ਨੇ ਫ਼ਸਾਦ ਕਰਨ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਉਹ ਮੁੱਖ ਮੰਤਰੀ ਦੇ ਖ਼ਾਸ-ਮ-ਖ਼ਾਸ ਲੋਕਾਂ ਵਿਚੋਂ ਹੈ। ਉਨ੍ਹਾਂ ਦਾ ਚਹੇਤਾ ਹੈ। ਮੁਸਲਮਾਨਾਂ ਦੀ ਹੱਤਿਆ ਲਈ ਉਹੀ ਜ਼ਿੰਮੇਵਾਰ ਹੈ। ਇਸੇ ਲਈ ਉਸ ਨੂੰ ਸੇਵਾ-ਮੁਕਤੀ ਤੋਂ ਬਾਅਦ ਵੀ ਅਹੁਦਾ ਦਿਤਾ ਗਿਆ ਹੈ। ਮੇਰਾ ਉਸ ਨਾਲ ਚੰਗਾ ਰਿਸ਼ਤਾ ਹੈ, ਇਸ ਦੇ ਬਾਵਜੂਦ ਮੈਂ ਜਾਣਦਾ ਹਾਂ ਕਿ ਉਸ ਨੇ ਕੀ ਗ਼ਲਤ ਕੀਤਾ ਹੈ।

---

ਮਈ 2013 ਵਿਚ ਇਸ਼ਰਤ ਜਹਾਂ ਮਾਮਲੇ ਦਾ ਮੇਰੇ (ਰਾਣਾ ਅਯੂਬ) ਵਲੋਂ ਕੀਤਾ ਖ਼ੁਲਾਸਾ ਗੁਜਰਾਤ ਸਰਕਾਰ ਉਪਰ ਬੰਬ ਬਣ ਕੇ ਡਿੱਗਿਆ। ਮੈਂ ਇਸ਼ਰਤ ਜਹਾਂ ਅਤੇ ਸਦੀਕ, ਜਮਾਲ ਦੇ ਫਰਜ਼ੀ ਮੁਕਾਬਲੇ ਦੇ ਮਾਮਲੇ ਦੇ ਕੁਝ ਬਹੁਤ ਹੀ ਅਹਿਮ ਦਸਤਾਵੇਜ਼ ਨਸ਼ਰ ਕਰ ਦਿਤੇ ਸਨ। ਗ੍ਰਹਿ ਮੰਤਰਾਲੇ ਦੀ ਜਾਂਚ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਨਿਊਜ਼ ਚੈਨਲ ਆਪੇ ਤੋਂ ਬਾਹਰ ਹੋ ਗਏ। ਮੈਂ ਹਰ ਸੰਭਵ ਨਿਊਜ਼ ਚੈਨਲ ਉਪਰ ਜਾ ਕੇ ਜਾਂਚ ਦੀ ਤਫ਼ਸੀਲ ਦੱਸ ਰਹੀ ਸੀ। ਸ਼ਾਇਦ ਫਰਜ਼ੀ ਮੁਕਾਬਲੇ ਦੇ ਮਾਮਲੇ ਵਿਚ ਪਹਿਲੀ ਵਾਰ ਖ਼ੁਫ਼ੀਆ ਏਜੰਸੀਆਂ ਦੇ ਅਫਸਰਾਂ ਨਾਲ ਸਿੱਧਾ ਸਬੰਧ ਜਾ ਜੁੜਿਆ ਸੀ; ਇਸ ਵਾਰ ਮਾਸਟਰ-ਮਾਈਂਡ ਗੁਜਰਾਤ ਵਿਚ ਤਾਇਨਾਤ ਕੇਂਦਰੀ ਆਈ.ਬੀ. ਅਫਸਰ ਰਾਜਿੰਦਰ ਕੁਮਾਰ ਜਾਪਦਾ ਸੀ।

ਪਰਦਾਫਾਸ਼ ਸੁਰਖ਼ੀਆਂ ਵਿਚ ਆਉਣ ਨਾਲ ਗ੍ਰਹਿ ਮੰਤਰਾਲਾ ਕਸੂਤਾ ਫਸ ਗਿਆ ਅਤੇ ਸੀ.ਬੀ.ਆਈ. ਇੰਟੈਲੀਜੈਂਸ ਬਿਊਰੋ ਅਫਸਰ, ਖ਼ਾਸ ਕਰ ਕੇ ਰਾਜਿੰਦਰ ਕੁਮਾਰ ਨੂੰ ਸਵਾਲ ਕਰਨ ਲਈ ਮਜਬੂਰ ਹੋ ਗਈ, ਆਈ.ਬੀ. ਦਾ ਸਪੈਸ਼ਲ ਡਾਇਰੈਕਟਰ ਰਾਜਿੰਦਰ ਕੁਮਾਰ ਜਿਸ ਦੀ ਇਸ਼ਰਤ ਜਹਾਂ ਮਾਮਲੇ ਵਿਚ ਭੂਮਿਕਾ ਸਾਫ਼ ਹੋ ਗਈ ਸੀ, ਪਿੱਛੇ ਜਿਹੇ ਗ੍ਰਹਿ ਸਕੱਤਰ ਜੀ.ਕੇ. ਪਿੱਲੇ ਦੇ ਬਿਆਨ ਨਾਲ ਰਾਜਿੰਦਰ ਕੁਮਾਰ ਇਕ ਵਾਰ ਫਿਰ ਸੁਰਖ਼ੀਆਂ ਵਿਚ ਆਇਆ ਸੀ। ਉਸ ਨੇ ਆਪਣੇ ਕਾਰਜਕਾਲ ਵਿਚ ਇਹ ਬਿਆਨ ਦਿਤਾ ਸੀ ਕਿ ਇਸ਼ਰਤ ਨੂੰ ਸ਼ੱਕ ਦਾ ਲਾਭ ਦਿਤਾ ਜਾਣਾ ਚਾਹੀਦਾ ਸੀ, ਉਸ ਨੇ 2016 ਦੇ ਸ਼ੁਰੂ ਵਿਚ ਮੀਡੀਆ ਨੂੰ ਦੱਸਿਆ ਕਿ ਉਸ ਨੇ ਸੱਤਾਧਾਰੀ ਕਾਂਗਰਸ ਹਕੂਮਤ ਦੇ ਕਹਿਣ 'ਤੇ ਹਲਫ਼ਨਾਮੇ ਬਦਲੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਰਾਜਿੰਦਰ ਕੁਮਾਰ ਨੇ ਬਹੁਤ ਸਾਰੇ ਟੀ.ਵੀ. ਚੈਨਲਾਂ ਨੂੰ ਦਿੱਤੀਆਂ ਇੰਟਰਵਿਊ ਵਿਚ ਕਿਹਾ ਕਿ ਉਸ ਨੂੰ ਇਸ ਮਾਮਲੇ ਵਿਚ ਫਸਾਇਆ ਜਾ ਰਿਹਾ ਸੀ। ਪਿੱਲੇ ਵਲੋਂ ਡਿਊਟੀ ਵਿਚ ਕੋਤਾਹੀ ਕੀਤੇ ਜਾਣ ਅਤੇ ਖ਼ਾਸ ਕਰ ਕੇ ਉਸ ਵਲੋਂ ਕਥਿਤ 'ਸੱਚ' ਕਹਿਣ ਲਈ ਚੁਣੇ ਸਮੇਂ ਨੂੰ ਲੈ ਕੇ ਸਵਾਲ ਉਠੇ ਹਨ ਜਦੋਂ ਹੁਣ ਉਹ ਅਡਾਨੀ ਗਰੁੱਪ ਦੇ ਡਾਇਰੈਕਟਰਾਂ ਦੇ ਬੋਰਡ ਦਾ ਮੈਂਬਰ

***ਮਈ 2013 ਵਿਚ ਇਸ਼ਰਤ ਜਹਾਂ ਮਾਮਲੇ ਦਾ ਖ਼ੁਲਾਸਾ ਗੁਜਰਾਤ ਸਰਕਾਰ ਉਪਰ ਬੰਬ ਬਣ ਕੇ ਡਿੱਗਿਆ। ਮੈਂ ਇਸ਼ਰਤ ਅਤੇ ਸਦੀਕ, ਜਮਾਲ ਦੇ ਫਰਜ਼ੀ ਮੁਕਾਬਲੇ ਦੇ ਮਾਮਲੇ ਦੇ ਅਹਿਮ ਦਸਤਾਵੇਜ਼ ਨਸ਼ਰ ਕਰ ਦਿਤੇ ਸਨ।... ਮੇਰੇ ਧਾਰਮਿਕ ਅਕੀਦੇ ਨੂੰ ਪੱਤਰਕਾਰੀ ਨਾਲ ਜੋੜ ਕੇ ਕਹਾਣੀਆਂ ਛਪ ਰਹੀਆਂ ਸਨ। ਦਿਨਾਂ ਦੇ ਅੰਦਰ ਹੀ ਮੈਨੂੰ ਵੱਖ-ਵੱਖ ਚੈਨਲਾਂ ਅਤੇ ਵਕੀਲਾਂ ਦੇ ਫ਼ੋਨ ਆਉਣੇ ਸ਼ੁਰੂ ਹੋ ਗਏ ਕਿ ਗ੍ਰਹਿ ਮੰਤਰਾਲੇ ਦੇ ਅਫਸਰ ਇਹ ਕਹਿ ਕੇ ਮੇਰੇ ਉਪਰ ਚਿੱਕੜ ਉਛਾਲ ਰਹੇ ਸਨ ਕਿ ਸੀ.ਬੀ.ਆਈ. ਦੇ ਅਫਸਰਾਂ ਕੋਲ ਮੇਰੀ ਅਸ਼ਲੀਲ ਸੀ.ਡੀ. ਹੈ।***



*ਇਸ਼ਰਤ ਜਹਾਂ ਦਾ ਪਰਿਵਾਰ ਜਿਸ ਨੂੰ ਅਤਿਵਾਦੀ ਗਰਦਾਨ ਦਿੱਤਾ ਗਿਆ ਸੀ।*

ਹੈ। ਇਸ ਤੋਂ ਭੈੜੀ ਗੱਲ ਇਹ ਕਿ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਇਸ ਤੱਥ ਦਾ ਕੋਈ ਪਛਤਾਵਾ ਨਹੀਂ ਹੈ ਕਿ ਇਕ ਬੰਦੇ ਦੇ ਅਹੁਦੇ ਦੇ ਕਾਬਲੀਅਤ-ਪ੍ਰਮਾਣਾਂ ਦੇ ਬਾਵਜੂਦ ਮੁਕਾਬਲਾ ਗ਼ੈਰ-ਸੰਵਿਧਾਨਕ ਸੀ। ਉਨ੍ਹਾਂ ਵਿਚੋਂ ਕੋਈ ਵੀ ਇਸ ਸਵਾਲ ਨੂੰ ਮੁਖ਼ਾਤਬ ਨਹੀਂ ਹੋਇਆ ਕਿ ਗੁਜਰਾਤ ਦਾ ਤਕਰੀਬਨ ਸਮੁੱਚਾ ਗ੍ਰਹਿ ਵਿਭਾਗ ਸਿੰਘਲ ਦੀ ਰਿਕਾਰਡ ਗੱਲਬਾਤ ਵਿਚ ਕਿਉਂ ਫੜਿਆ ਗਿਆ, ਜਿਸ ਨੇ ਇਸ਼ਰਤ ਜਹਾਂ ਮਾਮਲੇ ਦੀ ਜਾਂਚ ਨੂੰ ਗੰਧਲਾ ਦੇਣ ਦੀ ਗੱਲ ਕੀਤੀ ਸੀ।

ਮੇਰੇ ਖ਼ੁਲਾਸੇ ਦੀ ਘੁੰਡੀ ਮੇਰੇ ਲੇਖ ਦੇ ਪਹਿਲੇ ਪੈਰੇ ਵਿਚ ਦਿਤੀ ਗਈ ਹੈ:

ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੌਂ ਸਾਲ ਪਹਿਲਾਂ ਗੁਜਰਾਤ ਪੁਲਿਸ ਵਲੋਂ ਕੀਤੀਆਂ ਚਾਰ ਅਖੌਤੀ ਦਹਿਸ਼ਤਗਰਦਾਂ ਦੀਆਂ ਗ਼ੈਰ-ਅਦਾਲਤੀ ਹੱਤਿਆਵਾਂ ਦੇ ਮਾਮਲੇ ਵਿਚ ਵੱਡਾ ਧਮਾਕਾ ਕਰਨ ਜਾ ਰਹੀ ਹੈ। 'ਤਹਿਲਕਾ' ਨੂੰ ਪਤਾ ਲੱਗਿਆ ਹੈ ਕਿ ਸੀ.ਬੀ.ਆਈ. ਅਹਿਮਦਾਬਾਦ ਦੇ ਟਰਾਇਲ ਜੱਜ ਅੱਗੇ ਸਹੁੰ ਚੁੱਕ ਕੇ ਇਹ ਗਵਾਹੀ ਦੇਵੇਗੀ ਕਿ ਇਕ ਔਰਤ ਅਤੇ ਤਿੰਨ ਹੋਰ ਬੰਦਿਆਂ (ਸਾਰੇ ਮੁਸਲਮਾਨ) ਦੀ 15 ਜੂਨ 2004 ਨੂੰ ਮੁਕਾਬਲੇ ਵਿਚ ਜੋ ਹੱਤਿਆ ਕੀਤੀ ਗਈ ਸੀ, ਉਸ ਲਈ ਟਿੱਕੇ ਦੋਸ਼ੀ ਅਫਸਰਾਂ ਵਿਚ ਰਾਜਿੰਦਰ ਕੁਮਾਰ ਹੈ ਜੋ ਹੁਣ ਇੰਟੈਲੀਜੈਂਸ ਬਿਊਰੋ (ਆਈ.ਬੀ.) ਦਾ ਸਪੈਸ਼ਲ ਡਾਇਰੈਕਟਰ ਹੈ। ਵਿਵਾਦਪੂਰਨ ਗੱਲ ਇਹ ਹੈ ਕਿ ਇਕ ਹੋਰ ਅਫ਼ਸਰ ਦੀ ਗਵਾਹੀ ਦਾਅਵਾ ਕਰਦੀ ਹੈ ਕਿ ਕੁਮਾਰ 19 ਸਾਲਾ ਕੁੜੀ ਨੂੰ ਉਦੋਂ ਮਿਲਿਆ ਸੀ ਜਦੋਂ ਉਹ ਹੱਤਿਆ ਕੀਤੇ ਜਾਣ ਤੋਂ ਪਹਿਲਾਂ ਗ਼ੈਰਕਾਨੂੰਨੀ ਪੁਲਿਸ ਹਿਰਾਸਤ ਵਿਚ ਸੀ। ਇਕ ਹੋਰ ਆਹਲਾ ਪੁਲਿਸ ਅਫਸਰ ਦੀ ਗਵਾਹੀ ਦਾਅਵਾ ਕਰਦੀ ਹੈ ਕਿ ਏ.ਕੇ. ਸੰਤਾਲੀ ਜਿਸ ਬਾਰੇ ਪੁਲਿਸ ਨੇ ਕਿਹਾ ਕਿ ਇਹ ਮ੍ਰਿਤਕਾ ਦੇ ਕੋਲ ਸੀ, ਅਸਲ ਵਿਚ ਆਈ.ਬੀ. ਦੀ ਗੁਜਰਾਤ ਸ਼ਾਖਾ ਤੋਂ ਲਿਆਂਦੀ ਗਈ ਸੀ ਜਿਸ ਨਾਲ ਉਦੋਂ ਕੁਮਾਰ ਸਬੰਧਤ ਸੀ, ਤੇ ਫਿਰ ਇਹ ਚਾਰਾਂ ਦੀਆਂ ਲਾਸ਼ਾਂ ਕੋਲ ਰੱਖ ਦਿਤੀ ਗਈ ਸੀ। ਸੀ.ਬੀ.ਆਈ. ਕੋਲ ਇਕ ਅਹਿਮ ਦੋਸ਼ੀ ਜੀ.ਐਲ. ਸਿੰਘਲ ਦੀ ਖ਼ੁਫ਼ੀਆ ਆਡੀਓ ਰਿਕਾਰਡਿੰਗ ਵੀ ਹੈ ਜੋ ਉਨ੍ਹਾਂ ਪੁਲਿਸ ਅਫ਼ਸਰਾਂ ਵਿਚੋਂ ਇਕ ਸੀ ਜਿਨ੍ਹਾਂ ਨੇ ਉਸ ਦਿਨ ਚਾਰਾਂ ਨੂੰ ਗੋਲੀਆਂ ਮਾਰ ਕੇ ਮਾਰਿਆ। ਨਵੰਬਰ 2011 ਦੀ ਉਹ ਰਿਕਾਰਡਿੰਗ ਗੁਜਰਾਤ ਦੇ ਤੱਤਕਾਲੀ ਜੂਨੀਅਰ ਗ੍ਰਹਿ ਮੰਤਰੀ ਪ੍ਰਫੁਲ ਪਟੇਲ ਜਿਸ ਨੇ ਸਾਲ ਪਹਿਲਾਂ ਹੀ ਸ਼ਾਹ ਦੀ ਥਾਂ ਇਹ ਅਹੁਦਾ ਸੰਭਾਲਿਆ ਸੀ; ਵਧੀਕ ਪ੍ਰਮੁੱਖ ਸਕੱਤਰ ਗਿਰੀਸ਼ ਚੰਦਰ ਮੁਰਮੂ (ਆਈ.ਏ.ਐਸ. ਅਫਸਰ ਜੋ 2008 ਤੋਂ ਲੈ ਕੇ ਮੋਦੀ ਦੇ ਦਫ਼ਤਰ ਵਿਚ ਸੇਵਾਵਾਂ ਦੇ ਰਿਹਾ ਹੈ ਅਤੇ ਉ ਸਦੇ ਸਭ ਤੋਂ ਨੇੜਲੇ ਸਲਾਹਕਾਰਾਂ ਵਿਚੋਂ ਇਕ ਮੰਨਿਆ ਜਾਂਦਾ ਹੈ); ਸੂਬਾ ਸਰਕਾਰ ਦੇ ਸਭ ਤੋਂ ਸੀਨੀਅਰ ਕਾਨੂੰਨ ਅਧਿਕਾਰੀ ਐਡਵੋਕੇਟ ਜਨਰਲ ਕਮਲ ਤ੍ਰਿਵੇਦੀ; ਉਸ ਦੇ ਡਿਪਟੀ, ਵਧੀਕ ਐਡਵੋਕੇਟ ਜਨਰਲ ਤੁਸ਼ਾਰ ਮਹਿਤਾ; ਇਕ ਬੇਪਛਾਣ ਵਕੀਲ; ਤੇ ਸਿੰਘਲ ਦਰਮਿਆਨ ਗੱਲਬਾਤ ਦੀ ਹੈ (ਇਸ ਪਟੇਲ ਦੇ ਨਾਂ ਨੂੰ ਭੁਲੇਖੇ ਨਾਲ ਉਹ ਪਟੇਲ ਨਾ ਸਮਝ ਲਿਆ ਜਾਵੇ ਜੋ ਕੇਂਦਰੀ ਮੰਤਰੀ ਹੈ ਜੋ ਦਸੰਬਰ ਵਿਚ ਅਸੈਂਬਲੀ ਚੋਣ ਹਾਰ ਗਿਆ ਅਤੇ ਮੋਦੀ ਦੀ ਨਵੀਂ ਵਜ਼ਾਰਤ ਵਿਚ ਉਸ ਨੂੰ ਜਗ੍ਹਾ ਨਹੀਂ ਮਿਲੀ)।

ਇਹ ਤਾਂ ਇੰਞ ਸੀ, ਜਿਵੇਂ ਚਿਤਰ-ਪਹੇਲੀ ਦੇ ਗੁੰਮ ਹੋਏ ਟੁਕੜੇ ਲੱਭਦੇ ਜਾ ਰਹੇ ਸਨ ਅਤੇ ਐਨ ਸਹੀ ਫਿੱਟ ਹੁੰਦੇ ਜਾਂਦੇ ਸਨ। ਪ੍ਰਿਯਾਦਰਸ਼ੀ ਸੂਬਾ ਦੇ ਏ.ਟੀ.ਐਸ. ਦਾ ਮੁਖੀ ਅਤੇ ਅਮਿਤ ਸ਼ਾਹ ਨੂੰ ਉਸ ਵਿਚ ਪੂਰਾ ਭਰੋਸਾ ਸੀ ਕਿ ਇਸ਼ਰਤ ਜਹਾਂ ਨੂੰ ਮਾਰੇ ਜਾਣ ਤੋਂ ਪਹਿਲਾਂ ਬੰਗਲੇ ਵਿਚ ਹਿਰਾਸਤ ਵਿਚ ਰੱਖਿਆ ਜਾ ਰਿਹਾ ਸੀ, ਪਰ ਹਰ ਛਾਣ-ਬੀਣ ਦੀ ਤਰ੍ਹਾਂ ਮੈਨੂੰ ਇਸ ਦਾ ਵੀ ਮੁੱਲ ਚੁਕਾਉਣਾ ਪੈਣਾ ਸੀ। ਮੇਰੇ ਧਾਰਮਿਕ ਅਕੀਦੇ ਨੂੰ ਪੱਤਰਕਾਰੀ ਨਾਲ ਜੋੜ ਕੇ ਕਹਾਣੀਆਂ ਛਪ ਰਹੀਆਂ ਸਨ। ਦਿਨਾਂ ਦੇ ਅੰਦਰ ਹੀ ਮੈਨੂੰ ਵੱਖ-ਵੱਖ ਚੈਨਲਾਂ ਅਤੇ ਵਕੀਲਾਂ ਦੇ ਫ਼ੋਨ ਆਉਣੇ ਸ਼ੁਰੂ ਹੋ ਗਏ ਕਿ ਗ੍ਰਹਿ ਮੰਤਰਾਲੇ ਦੇ ਅਫਸਰ ਇਹ ਕਹਿ ਕੇ ਮੇਰੇ ਉਪਰ ਚਿੱਕੜ ਉਛਾਲ ਰਹੇ ਸਨ ਕਿ ਸੀ.ਬੀ.ਆਈ. ਦੇ ਅਫਸਰਾਂ ਕੋਲ ਮੇਰੀ ਅਸ਼ਲੀਲ ਸੀ.ਡੀ. ਹੈ।

ਮੈਂ ਇਹ ਸੁਣ ਕੇ ਸੁੰਨ ਹੋ ਗਈ। ਮੈਂ ਜਾਣਦੀ ਸੀ ਕਿ ਇਹ ਮੈਨੂੰ ਖ਼ਾਮੋਸ਼ ਕਰਨ ਦਾ ਯਤਨ ਸੀ, ਇਹ ਸੋਚ ਕੇ ਕਿ ਮੈਂ ਆਪਣੀ ਕਿਰਦਾਰਕੁਸ਼ੀ ਤੋਂ ਡਰ ਜਾਵਾਂਗੀ, ਮੈਂ ਆਪਣੇ ਪਿਤਾ ਕੋਲ ਗਈ। ਇਹ ਖੁਸ਼ੀ ਦੀ ਗੱਲ ਸੀ ਕਿ ਉਹ ਜੋ ਹੋ ਰਿਹਾ ਸੀ, ਹੁਣ ਤਕ ਉਸ ਤੋਂ ਅਣਜਾਣ ਸੀ। ਜਦੋਂ ਮੈਂ ਉਨ੍ਹਾਂ ਦੀ ਮਦਦ ਮੰਗੀ ਤਾਂ ਮੇਰਾ ਭਾਈ ਆਰਿਫ਼ ਜਿਸ ਦਾ ਮੈਨੂੰ ਥੰਮ੍ਹੀ ਵਰਗਾ ਸਹਾਰਾ ਹੈ, ਤੇ ਮੇਰੀ ਮਾਂ ਜੋ ਮੇਰੇ ਪੱਕੇ ਇਰਾਦੇ ਦੀ ਰੀੜ੍ਹ ਹੈ, ਸਾਰੇ ਆ ਗਏ। ਮੇਰੇ ਪਿਤਾ ਨੇ ਅੰਦਾਜ਼ਾ ਲਾ ਲਿਆ ਕਿ ਮੈਂ ਘਬਰਾਈ ਹੋਈ ਸੀ ਅਤੇ ਮੇਰੀ ਮਾਂ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਿਆ। ਉਹ ਵੀ ਇਸੇ ਤਰ੍ਹਾਂ ਡੌਰ-ਭੌਰ ਅਤੇ ਘਬਰਾਈ ਹੋਈ ਸੀ।

ਮੈਂ ਉਨ੍ਹਾਂ ਨੂੰ ਫ਼ੋਨਾਂ ਕਾਲਾਂ ਅਤੇ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਦੀ ਸਾਰੀ ਗੱਲ ਦੱਸ ਦਿਤੀ। ਮੈਨੂੰ ਮੇਰੇ ਪਿਤਾ ਦੇ ਬੋਲ ਖ਼ਾਸ ਤੌਰ 'ਤੇ ਚੇਤੇ ਹਨ- 'ਦੇਖੋ ਬੇਟਾ, ਯੇ ਸਬ ਡਰਾਮਾ ਹੈ, ਉਨਕੋ ਕਹੋ ਸੀ.ਡੀ. ਦਿਖਾਏਂ, ਹਮ ਸਬ ਦੇਖੇਂਗੇ।' ਉਹ ਹੱਸ ਪਏ, ਮੇਰੀ ਮਾਂ ਨੇ ਸੁੱਖ ਦਾ ਸਾਹ ਲਿਆ ਅਤੇ ਮੇਰੇ ਵਾਲ ਸਹਿਲਾਉਣ ਲੱਗ ਪਈ। ਉਹ ਕਹਿਣ ਲੱਗੀ- 'ਬੇਟਾ, ਹਮ ਸਬ ਜਬ ਤੁਮਕੋ ਟਰੱਸਟ ਕਰਤੇ ਹੈਂ, ਜਬ ਤੁਮਹਾਰੀ ਫੈਮਿਲੀ ਨੇ ਏਕ ਸਵਾਲ ਨਹੀਂ ਪੂਛਾ, ਤੋ ਤੁਮਹੇਂ ਕਿਸੀ ਔਰ ਕੀ ਕਯਾ ਫ਼ਿਕਰ।'

ਮੇਰੇ ਭਾਈ ਨੇ ਵੀ ਮੇਰੇ ਨਾਲ ਬਰਾਬਰ ਖੜ੍ਹਦਿਆਂ ਸੀਨੀਅਰ ਮੀਡੀਆ ਪ੍ਰੋਫੈਸ਼ਨਲ ਦੀ ਤਰ੍ਹਾਂ ਕਿਹਾ- 'ਉਨ੍ਹਾਂ ਨੂੰ ਖ਼ਤ ਲਿਖ, ਇਨ੍ਹਾਂ ਦੀ ਖੁੰਭ ਠੱਪ, ਕੀ ਉਹ ਇਹ ਸਭ ਮੁਹੱਈਆ ਕਰਵਾ ਸਕਣਗੇ?'

ਪਰ ਮੈਨੂੰ ਬਹੁਤਾ ਕੁਝ ਨਹੀਂ ਕਰਨਾ ਪਿਆ, ਮੇਰੇ ਪੱਤਰਕਾਰੀ ਭਾਈਚਾਰੇ ਦੇ ਸਹਿਕਰਮੀ ਅਤੇ ਸਾਥੀ ਚਟਾਨ ਵਾਂਗ ਮੇਰੇ ਨਾਲ ਖੜ੍ਹ ਗਏ। ਸ਼ੋਮਾ ਚੌਧਰੀ ਜੋ ਉਦੋਂ ਰਸਾਲੇ ਦੀ ਮੈਨੇਜਿੰਗ ਐਡੀਟਰ ਸੀ, ਨੇ ਮੇਰੇ ਖ਼ਿਲਾਫ਼ ਬਦਨੀਅਤੀ ਵਾਲੀ ਇਸ ਮੁਹਿੰਮ ਦੇ ਜਵਾਬ ਵਿਚ ਸੰਪਾਦਕੀ ਵਿਚ ਲਿਖਿਆ:

ਸੀਨੀਅਰ ਸੰਪਾਦਕ ਰਾਣਾ ਅਯੂਬ ਨੇ ਇਨ੍ਹਾਂ ਹਫ਼ਤਿਆਂ ਵਿਚ ਇਸ ਦਾ ਨੇੜਿਓਂ ਸਵਾਦ ਚੱਖਿਆ ਹੈ। ਤਹਿਲਕਾ ਦੀ ਇਕ ਬਿਹਤਰੀਨ ਅਤੇ ਬੇਖ਼ੌਫ਼ ਪੱਤਰਕਾਰ ਰਾਣਾ ਪਿਛਲੇ ਤਿੰਨ ਸਾਲਾਂ ਤੋਂ ਗੁਜਰਾਤ ਦੇ ਫਰਜ਼ੀ ਮੁਕਾਬਲਿਆਂ ਦੀ ਕਹਾਣੀ ਦਾ ਖ਼ੁਰਾ ਨੱਪ ਰਹੀ ਹੈ। ਉਸ ਦੀ ਪੱਤਰਕਾਰੀ ਨਿਆਂ ਦੀ ਡੂੰਘੀ ਭਾਵਨਾ ਅਤੇ ਸੰਵਿਧਾਨਕ ਕਦਰਾਂ ਤੋਂ ਪ੍ਰੇਰਤ ਹੈ; ਪਰ, ਜਿਉਂ ਹੀ ਇਸ਼ਰਤ ਜਹਾਂ ਮਾਮਲੇ ਬਾਰੇ ਉਸ ਦੀ ਖੋਜ ਕੌਮੀ ਸੁਰਖੀਆਂ ਬਣਨੀ ਸ਼ੁਰੂ ਹੋਈ, ਉਸ ਨੂੰ ਬਤੌਰ ਪੇਸ਼ੇਵਰ ਨਹੀਂ, ਸਗੋਂ 'ਮੁਸਲਿਮ ਪੱਤਰਕਾਰ' ਮੁਲੰਕਣ ਕੀਤੇ ਜਾਣ ਦੇ ਜ਼ਲੀਲ ਕਰੂ ਅਨੁਭਵ ਦਾ ਸਾਹਮਣਾ ਕਰਨਾ ਪਿਆ। ਇਸੇ ਤਰ੍ਹਾਂ ਸਦਮਾ ਦੇਣ ਵਾਲੀ ਘਿਨਾਉਣੀ ਚਿੱਕੜ ਉਛਾਲੀ ਉਸ ਦੇ ਖ਼ਿਲਾਫ਼ ਵਿੱਢੀ ਗਈ ਹੈ- ਉਸ ਦੀ ਅਤੇ ਸੀ.ਬੀ.ਆਈ. ਦੇ ਅਫਸਰਾਂ ਦੀ ਸੀ.ਡੀ. ਹੋਣ ਦੀ ਨੀਚ ਘੁਸਰ-ਘੁਸਰ ਚੱਲ ਰਹੀ ਹੈ ਜਿਸ ਦਾ ਹਕੀਕਤ ਵਿਚ ਕੋਈ ਆਧਾਰ ਨਹੀਂ ਹੈ।

ਹਿੰਦੁਸਤਾਨ ਗ਼ੈਰ-ਮੁਕੰਮਲ ਤਜਰਬਾ ਹੈ, ਪਰ ਜੇ ਅਸੀਂ ਉਸ ਖ਼ਿਆਲ ਨੂੰ ਵਿਸਾਰ ਦਿੰਦੇ ਹਾਂ ਜੋ ਇਸ ਦੀ ਟੇਕ ਹੈ, ਤਾਂ ਸਾਨੂੰ ਜੋ ਕੁਝ ਹਾਸਲ ਹੋਵੇਗਾ, ਉਹ ਇਹ ਹੈ: 'ਹਿੰਦੂ ਰਾਸ਼ਟਰਵਾਦੀ', 'ਮੁਸਲਿਮ ਪੱਤਰਕਾਰ', ਤੇ ਅਸੀਂ ਔਰਤ ਪੇਸ਼ੇਵਰ ਬਦਜ਼ਬਾਨ ਝੂਠ ਨੂੰ ਮਾਤ ਦੇਣ ਦੇ ਯਤਨਾਂ ਵਿਚ ਜੁਟੀਆਂ ਹੋਈਆਂ ਹਾਂ।

ਸੀ.ਡੀ. ਦੀ ਮਨਘੜਤ ਕਹਾਣੀ ਆਖ਼ਿਰ ਖ਼ਾਮੋਸ਼ ਮੌਤ ਮਰ ਗਈ।

ਦੂਜੇ ਪਾਸੇ, ਗੁਜਰਾਤ ਦੇ ਆਹਲਾ ਪੁਲਿਸ ਅਫਸਰਾਂ ਦੀ ਮਿਲੀਭੁਗਤ ਨਾਲ ਅਮਿਤ ਸ਼ਾਹ ਵਲੋਂ ਬੇਕਸੂਰ ਨਾਗਰਿਕਾਂ ਉਪਰ ਨਜ਼ਰ ਰੱਖੇ ਜਾਣ ਦਾ ਨਿੱਤ ਭਾਂਡਾ ਭੱਜ ਰਿਹਾ ਸੀ, ਉਨ੍ਹਾਂ ਵਿਚੋਂ ਮਾਨਸੀ ਸੋਨੀ ਨਾਂ ਦੀ ਨੌਜਵਾਨ ਆਰਕੀਟੈਕਟ ਸੀ। ਇਹ ਪ੍ਰਤੱਖ ਸੀ ਕਿ ਇਸ ਦੇ ਕੇਂਦਰ ਵਿਚ ਜੋ ਅਹਿਮ ਲੋਕ ਸਨ, ਉਨ੍ਹਾਂ ਵਿਚੋਂ ਇਕ ਜੀ.ਐਲ. ਸਿੰਘਲ ਸੀ ਜੋ ਕਿਸੇ ਸਮੇਂ ਅਮਿਤ ਸ਼ਾਹ ਦਾ ਵਿਸ਼ਵਾਸਪਾਤਰ ਰਿਹਾ ਸੀ। ਵਾਰਤਾਲਾਪ ਅਹਿਮ ਮੌਕੇ ਉਪਰ ਰਿਕਾਰਡ ਕੀਤੀਆਂ ਗਈਆਂ ਸਨ, ਜਦੋਂ ਇਸ਼ਰਤ ਜਹਾਂ ਮਾਮਲੇ ਦੀ ਜਾਂਚ ਲਈ ਬਣਾਈ 'ਸਿਟ' ਵਲੋਂ ਮਾਮਲੇ ਦੀ ਮੁੱਢਲੀ ਜਾਂਚ ਸ਼ੁਰੂ ਕਰ ਦਿਤੀ ਗਈ ਸੀ। ਸਬੰਧਤ ਪੁਲਿਸ ਅਫਸਰ ਸਿੰਘਲ ਜੋ ਪੱਛੜੀਆਂ ਸ਼੍ਰੇਣੀਆਂ ਦੇ ਅਫਸਰਾਂ ਨੂੰ ਇਸਤੇਮਾਲ ਕੀਤੇ ਜਾਣ ਦੀ ਰਾਜਤੰਤਰ ਦੀ ਨੀਤੀ ਦੇਖ ਚੁੱਕਾ ਸੀ, ਆਪਣਾ ਬਚਾਓ ਕਰਨਾ ਚਾਹੁੰਦਾ ਸੀ। ਇਸ ਦਾ ਉਸ ਤੋਂ ਬਿਨਾ ਬਿਹਤਰ ਢੰਗ ਕੀ ਹੋ ਸਕਦਾ ਸੀ ਜੋ ਉਦੋਂ ਗੁਜਰਾਤ ਵਿਚ ਧੜਾਧੜ ਇਸਤੇਮਾਲ ਕੀਤਾ ਗਿਆ ਸੀ- ਗ਼ੈਰ-ਕਾਨੂੰਨੀ ਫ਼ੋਨ ਟੈਪਿੰਗ।

ਅਹਿਮਦਾਬਾਦ ਦੇ ਆਰ.ਟੀ.ਆਈ. ਕਾਰਕੁਨਾਂ ਵਲੋਂ ਹਾਸਲ ਕੀਤੇ ਡੇਟਾ ਵਿਚ ਦੱਸਿਆ ਗਿਆ ਸੀ ਕਿ ਸੂਬੇ ਦੇ 65000 ਤੋਂ ਉਪਰ ਫ਼ੋਨ ਨੰਬਰਾਂ ਉਪਰ ਗ਼ੈਰ-ਕਾਨੂੰਨੀ ਨਜ਼ਰ ਰੱਖੀ ਜਾ ਰਹੀ ਸੀ- ਇਸ ਸੂਚੀ ਵਿਚ ਵਿਰੋਧੀ ਧਿਰ ਦੇ ਮੈਂਬਰ, ਸਥਾਪਤੀ ਤੋਂ ਬਾਗ਼ੀ ਹੋਣ ਦਾ ਯਤਨ ਕਰ ਰਹੇ ਆਪਣੀ ਹੀ ਪਾਰਟੀ ਦੇ ਬੰਦੇ, ਪੱਤਰਕਾਰ ਅਤੇ ਆਹਲਾ ਪੁਲਿਸ ਅਫਸਰ ਸ਼ਾਮਲ ਸਨ।

ਇਹ ਜੁਗਾੜ ਅਤੇ ਘਟੀਆ ਚਾਲਾਂ ਸਿੰਘਲ ਲਈ ਓਪਰੀਆਂ ਨਹੀਂ ਸਨ ਜਿਨ੍ਹਾਂ ਦਾ ਰਾਜ਼ ਉਹ ਸਾਡੇ ਨਾਲ ਸਾਂਝਾ ਕਰ ਚੁੱਕਾ ਸੀ। ਤੇ ਇੰਞ ਮੰਤਰੀ ਅਤੇ ਉਸ ਦੀ ਫ਼ੋਨ ਗੱਲਬਾਤ ਨੂੰ ਟੈਪ ਕੀਤੇ ਜਾਣ ਦਾ ਕੰਮ ਸ਼ੁਰੂ ਹੋਇਆ। ਜੋ ਸਭ ਤੋਂ ਅਹਿਮ ਗੱਲਬਾਤ ਟੈਪ ਕੀਤੀ ਗਈ, ਉਨ੍ਹਾਂ ਵਿਚੋਂ ਇਕ ਸੀ ਅਮਿਤ ਸ਼ਾਹ ਵਲੋਂ ਸਿੰਘਲ ਨੂੰ ਗੁਜਰਾਤ ਦੀ ਆਰਕੀਟੈਕਟ ਮਾਨਸੀ ਦੀ ਨਕਲੋ-ਹਰਕਤ ਉਪਰ ਨਜ਼ਰ ਰੱਖੇ ਜਾਣ ਦੇ ਹੁਕਮ ਜਿਸ ਨੂੰ ਭੁਜ ਵਿਚ ਆਏ ਤਬਾਹਕੁਨ ਭੂਚਾਲ ਤੋਂ ਬਾਅਦ ਮੁੜ-ਵਸੇਬੇ ਦੇ ਪੜਾਅ ਵਿਚ ਆਈ.ਏ.ਐਸ. ਅਫਸਰ ਪ੍ਰਦੀਪ ਸ਼ਰਮਾ ਵਲੋਂ ਸ਼ਾਹ ਨਾਲ ਮਿਲਾਇਆ ਗਿਆ ਸੀ।

ਮੈਂ ਪਤਾ ਲਾ ਲਿਆ ਸੀ ਕਿ ਮਾਨਸੀ ਉਸ ਮੌਕੇ ਬੰਗਲੌਰ ਵਿਚ ਰਹਿ ਰਹੀ ਸੀ। ਮੇਰੇ ਕੋਲ ਉਸ ਉਪਰ ਨਜ਼ਰ ਰੱਖੇ ਜਾਣ ਦੇ ਸਾਰੇ ਤੱਥ ਟੇਪਾਂ ਉਪਰ ਮੌਜੂਦ ਸਨ, ਪਰ ਮੈਂ ਜਾਣਦੀ ਸੀ ਕਿ ਟੇਪਾਂ ਛਾਪੇ ਜਾਣ ਦਾ ਮਤਲਬ ਹੋਵੇਗਾ ਮਾਨਸੀ ਦੀ ਬੰਗਲੌਰ ਵਿਚ ਨਿਜਤਾ ਅਤੇ ਸ਼ਾਂਤਮਈ ਜ਼ਿੰਦਗੀ ਖ਼ਤਮ ਹੋ ਜਾਵੇਗੀ।

ਵਕਤ ਹੱਥੋਂ ਨਿਕਲਦਾ ਜਾ ਰਿਹਾ ਸੀ। ਮੇਰੀ ਸੰਪਾਦਕ ਸ਼ੋਮਾ ਮੈਨੂੰ ਆਪਣੇ ਨਿਜੀ ਸਹਾਇਕ ਦੇ ਸੈੱਲ ਫ਼ੋਨ ਤੋਂ ਉਸ ਪੀ.ਸੀ.ਓ. ਦੇ ਨੰਬਰ ਉਪਰ ਕਾਲ ਕਰਦੀ ਜੋ ਮੈਂ ਉਸ ਨੂੰ ਦਿਤਾ ਹੋਇਆ ਸੀ। 'ਕੀ ਲੱਭਿਆ?' ਉਹ ਪੁੱਛਦੀ, 'ਉਥੇ ਕੀ ਚਲ ਰਿਹਾ ਹੈ।' ਮੈਂ ਉਸ ਨੂੰ ਟੇਪਾਂ ਦੇ ਉਤਾਰੇ ਦੀ ਤਫ਼ਸੀਲ ਦੱਸ ਦਿੰਦੀ ਅਤੇ ਉਹ ਜੋਸ਼ 'ਚ ਆ ਕੇ ਹੁੰਗਾਰਾ ਭਰਦੀ। 'ਇਹ ਤਾਂ ਬਹੁਤ ਵੱਡਾ ਕੰਮ ਹੈ, ਰਾਣਾ!' ਉਹ ਹੈਰਾਨੀ ਨਾਲ ਕਹਿੰਦੀ।

ਪਰ ਮੇਰੇ ਲਈ ਉਸ ਕਹਾਣੀ ਦੀਆਂ ਤੰਦਾਂ ਦੇ ਬਹੁਤ ਸਾਰੇ ਢਿੱਲੇ ਸਿਰਿਆਂ ਨੂੰ ਗੰਢਣ ਦਾ ਤਰਜੀਹੀ ਕੰਮ ਪਿਆ ਸੀ। ਮੇਰੇ ਲਈ ਉਨ੍ਹਾਂ ਕੁਝ ਨੌਕਰਸ਼ਾਹਾਂ- ਗ੍ਰਹਿ ਸਕੱਤਰਾਂ, ਪ੍ਰਮੁੱਖ ਸਲਾਹਕਾਰਾਂ, ਨਾਲ ਰਾਬਤਾ ਬਣਾਈ ਰੱਖਣਾ ਜ਼ਰੂਰੀ ਸੀ ਜੋ ਇਸ ਜੁਰਮ ਦੇ ਇਲਜ਼ਾਮਾਂ ਵਾਲੇ ਵੱਖੋ-ਵੱਖਰੇ ਦਸਤਾਵੇਜ਼ਾਂ ਉਪਰ ਦਸਤਖ਼ਤ ਕਰਨ ਲਈ ਜ਼ਿੰਮੇਵਾਰ ਸਨ ਅਤੇ ਜਿਨ੍ਹਾਂ ਨੂੰ ਮੋਦੀ ਅਤੇ ਸ਼ਾਹ ਤੋਂ ਸਿੱਧੇ ਹੁਕਮ ਆਉਂਦੇ ਰਹੇ ਸਨ। ਉਨ੍ਹਾਂ ਵਿਚੋਂ ਜ਼ਿਆਦਾਤਰ ਦਾ ਨਾਨਾਵਤੀ ਕਮਿਸ਼ਨ ਨੇ ਸਵਾਲ ਕਰ ਕੇ ਨੱਕ ਵਿਚ ਦਮ ਕੀਤਾ ਹੋਇਆ ਸੀ ਜਿਥੇ ਹੁਣ ਉਨ੍ਹਾਂ ਨੇ 'ਸਾਨੂੰ ਚੇਤੇ ਨਹੀਂ' ਦੇ ਬਹਾਨੇ ਬਣਾ ਲਏ ਸਨ। ਜ਼ਿਆਦਾਤਰ ਦੀ ਇਸ ਵਿਚ ਸਿੱਧੀ ਮਿਲੀਭੁਗਤ ਨਹੀਂ ਸੀ, ਪਰ ਗ਼ਲਤ ਕੰਮਾਂ ਦੀ ਜਾਣਕਾਰੀ ਬਾਰੇ ਖ਼ਾਮੋਸ਼ ਰਹਿਣ ਨਾਲ ਉਹ ਗੁਜਰਾਤ ਦੇ ਹਿੰਸਾ ਪੀੜਤਾਂ ਲਈ ਨਿਆਂ ਹਾਸਲ ਕਰਨ ਦੇ ਅਮਲ ਵਿਚ ਅੜਿੱਕਾ ਬਣੇ ਹੋਏ ਸਨ। ਮੇਰੇ ਸਾਥੀ ਪੱਤਰਕਾਰ ਅਸ਼ੀਸ਼ ਲਈ ਸਥਾਨਕ ਗੁੰਡਿਆਂ ਕੋਲੋਂ ਗੁਜਰਾਤ ਹਿੰਸਾ ਦੌਰਾਨ ਮੁਸਲਿਮ ਔਰਤਾਂ ਨੂੰ ਮਾਰਨ ਦੀ ਬਹਾਦਰੀ ਦੇ ਕਿੱਸੇ ਉਗਲਾ ਲੈਣਾ ਬਹੁਤ ਸੌਖਾ ਸੀ, ਪਰ ਮੈਂ ਜ਼ਿੰਮੇਵਾਰ ਅਹਿਮ ਬੰਦਿਆਂ ਦੀ ਭਾਲ ਵਿਚ ਸੀ, ਗੁਜਰਾਤ ਦਾ ਗ੍ਰਹਿ ਸਕੱਤਰ, ਪੁਲਿਸ ਦਾ ਡੀ.ਜੀ., ਕਮਿਸ਼ਨਰ, ਅਤੇ ਹਿੰਸਾ ਦੌਰਾਨ ਆਈ.ਬੀ. ਦਾ ਮੁਖੀ। ਮੇਰਾ ਸਿਰ ਨਿੱਤ ਭੁਆਂਟਣੀਆਂ ਖਾ ਰਿਹਾ ਸੀ।

ਜਿਵੇਂ ਕਿ ਇਹ ਤਣਾਓ ਕਾਫ਼ੀ ਨਹੀਂ ਸੀ, ਮਾਨਿਕ ਭਾਈ ਨੇ ਅੰਦਰੂਨੀ ਸੰਮੇਲਨ ਲਈ ਸਾਨੂੰ ਆਪਣੇ ਕਮਰੇ ਖਾਲੀ ਕਰਨ ਲਈ ਕਿਹਾ, ਕਿਉਂਕਿ ਡੈਲੀਗੇਟਾਂ ਨੂੰ ਫਾਊਂਡੇਸ਼ਨ ਦੇ ਸਾਰੇ ਕਮਰਿਆਂ ਵਿਚ ਠਹਿਰਾਇਆ ਜਾਵੇਗਾ। ਮੈਂ ਇਕ ਵਾਰ ਫਿਰ ਛੱਤ ਤੋਂ ਵਾਂਝੀ ਹੋ ਗਈ ਸੀ।

**(ਚਲਦਾ)**



***ਮੈਂ ਇਹ ਸੁਣ ਕੇ ਸੁੰਨ ਹੋ ਗਈ। ਮੈਂ ਜਾਣਦੀ ਸੀ ਕਿ ਇਹ ਮੈਨੂੰ ਖ਼ਾਮੋਸ਼ ਕਰਨ ਦਾ ਯਤਨ ਸੀ, ਇਹ ਸੋਚ ਕੇ ਕਿ ਮੈਂ ਆਪਣੀ ਕਿਰਦਾਰਕੁਸ਼ੀ ਤੋਂ ਡਰ ਜਾਵਾਂਗੀ, ਮੈਂ ਆਪਣੇ ਪਿਤਾ ਕੋਲ ਗਈ। ਇਹ ਖੁਸ਼ੀ ਦੀ ਗੱਲ ਸੀ ਕਿ ਉਹ ਜੋ ਹੋ ਰਿਹਾ ਸੀ, ਹੁਣ ਤਕ ਉਸ ਤੋਂ ਅਣਜਾਣ ਸੀ। ਜਦੋਂ ਮੈਂ ਉਨ੍ਹਾਂ ਦੀ ਮਦਦ ਮੰਗੀ ਤਾਂ ਮੇਰਾ ਭਾਈ ਆਰਿਫ਼ ਜਿਸ ਦਾ ਮੈਨੂੰ ਥੰਮ੍ਹੀ ਵਰਗਾ ਸਹਾਰਾ ਹੈ, ਤੇ ਮੇਰੀ ਮਾਂ ਜੋ ਮੇਰੇ ਪੱਕੇ ਇਰਾਦੇ ਦੀ ਰੀੜ੍ਹ ਹੈ, ਸਾਰੇ ਆ ਗਏ। ਮੇਰੇ ਪਿਤਾ ਨੇ ਅੰਦਾਜ਼ਾ ਲਾ ਲਿਆ ਕਿ ਮੈਂ ਘਬਰਾਈ ਹੋਈ ਸੀ ਅਤੇ ਮੇਰੀ ਮਾਂ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਿਆ। ਉਹ ਵੀ ਇਸੇ ਤਰ੍ਹਾਂ ਡੌਰ-ਭੌਰ ਅਤੇ ਘਬਰਾਈ ਹੋਈ ਸੀ।... ਮੈਨੂੰ ਮੇਰੇ ਪਿਤਾ ਦੇ ਬੋਲ ਖ਼ਾਸ ਤੌਰ 'ਤੇ ਚੇਤੇ ਹਨ- 'ਦੇਖੋ ਬੇਟਾ, ਯੇ ਸਬ ਡਰਾਮਾ ਹੈ, ਉਨਕੋ ਕਹੋ ਸੀ.ਡੀ. ਦਿਖਾਏਂ, ਹਮ ਸਬ ਦੇਖੇਂਗੇ।' ਉਹ ਹੱਸ ਪਏ, ਮੇਰੀ ਮਾਂ ਨੇ ਸੁੱਖ ਦਾ ਸਾਹ ਲਿਆ ਅਤੇ ਮੇਰੇ ਵਾਲ ਸਹਿਲਾਉਣ ਲੱਗ ਪਈ।***

# ਵਾਰਿਸ ਸ਼ਾਹ ਮਹਿਬੂਬ ਨੂੰ ਤਦੋਂ ਪਾਈਏ...

***ਸਿਆਸਤਦਾਨ-ਲਿਖਾਰੀ ਹਰਨੇਕ ਸਿੰਘ ਘੜੂੰਆਂ ਨੇ ਆਪਣੀ ਪਾਕਿਸਤਾਨ ਯਾਤਰਾ ਬਾਰੇ ਕਈ ਕੁਝ ਲਿਖਿਆ ਹੈ। ਇਨ੍ਹਾਂ ਲਿਖਤਾਂ ਵਿਚ ਉਸ ਨੇ ਸਬੰਧਤ ਇਲਾਕੇ ਦੀ ਰਹਿਤਲ ਨੂੰ ਵੀ ਰੂਹ ਨਾਲ ਬਿਆਨ ਕੀਤਾ ਹੈ। ਇਸ ਲੇਖ ਵਿਚ ਉਸ ਨੇ ਚਰਚਾ ਭਾਵੇਂ ਹੀਰ ਅਤੇ ਰਾਂਝੇ ਬਾਰੇ ਛੇੜੀ ਹੈ, ਪਰ ਨਾਲ ਹੀ ਇਤਿਹਾਸ ਵੀ ਪਾਠਕ ਦੇ ਸਾਹਮਣੇ ਲਿਆ ਖਲਿਆਰਿਆ ਹੈ, ਉਹ ਵੀ ਬੜੇ ਸਾਦਾ ਜਿਹੇ ਬਿਰਤਾਂਤ ਵਿਚ ਬੰਨ੍ਹ ਕੇ। ਇਸੇ ਸਾਦਗੀ ਕਰ ਕੇ ਉਸ ਦੀਆਂ ਲਿਖਤਾਂ ਵਿਚ ਇੰਨਾ ਸਹਿਜ, ਸੰਤੋਖ ਅਤੇ ਸਬਰ ਹੈ। ਇਹੀ ਸਬਰ ਪਾਠਕ ਨੂੰ ਉਂਗਲ ਫੜਾ ਕੇ ਖੁਦ-ਬ-ਖੁਦ ਆਪਣੇ ਨਾਲ ਤੋਰ ਲੈਂਦਾ ਹੈ। -ਸੰਪਾਦਕ***



**ਹਰਨੇਕ ਸਿੰਘ ਘੜੂੰਆਂ**

ਫਜ਼ਰ ਵੇਲੇ ਤੋਂ ਹੀ ਬੱਦਲਾਂ ਨੇ ਸੂਰਜ ਨੂੰ ਆਪਣੀ ਬੁੱਕਲ ਵਿਚ ਲੁਕੋ ਰੱਖਿਆ ਸੀ। ਘੜੀ-ਮੁੜੀ ਘਟਾਵਾਂ ਚੜ੍ਹ-ਚੜ੍ਹ ਕੇ ਆ ਰਹੀਆਂ ਸਨ। ਕਾਲੀਆਂ ਘਟਾਵਾਂ ਦੇ ਅੱਗੇ ਉਡਦੇ ਦੁੱਧ ਚਿੱਟੇ ਬਗਲੇ ਸੁਰਮਈ ਚੁੰਨੀ 'ਤੇ ਲੱਗੇ ਸਿਤਾਰਿਆਂ ਦਾ ਭੁਲੇਖਾ ਪਾ ਰਹੇ ਸਨ। ਦੂਰ ਤੱਕ ਹਵਾ ਦੇ ਬੁੱਲਿਆਂ ਗਲ ਲੱਗ ਕੇ ਝੂਮਦੇ ਕਣਕਾਂ ਦੇ ਖੇਤ ਕਿਸੇ ਹੀਰ ਸਲੇਟੀ ਦੀ ਉਡ-ਪੁਡ ਜਾਂਦੀ ਫੁਲਕਾਰੀ ਅਤੇ ਕਾਲੀਆਂ ਘਟਾਵਾਂ ਹੀਰ ਦੇ ਖੁੱਲ੍ਹੇ ਵਾਲਾਂ ਵਾਂਗ ਅਸਮਾਨ ਵਿਚ ਤਾਰੀਆਂ ਲਾ ਰਹੇ ਸਨ। ਮੀਂਹ ਦੇ ਤੇਜ਼ ਛਰਾਟਿਆਂ ਨੇ ਕਣਕ ਅਤੇ ਕਮਾਦ ਦੇ ਮੂੰਹ ਧੋ ਕੇ ਲਿਸ਼ਕਾ ਦਿਤੇ ਸਨ। ਅਸੀਂ ਉਨ੍ਹਾਂ ਥਾਵਾਂ ਤੋਂ ਗੁਜ਼ਰ ਰਹੇ ਸਾਂ, ਜਿਥੇ ਕਦੇ ਬੇਲੇ ਹੁੰਦੇ ਸਨ ਤੇ ਇਥੇ ਕਦੇ ਹੀਰ ਸਲੇਟੀ ਆਪਣੀਆਂ ਸਹੇਲੀਆਂ ਵਿਚ ਘਿਰੀ ਖਰਮਸਤੀ ਕਰਦੀ ਹੁੰਦੀ ਸੀ। ਕਦੇ ਇਨ੍ਹਾਂ ਬੇਲਿਆਂ ਵਿਚ ਹੀਰ ਚੁੰਗੀਆਂ ਭਰਦੀ ਰਾਂਝੇ ਲਈ ਚੂਰੀ ਲੈ ਕੇ ਆਉਂਦੀ ਸੀ। ਕਿੰਨੇ ਹੀ ਲੰਘ ਜਾਂਦੇ ਰਾਹੀਆਂ ਦੇ ਦਿਲਾਂ ਵਿਚ ਹੀਰ ਨੂੰ ਦੇਖ ਕੇ ਹੂਕ ਉਠੀ ਹੋਵੇਗੀ। ਵੇਲੇ-ਕੁਵੇਲੇ ਬੁੱਲ੍ਹੀਆਂ ਨੂੰ ਵੰਝਲੀ ਨਾਲ ਲਾ ਕੇ ਰਾਂਝਾ ਬੜੀ ਵਾਰ ਇਸ ਫ਼ਿਜ਼ਾ ਵਿਚ ਕਥੂਰੀ ਘੋਲਦਾ ਰਿਹਾ ਸੀ।

ਅਸੀਂ ਦੁੱਲੇ ਦੇ ਪਿੰਡ 'ਦੁੱਲੇ ਕੀ' ਤੋਂ ਚਨਿਓਟ ਹੁੰਦੇ ਹੋਏ ਮਾਈ ਸਿੰਘ ਚੌਕ ਕੋਲ ਲਾਇਲਪੁਰ ਤੋਂ ਝੰਗ ਜਾਣ ਵਾਲੀ ਸੜਕ 'ਤੇ ਚੜ੍ਹ ਪਏ; ਬੱਸ ਇਥੋਂ ਝੰਗ ਕੁਝ ਕੁ ਮਿੰਟਾਂ ਦਾ ਰਸਤਾ ਸੀ। ਸਾਹਿਬਾਂ ਦਾ ਛੋਟਾ ਜਿਹਾ ਪਿੰਡ ਖੀਵਾ ਵੀ ਚਨਿਓਟ ਝੰਗ ਰੋਡ 'ਤੇ ਵੱਸਿਆ ਹੋਇਆ ਹੈ ਅਤੇ ਇਹ ਪਿੰਡ ਝੰਗ ਜ਼ਿਲ੍ਹੇ ਵਿਚ ਹੈ। ਅਸੀਂ ਦਸ ਕੁ ਵਜੇ ਸਵੇਰੇ ਝੰਗ ਸ਼ਹਿਰ ਵਿਚ ਪਹੁੰਚ ਗਏ। ਅੱਜ ਦਾ ਝੰਗ ਪੁਰਾਣੇ ਝੰਗ ਤੋਂ ਕੁਝ ਫਾਸਲੇ 'ਤੇ ਵੱਸਿਆ ਹੋਇਆ ਹੈ। ਪੁਰਾਣੇ ਝੰਗ ਨੂੰ ਦਰਿਆ ਝਨਾਂ ਰੋੜ੍ਹ ਕੇ ਲੈ ਗਿਆ ਤੇ ਉਸ ਦੀਆਂ ਨਿਸ਼ਾਨੀਆਂ ਨੂਰ ਸ਼ਾਹ ਦੇ ਮਕਬਰੇ ਤੋਂ ਦੱਖਣ ਪੱਛਮ ਵੱਲ ਥੇਹਾਂ 'ਤੇ ਮਿਲਦੀਆਂ ਹਨ। ਮੌਜੂਦਾ ਸ਼ਹਿਰ ਦੇ ਦੱਖਣ ਵੱਲ ਇਹ ਸ਼ਹਿਰ ਵੱਸਿਆ ਸੀ। ਕਦੇ ਇਸ ਇਲਾਕੇ ਵਿਚ ਬੜੇ ਸੰਘਣੇ ਜੰਗਲ ਹੁੰਦੇ ਸਨ। ਝੰਗ ਦਾ ਨਾਂ ਦਰੱਖਤਾਂ ਦੇ ਝੁੰਡ ਤੋਂ ਪਿਆ। ਝੰਗ ਸ਼ਹਿਰ ਨੂੰ ਸਿਆਲਾਂ ਦੀ ਨੌਵੀਂ ਪੀੜ੍ਹੀ ਵਿਚੋਂ ਮੱਲਖਾਨ ਨੇ ਵਸਾਇਆ। ਕਦੇ ਇਹ ਸ਼ਹਿਰ ਮੁਲਤਾਨ ਡਿਵੀਜ਼ਨ ਦਾ ਜ਼ਿਲ੍ਹਾ ਹੁੰਦਾ ਸੀ। ਫਿਰ ਸਰਗੋਧੇ ਡਿਵੀਜ਼ਨ ਵਿਚ ਚਲਾ ਗਿਆ। ਇਸ ਤੋਂ ਬਾਅਦ ਫੈਸਲਾਬਾਦ (ਲਾਇਲਪੁਰ) ਤੇ ਅੱਜ ਕੱਲ੍ਹ ਝੰਗ ਖੁਦ ਡਿਵੀਜ਼ਨ ਦਾ ਦਰਜਾ ਰੱਖਦਾ ਹੈ। ਝੰਗ ਦੇ ਇਲਾਕੇ ਦੇ ਲੋਕਾਂ ਦੀ ਬੋਲੀ ਜਾਂਗਲੀ ਹੈ। ਪੇਂਡੂ ਔਰਤਾਂ ਤਹਿਮਤਾਂ ਬੰਨ੍ਹਦੀਆਂ ਹਨ। ਮਰਦ ਦੋ ਸ਼ਮਲੇ ਵਾਲੀਆਂ ਪਗੜੀਆਂ ਦੇ ਸ਼ੌਕੀਨ ਹਨ। ਝੰਗ ਵਾਸੀਆਂ ਨੇ ਹੀਰ ਰਾਂਝੇ ਦੀ ਫਿਲਮ ਕਦੇ ਵੀ ਇਸ ਸ਼ਹਿਰ ਵਿਚ ਚੱਲਣ ਨਹੀਂ ਦਿਤੀ।

ਮੋਟੇ ਤੌਰ 'ਤੇ ਝੰਗ ਵਾਸੀ ਸਿਆਲ ਰਾਜਪੂਤ ਹਨ। ਇਨ੍ਹਾਂ ਦੀਆਂ ਵੱਡੀਆਂ ਹਵੇਲੀਆਂ ਅਜੋਕੇ ਝੰਗ ਵਿਚ ਨਜ਼ਰ ਆਉਂਦੀਆਂ ਹਨ। ਇਹ ਸੁਭਾਅ ਦੇ ਅਣਖੀਲੇ ਤੇ ਲੜਨ-ਭਿੜਨ ਵਾਲੇ ਬੰਦੇ ਹਨ। ਝੰਗ ਦੇ ਸਿਆਲਾਂ ਨੂੰ ਰਾਜਪੂਤ ਕਿਹਾ ਜਾਂਦਾ ਹੈ, ਜਦੋਂਕਿ ਡੇਰਾ ਗਾਜ਼ੀ ਖਾਨ ਦੇ ਸਿਆਲਾਂ ਨੂੰ ਜੱਟ ਕਹਿੰਦੇ ਹਨ।

ਮੁੱਢੋਂ ਸਿਆਲ ਰਾਜਸਥਾਨ ਦੇ ਵਸਨੀਕ ਹਨ। ਲੜਾਈ-ਝਗੜੇ ਕਰਦੇ ਇਹ ਸਾਹੀਵਾਲ ਦੇ ਇਲਾਕੇ ਵਿਚ ਆਣ ਟਿਕੇ। ਸਾਹੀਵਾਲ ਤੋਂ ਕੁਝ ਕੋਹ ਦੂਰ ਫਰੀਦ ਸ਼ੱਕਰਗੰਜ ਸਾਹਿਬ ਦਾ ਦਰਬਾਰ ਹੈ। ਇਹ ਲੋਕ ਫਰੀਦ ਸਾਹਿਬ ਦੇ ਅਸਰ ਹੇਠ ਆ ਕੇ ਮੁਸਲਮਾਨ ਹੋ ਗਏ। ਜਿਹੜੇ ਸਿਆਲ ਦੂਸਰੇ ਇਲਾਕਿਆਂ ਵਿਚ ਨਿਕਲ ਗਏ, ਉਹ ਅੱਜ ਵੀ ਹਿੰਦੂ ਅਤੇ ਸਿੱਖ ਹਨ; ਪਰ ਵੱਡੀ ਗਿਣਤੀ ਵਿਚ ਸਿਆਲ ਮੁਸਲਮਾਨ ਹੀ ਹਨ। ਇਸ ਤੋਂ ਬਾਅਦ ਸਿਆਲ ਝਨਾਂ ਦੇ ਨਾਲ-ਨਾਲ ਕਬਜ਼ਾ ਕਰਨ ਵਿਚ ਸ਼ਫਲ ਹੋ ਗਏ। ਪਹਿਲਾਂ ਇਸ ਇਲਾਕੇ 'ਤੇ ਬਲੋਚਾਂ ਦਾ ਕਬਜ਼ਾ ਸੀ ਜਿਨ੍ਹਾਂ ਨੂੰ ਸਿਆਲਾਂ ਨੇ ਦੂਸਰੇ ਇਲਾਕਿਆਂ ਵਿਚ ਧੱਕ ਦਿੱਤਾ। ਟਿਵਾਣੇ ਵੀ ਸਿਆਲਾਂ ਵੇਲੇ ਹੀ ਪੰਜਾਬ ਵਿਚ ਆਬਾਦ ਹੋਏ। ਸਿਆਲਾਂ ਨੇ ਇਸ ਇਲਾਕੇ ਵਿਚ ਆਪਣੀ ਸਰਦਾਰੀ ਕਾਇਮ ਕਰ ਲਈ। ਸਿਆਲ ਮਿਹਰ ਚੂਚਕ (ਹੀਰ ਦਾ ਬਾਪ) ਨੇ ਆਪਣੇ ਇਲਾਕੇ ਦੀ ਸਰਕਾਰੀ ਆਪਣੇ ਪੁੱਤਰਾਂ ਦੀ ਬਜਾਏ ਆਪਣੇ ਭਤੀਜੇ ਮੱਲਖਾਨ ਨੂੰ ਸੌਂਪੀ। ਮਿਹਰ ਚੂਚਕ ਦੀ ਮੌਤ 87 ਸਾਲ ਦੀ ਉਮਰ ਵਿਚ ਹੋਈ ਅਤੇ ਉਸ ਦਾ ਮਕਬਰਾ ਕੋਟਲੀ ਸ਼ਾਹ ਵਿਚ ਮਿਲਦਾ ਹੈ। ਹੀਰ, ਚੂਚਕ ਦੀ ਪਿਛਲੀ ਉਮਰ ਵਿਚ ਪੈਦਾ ਹੋਈ ਸੀ। ਬੰਦੋਬਸਤ ਰਿਪੋਰਟ ਦੇ ਰੀਕਾਰਡ ਤੋਂ ਪਤਾ ਲੱਗਦਾ ਹੈ ਕਿ ਚੂਚਕ ਦੇ ਭਤੀਜੇ ਮੱਲਖਾਨ ਨੇ ਬਹਿਲੋਲ ਲੋਧੀ ਤੋਂ ਇਲਾਕੇ ਦਾ ਪਟਾ ਲਿਆ ਹੋਇਆ ਸੀ। ਇਸ ਤੋਂ ਬਾਅਦ ਇਹ ਅਰਧ-ਸੁਤੰਤਰ ਰਿਆਸਤ ਸਿੱਖਾਂ ਦੇ ਰਾਜ ਤੱਕ ਚੱਲਦੀ ਰਹੀ। ਸਿਆਲਾਂ ਦੀਆਂ ਸਿੱਖ ਮਿਸਲਾਂ ਨਾਲ ਕਈ ਲੜਾਈਆਂ ਹੋਈਆਂ। ਅੰਤ 1801 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਝੰਗ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ।

ਅਸੀਂ ਸ਼ਹਿਰ ਪੁੱਜ ਕੇ ਹੀਰ ਦੀ ਮਜ਼ਾਰ ਬਾਰੇ ਪੁੱਛਿਆ ਤਾਂ ਉਸ ਭਾਈ ਨੇ ਬੜੇ ਅਦਬ ਨਾਲ ਕਿਹਾ, "ਜੀ ਤੁਸਾਂ ਮਾਈ ਹੀਰ ਦੇ ਦਰਬਾਰ ਹਾਜ਼ਰੀ ਲਗਵਾਣੀ ਏ?" ਉਸ ਨੇ ਸਮਝਾਇਆ- "ਤੁਸੀਂ ਅੱਗੇ ਨਿਕਲ ਆਏ ਹੋ। ਸਿਰਫ਼ ਅੱਧਾ ਕਿਲੋਮੀਟਰ ਵਾਪਸ ਜਾ ਕੇ ਰੇਲਵੇ ਲਾਈਨ ਟੱਪ ਕੇ ਨਾਲ-ਨਾਲ ਜਾਣਾ, ਜਿਥੇ ਲੱਕੜੀਆਂ ਦੀ ਟਾਲ ਆਵੇ, ਖੱਬੇ ਹੱਥ ਮੁੜ ਜਾਣਾ, ਸਾਹਮਣੇ ਮਾਈ ਦਾ ਦਰਬਾਰ ਆ ਜਾਵੇਗਾ।" ਅਸੀਂ ਇਸੇ ਤਰ੍ਹਾਂ ਹੀ ਕੀਤਾ। ਲੱਕੜੀਆਂ ਦੀ ਟਾਲ ਤੋਂ ਥੋੜ੍ਹਾ ਜਿਹਾ ਅੱਗੇ ਜਾ ਕੇ ਸਾਧਾਰਨ ਜਿਹਾ ਮਜ਼ਾਰ ਨਜ਼ਰ ਆਇਆ। ਮੇਰੇ ਨਾਲ ਜਾ ਰਹੇ ਪਟਿਆਲੇ ਵਾਲੇ ਪ੍ਰੋ. ਰਾਜਪਾਲ ਸਿੰਘ ਨੂੰ ਬੇਹੱਦ ਮਾਯੂਸੀ ਹੋਈ- 'ਜੇ ਕਿਧਰੇ ਇਹੀ ਹੀਰ ਦਾ ਮਜ਼ਾਰ ਹੋਇਆ, ਫਿਰ ਤਾਂ ਇਹ ਬੜੀ ਮਾੜੀ ਗੱਲ ਹੋਵੇਗੀ।' ਅਸੀਂ ਗੱਡੀ ਵਿਚ ਗੱਲਾਂ ਕਰ ਰਹੇ ਸਾਂ ਕਿ ਸਾਹਮਣਿਓਂ ਥੇਹ ਵਰਗੀ ਉਚੀ ਥਾਂ 'ਤੇ ਗੂੜ੍ਹੇ ਹਰੇ ਰੰਗ ਦਾ ਸ਼ਾਨਦਾਰ ਮਜ਼ਾਰ ਨਜ਼ਰ ਆ ਰਿਹਾ ਸੀ। ਸਾਨੂੰ ਝੱਟ ਯਕੀਨ ਹੋ ਗਿਆ ਕਿ ਇਹੀ ਹੀਰ ਦਾ ਮਜ਼ਾਰ ਹੋਵੇਗਾ। ਮੇਰੇ ਜ਼ਿਹਨ ਵਿਚ ਬਿਲਕੁਲ ਇਸ ਤੋਂ ਉਲਟ ਨਕਸ਼ਾ ਸੀ। ਮੈਂ ਸੋਚਦਾ ਸੀ ਕਿ ਹੀਰ ਦਾ ਮਜ਼ਾਰ ਪੁਰਾਣਾ ਉਚਾ ਲੰਮਾ ਬਾਰਸ਼ਾਂ ਨਾਲ ਕਾਲਾ ਪਿਆ ਤੇ ਉਤੇ ਘਾਹ ਜੰਮਿਆ ਹੋਏਗਾ। ਅੱਜ ਕੱਲ੍ਹ ਦੇ ਲੋਕਾਂ ਨੂੰ ਹੀਰ ਦੀ ਮਜ਼ਾਰ ਨਾਲ ਕੀ ਦਿਲਚਸਪੀ ਹੋਵੇਗੀ ਭਲਾ... ਪਰ ਮੇਰੀ ਸੋਚ ਦੇ ਬਿਲਕੁਲ ਉਲਟ ਨਾ ਤਾਂ ਬਹੁਤ ਵੱਡਾ, ਨਾ ਹੀ ਛੋਟਾ, 20×20 ਫੁੱਟ ਦੇ ਕਮਰੇ ਜਿੰਨੀ ਜਗ੍ਹਾ ਵਿਚ ਬਣਿਆ ਖੂਬਸੂਰਤ ਮਜ਼ਾਰ ਗੂੜ੍ਹੇ ਹਰੇ ਰੰਗ ਵਿਚ ਦੂਰੋਂ ਨਜ਼ਰ ਆ ਰਿਹਾ ਸੀ। ਅਸੀਂ ਮਜ਼ਾਰ ਦੇ ਅੱਗੇ ਖੜ੍ਹੇ ਸਾਂ, ਪਰ ਯਕੀਨ ਨਹੀਂ ਸੀ ਆ ਰਿਹਾ।

***ਅਸੀਂ ਹੀਰ ਦੀ ਮਜ਼ਾਰ ਬਾਰੇ ਪੁੱਛਿਆ।... ਲੱਕੜੀਆਂ ਦੀ ਟਾਲ ਤੋਂ ਥੋੜ੍ਹਾ ਜਿਹਾ ਅੱਗੇ ਜਾ ਕੇ ਸਾਧਾਰਨ ਜਿਹਾ ਮਜ਼ਾਰ ਨਜ਼ਰ ਆਇਆ। ਪਟਿਆਲੇ ਵਾਲੇ ਪ੍ਰੋ. ਰਾਜਪਾਲ ਸਿੰਘ ਨੂੰ ਬੇਹੱਦ ਮਾਯੂਸੀ ਹੋਈ- ਜੇ ਕਿਧਰੇ ਇਹੀ ਹੀਰ ਦਾ ਮਜ਼ਾਰ ਹੋਇਆ... ਅਸੀਂ ਗੱਲਾਂ ਕਰ ਰਹੇ ਸਾਂ ਕਿ ਸਾਹਮਣਿਓਂ ਥੇਹ ਵਰਗੀ ਉਚੀ ਥਾਂ 'ਤੇ ਗੂੜ੍ਹੇ ਹਰੇ ਰੰਗ ਦਾ ਸ਼ਾਨਦਾਰ ਮਜ਼ਾਰ ਨਜ਼ਰ ਆ ਰਿਹਾ ਸੀ। ਸਾਨੂੰ ਝੱਟ ਯਕੀਨ ਹੋ ਗਿਆ ਕਿ ਇਹੀ ਹੀਰ ਦਾ ਮਜ਼ਾਰ ਹੋਵੇਗਾ।... ਮੈਂ ਸੋਚਦਾ ਸੀ ਕਿ ਹੀਰ ਦਾ ਮਜ਼ਾਰ ਪੁਰਾਣਾ ਉਚਾ ਲੰਮਾ ਬਾਰਸ਼ਾਂ ਨਾਲ ਕਾਲਾ ਪਿਆ ਤੇ ਉਤੇ ਘਾਹ ਜੰਮਿਆ ਹੋਏਗਾ। ਅੱਜ ਕੱਲ੍ਹ ਦੇ ਲੋਕਾਂ ਨੂੰ ਹੀਰ ਦੀ ਮਜ਼ਾਰ ਨਾਲ ਕੀ ਦਿਲਚਸਪੀ ਹੋਵੇਗੀ ਭਲਾ...***



*ਹੀਰ ਰਾਂਝੇ ਦੀ ਮਜ਼ਾਰ ਦੀ ਇਕ ਝਲਕ।*

ਹੀਰ-ਰਾਂਝੇ ਦੀ ਮੌਤ ਅਤੇ ਉਨ੍ਹਾਂ ਦੇ ਵਿਚਰਨ ਦਾ ਸਮਾਂ ਵੱਖ-ਵੱਖ ਵਿਦਵਾਨਾਂ ਨੇ ਅੱਡ-ਅੱਡ ਦੱਸਿਆ ਹੈ। ਕੁਝ ਵਿਦਵਾਨਾਂ ਦਾ ਖਿਆਲ ਹੈ ਕਿ ਇਹ ਘਟਨਾ ਸਈਅਦਾਂ ਤੇ ਲੋਧੀਆਂ ਦੇ ਵੇਲੇ ਹੋਈ। ਉਨ੍ਹਾਂ ਮੁਤਾਬਕ ਟਿੱਲੇ ਦਾ ਜੋਗੀ ਗੁਰੂ ਬਾਲਕ ਨਾਥ ਦੀ ਜਗ੍ਹਾ ਲਛਮਣ ਦਾਸ ਬਾਲ ਗੋਸਾਈਂ ਸੀ। ਉਹ ਗੁਰੂ ਨਾਨਕ ਦਾ ਸਮਕਾਲੀ ਸੀ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਘਟਨਾ ਅਕਬਰ ਵੇਲੇ ਹੋਈ। ਨਾਮਵਰ ਕਵੀਆਂ ਵਿਚੋਂ ਸਭ ਤੋਂ ਪਹਿਲਾਂ ਦਮੋਦਰ ਨੇ ਹੀਰ ਲਿਖੀ। ਕਹਿੰਦੇ ਹਨ ਕਿ ਉਸ ਦੀ ਦੁਕਾਨ ਹੀਰ ਦੇ ਪਿੰਡ ਵਿਚ ਸੀ। ਦਮੋਦਰ ਗੁਲਾਟੀ ਖੱਤਰੀ ਸੀ। ਉਹ ਭਾਵੇਂ ਇਸ ਨੂੰ ਅੱਖੀਂ ਡਿੱਠੀ ਕਹਾਣੀ ਕਰ ਕੇ ਲਿਖਦਾ ਹੈ, ਪਰ ਇਹ ਉਸ ਦਾ ਤਕੀਆ ਕਲਾਮ ਜ਼ਿਆਦਾ ਜਾਪਦਾ ਹੈ। ਇਸ ਤੋਂ ਪਿਛੋਂ ਅਹਿਮਦ ਗੁੱਜਰ ਤੇ ਫਿਰ ਮੁਕਬਲ ਨੇ ਹੀਰ ਲਿਖੀ। ਸਈਅਦ ਵਾਰਿਸ ਸ਼ਾਹ ਨੇ ਮੁਕਬਲ ਦੀ ਹੀਰ ਨੂੰ ਆਧਾਰ ਬਣਾ ਕੇ ਹੀਰ ਲਿਖੀ ਜਿਹੜੀ ਹੁਣ ਤੱਕ ਮਕਬੂਲ ਹੈ। ਸਭ ਤੋਂ ਪੁਰਾਣੀ ਰਵਾਇਤ ਜੋ ਬਲੋਚਿਸਤਾਨ ਤੇ ਅਫ਼ਗਾਨਿਸਤਾਨ ਵਿਚ ਆਮ ਪ੍ਰਚੱਲਤ ਹੈ ਜਿਸ ਦੀ ਪੁਸ਼ਟੀ ਡੀ. ਮੈਲੇ ਨੇ ਅਰਬੀ ਵਿਚੋਂ ਅੰਗਰੇਜ਼ੀ ਅਨੁਵਾਦ ਕਰ ਕੇ ਕੀਤੀ ਤੇ ਜਿਸ ਦਾ ਹਵਾਲਾ ਡਾ. ਮੋਹਨ ਸਿੰਘ ਦੀਵਾਨਾ ਨੇ ਵੀ ਦਿੱਤਾ ਹੈ, ਹੀਰ ਦਾ ਮੱਕੇ ਵਿਚ ਲੰਗਰ ਵਰਤਾਉਣ ਦਾ ਜ਼ਿਕਰ ਆਉਂਦਾ ਹੈ। ਅਹਿਮਦ ਗੁੱਜਰ ਹੀਰ ਤੇ ਰਾਂਝੇ ਦਾ ਬੂਰੀ ਮੱਝ ਲੈ ਕੇ ਮੱਕੇ ਵੱਲ ਜਾਣ ਦਾ ਜ਼ਿਕਰ ਕਰਦਾ ਹੈ। ਮੁਕਬਲ ਨੇ ਵੀ ਹੀਰ ਰਾਂਝੇ ਨੂੰ ਮੱਕੇ ਵੱਲ ਤੋਰਿਆ ਹੈ। ਇਨ੍ਹਾਂ ਕਵੀਆਂ ਨੇ ਹੀਰ ਦੀ ਮੌਤ ਬਿਰਧ ਅਵਸਥਾ ਵਿਚ ਦੱਸੀ ਹੈ। ਸ਼ਾਇਦ ਲੋਕ ਏਸੇ ਕਰ ਕੇ ਹੀਰ ਨੂੰ ਮਾਈ ਹੀਰ ਕਹਿ ਕੇ ਯਾਦ ਕਰਦੇ ਹਨ। ਦਮੋਦਰ ਨੇ ਹੀਰ ਰਾਂਝੇ ਦਾ ਦੂਜੀ ਵਾਰੀ ਅਦਲੀ ਰਾਜੇ ਦੀ ਕਚਹਿਰੀ ਦਾ ਮੁਕੱਦਮਾ ਜਿੱਤ ਕੇ ਪਿੰਡ ਕੋਟ ਕਬੂਨੇ ਇਕੱਠੇ ਹੋਣ ਦਾ ਜ਼ਿਕਰ ਕੀਤਾ ਹੈ। ਇਸ ਦਾ ਜ਼ਿਕਰ ਝੰਗ ਦੀ ਰੀਵਾਈਜ਼ਡ ਸੈਟਲਮੈਂਟ ਰਿਪੋਰਟ ਦੇ ਪੰਨਾ 33, 34 ਅਤੇ 45 ਉਤੇ ਵੀ ਆਉਂਦਾ ਹੈ।

ਵਾਰਿਸ ਸ਼ਾਹ ਨੇ ਹੀਰ ਰਾਂਝੇ ਦੀ ਮੌਤ ਜਵਾਨੀ ਵਿਚ ਹੀ ਦਿਖਾਈ ਹੈ। ਵਾਰਿਸ ਸ਼ਾਹ ਦੀ ਲਿਖੀ ਕਹਾਣੀ ਹਕੀਕਤ ਦੇ ਜ਼ਿਆਦਾ ਨੇੜੇ ਲੱਗਦੀ ਹੈ। ਪਹਿਲੇ ਕਵੀਆਂ ਦਾ ਇਹ ਕਹਿਣਾ ਹੈ ਕਿ ਹੀਰ ਤੇ ਰਾਂਝਾ ਮੱਕੇ ਚਲੇ ਗਏ ਅਤੇ ਬੁੱਢੇ ਹੋ ਕੇ ਉਨ੍ਹਾਂ ਦੀ ਮੌਤ ਹੋਈ, ਇਹ ਮਨ ਨੂੰ ਘੱਟ ਜਚਦੀ ਹੈ। ਜਿਸ ਜੋੜੀ ਦੀ ਸਮਾਜ ਵਿਚ ਇੰਨੀ ਚਰਚਾ ਹੋਵੇ ਤੇ ਬਾਅਦ ਵਿਚ ਮੱਕੇ ਜਾਣ ਤੋਂ ਬਿਨਾ ਕੋਈ ਗੱਲ ਹੀ ਨਾ ਸੁਣੀ ਜਾਵੇ, ਠੀਕ ਜਚਦਾ ਨਹੀਂ। ਜਿਹੜਾ ਹੀਰ ਨੂੰ ਬਿਰਧ ਹੋਣ ਕਰ ਕੇ ਮਾਈ ਆਖਿਆ ਜਾਂਦਾ ਹੈ, ਇਹ ਵੀ ਠੀਕ ਨਹੀਂ। ਮਿਰਜ਼ਾ ਜਵਾਨੀ ਵਿਚ ਕਤਲ ਹੋਇਆ, ਪਰ ਜਦੋਂ ਮੈਂ ਉਸ ਦੀ ਕਬਰ 'ਤੇ ਜਾ ਕੇ ਆਇਆ, ਤਾਂ ਆਲੇ ਦੁਆਲੇ ਦੇ ਲੋਕ ਉਸ ਨੂੰ ਬਾਬਾ ਮਿਰਜ਼ਾ ਦੀ ਕਬਰ ਕਹਿੰਦੇ ਸੁਣੇ ਹਨ। ਇਥੇ ਇਹੀ ਗੱਲ ਜ਼ਿਆਦਾ ਪ੍ਰਮਾਣਕ ਲੱਗਦੀ ਹੈ।

ਇਕ ਹੋਰ ਗੱਲ ਵੀ ਭੁਲੇਖਾ ਪਾਊ ਹੈ ਕਿ ਰਾਂਝੇ ਨੇ ਬਾਰਾਂ ਵਰ੍ਹੇ ਮੱਝੀਆਂ ਚਾਰੀਆਂ। ਬਾਰਾਂ ਵਰ੍ਹੇ ਕਿਸੇ ਦੀ ਜਵਾਨ ਧੀ ਵਿਆਹ ਕਰਵਾਉਣ ਵੱਲੋਂ ਘਰ ਨਹੀਂ ਬੈਠਦੀ। ਇਹ ਵੀ ਉਸ ਸਮੇਂ ਦਾ ਮੁਹਾਵਰਾ ਲੱਗਦਾ ਹੈ। ਪੂਰਨ ਬਾਰਾਂ ਸਾਲ ਘਰ ਤੋਂ ਅਲੱਗ ਰਿਹਾ। ਗੋਰਖ ਨਾਥ ਬਾਰਾਂ ਸਾਲ ਖੂਹ ਵਿਚ ਰਿਹਾ। ਕਿੰਨੀਆਂ ਹੀ ਹੋਰ ਕਹਾਣੀਆਂ ਬਾਰਾਂ ਸਾਲ ਨਾਲ ਜੁੜਦੀਆਂ ਹਨ। ਇਸੇ ਤਰ੍ਹਾਂ ਰਾਂਝੇ ਦਾ ਚਾਕ ਬਣਨ ਦਾ ਸਮਾਂ ਵੀ ਘੱਟ ਹੋਵੇਗਾ। ਇਸ ਨੂੰ ਵੀ ਬਾਰਾਂ ਦੇ ਹਿੰਦਸੇ ਨਾਲ ਪ੍ਰਚੱਲਤ 12 ਦੇ ਮੁਹਾਵਰੇ ਨਾਲ ਜੋੜ ਦਿੱਤਾ ਲੱਗਦਾ ਹੈ।

***ਰਾਂਝਾ ਤਖ਼ਤ ਹਜ਼ਾਰਾ, ਕਿਸੇ ਵੇਲੇ ਜ਼ਿਲ੍ਹਾ ਸ਼ਾਹਪੁਰ (ਅੱਜ ਕੱਲ੍ਹ ਜ਼ਿਲ੍ਹਾ ਸਰਗੋਧਾ) ਦਾ ਰਹਿਣ ਵਾਲਾ ਸੀ ਜਿਹੜਾ ਲੋਹੜੇ ਦਾ ਖੂਬਸੂਰਤ, ਸੁਭਾਅ ਦਾ ਸ਼ਰਮਾਕਲ, ਗੁਲਾਬ ਦੀਆਂ ਪੱਤੀਆਂ ਜਿਹੀਆਂ ਕੋਮਲ ਭਾਵਨਾਵਾਂ ਦਾ ਮਾਲਕ, ਲਗਰ ਜਿਹੇ ਕੂਲੇ ਸਰੀਰ ਵਾਲਾ ਤੇ ਚੌਧਰੀ ਮੁਅਜਜ਼ ਦੀਨ (ਮੌਜੂ) ਦਾ ਸਭ ਤੋਂ ਛੋਟਾ ਅਤੇ ਲਾਡਲਾ ਪੁੱਤਰ ਸੀ। ਹੀਰ ਚੌਧਰੀ ਮਿਹਰ ਚੂਚਕ ਦੀ ਧੀ ਸੀ ਜਿਸ ਦੀ ਖੂਬਸੂਰਤੀ ਦੇ ਚਰਚੇ ਸਾਰੀ ਦੁਨੀਆ ਵਿਚ ਹੁੰਦ ਰਹੇ।***

ਹੀਰ ਦਾ ਮਜ਼ਾਰ ਮਘਿਆਣੇ ਵਿਚ ਹੈ ਜੋ ਝੰਗ ਤੋਂ ਅੱਧਾ ਕਿਲੋਮੀਟਰ ਦੇ ਫਾਸਲੇ 'ਤੇ ਹੈ। ਝੰਗ ਦੇ ਮਘਿਆਣੇ ਦੀ ਇਕੋ ਮਿਉਂਸਪਲ ਕਮੇਟੀ ਹੈ। ਹੀਰ ਦਾ ਮਜ਼ਾਰ ਉਚੇ ਟਿੱਬੇ ਉਤੇ ਹੈ। ਮਜ਼ਾਰ ਵਿਚ ਦਾਖਲ ਹੋਣ ਲਈ ਅੱਠ-ਦਸ ਪੌੜੀਆਂ ਚੜ੍ਹਨੀਆਂ ਪੈਂਦੀਆਂ ਹਨ। ਸ਼ਾਇਦ ਉਚਾ ਟਿੱਲਾ ਇਸ ਕਰ ਕੇ ਚੁਣਿਆ ਗਿਆ ਕਿਉਂਕਿ ਦਰਿਆ ਝਨਾਂ ਦਾ ਰੁਖ ਬਦਲਦਾ ਰਹਿੰਦਾ ਹੈ ਅਤੇ ਇਲਾਕੇ ਵਿਚ ਉਥਲ-ਪੁਥਲ ਕਰ ਦਿੰਦਾ ਹੈ। ਇਥੇ ਇਕ ਬੱਕਰੀਆਂ ਚਾਰਨ ਵਾਲੇ ਜਿਸ ਦਾ ਇੱਜੜ ਹੀ ਚੁਗ ਰਿਹਾ ਸੀ, ਨੇ ਦੱਸਿਆ- "ਮੈਂ ਮਾਈ ਦੇ ਦਰਬਾਰ ਦੀ ਪਿਛਲੇ 20 ਸਾਲਾਂ ਤੋਂ ਸੇਵਾ ਕਰ ਰਿਹਾ ਹਾਂ।" ਸਾਡੇ ਖੜ੍ਹੇ-ਖੜ੍ਹੇ ਕੋਈ ਨੌਜਵਾਨ ਮੁੰਡਾ ਅਤੇ ਕੁੜੀ ਦਾ ਜੋੜਾ ਦੁਆ ਕਰਨ ਆਇਆ। ਸ਼ਾਇਦ ਇਨ੍ਹਾਂ ਨੇ ਜੀਵਨ ਸਾਥੀ ਬਣਨ ਦਾ ਫੈਸਲਾ ਕਰ ਲਿਆ ਸੀ। ਮੁੰਡੇ ਤੇ ਕੁੜੀ ਦੇ ਲੰਮੇ ਛੀਂਟਕੇ ਸਰੀਰ, ਗੋਰਾ ਰੰਗ, ਦਿਲ ਖਿੱਚਵੇਂ ਨੈਣ-ਨਕਸ਼ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਸਨ। ਇਹ ਫੈਸਲਾ ਕਰਨਾ ਮੁਸ਼ਕਿਲ ਸੀ ਕਿ ਮੁੰਡਾ ਜ਼ਿਆਦਾ ਸੋਹਣਾ ਹੈ ਕਿ ਕੁੜੀ! ਅਸੀਂ ਆਪਣੇ ਨਾਲੋਂ ਜੋੜੀ ਨੂੰ ਪਹਿਲਾਂ ਮਜ਼ਾਰ 'ਤੇ ਜਾਣ ਦੀ ਤਰਜੀਹ ਦਿੱਤੀ। ਅਸੀਂ ਪੌੜੀਆਂ ਚੜ੍ਹ ਕੇ ਮਜ਼ਾਰ ਦੇ ਅੰਦਰ ਦਾਖ਼ਲ ਹੋ ਗਏ। ਕਬਰ ਦੇ ਆਲੇ-ਦੁਆਲੇ ਬੜੀਆਂ ਖੂਬਸੂਰਤ ਚਾਰ ਕੰਧਾਂ ਹਨ ਜਿਸ ਤਰ੍ਹਾਂ ਕਿਸੇ ਕਮਰੇ ਦੀਆਂ ਹੁੰਦੀਆਂ ਹਨ, ਪਰ ਇਸ ਦਾ ਉਪਰਲਾ ਹਿੱਸਾ ਗੋਲਾਈ ਵਿਚ, ਤੇ ਛੱਤ ਤੋਂ ਬਗੈਰ ਸੀ। ਅੰਦਰ ਤੇ ਬਾਹਰ ਗੂੜ੍ਹਾ ਸਬਜ਼ ਰੰਗ ਕੀਤਾ ਹੋਇਆ ਸੀ। ਕਬਰ ਦੇ ਪਿਛਲੇ ਪਾਸੇ ਗੋਲ ਸੰਗਮਰਮਰ ਦੇ ਪੱਥਰ 'ਤੇ ਇਬਾਰਤ ਲਿਖੀ ਹੈ। ਇਸ ਦਾ ਮਜ਼ਮੂਨ ਇਸ ਤਰ੍ਹਾਂ ਹੈ: ਮਸ਼ਹੂਰ ਆਸ਼ਿਖ ਸਾਦਕ ਮੀਆਂ ਮੁਰਾਦ ਬਖਸ਼ ਉਰਫ਼ ਮੀਆਂ ਰਾਂਝਾ ਵਾ ਮਾਈ ਇੱਜ਼ਤ ਬੀਬੀ ਮਾਰੂਫ਼ ਮਾਈ ਹੀਰ ਸਿਆਲ, ਦੋਨੋਂ ਇਸ ਜਗ੍ਹਾ ਮਦਫੂਨ ਹੈ।" ਕਬਰ ਖੂਬਸੂਰਤ ਪਲੰਘ ਦੀ ਸ਼ਕਲ ਵਿਚ ਬਣੀ ਹੋਈ ਹੈ। ਉਸ ਦੇ ਰੰਗ-ਬਰੰਗੇ ਚਾਰ ਪਾਵੇ ਬਣੇ ਹੋਏ ਹਨ। ਇਸੇ ਤਰ੍ਹਾਂ ਰੰਗ-ਬਰੰਗੀਆਂ ਬਾਹੀਆਂ ਤੇ ਸੇਰਬੇ ਬਣੇ ਹੋਏ ਹਨ। ਇੰਝ ਭੁਲੇਖਾ ਪੈਂਦਾ ਹੈ ਕਿ ਜਿਵੇਂ ਹੀਰ-ਰਾਂਝਾ ਰੰਗਲੇ ਪਲੰਘ ਉਤੇ ਹਰੀ ਚਾਦਰ ਲਪੇਟ ਕੇ ਸੁੱਤੇ ਹੋਣ। ਕਬਰ ਦਾ ਮੌਜੂਦਾ ਰੂਪ ਦੇਣ ਵਾਲੇ ਨੇ ਪੱਥਰ 'ਤੇ ਆਪਣਾ ਨਾਂ ਲਿਖਿਆ ਹੈ:

ਖਾਦਿਮ-ਮਿਜ਼ਾਰ ਤਿਆਰ ਕਰਦਾ ਸਈਅਦ ਅਕਰਾਮ ਅਲੀ ਅਕਬਰੀ ਮੰਡੀ, ਲਾਹੌਰ।

ਹੀਰ ਦੇ ਮਜ਼ਾਰ ਦੀ ਤਾਮੀਰ ਦਾ ਅੰਦਾਜ਼ਾ ਹੈ ਕਿ ਸੋਲ੍ਹਵੀਂ ਸਦੀ ਦੇ ਅੱਧ ਵਿਚ ਹੋਈ। ਰਾਂਝਾ ਤਖ਼ਤ ਹਜ਼ਾਰਾ, ਕਿਸੇ ਵੇਲੇ ਜ਼ਿਲ੍ਹਾ ਸ਼ਾਹਪੁਰ (ਅੱਜ ਕੱਲ੍ਹ ਜ਼ਿਲ੍ਹਾ ਸਰਗੋਧਾ) ਦਾ ਰਹਿਣ ਵਾਲਾ ਸੀ ਜਿਹੜਾ ਲੋਹੜੇ ਦਾ ਖੂਬਸੂਰਤ, ਸੁਭਾਅ ਦਾ ਸ਼ਰਮਾਕਲ, ਗੁਲਾਬ ਦੀਆਂ ਪੱਤੀਆਂ ਜਿਹੀਆਂ ਕੋਮਲ ਭਾਵਨਾਵਾਂ ਦਾ ਮਾਲਕ, ਲਗਰ ਜਿਹੇ ਕੂਲੇ ਸਰੀਰ ਵਾਲਾ ਤੇ ਚੌਧਰੀ ਮੁਅਜਜ਼ ਦੀਨ (ਮੌਜੂ) ਦਾ ਸਭ ਤੋਂ ਛੋਟਾ ਅਤੇ ਲਾਡਲਾ ਪੁੱਤਰ ਸੀ। ਹੀਰ ਚੌਧਰੀ ਮਿਹਰ ਚੂਚਕ ਦੀ ਧੀ ਸੀ ਜਿਸ ਦੀ ਖੂਬਸੂਰਤੀ ਦੇ ਚਰਚੇ ਸਾਰੀ ਦੁਨੀਆ ਵਿਚ ਹੁੰਦ ਰਹੇ। ਹੀਰ ਬੜੀ ਦਲੇਰ, ਸ਼ੇਰ ਦੀ ਸਵਾਰੀ ਕਰਨ ਵਾਲੀ ਤਬੀਅਤ ਦੀ ਮਾਲਕ ਅਤੇ ਬੜੀ ਹਠੀ ਸੁਭਾਅ ਵਾਲੀ ਔਰਤ ਸੀ। ਆਸ਼ਕ-ਮਾਸ਼ੂਕਾਂ ਵਿਚ ਸਿਰਫ਼ ਕਿਸੇ ਜੋੜੀ ਨੂੰ ਰੂਹਾਨੀਅਤ ਦੀ ਦੁਨੀਆ ਵਿਚ-ਵਿਚ ਚਿੰਨ੍ਹ ਦੇ ਤੌਰ 'ਤੇ ਵਰਤੇ ਜਾਣ ਦੀ ਮਾਣ ਹਾਸਲ ਹੈ। ਸ਼ਾਹ ਹੁਸੈਨ ਨੇ ਹੀਰ ਰਾਂਝੇ ਰਾਹੀਂ ਸੂਫ਼ੀ ਪ੍ਰੀਤ ਗਾਈ:

ਜੇ ਤੂੰ ਤਖ਼ਤ ਹਜ਼ਾਰੇ ਦਾ ਸਾਈਂ,<br>
ਅਸੀਂ ਸਿਆਲਾਂ ਦੀਆਂ ਕੁੜੀਆਂ ਵੇ ਲੋਕਾ।

ਬਾਬਾ ਬੁੱਲ੍ਹੇ ਸ਼ਾਹ ਨੇ ਕਿਹਾ ਹੈ- "ਕਿਉਂ ਕਰ ਜਾਈਏ ਕਾਬੇ ਨੂੰ, ਦਿਲ ਲੋਚੇ ਤਖ਼ਤ ਹਜ਼ਾਰੇ ਨੂੰ।" ਛੋਟੇ ਹੁੰਦਿਆਂ ਪਿੰਡਾਂ ਵਿਚ ਆਏ ਗਵੰਤਰੀਆਂ ਕੋਲੋਂ ਸੁਣਦੇ ਹੁੰਦੇ ਸਾਂ, ਹੀਰ ਤੇ ਰਾਂਝਾ ਇੰਦਰ ਦੇ ਅਖਾੜੇ ਵਿਚ ਵਿਚਰਨ ਵਾਲੀਆਂ ਪਵਿੱਤਰ ਰੂਹਾਂ ਸਨ ਜਿਨ੍ਹਾਂ ਨੂੰ ਕਿਸੇ ਛੋਟੀ-ਮੋਟੀ ਕੁਤਾਹੀ ਕਰ ਕੇ ਮਾਤ ਲੋਕ ਵਿਚ ਜਨਮ ਲੈਣਾ ਪਿਆ। ਜਿਸ ਹੀਰ ਰਾਂਝੇ ਦੀਆਂ ਕਹਾਣੀਆਂ ਤੇ ਵਾਰਿਸ ਸ਼ਾਹ ਦੀ ਹੀਰ ਨੂੰ ਸੁਣ ਕੇ ਅੱਜ ਤੱਕ ਤ੍ਰਿਪਤੀ ਮਿਲਦੀ ਸੀ, ਅਸੀਂ ਉਸ ਹੀਰ ਰਾਂਝੇ ਦੀ ਕਬਰ ਕੋਲ ਖੜ੍ਹ ਕੇ ਬੜੀ ਮੁਹੱਬਤ ਤੇ ਪਿਆਰ ਭਰੇ ਵਲਵਲਿਆਂ ਨਾਲ ਸ਼ਰਧਾ ਦੇ ਫੁੱਲ ਭੇਟ ਕਰ ਰਹੇ ਸਾਂ। ਹੀਰ ਰਾਂਝੇ ਨੇ ਆਪਣੇ ਇਸ਼ਕ ਹਕੀਕੀ ਨੂੰ ਇਬਾਦਤ ਬਣਾਇਆ। ਜਿਸ ਬੰਦੇ ਦੇ ਅੰਦਰ ਇਨਸਾਨ ਦਾ ਦਿਲ ਹੈ, ਉਹ ਇਸ ਮਜ਼ਾਰ ਉਤੇ ਆ ਕੇ ਜ਼ਰੂਰ ਭਾਵੁਕ ਹੋ ਜਾਂਦਾ ਹੈ। ਜਿਥੇ ਰਾਂਝੇ ਨੇ ਹੀਰ ਨੂੰ ਹਾਸਲ ਕਰਨ ਲਈ ਬੜੇ ਦੁੱਖ ਝੱਲੇ, ਉਥੇ ਅਖੀਰ ਵਿਚ ਆਪਣਾ ਵਜੂਦ ਖਤਮ ਕਰ ਕੇ ਹੀਰ ਦੇ ਵਜੂਦ ਨੂੰ ਆਪਣਾ ਵਜੂਦ ਮੰਨ ਲਿਆ। ਅੱਜ ਤੱਕ ਮੈਨੂੰ ਖੁਦ ਨਹੀਂ ਪਤਾ ਕਿ ਰਾਂਝੇ ਦੀ ਕਬਰ ਵੀ ਹੀਰ ਦੀ ਕਬਰ ਦੇ ਵਿਚ ਹੀ ਹੈ। ਹਮੇਸ਼ਾ ਦੋ ਮਰਨ ਵਾਲਿਆਂ ਦੀਆਂ ਕਬਰਾਂ ਅਲੱਗ-ਅਲੱਗ ਹੁੰਦੀਆਂ ਹਨ, ਪਰ ਇਥੇ ਤਾਂ ਵਾਰਿਸ ਸ਼ਾਹ ਦੇ ਕਥਨ ਅਨੁਸਾਰ ਰਾਂਝਾ ਹੀਰ ਦੀ ਕਬਰ ਵਿਚ ਸਮੋ ਗਿਆ ਹੈ:

ਵਾਰਿਸ ਸ਼ਾਹ ਮਹਿਬੂਬ ਨੂੰ ਤਦੋਂ ਪਾਈਏ,<br>
ਜਦੋਂ ਆਪਣਾ ਆਪ ਗਵਾ ਲਈਏ।

# ਸਿਨੇਮਾ 2016: ਪਟਕਥਾ ਲੇਖਕਾਂ ਦੇ ਨਾਮ ਰਿਹਾ

ਨੋਟਬੰਦੀ ਦੇ ਅਚਿੰਤੇ ਬਾਜ਼ ਪੈਣ ਅਤੇ ਕਈ ਫਿਲਮਾਂ (ਉੜਤਾ ਪੰਜਾਬ, ਐਮ.ਐਸ.ਜੀ-ਦਿ ਲਾਇਨ ਹਰਟ, ਰਮਨ ਰਾਘਵ 2.0, ਬੁੱਧਾ ਇਨ ਏ ਟਰੈਫਿਕ ਜਾਮ ਆਦਿ) ਬਾਰੇ ਖੜ੍ਹੇ ਹੋਏ ਵੱਖ-ਵੱਖ ਵਿਵਾਦਾਂ ਦੇ ਬਾਵਜੂਦ ਭਾਰਤੀ ਸਿਨੇਮਾ ਦਾ ਸੁਨਹਿਰੀ ਪਰਦਾ ਇਸ ਸਾਲ ਦਰਸ਼ਕਾਂ ਨੂੰ ਕਈ ਯਾਦਗਾਰੀ ਤੇ ਮਸਾਲਾ-ਫਾਰਮੂਲਿਆਂ ਤੋਂ ਵੱਖਰੇ ਕਥਾਨਿਕ ਦੀਆਂ ਫਿਲਮਾਂ ਦੇਣ ਵਿਚ ਕਾਮਯਾਬ

**ਕੁਲਦੀਪ ਕੌਰ**
ਫੋਨ: +91-98554-04330

ਰਿਹਾ। ਸਾਲ ਦੇ ਅੰਤ ਵਿਚ ਰਿਲੀਜ਼ ਹੋਈ ਆਮਿਰ ਖਾਨ ਦੀ ਫ਼ਿਲਮ 'ਦੰਗਲ' ਕੁੜੀਆਂ ਦੀ ਨਵੀਂ ਪੀੜ੍ਹੀ ਦੀ ਜ਼ਿੰਦਗੀ ਨਾਲ ਭਲਵਾਨੀ ਦੀ ਹਿੰਮਤ ਤੇ ਖੁਦ ਨੂੰ ਸਾਬਿਤ ਕਰਨ ਦੀ ਜ਼ਿਦ ਦਾ ਨਵਾਂ ਸੁਨੇਹਾ ਦੇ ਗਈ।

2016 ਦੀ ਪਹਿਲੀ ਫਿਲਮ ਇਸੇ ਸੁਨੇਹੇ ਨੂੰ ਇਕ ਹੋਰ ਨਜ਼ਰੀਏ ਤੋਂ ਦੇਖਣ ਦੀ ਕੋਸ਼ਿਸ਼ ਕਰਦੀ ਹੈ। ਫਿਲਮ ਦਾ ਨਾਮ ਸੀ 'ਚਾਕ ਤੇ ਡਸਟਰ'। ਫਿਲਮ ਸਿੱਖਿਆ-ਸੰਸਥਾਵਾਂ ਦੇ ਨਿੱਜੀਕਰਨ ਅਤੇ ਕਾਰਪੋਰੇਟ ਕੰਪਨੀਆਂ ਦੇ ਹੱਥਾਂ ਵਿਚ ਜਾਣ ਤੋਂ ਬਾਅਦ ਉਹਨਾਂ ਅਧਿਆਪਕਾਂ ਦਾ ਦੁੱਖ ਬਿਆਨ ਕਰਦੀ ਹੈ ਜਿਹਨਾਂ ਲਈ ਸਿੱਖਿਆ ਦੇਣ ਦਾ ਅਰਥ ਹਾਲੇ ਵੀ ਵਣਜ ਕਰਨਾ ਨਹੀਂ ਬਣ ਸਕਿਆ। ਸ਼ਬਾਨਾ ਆਜ਼ਮੀ ਅਤੇ ਜੂਹੀ ਚਾਵਲਾ ਵਰਗੀਆਂ ਸਮਰੱਥ ਅਦਾਕਾਰਾਂ ਦੇ ਹੋਣ ਦੇ ਬਾਵਜੂਦ ਫਿਲਮ ਆਪਣੀ ਕਹਾਣੀ ਅਤੇ ਸਤਹੀ ਪਟਕਥਾਂ ਕਾਰਣ ਮਾਤ ਖਾ ਗਈ।

ਦੂਜੀ ਫਿਲਮ ਜਿਸ ਨੇ ਫਿਲਮੀ ਹਲਕਿਆਂ ਵਿਚ ਹਲਚਲ ਪੈਦਾ ਕੀਤੀ ਉਸ ਸੀ ਅਕਸ਼ੈ ਕੁਮਾਰ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ, 'ਏਅਰਲ਼ਿਫਟ'। ਇਸ ਫਿਲਮ ਵਿਚ ਜਿਸ ਖ਼ੂਬਸੂਰਤੀ ਨਾਲ 1990 ਦੇ ਦਹਾਕੇ ਨੂੰ ਮੁੜ ਜ਼ਿੰਦਾ ਕੀਤਾ ਗਿਆ,ਉਹ ਬਾਕਮਾਲ ਸੀ।ਕੁਵੈਤ ਉੱਤੇ ਹੁੰਦੀ ਬੰਬਾਰੀ ਦੀ ਦਹਿਸ਼ਤ ਨਾਲ ਦਰਸ਼ਕ ਸਿਨੇਮਾ ਹਾਲ ਵਿਚ ਬੈਠਾ ਵੀ ਭੈਅਭੀਤ ਹੋ ਜਾਂਦਾ




*ਫਿਲਮ 'ਚਾਕ ਐਨ ਡਸਟਰ', 'ਅਲੀਗੜ੍ਹ', 'ਘਾਇਲ ਵੰਸ ਅਗੇਨ', 'ਸਾਲਾ ਖੜੂਸ' ਅਤੇ 'ਨੀਰਜਾ' ਦੇ ਪੋਸਟਰ।*

ਹੈ।ਇਸ ਫਿਲਮ ਨੂੰ ਲੈ ਕੇ ਨਿਰਦੇਸ਼ਕ ਅਤੇ ਭਾਰਤੀ ਦੂਤਾਵਾਸ/ਵਿਦੇਸ਼ ਵਿਭਾਗ ਦੇ ਕੁਝ ਅਧਿਕਾਰੀਆਂ ਵਿਚਕਾਰ ਤਲ਼ਖੀ ਵੀ ਖਬਰਾਂ ਦਾ ਹਿੱਸਾ ਬਣੀ ਜਿਹਨਾਂ ਦਾ ਕਹਿਣਾ ਸੀ ਕਿ ਓਹਨਾਂ ਦੀਆਂ ਜ਼ਿੰਮੇਵਾਰੀਆਂ ਅਤੇ ਭੂਮਿਕਾ ਨੂੰ ਦਰਸਾਉਣ ਸਮੇਂ ਨਿਰਦੇਸ਼ਕ ਨੇ ਪੱਖਪਾਤ ਤੋਂ ਕੰਮ ਲਿਆ ਹੈ। ਇਹਨਾਂ ਦਿਨਾਂ ਵਿਚ ਹੀ ਆਈ ਫ਼ਿਲਮ 'ਕਿਆ ਕੂਲ ਹੈ ਹਮ 3'ਆਪਣੇ ਕਾਮ-ਉਕਸਾਊ ਪੋਸਟਰਾਂ ਅਤੇ ਸੈਂਸਰ ਬੋਰਡ ਦੁਆਰਾ ਲਗਾਏ ਡੇਢ ਸੌ ਕੱਟਾਂ ਕਾਰਣ ਚਰਚਾ ਦਾ ਵਿਸ਼ਾ ਬਣ ਗਈ।ਦਰਸ਼ਕਾਂ ਨੇ ਵੀ ਬਿਨਾਂ ਸਿਰ-ਪੈਰ ਵਾਲੀ ਇਸ ਬੇਹੂਦਾ ਫਿਲਮ ਨੂੰ ਬਾਕਸ-ਆਫਿਸ ਤੇ ਪਾਣੀ ਨਹੀਂ ਮੰਗਣ ਦਿੱਤਾ। ਤਮਿਲ ਸਿਨੇਮਾ ਵਿਚ ਆਪਣੀਆਂ ਸ਼ਾਨਦਾਰ ਪਟਕਥਾਵਾਂ ਲਈ ਜਾਣੀ ਜਾਂਦੀ ਸੁਧਾ ਕੌਂਨਗਰਾ ਦੁਆਰਾ ਨਿਰਦੇਸ਼ਤ ਕੀਤੀ ਪਹਿਲੀ ਹਿੰਦੀ ਫ਼ਿਲਮ 'ਸਾਲਾ ਖੜੂਸ' ਭਾਰਤੀ ਖੇਡ-ਜਗਤ ਵਿਚਲੀਆਂ ਚੋਰ-ਮੋਰੀਆਂ ਅਤੇ ਘਟੀਆਂ ਸਿਆਸਤ ਨੂੰ ਨੰਗਾ ਕਰਦੀ ਹੈ।ਇਸ ਸਿਆਸਤ ਕਾਰਣ ਜਿੱਥੇ ਹੋਣਹਾਰ ਖਿਡਾਰੀ ਤੇ ਉਹਨਾਂ ਦੇ ਕੋਚ ਖੱਜਲ-ਖੁਆਰ ਹੁੰਦੇ ਹਨ ਉੱਥੇ ਉਹਨਾਂ ਦੀ ਜ਼ਿੰਦਗੀ ਦਾ ਬੇਹਰਤਰੀਨ ਸਮਾਂ ਇਸ ਸਿਆਸਤ ਦੀ ਬਲੀ ਚੜ੍ਹ ਜਾਂਦਾ ਹੈ। ਇਸੇ ਸਾਲ ਸੰਨੀ ਦਿਉਲ ਨੇ 'ਘਾਇਲ-ਵੰਨਸ ਅਗੇਨ' ਨਾਲ 30 ਸਾਲਾ ਬਾਅਦ ਆਪਣੀ ਚੜ੍ਹਤ ਦੇ ਦਿਨਾਂ ਨੂੰ ਦੁਬਾਰਾ ਜ਼ਿੰਦਾ ਕਰਣ ਦੀ ਕੋਸ਼ਿਸ਼ ਕੀਤੀ। ਫ਼ਿਲਮ ਕੁਝ ਹੱਦ ਤੱਕ ਸਫਲ ਵੀ ਰਹੀ।

ਸੋਨਮ ਕਫੂਰ ਦੀ ਅਦਾਕਾਰੀ ਵਾਲੀ ਫਿਲਮ 'ਨੀਰਜਾ' ਆਪਣੀ ਯਥਾਰਥਿਕ ਪਹੁੰਚ ਕਾਰਣ ਸਾਲ ਭਰ ਚਰਚਾ ਵਿਚ ਰਹੀ।ਫਿਲਮ ਦਾ ਸਭ ਤੋਂ ਸ਼ਾਨਦਾਰ ਪੱਖ ਨੀਰਜਾ ਨਾਮ ਦੀ ਕੁੜੀ ਦੀ ਬਹਾਦਰੀ ਨੂੰ ਮਾਨਵਵਾਦੀ ਨਜ਼ਰੀਏ ਤੋਂ ਪੇਸ਼ ਕਰਣ ਵਿਚ ਕਾਮਯਾਬ ਹੋਣਾ ਸੀ।ਅਜਿਹੀਆਂ ਫਿਲਮਾਂ ਵਿਚ ਹਾਲੇ ਤੱਕ ਗੀਤ-ਸੰਗੀਤ ਨੂੰ ਜ਼ਬਰਦਸਤੀ ਭਰਣ ਦਾ ਹਿੰਦੀ ਫ਼ਿਲਮ ਫਾਰਮੂਲਾ ਅਸਲ ਵਿਚ ਇਹਨਾਂ ਦਾ ਨੁਕਸਾਨ ਹੀ ਕਰਦਾ ਹੈ।ਤੱਥ ਤੇ ਅਸਲੀਅਤ ਆਧਾਰਿਤ ਫ਼ਿਲਮਾਂ ਵਿਚ ਗੀਤ-ਸੰਗੀਤ ਕਹਾਣੀ ਦੀ ਲੈਅ ਨੂੰ ਭੰਨਦਾ ਹੈ।

'ਸ਼ਾਹਿਦ' ਵਰਗੀ ਸ਼ਾਨਦਾਰ ਫਿਲਮ ਬਣਾਉਣ ਵਾਲੇ ਹੰਸਲ ਮਹਿਤਾ ਦੀ ਫ਼ਿਲਮ 'ਅਲੀਗੜ੍ਹ' ਨਾ ਸਿਰਫ ਬੀਤੇ ਸਾਲ ਦਾ ਹਾਸਲ ਮੰਨੀ ਜਾ ਸਕਦੀ ਹੈ ਸਗੋਂ ਮਨੁੱਖੀ ਅਧਿਕਾਰਾਂ ਦਾ ਇੱਕ ਦਸਤਾਵੇਜ਼ ਵੀ ਮੰਨੀ ਜਾ ਸਕਦੀ ਹੈ।ਫ਼ਿਲਮ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਜਿਸ ਦੀ ਨੀਂਹ ਮਨੁੱਖੀ ਸਵੈਮਾਣ ਅਤੇ ਮਨੁੱਖੀ ਬਰਾਬਰੀ ਤੇ ਰੱਖੀ ਗਈ ਸੀ ਵਿਚ ਪਸਰੀ ਸੰਕੀਰਣਤਾ ਦੀ ਕਹਾਣੀ ਬਿਆਨ ਕਰਦੀ ਹੈ ਜੋ ਕਿ ਅਸਲ ਵਿਚ ਭਾਰਤੀ ਸਮਾਜ ਦੇ ਦੋਗਲੇ ਵਿਵਹਾਰ ਦਾ ਨਤੀਜਾ ਹੈ।ਇਹ ਫਿਲਮ ਮੌਜੂਦਾ ਭਾਰਤੀ ਸਮਾਜ ਅਤੇ ਕਾਨੂੰਨੀ ਦਾਇਰਿਆਂ ਵਿਚ ਸਮਲਿੰਗਤਾ ਬਾਰੇ ਹੋ ਰਹੀਆਂ ਬਹਿਸਾਂ ਤੋਂ ਪਾਰ ਜਾਂਦਿਆਂ ਇੱਕ ਅਜਿਹੇ ਪ੍ਰੋਫੈਸਰ ਦੀ ਇਕੱਲਤਾ, ਬੇਚੈਨੀ ਤੇ ਪਿਆਰ ਭਾਵਨਾ ਨੂੰ ਪੇਸ਼ ਕਰਦੀ ਹੈ ਜਿਸ ਨੂੰ ਉਸ ਦੀ ਹੋਂਦ ਅਤੇ ਸੋਚ ਕਾਰਣ ਨਜ਼ਰਬੰਦੀ ਝੇਲਣੀ ਪੈਂਦੀ ਹੈ।ਫਿਲਮ ਪਿਆਰ ਨਾਲ ਜੁੜ੍ਹੀਆਂ ਧਾਰਨਾਵਾਂ ਅਤੇ ਮਿੱਥਾਂ ਨੂੰ ਨਵੇਂ ਸਿਰਿਉਂ ਘੜਨ ਜ਼ੋਰਦਾਰ ਸੱਦਾ ਦਿੰਦੀ ਹੈ।

*(ਬਾਕੀ ਅਗਲੇ ਅੰਕ ਵਿਚ)*

# ਕਹੀਂ ਮੈਂ ਕਵੀ ਨਾ ਬਨ ਜਾਊਂ...

## ਧਰਮਿੰਦਰ ਬਣਿਆ ਕਵੀ

**ਗੁਰਜੰਟ ਸਿੰਘ**

ਪੰਜਾਬ ਦੀ ਮਿੱਟੀ ਵਿਚ ਜਨਮੇ ਮਿਸਾਲੀ ਗਾਇਕ ਮੁਹੰਮਦ ਰਫ਼ੀ ਵੱਲੋਂ ਫਿਲਮ 'ਪਿਆਰ ਹੀ ਪਿਆਰ' ਲਈ ਗਾਇਆ ਗਾਣਾ 'ਮੈਂ ਕਹੀਂ ਕਵੀ ਨਾ ਬਣ ਜਾਊਂ, ਤੇਰੇ ਪਿਆਰ ਮੇਂ ਐ ਕਵਿਤਾ' ਦਹਾਕਿਆਂ ਬਾਅਦ ਹੁਣ ਸੱਚ ਹੋ ਰਿਹਾ ਹੈ। ਇਹ ਗੀਤ ਫ਼ਿਲਮ ਦੇ ਨਾਇਕ ਧਰਮਿੰਦਰ ਅਤੇ ਵਿਯੰਤੀ ਮਾਲਾ ਉਤੇ ਫਿਲਮਾਇਆ ਗਿਆ ਸੀ ਅਤੇ ਹੁਣ ਧਰਮਿੰਦਰ ਵੱਲੋਂ ਲਿਖੀਆਂ ਕਵਿਤਾਵਾਂ ਛੇਤੀ ਹੀ ਰਿਲੀਜ਼ ਕੀਤੀ ਜਾ ਰਹੀਆਂ ਹਨ। ਇਹ ਕਵਿਤਾਵਾਂ ਕਿਤਾਬ ਦੇ ਰੂਪ ਵਿਚ ਨਹੀਂ, ਸਗੋਂ ਐਲਬਮ ਦੇ ਰੂਪ ਵਿਚ ਰਿਲੀਜ਼ ਕੀਤੀਆਂ ਜਾਣਗੀਆਂ। ਇਨ੍ਹਾਂ ਕਵਿਤਾਵਾਂ ਨੂੰ ਆਵਾਜ਼ ਵੀ ਖੁਦ ਧਰਮਿੰਦਰ ਨੇ ਹੀ ਦਿੱਤੀ ਹੈ।

ਇਹ ਅਕਸਰ ਕਿਹਾ ਜਾਂਦਾ ਹੈ ਕਿ ਮੁੰਬਈ ਜਾ ਕੇ ਹਿੰਦੀ ਫਿਲਮਾਂ ਲਈ ਅਦਾਕਾਰ ਵਜੋਂ ਬੇਹੱਦ ਹਿੱਟ ਅਤੇ ਮਸ਼ਹੂਰ ਹੋਏ ਧਰਮਿੰਦਰ ਦੀ ਰਗ ਹੋਰ ਲਲਿਤ ਕਲਾਵਾਂ ਨਾਲ ਬਹੁਤੀ ਨਹੀਂ ਮਿਲਦੀ। ਫਿਲਮਾਂ ਦੀਆਂ ਲੋੜਾਂ ਮੁਤਾਬਕ ਉਸ ਨੇ ਨੱਚਣਾ ਸਿੱਖਣ ਦੀ ਕਈ ਵਾਰ ਕੋਸ਼ਿਸ਼ ਕੀਤੀ, ਪਰ ਗੱਲ ਬਣੀ ਹੀ ਨਾ। ਗਾਉਣ ਵਾਲਾ ਮਸਲਾ ਤਾਂ ਉਸ ਲਈ ਪਹਾੜ ਵਰਗਾ ਸੀ, ਪਰ ਧਰਮਿੰਦਰ ਕਵਿਤਾਵਾਂ ਵੀ ਲਿਖਦਾ ਹੈ, ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ। ਹਾਂ, ਉਸ ਦਾ ਛੋਟਾ ਭਰਾ ਅਜੀਤ ਸਿੰਘ ਦਿਓਲ ਜ਼ਰੂਰ ਸ਼ਾਇਰ ਸੀ ਅਤੇ ਉਸ ਨੇ ਫਿਲਮੀ ਦੁਨੀਆ ਅੰਦਰ ਵੀ ਚੋਖਾ ਨਾਂ ਕਮਾਇਆ; ਤੇ ਹੁਣ ਧਰਮਿੰਦਰ ਦੇ ਪ੍ਰਸ਼ੰਸਕ ਉਸ ਨੂੰ ਵੀ ਸ਼ਾਇਰ ਵਜੋਂ ਦੇਖ ਸਕਣਗੇ।

ਯਾਦ ਰਹੇ ਕਿ ਸਾਲ ਕੁ ਪਹਿਲਾਂ ਹੇਮਾ ਮਾਲਿਨੀ ਦੀ ਗਾਣਿਆਂ ਦੀ ਐਲਬਮ 'ਡਰੀਮ ਗਰਲ' ਦੇ ਰਿਲੀਜ਼ ਸਮਾਗਮ ਮੌਕੇ ਧਰਮਿੰਦਰ ਨੇ ਹੇਮਾ ਮਾਲਿਨੀ ਲਈ ਲਿਖੀ ਕਵਿਤਾ ਸੁਣਾ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ। ਹੇਮਾ ਮਾਲਿਨੀ ਦੀ ਇਹ ਐਲਬਮ ਬਬੂਲ ਸੁਪਰੀਓ ਦੀ ਨਿਗਰਾਨੀ ਹੇਠ ਤਿਆਰ ਕੀਤੀ ਗਈ ਸੀ। ਇਸ ਐਲਬਮ ਨੂੰ ਰਿਲੀਜ਼ ਕਰਨ ਲਈ ਅਮਿਤਾਭ ਬਚਨ ਅਤੇ ਜਯਾ ਬਚਨ ਤੋਂ ਇਲਾਵਾ ਫਿਲਮਸਾਜ਼ ਰਮੇਸ਼ ਸਿੱਪੀ ਵੀ ਉਚੇਚੇ ਪੁੱਜੇ ਸਨ; ਮਤਲਬ ਉਸ ਵਕਤ ਫਿਲਮ 'ਸ਼ੋਅਲੇ' ਦੀ ਮੁੱਖ ਟੀਮ ਸਮਾਗਮ ਦਾ ਸ਼ਿੰਗਾਰ ਬਣੀ ਹੋਈ ਸੀ। ਧਰਮਿੰਦਰ ਮੁਤਾਬਕ, ਉਸ ਦੇ ਦਿਲ ਦੀ ਇੱਛਾ ਸੀ ਕਿ ਉਹ ਆਪਣੀਆਂ ਕਵਿਤਾਵਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਪ੍ਰਸ਼ੰਸਕਾਂ ਸਾਹਮਣੇ ਲੈ ਕੇ ਆਵੇ ਅਤੇ ਹੁਣ ਵਰ੍ਹਿਆਂ ਬਾਅਦ ਇਹ ਕਵਿਤਾਵਾਂ ਐਲਬਮ ਦੇ ਰੂਪ ਵਿਚ ਉਹ ਦਰਸ਼ਕਾਂ ਨੂੰ ਭੇਟ ਕਰ ਰਿਹਾ ਹੈ। ਹੁਣ ਇਹ ਖਬਰ ਵੀ ਮਿਲੀ ਹੈ ਕਿ 'ਯੂ.ਐਸ.ਏ. ਫਾਊਂਡੇਸ਼ਨ' ਉਸ ਨੂੰ 'ਲਾਈਫ ਟਾਈਮ ਅਚੀਵਮੈਂਟ ਐਵਾਰਡ' ਦਾ ਸਨਮਾਨ ਦੇ ਰਹੀ ਹੈ।





*ਫਿਲਮ 'ਪਿਆਰ ਹੀ ਪਿਆਰ' ਵਿਚ ਗਾਣਾ 'ਮੈਂ ਕਹੀਂ ਕਵੀ ਨਾ ਬਨ ਜਾਊਂ' ਫਿਲਮਾ ਰਹੇ ਧਰਮਿੰਦਰ ਤੇ ਵਿਯੰਤੀ ਮਾਲਾ ਅਤੇ (ਸੱਜੇ) ਹੇਮਾ ਮਾਲਿਨੀ ਦੀ ਐਲਬਮ 'ਡਰੀਮ ਗਰਲ' ਦੇ ਰਿਲੀਜ਼ ਸਮਾਗਮ ਦੀ ਝਲਕ।*

# ਬਾਬਾ ਇਕਬਾਲ ਸਿੰਘ ਜੀ

ਨੂੰ



ਸਿੱਖ ਅਵਾਰਡ, ਯੂਕੇ 2016 ਵੱਲੋਂ

## ਸਿੱਖ ਲਾਈਫ-ਟਾਈਮ ਅਚੀਵਮੈਂਟ ਅਵਾਰਡ

ਦੇਣ ਲਈ

ਸਮੂਹ ਸੰਗਤ ਵਲੋ ਦਿਲ ਦੀਆਂ ਗਹਿਰਾਈਆਂ ਤੋਂ

# ਧੰਨਵਾਦ

ਬਾਬਾ ਇਕਬਾਲ ਸਿੰਘ ਜੀ ਅਤੇ ਡਾ. ਖੇਮ ਸਿੰਘ ਜੀ ਦੇ ਸਾਂਝੇ ਯਤਨਾਂ ਸਦਕਾ ਅੱਜ ਕਲਗੀਧਰ ਸੁਸਾਇਟੀ ਦੀ ਪਹਿਚਾਣ ਪੂਰੇ ਵਿਸ਼ਵ ਵਿਚ ਇੱਕ ਸਿੱਖ ਵਿਦਿਅਕ ਅਦਾਰੇ ਦੇ ਤੌਰ ਤੇ ਸਮਾਜ ਵਿਚ ਵਿਦਿਆ, ਗੁਰਮਤਿ ਅਤੇ ਚੰਗੇ ਹੁਨਰ ਪੈਦਾ ਕਰਨ ਦੇ ਰੂਪ ਵਿਚ ਹੋ ਚੁੱਕੀ ਹੈ।

ਇਸ ਮੁਕਾਮ ਤੇ ਪਹੁੰਚਣ ਲਈ ਉਨ੍ਹਾਂ ਦੀ 30 ਸਾਲ ਦੀ

## ਨਿਸ਼ਕਾਮ ਅਤੇ ਅਨਥੱਕ ਸੇਵਾ



Baba Iqbal Singh Ji

ਸੰਤ ਅੱਤਰ ਸਿੰਘ ਜੀ ਦੇ ਆਸ਼ੇ ਅਨੁਸਾਰ, ਸੰਤ ਤੇਜਾ ਸਿੰਘ ਜੀ ਦੇ ਪਾਏ ਹੋਏ ਪੂਰਨਿਆਂ ਤੇ ਚਲਦਿਆਂ ਹੋਈਆਂ, ਬਾਬਾ ਇਕਬਾਲ ਸਿੰਘ ਜੀ ਅਤੇ ਡਾ. ਖੇਮ ਸਿੰਘ ਜੀ ਨੇ ਇਕ ਜੁਟ ਹੋ ਕੇ ਕੀਤੀ ਮਿਹਨਤ ਸਦਕਾ ਅੱਜ ਕਲਗੀਧਰ ਸੋਸਾਇਟੀ ਬੜੂ ਸਾਹਿਬ ਵਲੋਂ ਪਰਉਪਕਾਰ ਦੇ ਅਨੇਕਾਂ ਕਾਰਜ ਕੀਤੇ ਜਾ ਰਹੇ ਹਨ।

ਅੱਜ ਕਲਗੀਧਰ ਸੁਸਾਇਟੀ ਦੇ ਅਧੀਨ 3 ਸਿੱਖ ਯੂਨੀਵਰਸਿਟੀਆਂ (42 ਕੋਰਸ), 129 ਅਕਾਲ ਅਕੈਡਮੀਆਂ (ਆਧੁਨਿਕ ਵਿਦਿਆ ਅਤੇ ਗੁਰਮਤਿ ਵਿਚ ਢਲੇ ਹੋਏ 65 ਹਜ਼ਾਰ ਵਿਦਿਆਰਥੀ), 1 ਚੈਰੀਟੇਬਲ ਹਸਪਤਾਲ (250 ਬੈੱਡ, 100 ਰੋਜ਼ਾਨਾਲਾਭ-ਪਾਤਰਮਰੀਜ਼), 2 ਨਸ਼ਾ ਛੁਡਾਊ ਕੇਂਦਰ (4,440 ਲਾਭ ਪ੍ਰਾਪਤ ਮਰੀਜ਼), ਅਕਾਲ ਪੇਂਡੂ ਨਾਰੀ ਵਿਕਾਸ ਸੰਸਥਾ (ਮੁਫ਼ਤ ਉਚੇਰੀ ਵਿਦਿਆ ਪ੍ਰਾਪਤ ਕਰਕੇ ਪੈਰਾਂ ਤੇ ਖੜ੍ਹੀਆਂ ਹੋ ਚੁੱਕੀਆਂ 3,850 ਪੇਂਡੂ ਲੜਕੀਆਂ) ਅਤੇ 2 ਗੁਰਮਤਿ ਸੰਗੀਤ ਵਿਦਿਆਲੇ (ਗੁਰਮਤਿ ਵਿਚ ਢਲ ਕੇ ਮਾਪਿਆਂ ਦਾ ਸਹਾਰਾ ਬਣ ਚੁੱਕੇ ਅਨੇਕਾਂ ਭੁਝੰਗੀ) ਆਦਿ ਵਿਦਿਅਕ ਅਦਾਰੇ ਚੱਲ ਰਹੇ ਹਨ।

ਇਸ ਤੋਂ ਇਲਾਵਾ ਬਾਬਾ ਜੀ ਵੱਲੋਂ ਗਰੀਬ ਪਰਿਵਾਰਾਂ ਦੇ ਬੱਚਿਆਂ, ਰਾਗੀ, ਗ੍ਰੰਥੀ ਤੇ ਪ੍ਰਚਾਰਕਾਂ ਦੇ ਬੱਚਿਆਂ ਅਤੇ ਆਤਮ-ਹੱਤਿਆ ਕਰ ਚੁੱਕੇ ਕਿਸਾਨਾਂ ਦੇ ਬੱਚਿਆਂ ਨੂੰ ਮੁਫ਼ਤ ਪੜ੍ਹਾਉਣ ਦਾ ਵੀ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਦੀ ਸਮਾਜ ਵਿਚ ਹੋਰ ਕਿਤੇ ਮਿਸਾਲ ਨਹੀਂ ਮਿਲਦੀ। ਇਸ ਤਰ੍ਹਾਂ ਬਾਬਾ ਇਕਬਾਲ ਸਿੰਘ ਜੀ ਅਤੇ ਡਾ. ਖੇਮ ਸਿੰਘ ਜੀ ਵੱਲੋਂ ਕੀਤੇ ਜਾ ਰਹੇ ਇਨ੍ਹਾਂ ਮਹਾਨ ਉਪਰਾਲਿਆਂ ਦੀ ਜਿੰਨੀ ਸਲਾਘਾ ਕੀਤੀ ਜਾਵੇ ਉਹ ਥੋੜੀ ਹੈ।

— ਵੱਲੋਂ —

**CALIFORNIA:** Amarjeet Singh Kahlon - Tracy | Dr. Ripu Daman Singh Beniwal - Tracy | Dr. Hardayal Singh Bains - Fremont | Taranjit Singh - Fremont | Ram Rattan Kaur - San Jose | Raj Singh Brar - Sacramento | Amarjeet Singh Bains - Yuba City | Gurdeep Singh Malik - Los Angeles | Surinder Singh Malik - Los Angeles | Rurh Singh - Los Angeles | Paramjit Singh - Los Angeles | Dr. Amrit Singh - Los Angeles | Gurdas Singh Gill – Laguna Hills | Charanjeet Singh Bath - Fresno | Amritpal Singh & Rupinder Kaur - Fresno | Gurdev Singh Mohar - Fresno | Satpalkaur - Fresno | Dara Singh - Fresno | Kanwar Aulakh & Babli Aulakh - Fresno | Gurcharan Singh Dhillon - Bakersfield | Ranbir Singh Bhatti - Delano **WASHINGTON:** Dr. Sarabjit Singh Virk - Seattle | Paramjit Kaur Ghuman - Seattle **NEW JERSEY:** Amar Singh Gill - West Windsor | Amarpreet Kaur - New Jersey | Mini Suri - New Jersey | Micky Chadda - New Jersey Khalsa Sweet House - New Jersey | Manjit Kaur - Cresskill **GEORGIA:** Inderjit Singh Duggal - Atlanta **ILLINOIS:** Gurcharan Singh Jhaj - Schaumburg **NEW YORK:** Gurcharan Singh Baring - New York | Bhupinder Singh Boparai - New York | Singh Farm Corporation - New York **CONNECTICUT:** Bhupinder Singh - Hartford | Inni Kaur **MASSACHUSETTS:** Sunmeet Singh Sethi - Boston **PENNSYLVANIA:** Dr. Navjeet Kaur | Dr. Gurcharan Singh - Philadelphia **NEVADA:** Rajvinder Singh Dhaliwal - Las Vegas | Jaspal Singh Sidhu- Las Vegas | Bhatti Brothers - Las Vegas **OHIO:** Rajvinder Singh - Cleveland | Rajinder Singh - Cleveland | Dr. Subinderpal Singh Raina- Cleveland **ARIZONA:** Satpal Singh Khela- Phoenix | Inderjit Singh Bhatti - Phoenix | Sohan Singh Thind - Springdald **WISCONSIN:** Beant Singh Boparai - Oak Creek | Inderjeet Singh **TEXAS:** Jessie Maan- Dallas | Surinder Singh - Dallas | Haripritam Singh - Dallas | Ravideep Kaur- Dallas | Raj Singh Gill - Houston | Dr. Harvinder Pal Singh - Houston | Dr. Kanwaljeet Singh – Houston | Hardit Singh - San Antonio **VIRGINIA:** Dr. Balwant Singh Sekhon - Midlothian | Dr. Baljeet Singh Gill - Richmond | Dr. Baljeet Singh Sidhu - Richmond **FLORIDA:** Balvir Singh Khangura – Jupiter | Jagjeet Kaur - Naples | Anju Chawla - Miami **COLORADO:** Davinder Singh Boparai - Denver **UTAH:** Harpal Singh Toor - Salt Lake City







**THE KALGIDHAR SOCIETY**
**Baru Sahib**

www.BaruSahib.org

Ravideep Kaur Mukta
805 Ingleside Drive, Plano, TX 75075
972-693-1077 | mukta@barusahib.org

Donate through Bank:
"Eternal Charitable Foundation"
Chase Bank A/c in USA#: 988517371

A 501 © (3) Organization
Fed. Tax ID# 26 -1446079


20% OFF
PUNJABI MEGA PACK
$19.99 FOR 24 MONTHS
Save $120 over 2 years
All offers require credit qualification. 2-Year commitment with early termination fee and eAutoPay.
Requires subscription to a qualifying American or DishLATINO package starting at $29.99/mo.
ORDER THROUGH DISH!
Dish.com/Punjabi 1-844-326-9607
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5 CHANNELS
Offer for new and qualifying former customers only. Important Terms and Conditions:
Qualification: Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 4/05/17. 2-Year Commitment: Early termination fee of $20/mo. remaining applies if you cancel early. $120 Savings Offer: Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). NOT included in advertised price (and subject to change): Taxes & surcharges, add-on programming (including premium channels), Protection Plan, and transactional fees. Other: All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.
© 2017 DISH Network L.L.C. All rights reserved.